# ਰਬਾਬ ਤੋਂ ਨਗਾਰਾ

## (ਇੱਕੜ-ਦੁੱਕੜ)

ਸਤਿਬੀਰ ਸਿੰਘ

ਨਿਊ ਬੁੱਕ ਕੰਪਨੀ
ਮਾਈ ਹੀਰਾਂ ਗੇਟ ਜਲੰਧਰ

Sri Satguru Jagjit Singh Ji eLibrary NamdhariElibrary@gmail.com



# RABAB TON NAGARA

*By*

SATBIR SINGH



www.archive.org/details/namdhari

ਪਹਿਲੀ ਵਾਰ : 1993
ਦੂਜੀ ਵਾਰ : 1998
ਮੁੱਲ : 75 ਰੁਪਏ

ਪ੍ਰਕਾਸ਼ਕ
ਮਹਿਤਾਬ ਸਿੰਘ
ਨਿਊ ਬੁੱਕ ਕੰਪਨੀ
ਮਾਈ ਹੀਰਾਂ ਗੇਟ, ਜਲੰਧਰ ਸ਼ਹਿਰ।
ਫ਼ੋਨ : 280045

ਛਾਪਕ
ਸਰਤਾਜ ਪ੍ਰਿੰਟਿੰਗ ਪ੍ਰੈਸ
ਜੋਸ਼ੀ ਅਸਟੇਟ, ਸੋਢਲ ਰੋਡ,
ਜਲੰਧਰ ਸ਼ਹਿਰ।
ਫ਼ੋਨ : 291035

Sri Satguru Jagjit Singh Ji eLibrary NamdhariElibrary@gmail.com

www.archive.org/details/namdhari

***ਰਬਾਬ***

ਦੀ ਉਸ ਸੁਰ ਨੂੰ ਜੋ ਬ੍ਰਹਿਮੰਡ ਵਿਚ
ਅੱਜ ਤੱਕ ਗੂੰਜ ਰਹੀ ਹੈ।

***ਨਗਾਰੇ***

ਦੀ ਉਸ ਚੋਟ ਨੂੰ ਜੋ
ਹੁਣ ਤੱਕ ਸ਼ਤਰੂਆਂ ਦੇ
ਦਿੱਲ ਦਹਿਲਾ ਰਹੀ ਹੈ।

Sri Satguru Jagjit Singh Ji eLibrary NamdhariElibrary@gmail.com

## ਪੁਸਤਕ ਬਾਰੇ

ਦਸੰਬਰ 1989 ਨੂੰ ਸਰਦਾਰ ਬਰਜਿੰਦਰ ਸਿੰਘ ਦਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਇਕ ਸਮਾਗਮ ਵਿਚ, ਜੋ ਸਰਦਾਰ ਜਗਜੀਤ ਸਿੰਘ ਦਰਦੀ ਨੇ ਰਚਿਆ ਸੀ, ਮੇਲ ਹੋਇਆ। ਬਰਜਿੰਦਰ ਜੀ ਨੂੰ ਮੈਂ ਵਧਾਈ ਦਿੱਤੀ ਕਿ ਪਿਤਾ ਸਰਦਾਰ ਸਾਧੂ ਸਿੰਘ ਹਮਦਰਦ ਪਿੱਛੋਂ ਉਨ੍ਹਾਂ ਸਿਰਫ਼ ਅਜੀਤ ਨੂੰ ਸੰਭਾਲਿਆ ਹੀ ਨਹੀਂ, ਸਗੋਂ ਸਿਖ਼ਰਾਂ 'ਤੇ ਵੀ ਪਹੁੰਚਾਇਆ ਹੈ। ਅਜੀਤ ਪੜ੍ਹਨਾ ਪਾਠਕਾਂ ਦੀ ਆਦਤ ਬਣ ਗਈ ਹੈ। ਬਰਜਿੰਦਰ ਜੀ ਕਹਿਣ ਲੱਗੇ ਕਿ ਤੁਸੀਂ ਅੱਗੇ 'ਮੁੱਕਦੀ ਗੱਲ' ਨਾਂ ਦਾ ਕਾਲਮ ਲਿਖਦੇ ਸੀ, ਹੁਣ ਅਜੀਤ ਲਈ ਲਗਾਤਾਰ ਕਿਉਂ ਨਹੀਂ ਲਿਖਦੇ ? ਸੋ ਇਸ ਤਰ੍ਹਾਂ 'ਇੱਕੜ-ਦੁੱਕੜ' ਕਾਲਮ ਦੀ ਸ਼ੁਰੂਆਤ ਹੋਈ।

'ਇੱਕੜ-ਦੁੱਕੜ' ਦਾ ਨਾਂ ਮੈਂ ਇਸ ਲਈ ਚੁਣਿਆ ਕਿ ਧਰਮ ਸਬੰਧੀ ਕਿਧਰੇ ਵੀ ਕੋਈ ਤਜਰਬਾ ਹੋਵੇ ਉਸ ਨੂੰ ਇਸ ਕਾਲਮ ਦੇ ਘੇਰੇ ਵਿਚ ਲਿਆਇਆ ਜਾ ਸਕੇ। ਮੇਰਾ ਵਿਸ਼ਵਾਸ ਪੱਕਾ ਹੈ ਕਿ ਇਸ ਸਾਇੰਸ ਦੀ ਸੜਕ 'ਤੇ ਚੱਲ ਕੇ ਦੁਨੀਆਂ ਧਰਮ ਤੋਂ ਦੂਰ ਹੋ ਗਈ ਹੈ ਉਸੇ ਹੀ ਸੜਕ 'ਤੇ ਟੁਰਦੀ ਵਾਪਿਸ ਧਰਮ ਵੱਲ ਆਏਗੀ। ਸੋ ਧਰਮ ਫ਼ਲਸਫ਼ਾ 'ਤੇ ਨਵੇਂ ਸਿਰਿਉਂ ਨਿਗ੍ਹੀ ਨਵੀਂ ਰੋਸ਼ਨੀ ਵਿਚ ਤੱਕਣ ਦੀ ਲੋੜ ਨਹੀਂ ਸਗੋਂ ਹਰ ਸਿਧਾਂਤ ਨੂੰ ਨਵੀਨ ਢੰਗ ਨਾਲ ਪੇਸ਼ ਕਰਨ ਦੀ ਜ਼ਿਆਦਾ ਜ਼ਰੂਰਤ ਹੈ। ਮੈਨੂੰ ਇਹ ਦੇਖ ਪ੍ਰਸੰਨਤਾ ਹੋਈ ਕਿ 'ਅਜੀਤ' ਦੇ ਪਾਠਕਾਂ ਨੇ ਲਿਖਤ ਨੂੰ ਧਿਆਨ ਨਾਲ ਪੜ੍ਹਿਆ, ਟਿੱਪਣੀ ਦਿੱਤੀ, ਸਲਾਹਿਆ ਤੇ ਫਿਰ ਜ਼ੋਰ ਲਗਾ ਆਖਣ ਲੱਗੇ ਕਿ ਇਸਨੂੰ ਪੁਸਤਕ ਰੂਪ ਵਿਚ ਛਾਪੋ ਤਾਂ ਕਿ ਸਦਾ ਹੀ ਕੰਮ ਆਉਂਦੀ ਰਹੇ। ਜਦ ਸਾਰੇ ਲੇਖ ਇਕ ਥਾਂ ਇਕੱਠੇ ਕੀਤੇ ਤਾਂ ਉਨ੍ਹਾਂ ਦੀ ਗਿਣਤੀ ਸੌ ਨਾਲੋਂ ਵੀ ਵੱਧ ਹੋ ਗਈ।

'ਰਬਾਬ ਤੋਂ ਨਗਾਰਾ' ਨਾਂ ਦੀ ਪੁਸਤਕ ਵਿਚ ਚੁਰੰਜਾ ਲੇਖ ਦੇ ਦਿੱਤੇ ਹਨ ਤੇ ਇਸ ਤਰਤੀਬ ਵਿਚ ਰੱਖੇ ਹਨ ਕਿ ਹੁਣ ਸਿਲਸਿਲੇਵਾਰ ਲੱਗਣ। ਸਿੱਖੀ ਨੇ ਜੋ ਪੈਂਡਾ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਤੱਕ ਕੀਤਾ ਉਸ ਨੂੰ 'ਰਬਾਬ ਤੋਂ ਨਗਾਰਾ' ਹੀ ਕਹਿਆ ਜਾ ਸਕਦਾ ਹੈ। ਰਬਾਬ ਨੇ ਅੰਦਰਲਾ ਇਕਸੁਰ ਕੀਤਾ ਤੇ ਨਗਾਰਾ ਨੇ ਨਿਸ਼ੰਗ ਹੋ ਉੱਚਾ ਕਰ ਗੁਰੂ ਦਾ ਪੈਗ਼ਾਮ ਜਗਤ ਤਕ ਪਹੁੰਚਾਇਆ। ਸਿੱਖ ਨੇ ਫਿਰ ਪਿੱਛੇ ਨਹੀਂ ਤੱਕਿਆ।

ਹਰ ਮਜ਼ਮੂਨ ਵਿਚ ਮੇਰੀ ਇਹ ਹੀ ਕੋਸ਼ਿਸ਼ ਹੈ ਕਿ ਸਿਧਾਂਤ ਉਘੜ ਸਾਹਮਣੇ ਆਵੇ, ਸਮਝ ਗੋਚਰੇ ਹੋਵੇ ਤੇ ਪੜ੍ਹਦਿਆਂ ਸਿੱਖੀ ਤੇ ਗੌਰਵ ਪੈਦਾ ਹੋਵੇ। ਪੂਰਨ ਆਸ ਹੈ ਕਿ ਮੇਰੀਆਂ ਹੋਰ ਰਚਿਤ ਪੁਸਤਕਾਂ ਵਾਂਗ ਇਸ 'ਰਬਾਬ ਤੋਂ ਨਗਾਰਾ' ਨੂੰ ਵੀ ਪਾਠਕ ਪੂਰਾ ਪਿਆਰ ਦੇਣਗੇ।

ਸੱਚੀ ਮੁੱਚੀ ਮੈਂ ਸੋਚ ਵਿਚ ਸਾਂ ਕਿ ਬੇਟੀ ਸਿਮਰਨ ਕੌਰ ਦਾ ਸਰਦਾਰ ਪਰਵਿੰਦਰ ਸਿੰਘ ਜੀ ਨਾਲ ਅਨੰਦ ਕਾਰਜ ਹੋਣ ਉਪਰੰਤ ਸਮਗਰੀ ਜੁਟਾਉਣ ਦਾ ਕਾਰਜ ਹੁਣ ਮੇਰੇ ਲਈ ਕਠਨ ਹੋ ਜਾਏਗਾ ਪਰ ਇਹ ਲਿਖ ਖ਼ੁਸ਼ੀ ਹੋ ਰਹੀ ਹੈ ਕਿ ਬੇਟੀ ਹਰਕੀਰਤ ਕੌਰ ਨੇ ਕਾਰਜ ਸੰਭਾਲ ਲਿਆ। ਇਸ ਪੁਸਤਕ ਨੂੰ ਤਰਤੀਬ ਦੇਣ ਦਾ ਕਾਰਜ ਹਰਕੀਰਤ ਨੇ ਹੀ ਨਿਬਾਹਿਆ। ਇਹ ਵੀ ਦੱਸਣ ਦੀ ਖ਼ੁਸ਼ੀ ਲੈ ਰਹਿਆ ਹਾਂ ਕਿ ਸਰਦਾਰ

Sri Satguru Jagjit Singh Ji eLibrary NamdhariElibrary@gmail.com

ਰਾਜਿੰਦਰ ਸਿੰਘ ਨੇ ਟਾਈਪ ਕਰਨ ਵਿਚ ਕਦੇ ਅਗਲਾ ਦਿਨ ਨਹੀਂ ਪੈਣ ਦਿੱਤਾ।ਸਰਦਾਰ ਬਲਬੀਰ ਸਿ
ਤੇ ਸਰਦਾਰ ਮੇਵਾ ਸਿੰਘ ਨੇ ਟਾਈਪ ਕਰਕੇ ਪ੍ਰੈਸ ਕਾਪੀ ਤਿਆਰ ਕੀਤੀ ਹੈ।ਮੈਂ ਉਨ੍ਹਾਂ ਦੋਵਾਂ ਦਾ ਰਿਣੀ

ਜਿਸ ਚਾਅ ਨਾਲ ਸਰਦਾਰ ਮਨਜੀਤ ਸਿੰਘ ਮੇਰੀਆਂ ਪੁਸਤਕਾਂ ਛਾਪ ਰਹੇ ਹਨ, ਉਹ ਮੈਨੂੰ ਉਤਸ
ਦੇਈ ਰੱਖਦਾ ਹੈ।ਮੈਨੂੰ ਅੰਤਰੀਵ ਖੁਸ਼ੀ ਹੈ ਕਿ ਉਹ ਪਿਤਾ ਸਰਦਾਰ ਮਹਿਤਾਬ ਸਿੰਘ ਜੀ ਦੇ ਹੀ ਨਕ
ਕਦਮਾਂ 'ਤੇ ਟੁਰ ਰਹੇ ਹਨ।ਇਸੇ ਸਿਲਸਿਲੇ ਦੀ ਦੂਜੀ ਪੁਸਤਕ 'ਹਿਵੈ ਘਰ, ਦੀਪ ਘਰ' ਨੂੰ ਤਰਤੀਬ
ਦੇ ਦਿੱਤੀ ਹੈ ਪਰ ਪਹਿਲਾਂ ਹੁਣ 'ਮੰਨੋ ਭਾਵੇਂ ਨਾਂਹ' ਦੀ ਪੁਸਤਕ ਦੇਣੀ ਹੈ ਕਿਉਂਕਿ ਪਾਠਕ ਉਸ ਦੀ
ਤੋਂ ਉਡੀਕ ਕਰ ਰਹੇ ਹਨ।

ਜਾਂ ਤੋਂ ਆਨੀ ਜਾਨੀ ਹੈ,
ਜਾਂ ਕੀ ਤੋ ਕੋਈ ਬਾਤ ਨਹੀਂ,
ਜਿਸ ਧੱਜ ਸੇ ਕੋਈ ਮਕਤਲ ਮੇ ਗਿਆ,
ਵੁਹ ਸ਼ਾਨ ਸਲਾਮਤ ਰਹਤੀ ਹੈ।

**ਜਨਵਰੀ ਪਹਿਲੀ 1993** —ਸਤਿਬੀਰ ਸਿ
**54, ਖਾਲਸਾ ਕਾਲਜ ਕਲੋਨੀ,**
**ਪਟਿਆਲਾ।**



www.archive.org/details/namdhari

# ਤਤਕਰਾ


| | | |
|---|---|---|
| ਇਕ | **ਸਮੁੱਚਾ ਸਿੱਖ ਇਤਿਹਾਸ :**<br>ਰਬਾਬ ਤੋਂ ਨਗਾਰਾ | 9 |
| ਦੋ | **ਸਿੱਖੀ ਦਾ ਪੈਂਡਾ :**<br>ਦਾਨਾ ਤੋਂ ਮਰਦਾਨਾ ਅਤੇ ਬੰਦਾ | 13 |
| ਤਿੰਨ | **ਗੁਰ ਪ੍ਰਸਾਦਿ ਨਾਨਕ ਮਨ ਜਾਗਹੁ :**<br>ਇਨ ਹੀ ਕੇ ਪ੍ਰਸਾਦਿ | 16 |
| ਚਾਰ | **ਸਾਇਕੀ :**<br>ਮਨ ਅੰਤਰ ਕੀ ਪੀੜ | 18 |
| ਪੰਜ | **ਸਾਕਾ ਸਰਹੰਦ :**<br>ਜਿਸ ਧੱਜ ਸੇ ਕੋਈ ਮਕਤਲ ਮੇਂ ਗਯਾ ਵੁਹ ਸ਼ਾਨ ਸਲਾਮਤ ਰਹਤੀ ਹੈ | 22 |
| ਛੇ | **ਸਿੱਖ ਸੈਭੰ ਹੈ :**<br>ਸਿੱਖਾਂ ਦੀ ਰੀਤ-ਨਿਆਰੀ | 30 |
| ਸੱਤ | **ਭਗਤੀ ਲਹਿਰ ਦਾ ਸਿੱਖੀ ਹਿੱਸਾ ਨਹੀਂ :**<br>ਭਗਤਿ ਨਿਰਾਲੀ ਅਲਾਹ ਕੀ | 32 |
| ਅੱਠ | **ਸਿੱਖੀ ਇਕ ਵਿਗਿਆਨਕ ਧਰਮ :**<br>ਰੂੰਨੜੇ ਵਣਹੁ ਪੰਖੇਰੂ | 34 |
| ਨੌਂ | **ਗੁਰੂ ਦੀ ਲੰਮੀ ਨਦਰ :**<br>ਸਰਬ ਲੋਹ ਕੀ ਰਛਿਆ ਹਮਨੈ | 36 |
| ਦਸ | **ਗ਼ਲਤ ਪ੍ਰਚਾਰ :**<br>ਇਕ ਗ਼ਲਤ ਮਨੌਤ | 38 |
| ਗਿਆਰ੍ਹਾਂ | **ਮਨ ਤੂ ਜੋਤਿ ਸਰੂਪ :**<br>ਮਨ ਤੁਆਨਾ ਤੂ ਕੁਦਰਤੀ ਆਇਆ | 41 |
| ਬਾਰ੍ਹਾਂ | **ਮਹਿਮਾ ਕੀਰਤਨ :**<br>ਰਾਗ ਹੀ ਸਭ ਕੁਲਾਵਾਂ ਦਾ ਮੂਲ ਹੈ | 44 |
| ਤੇਰ੍ਹਾਂ | **ਕਿਹੜਾ ਝਲੈ ਗੁਰ ਕੀ ਝ਼ਾਲਾ :**<br>ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ | 48 |
| ਚੌਦ੍ਹਾਂ | **ਵਾਹੁ ਵਾਹੁ ਗੁਰ ਗੋਬਿੰਦ ਸਿੰਘ :**<br>ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੀ ਨੁਹਾਰ ; ਸ਼ਖ਼ਸੀਅਤ | 51 |
| ਪੰਦਰ੍ਹਾਂ | **ਸਬਕ ਅਮੋਜ਼ :**<br>ਕੁਝ ਅਲੌਕਿਕ ਸਾਖੀਆਂ | 54 |


Sri Satguru Jagjit Singh Ji eLibrary NamdhariElibrary@gmail.com

7

| | | |
|---|---|---|
| ਸੋਲ੍ਹਾਂ | ਗ੍ਰੰਥ ਹੈ ਗੁਰੂ, ਲੜ ਪਕੜੋ ਅਕਾਲ :<br>ਸ੍ਰੀ ਗੁਰੂ ਗ੍ਰੰਥ ਸਾਹਿਬ | 58 |
| ਸਤਾਰਾਂ | ਜਿਉਂ ਤੀਕਰਿ ਮਹਿ ਚਿਨਕਤਾ ਰਹੀ :<br>ਮਹਿਮਾ ਬਾਣੀ ਕੀ | 71 |
| ਅਠਾਰਾਂ | ਸਭ ਉਪਰ ਪਸਰੈ ਇਹ ਧਾਈ, ਜਿਮ ਜਲ ਪਰ ਸੁ ਚਿਕਨਤਾ :<br>ਮਹਿਮਾ ਸ੍ਰੀ ਗੁਰੂ ਗ੍ਰੰਥ ਸਾਹਿਬ | 74 |
| ਉੱਨੀ | ਜਿਤਨੇ ਅੱਖਰ ਉਤਨੀਆਂ ਹੀ ਮਾਤ੍ਰਾਵਾਂ :<br>ਪਹਿਲਾਂ ਜਪ ਬਾਰੇ | 77 |
| ਵੀਹ | ਰਹਿਰਾਸ :<br>ਸੋ ਦਰ | 82 |
| ਇੱਕੀ | ਸੋ ਪੁਰਖ ਦਾ ਦੀਦਾਰ ਕਿਵੇਂ ਹੋਵੇ :<br>ਸੋ ਪੁਰਖ | 85 |
| ਬਾਈ | ਨੀਂਦ ਇਕ ਛੋਟੀ ਮੌਤ, ਮੌਤ ਇਕ ਲੰਮੀ ਨੀਂਦ :<br>ਸੋਹਿਲਾ | 81 |
| ਤੇਈ | ਸੁਖਮਨੀ ਪੜ੍ਹਦਿਆਂ, ਦੁੱਖ ਨਹੀਂ ਸਤਾਂਦੇ, ਰੋਗ ਨਹੀਂ ਰਹਿੰਦੇ :<br>ਸੁਖਮਨੀ ਸਾਹਿਬ | 90 |
| ਚੌਵੀ | ਸਿੱਖ ਧਰਮ ਦੀ ਵਿਲੱਖਣਤਾ :<br>ਧਰਮ, ਕਰਮ, ਕਿਰਿਆ | 96 |
| ਪੰਝੀ | ਪਕੜਾਂ ਨੌਂ ਪ੍ਰਕਾਰ ਦੀਆਂ :<br>ਬੰਧਨ | 98 |
| ਛੱਬੀ | ਬੇਲਾਗ ਸ਼ਖ਼ਸੀਅਤ :<br>ਅਪਰਸ | 100 |
| ਸਤਾਈ | ਕਈਆਂ ਵਿਚੋਂ ਚਾਰ ਮੁੱਖ :<br>ਪ੍ਰਭੂ ਪਾਉਣ ਦੇ ਰਾਹ | 102 |
| ਅਠਾਈ | ਫਰਕ :<br>ਸਨਮੁਖਿ ਤੇ ਮਨਮੁਖਿ | 104 |
| ਉਨੱਤੀ | ਸਤਿ, ਸੰਤੋਖ, ਸਤਿਸੰਗ ਅਤੇ ਮਨ ਕਾਬੂ :<br>ਅਸਲ ਜੋਗ | 106 |
| ਤੀਹ | ਟਾਕਰਾ :<br>ਵਿਸ਼ਾਲ ਹਿਰਦੇ ਵਾਲਾ ਸੰਤ ਅਤੇ ਥੁੜ-ਚਿੱਤਾ ਹੰਕਾਰੀ | 106 |
| ਇਕੱਤੀ | ਹਰਿਮੰਦਰ ਸਾਹਿਬ ਇਕ ਇਮਾਰਤ ਨਹੀਂ :<br>ਪ੍ਰਭ ਹਰਿਮੰਦਰ ਸੋਹਣਾ | 108 |
| ਬੱਤੀ | ਸੰਕਲਪ ਤੇ ਸਿਰਜਣਾ :<br>ਸ੍ਰੀ ਅਕਾਲ ਤਖ਼ਤ ਸਾਹਿਬ | 117 |
| ਤੈਤੀ | ਦਿਨ ਚਰਯਾ :<br>ਸ੍ਰੀ ਦਰਬਾਰ ਸਾਹਿਬ | 123 |
| ਚੌਂਤੀ | ਕੁਸਲ ਸੇਤੀ ਸ੍ਰੀ ਅੰਮ੍ਰਿਤਸਰ ਵਾਪਸ ਆਉਣ ਤੇ :<br>ਬੰਦੀ ਛੋੜ ਦਾਤਾ ਗੁਰੂ ਹਰਿਗੋਬਿੰਦ ਜੀ | 130 |

Sri Satguru Jagjit Singh Ji eLibrary NamdhariElibrary@gmail.com

| | | |
|---|---|---|
| ਪੈਂਤੀ | **ਕਰਤਾਰਪੁਰ ਕਰਤਾ ਵਸੈ :**<br>ਕੌਤਕ ਕਰਤਾਰਪੁਰ ਦਾ | 136 |
| ਛੱਤੀ | **ਬਾਬਾ ਨਾਨਕ ਰਬਉਲ ਮਜੀਦ :**<br>ਬਾਬਾ ਗਿਆ ਬਗ਼ਦਾਦ | 139 |
| ਸੈਂਤੀ | **ਆਦਿ ਰੂਪ ਖ਼ਾਲਸੇ ਵਾਸੀ :**<br>ਅਨੰਦਪੁਰ ਸਾਹਿਬ | 143 |
| ਅਠੱਤੀ | **ਗੀਠਾ ਮੀਠਾ :**<br>ਲਾਲਚ ਹੀ ਅਸਲ ਜ਼ਹਿਰ ਹੈ | 152 |
| ਉਨਤਾਲੀ | **ਨਾਮ ਤੇ ਧਨ :**<br>ਦੋਨਹੁ ਨਿਰਮਲ ਪੰਥ ਚਲਾਇ | 155 |
| ਚਾਲੀ | **ਕੁਲ, ਕਰਮ, ਕ੍ਰਿਤ ਤੇ ਧਰਮ ਨਾਸ਼ :**<br>ਜਾਤਪਾਤ ਗੁਰ ਕੀ ਨਹਿ ਕੋਇ | 157 |
| ਇਕਤਾਲੀ | **ਮਾਈ ਤਾਬੋ :**<br>ਗੋਬਿੰਦ ਭਾਉ, ਭਗਤਿ ਕਾ ਭੂਖਾ | 159 |
| ਬਤਾਲੀ | **ਨਾਮ, ਭਰੋਸਾ, ਸਿੱਖੀ ਤੇ ਨਿੰਮ੍ਰਤਾ :**<br>ਮੰਗੀਐ ਕੀ ਗੁਰ ਪਾਸੋਂ | 162 |
| ਤਰਤਾਲੀ | **ਅਨਿੰਨ ਸਿੱਖ :**<br>ਭਾਈ ਸਾਧੂ ਤੇ ਰੂਪਾ ਦੀ ਦਾਸਤਾਨ | 165 |
| ਚਤਾਲੀ | **ਪਰਚਾਰ ਦੇ ਜ਼ਰੂਰੀ ਅੰਗ :**<br>ਭਗਤਿ ਭਗਵਾਨ | 168 |
| ਪੰਤਾਲੀ | **ਇਕ ਕੌਤਕੀ ਸਿੱਖ :**<br>ਸੁੱਥਰੇ ਸ਼ਾਹ | 171 |
| ਛਿਆਲੀ | **ਮਦਾਰ :**<br>ਦਿਲੇ ਖਾਲੀ ਰੁਸਵਾ ਅਸਤ | 174 |
| ਸੰਤਾਲੀ | **ਮੁਖਤਯਾਰ ਖਾਲਸਾ ਸਭ ਥਾਂ ਕੀਜੇ :**<br>ਖ਼ਾਲਸਾ ਸਾਜਣ ਦਾ ਇਕ ਵੱਡਾ ਕਾਰਨ | 176 |
| ਅਠਤਾਲੀ | **ਮੂਲ ਸਿਧਾਂਤਾਂ ਦੀ ਦੀ ਠੋਸ ਹਕੀਕਤ :**<br>ਲਹਿਰਾਂ ਦੇ ਉਭਰਨ ਦਾ ਕਾਰਨ | 183 |
| ਉਨੰਜਾ | **ਚੜ੍ਹਦੀ ਕਲਾ ਵਿਚ ਰਹਿਣ ਦਾ ਕਾਰਨ :**<br>ਕੌਮੀ ਗੁਣ | 176 |
| ਪੰਜਾਹ | **ਕਬਹੂ ਨ ਛਾਡੈ ਖੇਤੁ :**<br>ਸੰਘਰਸ਼ਮਈ ਵਾਰਤਾ ਦੀ ਸਾਡੀ ਰਵਾਇਤ | 189 |
| ਇਕਵੰਜਾ | **ਜਨਮ ਪਦਾਰਥ ਜਿਤਣ ਦਾ ਵਲ :**<br>ਪੁਰਾਣੀ ਪੀੜ੍ਹੀ ਨਵੀਂ ਪੀੜ੍ਹੀ ਨੂੰ ਕਿਵੇਂ ਦਿਸ਼ਾ ਦੇਵੇ | 193 |
| ਬਵੰਜਾ | **ਸਬਕ ਲਵੋ :**<br>ਸਮੇਂ ਦੀ ਲੋੜ | 198 |


Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਇਕ

# ਰਬਾਬ ਤੋਂ ਨਗਾਰਾ

ਸਮੁੱਚਾ ਸਿਖ ਇਤਿਹਾਸ

ਸਿੱਖੀ ਨੇ ਜੋ ਪੈਂਡਾ ਗੁਰੂ ਨਾਨਕ ਦੇਵ ਜੀ ਤੋਂ ਦਸਮੇਸ਼ ਪਿਤਾ ਤੱਕ ਤੈਅ ਕੀਤਾ ਜੇ ਉਸ ਨੂੰ ਚਾਰ ਸ਼ਬਦਾਂ ਵਿਚ ਦੱਸਣਾ ਹੋਵੇ ਤਾਂ ਆਖ ਸਕਦੇ ਹਾਂ 'ਰਬਾਬ ਤੋਂ ਨਗਾਰਾ ਤੱਕ।'

ਗੁਰੂ ਨਾਨਕ ਦੇਵ ਜੀ ਨੇ ਅੰਦਰਲਾ ਜਗਾਉਣ ਲਈ ਰਬਾਬ ਦੀ ਸੁਰ ਨਾਲ ਸ਼ਬਦ ਐਸੇ ਢੰਗ ਨਾਲ ਗਾਇਆ ਕਿ ਜੋ ਮਨ ਮਾਇਆ ਦੇ ਸਵਾਦ ਵਿਚ ਸੁੱਤਾ ਹੋਇਆ ਸੀ, ਸਾਵਧਾਨ ਹੋ ਉਠਿਆ। ਸ਼ਬਦ ਸੁਣਦੇ ਹੀ ਪਹਿਲਾਂ 'ਵਾਹਿਗੁਰੂ ਦੀ ਹੋਂਦ ਦਾ ਅਹਿਸਾਸ' ਹੋਇਆ। ਫਿਰ ਹਜ਼ੂਰੀ ਦਾ ਐਸਾ ਪ੍ਰਕਾਸ਼ ਹੋਇਆ ਕਿ ਵਾਹਿਗੁਰੂ ਦਾ ਪ੍ਰਤੱਖ ਦੀਦਾਰ ਕਰਨ ਜੋਗਾ ਹੋ ਗਿਆ। ਇਹ ਹੀ ਹੈ ਨਾਮ ਦਾ ਪ੍ਰਗਟ ਹੋਣਾ। ਜਦ ਅਸੀਂ ਅਰਦਾਸ ਦੇ ਆਖ਼ਰੀ ਸ਼ਬਦ 'ਨਾਨਕ ਨਾਮ ਚੜ੍ਹਦੀ ਕਲਾ' ਕਹਿੰਦੇ ਹਾਂ ਤਾਂ ਉਸ ਦਾ ਵੀ ਭਾਵ ਇਹ ਹੀ ਲਗਦਾ ਹੈ ਕਿ ਨਾਮ ਨੇ ਹੀ ਚੜ੍ਹਦੀ ਕਲਾ ਬਖ਼ਸ਼ਣੀ ਹੈ। ਬਾਕੀ ਸਭ ਜੋਸ਼ ਹੈ ਜੋ ਖਿਨ ਪਲ ਲਈ ਹੁੰਦਾ ਹੈ। ਚੜ੍ਹਦੀ ਕਲਾ ਕਦੇ ਘਟਦੀ ਨਹੀਂ। ਹਰ ਹਾਲ ਇਕੋ ਜਿਹਾ ਰਹਿੰਦਾ ਹੈ ਨਾਮ ਵਾਲਾ। ਗੁਰੂ ਨਾਨਕ ਦੇਵ ਜੀ ਜਦ ਵੀ ਮਰਦਾਨੇ ਨੂੰ ਰਬਾਬ ਵਜਾਉਣ ਲਈ ਕਹਿੰਦੇ ਤਾਂ ਪੁਰਾਤਨ ਜਨਮ ਸਾਖੀ ਅਨੁਸਾਰ ਸਿਰਫ਼ ਇਹ ਕਹਿੰਦੇ ਸਨ :

*ਛੇੜ ਮਰਦਾਨਿਆ ਰਬਾਬ! ਕਾਈ*
*ਸਿਫ਼ਤ ਖ਼ੁਦਾ ਦੇ ਦੀਦਾਰ ਦੀ ਕਰੀਏ।*

ਇਹ ਨਹੀਂ ਕਿ ਬਾਣੀ ਆਈ ਹੈ। ਇਹ ਵੀ ਗਵਾਹੀ ਹੈ ਕਿ ਜਦ ਵੀ ਸ਼ਬਦ ਗਾਇਆ ਜਾਂਦਾ, ਪਸ਼ੂ ਪੰਛੀ ਕੀ ਜਲ ਤੱਕ ਸ਼ਾਂਤ ਹੋ ਵਹਿਣ ਲੱਗ ਪੈਂਦਾ।

ਫਿਰ ਗੁਰੂ ਹਰਿਗੋਬਿੰਦ ਜੀ ਨੇ ਢਾਡੀ ਅਬਦੁੱਲਾ ਤੇ ਨੱਥ ਮਲ ਨੂੰ ਸ੍ਰੀ ਅਕਾਲ ਤਖ਼ਤ ਦੀ ਸਿਰਜਨਾ ਹੋ ਜਾਣ ਉਪਰੰਤ ਇਹ ਹੁਕਮ ਦਿੱਤੇ ਸਨ ਕਿ ਉਥੇ ਖੜ੍ਹੇ ਹੋ ਕੇ ਢੱਡ ਨਾਲ ਵਾਰਾਂ ਗਾਈਆਂ ਜਾਣ। ਉਨ੍ਹਾਂ ਦੋਵਾਂ ਬਾਰੇ ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿਚ ਲਿਖਿਆ ਹੈ ਕਿ ਉਹ ਵਾਰਾਂ ਇਸ ਜੋਸ਼ ਤੇ ਤਰਜ਼ ਨਾਲ ਗਾਉਂਦੇ ਸਨ ਕਿ ਸੁਣਦੇ ਸਾਰ ਹੀ ਕਾਇਰਾਂ ਦੇ ਡੌਲ੍ਹੇ ਫੜਕਣ ਲੱਗ ਪੈਂਦੇ ਸਨ।

*ਐਸੇ ਢੰਗ ਰੰਗ ਸਿਉਂ ਉਚਰੈ।*
*ਸੁਨਿ ਕਾਇਰ ਰਣ ਮਾਂਡੈ।*



Sri Satguru Jagjit Singh Ji eLibrary NamdhariElibrary@gmail.com

ਗੁਰੂ ਗੋਬਿੰਦ ਸਿੰਘ ਜੀ ਨੇ ਤਖ਼ਤ 'ਤੇ ਬੈਠਦੇ ਹੀ ਜਿੱਥੇ ਹੋਰ ਹੁਕਮ ਕੀਤੇ ਉਥੇ ਇਕ ਉਚੇਚਾ ਹੁਕਮ 'ਨਗਾਰਾ ਬਣਾਉਣ' ਦਾ ਕੀਤਾ ਸੀ।

ਨਗਾਰਾ ਬਣਨ ਤੇ ਵੱਜਣ ਨਾਲ ਪਹਾੜੀ ਰਾਜਿਆਂ ਤੇ ਸਮੇਂ ਦੀ ਹਕੂਮਤ ਨੂੰ ਤਾਂ ਰੋਹ ਚੜ੍ਹਨਾ ਹੀ ਸੀ ਪਰ ਮਸੰਦ ਵੀ ਬੜੇ ਚਿੰਤਾਤੁਰ ਹੋਏ। ਉਹਨਾਂ ਮਾਤਾ ਗੁਜਰੀ ਜੀ ਨੂੰ ਜਾ ਕਿਹਾ ਕਿ ਇਕ ਤਾਂ ਅੱਗੇ 'ਦੇਗ' ਦਾ ਖ਼ਰਚ ਬਹੁਤ ਸੀ ਉਤੋਂ 'ਤੇਗ' ਦਾ ਆ ਪਿਆ ਹੈ। ਇਹ ਤਾਂ ਭਲਾ ਕਿਸੇ-ਨਾ-ਕਿਸੇ ਢੰਗ ਨਾਲ ਦੇਵੇਂ ਖ਼ਰਚੇ ਉਠਾ ਲਵਾਂਗੇ ਪਰ ਜੇ ਇਹ ਨਗਾਰਾ ਵੱਜਣਾ ਸ਼ੁਰੂ ਹੋ ਗਿਆ ਤਾਂ ਇਸ ਨਾਲ ਇਤਨੇ ਝਗੜੇ ਉਤਪੰਨ ਹੋ ਜਾਣੇ ਹਨ ਕਿ ਕੁਝ ਵੀ ਪਾਸ ਨਹੀਂ ਰਹਿਣਾ।

*'ਇਸ ਤੌਂ ਹੋਵਤ ਉਤਪਾਤ ਬਿਸਾਲਾ।*
*ਚਢੇ ਬਜਾਇ ਕਰਿ ਜਿਸ ਕਾਲਾ।'*

ਪਹਾੜੀ ਰਾਜੇ ਅੱਗ ਬਗੋਲਾ ਹੋ ਜਾਣਗੇ। ਮਾਤਾ ਜੀ ਨੇ ਵੀ ਆ ਕੇ ਕਿਹਾ ਕਿ ਸੁਣਿਆ, ਤੁਸੀਂ ਨਗਾਰਾ ਬਣਾਉਣ ਲੱਗੇ ਹੋ। ਸਭ ਆ ਕਹਿੰਦੇ ਹਨ ਕਿ ਨਗਾਰਾ ਵੱਜਣ ਨਾਲ ਉਪੱਦਰ ਉਠਣ ਦੀ ਸ਼ੰਕਾ ਹੈ।

ਮਹਾਰਾਜ ਨੇ ਕਿਹਾ : ਮਾਂ ! ਕਿਸੇ ਚਿੰਤਾ ਦੀ ਲੋੜ ਨਹੀਂ। ਮੈਂ ਕਿਸੇ ਦਾ ਰਾਜ ਨਹੀਂ ਹਥਿਆਵਣ ਲੱਗਾ ਪਰ ਜੇ ਕੋਈ ਆ ਪਿਆ ਤਾਂ ਫਿਰ ਇਕ ਗੱਲ ਤੁਸੀਂ ਜਾਣਦੇ ਹੋ :

*ਦੇਸ਼ ਰਾਜ ਕੋ ਧਰਹਿ ਗ਼ਰੂਰ।*
*ਕਰਤਾ ਪੁਰਖ ਕਰਹਿ ਤਿਸ ਚੂਰ।*

ਗੁਰੂ ਘਰ ਦਾ ਆਦਰਸ਼ ਇਹ ਹੈ ਕਿ ਪਹਿਲਾਂ ਕਿਸੇ ਨਾਲ ਵਿਰੋਧ ਨਹੀਂ ਪਰ ਜੇ ਕੋਈ ਲੜਨਾ ਹੀ ਚਾਹੇ ਤਾਂ ਫਿਰ ਇਧਰ ਵੀ ਕਿਸੇ ਨੇ ਚੂੜੀਆਂ ਨਹੀਂ ਪਾਈਆਂ ਹੋਈਆਂ।

*ਪ੍ਰਿਥਮ ਬਿਰੋਧ ਨਹੀਂ ਕਿਮ ਕਰੈ।*
*ਮਿਲਹਿ ਤੋ ਮਿਲਹਿ, ਲਗਹਿ ਤੋ ਲਰੈ।*
*ਪੂਰਬ ਧਰਹਿ ਨ ਕਿਸੇ ਸੇ ਬੈਰ।*
*ਹੰਕਾਰੀ ਕੋ ਕਬਹੂ ਨ ਖ਼ੈਰ।*

ਗੁਰੂ ਘਰ ਤਾਂ ਸ਼ੀਸ਼ੇ ਨਿਆਈਂ ਹੈ, ਜਿਹੋ ਜਿਹਾ ਕੋਈ ਮੂੰਹ ਬਣਾਏਗਾ ਤਿਹੋ ਜਿਹਾ ਹੀ ਉਸਨੂੰ ਦਿੱਸੇਗਾ।

ਭਾਈ ਸੰਗੋ ਜੀ (ਭੂਆ ਦੇ ਪੁੱਤਰ) ਆਏ ਤਾਂ ਉਨ੍ਹਾਂ ਹੋਰ ਉਤਸ਼ਾਹ ਦਿੱਤਾ। ਉਹਨਾਂ ਕਿਹਾ ਕਿ ਜੇ ਪਹਾੜੀਏ ਬਿਲਾ ਵਜ੍ਹਾ ਆ ਪਏ ਤਾਂ ਲਿਤਾੜ ਕੇ ਮਿੱਟੀ ਵਿਚ ਮੇਲ ਦਿਆਂਗੇ। 'ਲਥੇਰ ਪਥੇਰੋਂ'।

ਕਲਗੀਧਰ ਨੇ ਇਹ ਵੀ ਕਿਹਾ ਕਿ ਅਕਾਲ ਪੁਰਖ ਦੀ ਆਗਿਆ ਗੁਰੂ ਨਾਨਕ ਦੇਵ ਜੀ ਨੂੰ ਹੋਈ ਸੀ ਕਿ ਸਭ ਦਾ ਰੁਖ਼ ਵਾਹਿਗੁਰੂ ਵੱਲ ਮੋੜੋ ਤੇ ਹੁਣ ਅਕਾਲ ਪੁਰਖ ਬਾਚ ਹੋਆ ਹੈ ਕਿ ਵਾਹਿਗੁਰੂ ਦੇ ਰੁਖ਼ ਦੀ ਗੱਲ ਕਰਨੀ।

Sri Satguru Jagjit Singh Ji eLibrary NamdhariElibrary@gmail.com

*"ਆਗਯਾ ਹਮਹਿ ਅਕਾਲ ਪੁਰਖ ਕੀ।*
*ਕਰਹਿ ਬਾਰਤਾ ਕਰਤੇ ਰੁਖ ਕੀ।'*

ਨਗਾਰਾ ਅਕਾਲ ਪੁਰਖ ਦੀ ਹੋਂਦ ਦਾ ਹੀ ਜੈਕਾਰਾ ਹੈ। ਗੁਰੂ ਨਾਨਕ ਦੇਵ ਜੀ ਦਾ ਧਿਆਨ ਧਰ ਕੇ ਦਿਨ ਚੜ੍ਹੇ ਵਜਾਓ।

*'ਸੋ ਸਿਮਰ ਗੁਰੂ ਨਾਨਕ ਬਜਾਵਹੁ।'*

ਭਾਈ ਕੋਇਰ ਸਿੰਘ ਜੀ ਨੇ ਲਿਖਿਆ ਹੈ ਕਿ ਨਗਾਰਾ ਅਨੰਦਪੁਰ ਸਾਹਿਬ ਵੱਜਣ ਲੱਗਾ। ਪਹਾੜ ਨਗਾਰੇ ਦੀ ਆਵਾਜ਼ ਨਾਲ ਗੂੰਜਣ ਲੱਗੇ ਤੇ ਪਹਾੜੀਆਂ ਦੇ ਦਿਲ ਦਹਿਲਣ ਲੱਗੇ।

ਇਕ ਦਿਨ ਕਹਿਲੂਰ ਦੇ ਰਾਜੇ ਨੇ ਅਨੰਦਪੁਰ ਦੀ ਜੂਹ ਲਾਗੇ ਆ ਛਾਉਣੀ ਪਾਈ। ਉਸ ਦਾ ਆਉਣਾ ਸੁਣ ਕਮਜ਼ੋਰ ਮਨਾਂ ਨੂੰ ਫਿਰ ਫ਼ਿਕਰ ਹੋਇਆ ਕਿ ਜੇ ਨਗਾਰਾ ਨਿੱਤ ਦੀ ਤਰ੍ਹਾਂ ਵੱਜਿਆ ਤਾਂ ਉਹ ਆਵਾਜ਼ ਸੁਣ ਚੜ੍ਹਾਈ ਕਰ ਦੇਵੇਗਾ। ਉਹਨਾਂ ਦੀ ਗੁਰੂ ਗੋਬਿੰਦ ਸਿੰਘ ਜੀ ਤੇ ਮਾਤਾ ਗੁਜਰੀ ਜੀ ਤੱਕ ਪੁੱਜਣ ਦੀ ਜੁਰਅੱਤ ਨਾ ਹੋਈ ਪਰ ਮਾਤਾ ਨਾਨਕੀ (ਕਲਗੀਧਰ ਦੀ ਦਾਦੀ) ਜੀ ਪਾਸ ਆ ਤਰਲਾ ਕੱਢਿਆ ਅਤੇ ਕਿਹਾ ਕਿ ਨਗਾਰਾ ਵੱਜਣ ਨਾਲ ਕਈ ਪੁਆੜੇ ਪੈਣਗੇ। ਮਾਤਾ ਨਾਨਕੀ ਜੀ ਨੇ ਨਗਾਰਾ ਨਾ ਵਜਾਉਣ ਲਈ ਆਗਿਆ ਕਰ ਦਿੱਤੀ।

ਅੰਮ੍ਰਿਤ ਵੇਲੇ ਜਦ ਦਸਮੇਸ਼ ਪਿਤਾ ਜੀ ਹਮੇਸ਼ਾ ਦੀ ਤਰ੍ਹਾਂ ਜਾਗੇ ਅਤੇ ਨਗਾਰਾ ਵੱਜਣ ਦੀ ਆਵਾਜ਼ ਨਾ ਸੁਣੀ ਤਾਂ ਪੁੱਛਿਆ :

*'ਨੌਬਤ ਕਿਮ ਤਯਾਰ ਨਾ ਕੀਨਾ।'*

ਨਗਾਰਚੀ ਨੇ ਕਿਹਾ : ਮਾਤਾ ਜੀ ਦੀ ਆਗਿਆ ਹੋਈ ਸੀ ਕਿ ਅੱਜ ਨਗਾਰਾ ਨਹੀਂ ਵਜਾਉਣਾ।

ਮਹਾਰਾਜ ਨੇ ਕਿਹਾ ਕਿ ਦਾਦੀ ਦਾ ਪੋਤਰੇ ਲਈ ਦਿਲ ਵਿਚ ਫ਼ਿਕਰ ਸੁਭਾਵਕ ਹੈ।

*'ਮਾਈ ਸੁਭਾਉ ਕੋ ਤ੍ਰਾਸ ਸਨੰਤਰ।'*

ਪਰ ਮਾਤਾ ਜੀ ਨੂੰ ਪੁੱਛਣਾ ਕਿ ਵਾਹਿਗੁਰੂ ਦਾ ਤਾਂ ਹੁਕਮ ਹੈ ਕਿ 'ਮ੍ਰਿਤ ਲੋਕ ਤੇ ਮੋਨ ਨ ਰਹਿਓਂ'। ਕਿਤਨੀ ਦੇਰ ਹੋਰ ਛੁੱਪ-ਕਟੀ ਕਰਨੀ ਹੈ।

*ਅਕਾਲ ਪਠਯੋ ਹਮ ਕੋ ਅਬ ਤਾਵਤ।*
*ਕੇਤਕ ਕਾਲ ਲੁਕੈ ਹਮ ਭੀਜੈ। ੧।*

ਕਿਉਂ ਤੁਸੀਂ ਸਾਰੇ ਭੁੱਲ ਜਾਂਦੇ ਹੋ ਕਿ ਇਹ ਗੁਰੂ ਨਾਨਕ ਦਾ ਸਿੰਘਾਸਨ ਹੈ। ਅਕਾਲ ਪੁਰਖ ਦਾ ਉਹ ਰੂਪ ਹਨ ਤੇ ਜਗਤ ਨੂੰ ਸੁਖ ਦੇਣ ਲਈ ਆਏ ਹਨ।

*ਸਿੰਘਾਸਨ ਹੈ ਗੁਰੂ ਨਾਨਕ ਕੋ*
*ਜਿਹ ਰੂਪ ਅਕਾਲ ਕੋ ਹੈ ਸੁੱਖ ਕਾਰੀ।*

ਫਿਰ ਦਸਮ ਪਿਤਾ ਨੇ ਕਿਹਾ : ਮੈਂ ਕਈ ਵਾਰੀ ਇਹ ਜ਼ਿੰਮੇਵਾਰੀ ਉਠਾਉਣ ਤੋਂ ਨਾਂਹ ਕੀਤੀ ਸੀ ਪਰ ਜਦ ਹੁਕਮ ਹੋ ਗਿਆ ਤਾਂ ਫਿਰ ਪਿੱਛੇ ਹਟਣ ਦਾ ਸੁਆਲ ਹੀ ਨਹੀਂ ਸੀ।

Sri Satguru Jagjit Singh Ji eLibrary NamdhariElibrary@gmail.com

ਨਾ ਹੀ ਮੈਂ ਵਾਹਿਗੁਰੂ ਵਲੋਂ ਹੋਈ ਆਗਿਆ ਨੂੰ ਉਲਟਾ ਸਕਦਾ ਹਾਂ।

ਸੋ ਸੰਸੇ ਵਿਚ ਨਹੀਂ ਪੈਣਾ ਤੇ ਨਗਾਰਾ ਵਜਾਓ।

ਜਦ ਰਣਜੀਤ ਨਗਾਰੇ ਨੇ ਗੂੰਜਾਂ ਪਾਈਆਂ ਤਾਂ :

*ਕਾਂਪਤ ਭਯੋ ਤਿਨ ਕੋ ਸੁਣ ਕੈ ਸਭ।*
*ਪਾਰ ਪਹਾਰ ਕੀ ਤ੍ਰਾਸ ਅਪਾਰੀ।*

ਨਗਾਰਾ ਵੱਜਣ ਤੋਂ ਔਰੰਗਜ਼ੇਬ ਕਿਤਨਾ ਦੁਖੀ ਹੁੰਦਾ ਸੀ ਉਸ ਦੀ ਤਾਰੀਖ਼ ਨੇ ਸ਼ਾਹਦੀ ਭਰੀ ਹੈ।

ਬਹਾਦਰ ਸ਼ਾਹ ਨੇ ਜਦ ਕਾਬਲ ਦੀ ਨਵਾਬੀ ਸੰਭਾਲਣ ਵੇਲੇ ਨਗਾਰਾ ਵਜਾਇਆ ਸੀ ਤਾਂ ਖ਼ੁਫ਼ੀਆਂ ਨੇ ਔਰੰਗਜ਼ੇਬ ਨੂੰ ਇਤਲਾਹ ਦਿੱਤੀ ਸੀ। ਖ਼ਬਰ ਪਾ ਔਰੰਗਜ਼ੇਬ ਨੇ ਬੇਟੇ ਨੂੰ ਲਿਖਿਆ ਸੀ ਕਿ ਤੈਨੂੰ ਕਦਾਚਿਤ ਨਗਾਰਾ ਨਹੀਂ ਵਜਾਉਣਾ ਚਾਹੀਦਾ। ਸਿਰਫ਼ ਢੋਲ ਵਜਾਣੇ ਚਾਹੀਦੇ ਸਨ। ਅੱਲਾ ਜਦ ਤੈਨੂੰ ਤਖ਼ਤ-ਨਸ਼ੀਂ ਕਰੇਗਾ ਤਾਂ ਬੇਸ਼ੱਕ ਨਗਾਰਾ ਵਜਾਈਂ।

ਜੋ ਆਪਣੇ ਪੁੱਤਰ ਦੇ ਨਗਾਰਾ ਵਜਾਉਣ 'ਤੇ ਦੁਖੀ ਹੋ ਸਕਦਾ ਸੀ ਉਹ ਅਨੰਦਪੁਰ ਦੀਆਂ ਪਹਾੜੀਆਂ ਵਿਚ ਰਣਜੀਤ ਨਗਾਰੇ ਨੂੰ ਕਿਵੇਂ ਬਰਦਾਸ਼ਤ ਕਰ ਸਕਦਾ ਸੀ।

ਰਬਾਬ ਨੇ ਅੰਦਰਲਾ ਜਗਾਇਆ ਤੇ ਨਗਾਰੇ ਨੇ ਸਭ ਤ੍ਰਾਸ ਮਿਟਾ ਕੇ ਕੌਮ ਨੂੰ ਨਿਰਭਉ ਕਰ ਦਿੱਤਾ। I◆I

www.archive.org/details/namdhari

## ਦੋ

# ਦਾਨਾ ਤੋਂ ਮਰਦਾਨਾ ਅਤੇ ਬੰਦਾ

ਸਿੱਖੀ ਦਾ ਪੈਂਡਾ

ਲੋਕ ਪੁੱਛਦੇ ਹਨ ਕਿ ਗੁਰੂ ਨਾਨਕ ਸਾਹਿਬ ਜੱਗ ਵਿਚ ਕਿਉਂ ਪਠਾਏ, ਕਲਗੀਧਰ ਦਾ ਪ੍ਰਕਾਸ਼ ਕਿਸ ਲਈ ਹੋਇਆ। ਮੇਰਾ ਦੋ ਸ਼ਬਦੀ ਉੱਤਰ ਹੁੰਦਾ ਹੈ ਗੁਰੂ ਨਾਨਕ ਜੀ ਆਏ 'ਮਰਦਾਨਾ' ਬਣਾਉਣ ਤੇ ਦਸਮ ਪਿਤਾ ਸਾਨੂੰ : ਬੰਦਾ।

ਬਹੁਤਿਆਂ ਨੂੰ ਨਹੀਂ ਪਤਾ ਕਿ 'ਮਰਦਾਨਾ' ਦਾ ਤਾਂ ਗੁਰੂ ਨਾਨਕ ਦੇਵ ਜੀ ਵਲੋਂ ਉਨ੍ਹਾਂ ਨੂੰ ਦਿੱਤਾ ਖ਼ਿਤਾਬ ਸੀ। ਨਾਂ ਅਸਲ ਵਿਚ ਉਨ੍ਹਾਂ ਦਾ ਦਾਨਾ ਸੀ।

ਭਾਈ ਮਨੀ ਸਿੰਘ ਜੀ ਦੇ ਲਿਖੇ ਅਨੁਸਾਰ : ਇਕ ਸਮੇਂ ਗੁਰੂ ਨਾਨਕ ਦੇਵ ਜੀ ਤਲਵੰਡੀ ਵਿਖੇ ਇਕ ਦਰਖ਼ਤ ਹੇਠਾਂ ਆਰਾਮ ਪਏ ਕਰਦੇ ਸਨ। ਉਨ੍ਹਾਂ ਦੇ ਕੰਨੀਂ ਰਬਾਬ ਵੱਜਣ ਦੀ ਆਵਾਜ਼ ਪਈ। ਗੁਰੂ ਜੀ ਉਠ ਕੇ ਉਸ ਥਾਂ ਪੁੱਜੇ ਤੇ ਜਾ ਕਹਿਆ : ਰਬਾਬ ਭਲੀ ਵਜਾਇੰਦਾ ਹੈਂ, ਨਾਂ ਕੀ ਆ ? ਉਸ ਨੇ ਉੱਤਰ ਵਜੋਂ ਕਿਹਾ : ਜੀ ਨਾਂ ਮੇਰਾ 'ਦਾਨਾ' ਤੇ ਲੋਕੀਂ ਮਿਰਾਸੀ ਕਹਿੰਦੇ ਹਨ। ਮਹਾਰਾਜ ਨੇ ਉਸ ਸਮੇਂ ਫ਼ਰਮਾਇਆ : *ਸ਼ਬਦ ਪਾ ਕੇ ਰਾਗ ਨੂੰ ਗਾਏਂ ਤਾਂ ਤੂੰ ਮਰਦਾਨਾ ਕਹਿਲਾਏਂ।* ਮਹਾਰਾਜ ਦਾ ਕਹਿਣਾ ਸੀ ਕਿ ਦਾਨੇ, ਅਕਲਾਂ ਵਾਲੇ ਤਾਂ ਕਈ ਫਿਰਦੇ ਹਨ ਪਰ ਕੋਈ ਵਿਰਲਾ ਹੈ ਜੋ ਮਰਦਾਨਾ ਬਣ ਜਗਤ ਨੂੰ ਜਿੱਤਦਾ ਹੈ। ਇਹ ਸੂਰਮਤਾਈ ਸ਼ਬਦ ਤੇ ਚੱਲਿਆਂ ਹੀ ਆਉਣੀ ਹੈ। ਦਾਨਾ, ਮਰਦਾਨਾ ਬਣ ਗੁਰੂ ਨਾਨਕ ਦੇਵ ਜੀ ਨਾਲ ਹੋ ਉਠਿਆ। ਅਠਵੰਜਾ ਸਾਲ ਗੁਰੂ ਜੀ ਦਾ ਸਾਥ ਮਾਣਿਆ। ਇਕ ਸਮੇਂ ਗੁਰੂ ਨਾਨਕ ਜੀ ਨੂੰ ਕਹਿਣ ਲੱਗਾ, ਜਾਂ ਤਾਂ ਬਾਬਾ ਆਪਣੇ ਵਰਗੀ ਜਰਨ ਸ਼ਕਤੀ ਬਖ਼ਸ਼, ਨਹੀਂ ਤਾਂ ਮੈਨੂੰ ਘਰ ਜਾਣ ਦੇ। ਮਹਾਰਾਜ ਨੇ ਦ੍ਰਿਸ਼ਟੀ ਪਾ ਨਿਹਾਲ ਕੀਤਾ ਤੇ ਕਿਹਾ : ਮਰਦਾਨਿਆ ਜਿੱਥੇ ਤੇਰਾ ਵਾਸਾ, ਉਥੇ ਮੇਰਾ। ਇਕ ਦਿਨ ਪਤਾ ਨਹੀਂ ਕਿਸ ਵੇਗ ਵਿਚ ਆਇਆ ਮਰਦਾਨਾ ਗੁਰੂ ਨਾਨਕ ਦੇਵ ਜੀ ਨੂੰ ਕਹਿਣ ਲੱਗਾ : ਬਾਬਾ ! ਤੇਰਾ ਮੇਰਾ ਬਹੁਤਾ ਅੰਤਰ ਨਹੀਂ। ਤੂੰ ਰੱਬ ਦਾ ਡੂਮ, ਮੈਂ ਤੇਰਾ ਡੂਮ।

ਮਰਦਾਨਾ ਜੀ ਜਦ ਕਰਤਾਰਪੁਰ ਵਿਖੇ ਅਕਾਲ ਚਲਾਣਾ ਕਰਨ ਲੱਗੇ ਤਾਂ ਗੁਰੂ ਨਾਨਕ ਦੇਵ ਜੀ ਇਹ ਦਰਸਾਉਣ ਲਈ ਕਿ ਮਰਦਾਨਾ ਹੁਣ ਕਿਥੋਂ ਬੋਲਣ ਲੱਗ ਪਿਆ ਸੀ, ਕਹਿਣ ਲੱਗੇ :

ਮਰਦਾਨਿਆ ਤੂੰ ਮੇਰਾ ਬੜਾ ਸਾਥ ਨਿਭਾਇਆ ! ਤੂੰ ਦੱਸ ਤੇਰੀ ਦੇਹ ਨੂੰ ਕਿਆ ਕਰਾਂ ?



Sri Satguru Jagjit Singh Ji eLibrary NamdhariElibrary@gmail.com

ਜੇ ਤੇਰਾ ਚਿੱਤ ਹੈ ਤਾਂ ਬ੍ਰਾਹਮਣ ਵਾਂਗ ਦਰਿਆ ਵਿਚ ਰੋੜ੍ਹ ਦਿਆਂ। ਖਤਰੀ ਵਾਂਗ ਸਾੜ ਦਿਆਂ, ਪਾਰਸੀ ਵਾਂਗ ਹਵਾ (ਵੈਲ ਔਫ ਸਾਇਲੈਂਸ) ਵਿਚ ਸੁੱਟ ਦਿਆਂ ਤੇ ਜੇ ਤੇਰਾ ਦਿਲ ਹੈ ਤਾਂ ਮੁਸਲਮਾਨਾਂ ਵਾਂਗ ਦਬਾ ਦਿਆਂ। ਤੂੰ ਦੱਸ, ਮੈਂ ਉਹ ਹੀ ਕਰਾਂ।

ਮਰਦਾਨਾ ਜੀ ਬੋਲੇ : ਵਾਹ ਬਾਬਾ ਵਾਹ! ਅਜੇ ਵੀ ਸਰੀਰਾਂ ਦੇ ਚੱਕ੍ਰ ਵਿਚ।

ਬਾਬੇ ਫਿਰ ਕਿਹਾ : ਮਰਦਾਨਿਆ! ਜੇ ਚਾਹੇਂ ਤਾਂ ਤੇਰੀ ਚੂਨੇ ਗੱਚ ਸਮਾਧ ਬਣਾਵਾਂ।

ਇਤਨਾ ਸੁਣਨਾ ਸੀ ਕਿ ਮਰਦਾਨਾ ਜੀ ਹੱਥ ਜੋੜ ਕਹਿਣ ਲੱਗੇ : 'ਬਾਬਾ ਬੜੀ ਮੁਸ਼ਕਲ ਨਾਲ ਤਾਂ ਸਰੀਰ ਰੂਪੀ ਸਮਾਧ ਵਿਚੋਂ ਨਿਕਲਣ ਲੱਗਾ ਹਾਂ। ਹੁਣ ਫਿਰ ਸੰਗਮਰਮਰ ਦੀ ਸਮਾਧ ਵਿਚ ਪਾਉਂਦੇ ਹੋ।'

ਮਰਦਾਨਾ ਜੀ ਨੇ ਦੇਹ ਤਿਆਗੀ। ਮਹਾਰਾਜ ਨੇ ਹੱਥੀਂ ਸਸਕਾਰ ਕੀਤਾ ਤੇ ਰਾਖ ਮਿੱਟੀ ਰਾਵੀ ਵਿਚ ਵਹਾ ਦਿੱਤੀ।

ਹੁਣ ਵੇਖਣਾ ਅੰਤਰ ! ਰਜਨੀਸ਼, ਜੋ ਪਹਿਲੋਂ ਪ੍ਰੋਫ਼ੈਸਰ, ਫਿਰ ਅਚਾਰੀਆ, ਪਿੱਛੋਂ ਭਗਵਾਨ ਅਤੇ ਮੌਤ ਵੇਲੇ ਓਸ਼ੋ ਬਣਿਆ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਸ ਦੀ ਵਿਆਖਿਆ ਵਿਚੋਂ ਮੂਲ ਚਿੰਤਨ ਦਾ ਪ੍ਰਭਾਵ ਪੈਂਦਾ ਸੀ ਤੇ ਜਾਣਕਾਰੀ ਨੂੰ ਗਿਆਨ ਵਿਚ ਬਦਲ ਦੇਣ ਦਾ ਹੁਨਰ ਵੀ ਉਸ ਪਾਸ ਸੀ, ਪਰ ਆਤਮਕ ਮੰਡਲ ਵਿਚ ਕਿਸ ਪੱਧਰ 'ਤੇ ਸੀ ਉਹ ਉਸ ਦੇ ਆਖ਼ਰੀ ਸ਼ਬਦਾਂ ਤੋਂ ਜ਼ਾਹਿਰ ਹੋ ਜਾਏਗਾ। ਜਦ ਓਸ਼ੋ ਰਜਨੀਸ਼ ੧੯ ਜਨਵਰੀ, ੧੯੯੦ ਨੂੰ ਮਰਨ ਸੇਜਾ ਤੇ ਪਿਆ ਹੋਇਆ ਸੀ ਤਾਂ ਉਸ ਕੋਲ ਦੋ ਨਿਕਟਵਰਤੀ ਬੈਠੇ ਸਨ। ਉਨ੍ਹਾਂ ਵਿਚੋਂ ਇਕ ਡਾਕਟਰ ਅੰਮ੍ਰਿਤੋ ਨੂੰ ਉਸ ਆਖਿਆ :

*ਮੇਰੀ ਸਮਾਧੀ ਸੰਗਮਰਮਰ ਲਗਵਾਉਣਾ। ਮੈਨੂੰ ਚੰਗਾ ਲੱਗਦਾ ਹੈ।*

ਜੋ ਗੁਰੂ ਪਾਸ ਬੈਠਾ ਮਰਦਾਨਾ ਹੋ ਜਾਵੇ ਉਸ ਨੂੰ ਸਰੀਰ ਦਾ ਖ਼ਿਆਲ ਮੂਲੋਂ ਹੀ ਹਟ ਜਾਂਦਾ ਹੈ। ਜੋ ਸਰੀਰ ਦੇ ਖ਼ਿਆਲ ਵਿਚ ਹੀ ਸਾਰੀ ਉਮਰ ਗੁਜ਼ਾਰੇ ਉਹ ਸਰੀਰਾਂ ਵਿਚ ਹੀ ਭਟਕਦਾ ਰਹਿੰਦਾ ਹੈ।

ਆਸਾ ਦੀ ਵਾਰ ਵਿਚ ਅਰੰਭ ਵਿਚ ਹੀ ਗੁਰੂ ਪਾਤਸ਼ਾਹ ਨੇ ਫ਼ਰਮਾਇਆ ਹੈ ਕਿ ਮਾਣਸ ਤੋਂ ਦੇਵਤਾ ਬਣਾਉਂਦਿਆਂ ਤਾਂ ਗੁਰੂ ਨੂੰ ਛਿਨ ਭਰ ਵੀ ਨਹੀਂ ਲੱਗਦਾ ਪਰ ਸੇਵਕ ਬਣਨ ਲਈ ਬੜੀ ਘਾਲਣਾ ਘਾਲਣੀ ਪੈਂਦੀ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਵੀ ਮਹਿਸੂਸ ਕਰ ਲਿਆ ਸੀ ਕਿ ਵੱਡੀ ਲੋੜ ਬੰਦਾ ਬਣਾਉਣ ਦੀ ਹੈ। ਗੁਰੂ ਜੀ ਸੂਰਜ ਗ੍ਰਹਿਣ ਵਾਲੇ ਦਿਹਾੜੇ ਮਾਧੋ ਦਾਸ ਦੇ ਡੇਰੇ ਗਏ। ਉਥੇ ਬੱਕਰੇ ਦਾ ਮਾਸ ਰਿੰਨ੍ਹਣ ਲਈ ਰੱਖ ਦਿੱਤਾ। ਆਸ਼ਰਮ ਵਿਚ ਬੀਰਾਂ ਨੇ ਹਮਲੇ ਕੀਤੇ ਪਰ ਉਨ੍ਹਾਂ ਦੀ ਸਿੰਘਾਂ ਅੱਗੇ ਇਕ ਨਾ ਚੱਲੀ। ਬੀਰ ਭੱਜ ਮਾਧੋ ਦਾਸ ਪਾਸ ਗਏ ਅਤੇ ਕਿਹਾ ਕਿ ਅਸੀਂ ਤਾਂ ਹੀ ਬਚੇ ਜਦ ਇਹ ਕਿਹਾ : ਸਾਨੂੰ ਵੀ ਆਪਣੇ ਪੰਥ ਵਿਚ ਰਲਾਓ।

*"ਤਰੀਕੇ ਗੁਰੂ ਅਜ਼ ਖ਼ਾਸਤੇਮ।*
*ਕਿ ਜਾਂ ਰਾ ਸਲਾਮਤ ਅਜ਼ੀਂ ਦਾਸ਼ਤੇਮ। ੩੪।"*

(ਅਮਰਨਾਮਾ)

Sri Satguru Jagjit Singh Ji eLibrary NamdhariElibrary@gmail.com

ਮਾਧੋ ਦਾਸ ਨੇ ਨਗਰ ਦੇ ਹਿੰਦੂਆਂ ਨੂੰ ਨਾਲ ਮਿਲਾ ਕੇ ਬਹਾਦਰ ਸ਼ਾਹ ਪਾਸ ਜਾ ਸ਼ਿਕਾਇਤ ਕੀਤੀ ਕਿ ਗੁਰੂ ਨੇ ਮੇਰੇ ਆਸ਼ਰਮ ਦੀ ਮਰਯਾਦਾ ਭੰਗ ਕੀਤੀ ਹੈ। ਹਿੰਦੂਆਂ ਬੜੀ ਹਾਲ ਪਾਹਰਿਆ ਪਾਈ। ਬਹਾਦਰ ਸ਼ਾਹ ਟੁਰ ਆਪ ਆਇਆ। ਉਸ ਨੇ ਹੱਥ ਜੋੜ ਸਿਰ ਨਿਵਾਇਆ। ਮਹਾਰਾਜ ਨੇ ਡਿੱਠਾ ਕਿ ਬਹਾਦਰ ਸ਼ਾਹ ਦੀ ਅੱਖ ਮੈਲੀ ਨਹੀਂ ਹੈ।

*"ਨ ਦੀਦਾ ਨਿਗਾਹੇ ਬਦਸ਼"*

ਮਹਾਰਾਜ ਨੇ ਪਾਸ ਬਿਠਾ ਲਿਆ। ਜਦ ਉਸ ਨੇ ਕਿਹਾ ਕਿ ਸੂਰਜ ਗ੍ਰਹਿਣ ਲੱਗੇ ਮਾਸ ਕਿਉਂ ਰਿੰਨ੍ਹਣ ਰੱਖਿਆ ਤਾਂ ਗੁਰੂ ਜੀ ਨੇ ਫ਼ਰਮਾਇਆ ਕਿ ਸੂਰਜ ਨੂੰ ਗ੍ਰਹਿਆਂ ਦੇ ਕਬਜ਼ੇ ਵਿਚੋਂ ਕੱਢਣ ਲਈ ਉਨ੍ਹਾਂ ਨੂੰ ਮਾਸ ਖਵਾਲਣਾ ਜ਼ਰੂਰੀ ਸੀ। ਬਾਦਸ਼ਾਹ ਮੁਸਕਰਾ ਪਿਆ ਤੇ ਬਾਕੀ ਸਾਰੇ ਝੇਂਪ ਗਏ।

ਮਾਧੋ ਦਾਸ ਪੈਰੀਂ ਢੱਠਾ ਅਤੇ ਕਿਹਾ : ਤੁਸੀਂ ਕੌਣ ਹੋ ?

ਮਹਾਰਾਜ ਨੇ ਕਿਹਾ : ਆਪਣੇ ਅੰਦਰ ਝਾਤੀ ਮਾਰ ?

ਜ਼ਰਾ ਕੁ ਰੁਕ ਕੇ ਉਸ ਨੇ ਕਿਹਾ : ਤੁਸੀਂ ਗੁਰੂ ਗੋਬਿੰਦ ਸਿੰਘ ਹੋ।

ਮਹਾਰਾਜ ਨੇ 'ਹਾਂ' ਵਿਚ ਸੀਸ ਹਿਲਾ ਕਿਹਾ : ਤੂੰ ਕੌਣ ਹੈਂ ?

ਮਾਧੋ ਦਾਸ ਨੇ ਕਿਹਾ : ਮੈਂ ਤਾਂ ਤੁਹਾਡਾ ਬੰਦਾ ਹਾਂ। ਇਹ ਸੁਣਦੇ ਹੀ ਮਹਾਰਾਜ ਨੇ ਫ਼ਰਮਾਇਆ : 'ਬੰਦਾ ਹੈਂ ਤਾਂ ਬੰਦਿਆਂ ਵਾਲੇ ਕੰਮ ਕਰ। ਇਹ ਤੂੰ ਕੀ ਕੰਮ ਫੜਿਆ ਹੋਇਆ ਹੈ ਕਿ ਜੋ ਵੀ ਤੇਰੇ ਆਸ਼ਰਮ ਆਏ ਉਸ ਦੀ ਪੱਗ ਉਤਾਰ ਲੈਣੀ, ਸ਼ਰਮਿੰਦਾ ਕਰਨਾ, ਨੀਵਾਂ ਦਿਖਾਉਣਾ।' ਅੱਖੀਂ ਡਿੱਠਾ ਹਾਲ ਲਿਖਣ ਵਾਲੇ ਰਬਾਬੀ ਨੱਥ ਮੱਲ ਨੇ 'ਅਮਰਨਾਮਾ' ਵਿਚ ਲਿਖਿਆ ਹੈ :

ਬੰਦਾ ਚਰਨੀਂ ਢੱਠਾ ਤੇ ਕਿਹਾ : ਮਿਹਰ ਦੀ ਨਜ਼ਰ ਕਰੋ।

*ਕਦਮ ਬੋਸੀਏ ਮਨ ਦਰਾਂ ਦਮ ਸ਼ੁਦਾ।*
*ਤਲਬਗਾਰਿ ਲੁਤਫੋ ਤੁੱਹੁਮ ਸ਼ੁਦਾ।*

I◆I

Sri Satguru Jagjit Singh Ji eLibrary NamdhariElibrary@gmail.com

ਤਿੰਨ

# ਇਨ ਹੀ ਕੇ ਪ੍ਰਸਾਦਿ

ਗੁਰ ਪ੍ਰਸਾਦਿ ਨਾਨਕ ਮਨ ਜਾਗਹੁ

ਸਿੱਖ ਚਾਰ ਪ੍ਰਸਾਦਿ ਗੁਰੂ ਦੇ ਦਰ ਜਾ ਹਾਸਲ ਕਰਦਾ ਹੈ। *ਇਕ* ਤਾਂ 'ਕੜਾਹ ਪ੍ਰਸਾਦਿ' ਹੈ ਜੋ ਹਰ ਦੀਵਾਨ ਦੀ ਸਮਾਪਤੀ ਪਿੱਛੋਂ ਵਾਕ ਲੈਣ ਬਾਅਦ ਦੇਗ ਵਿਚ ਤੇਗ਼ ਚਲਾ, ਵਰਤਾਇਆ ਜਾਂਦਾ ਹੈ। ਸਿੱਖ ਦੇ ਹੱਥ ਜੋੜ ਨਿੱਠ ਕੇ ਕੜਾਹ ਪ੍ਰਸਾਦਿ ਹਾਸਲ ਕਰਦਾ ਹੈ ਜਿਸ ਦਾ ਭਾਵ ਹੈ ਕਿ ਜਿਵੇਂ ਕੜਾਹ ਪ੍ਰਸਾਦਿ ਵਿਚੋਂ ਕੋਈ ਵਸਤੂ ਸੁੱਟ ਪਾਉਣ ਵਾਲੀ ਨਹੀਂ, ਗ੍ਰਹਿਣ ਕਰਨ ਵਾਲੀ ਹੈ ਉਹ ਗੁਰੂ ਉਪਦੇਸ਼ ਨੂੰ ਇੰਨ ਬਿੰਨ ਬਗ਼ੈਰ ਕਿੰਤੂ ਕੀਤੇ ਗ੍ਰਹਿਣ ਕਰੇਗਾ।

*ਦੂਜਾ* 'ਗੁਰ ਪ੍ਰਸਾਦਿ' ਹੈ। ਜੋ ਗੁਰੂ ਗ੍ਰੰਥ ਸਾਹਿਬ ਵਿਚ ੴ ਸਤਿਗੁਰ ਪ੍ਰਸਾਦਿ ਦੇ ਰੂਪ ਵਿਚ 537 ਵਾਰੀ ਆਇਆ ਹੈ, ਜਿਸ ਦਾ ਅਰਥ ਹੈ ਕਿ ਜੋ ਕੁਝ ਉਸ ਨੇ ਪਾਇਆ ਹੈ ਉਹ ਗੁਰ ਕ੍ਰਿਪਾ ਦੁਆਰਾ ਹੀ ਪ੍ਰਾਪਤ ਕੀਤਾ ਹੈ। ਇਥੋਂ ਤੱਕ ਕਿ ਵਾਹਿਗੁਰੂ ਦੇ ਸਤਿ ਨੂੰ ਵੀ ਗੁਰੂ ਸ਼ਬਦ ਦੁਆਰਾ ਜੋ ਗੁਰੂ ਗ੍ਰੰਥ ਸਾਹਿਬ ਵਿਚ ਰੂਪਮਾਨ ਹੈ ਡਿੱਠਾ ਹੈ। ਸਿੱਖਾਂ ਦੀ ਵਡਿਆਈ ਕਰਦੇ ਜ਼ਕਰੀਆ ਖ਼ਾਨ ਨੇ ਨਾਦਰਸ਼ਾਹ ਨੂੰ ਜਿੱਥੇ ਹੋਰ ਅਨੇਕਾਂ ਗੁਣ ਦੱਸੇ ਸਨ ਉਥੇ ਇਹ ਵੀ ਕਿਹਾ ਸੀ ਕਿ : *ਬਾਤ ਬਾਤ ਪੈ ਗੁਰੂ ਅਲੈ ਹੈਂ।* ਹਰ ਵੇਲੇ ਗੁਰੂ ਗੁਰੂ ਕਰਦੇ ਰਹਿੰਦੇ ਹਨ। ਆਪਾ ਨਹੀਂ ਜਣਾਂਦੇ।

ਗੁਰ ਪ੍ਰਸਾਦਿ ਤੋਂ 'ਤ੍ਵ ਪ੍ਰਸਾਦਿ' ਤੱਕ ਦਾ ਇਕ ਪ੍ਰਕਾਰ ਦਾ ਆਤਮਕ ਪੈਂਡਾ ਹੈ ਜੋ ਸਿੱਖੀ ਨੇ ਕੀਤਾ ਹੈ। ਤ੍ਵ ਪ੍ਰਸਾਦਿ ਲੈ ਹੀ ਉਹ ਵਾਹਿਗੁਰੂ ਜੀ ਦਾ ਖ਼ਾਲਸਾ ਬਣਿਆ। ਉਸ ਦੀ ਸਿੱਧੀ ਰਸਾਈ ਪ੍ਰਭੂ ਕ੍ਰਿਪਾ ਨਾਲ ਪ੍ਰਮਾਤਮਾ ਤੱਕ ਹੋ ਗਈ। ਖ਼ਾਲਸਾ ਦਾ ਸਹੀ ਅਰਥ ਹੀ ਵਾਹਿਗੁਰੂ ਦਾ ਆਪਣਾ (Waheguru's own) ਹੈ। ਅੱਜਕੱਲ੍ਹ ਦੀ ਬੋਲੀ ਵਿਚ ਆਖ ਸਕਦੇ ਹਾਂ ਕਿ ਖ਼ਾਲਸਾ ਨੇ ਪ੍ਰਭੂ ਨਾਲ ਹਾਟ ਲਾਈਨ (Hot Line) ਅਸਥਾਪਣ ਕਰ ਲਈ ਹੈ। ਉਹ ਸੁਰਤਿ ਦਾ ਐਨਟੀਨਾ ਉੱਚਾ ਕਰਕੇ ਜਦ ਚਾਹੇ ਵਾਹਿਗੁਰੂ ਨਾਲ ਗੱਲ ਕਰ ਸਕਦਾ ਹੈ ਅਤੇ ਉਸ ਦਾ ਵਾਰਤਾਲਾਪ ਹਰ ਵੇਲੇ ਵਾਹਿਗੁਰੂ ਨਾਲ ਹੋ ਰਿਹਾ ਹੁੰਦਾ ਹੈ।

ਇਥੇ ਪੁੱਜ ਇਕ ਬਹੁਤ ਭਾਰੀ ਖ਼ਤਰਾ ਹੈ ਕਿ ਇਤਨੀ ਵੱਡੀ ਦਾਤ ਪਾ ਕਿਧਰੇ ਫੁੱਲ ਹੰਕਾਰੀ ਹੀ ਨਾ ਹੋ ਜਾਵੇ। ਵਰ-ਸਰਾਪਾਂ ਦੇ ਝੇੜਿਆਂ ਵਿਚ ਹੀ ਨਾ ਗ਼ਰਕ ਹੋ ਜਾਏ। ਕਰਾਮਾਤਾਂ ਹੀ ਨਾ ਦਿਖਾਉਣ ਲੱਗ ਪਵੇ। ਉੱਚੀ ਪਹੁੰਚ ਰੱਖਣ ਵਾਲੇ ਨੂੰ ਅਸੀਂ ਰੋਜ਼ ਡਿਗਦਾ ਤੱਕਦੇ ਹਾਂ। ਸੋ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਇਕ ਹੋਰ ਪ੍ਰਸਾਦਿ ਹਰ ਸੂਰਤ ਲੈਣ ਲਈ ਕਿਹਾ : ਉਹ ਹੈ *'ਇਨ ਹੀ ਕੇ ਪ੍ਰਸਾਦਿ'।*



Sri Satguru Jagjit Singh Ji eLibrary NamdhariElibrary@gmail.com

'ਇਨ ਹੀ ਕੇ ਪ੍ਰਸਾਦਿ' ਆਖਿਆਂ, ਅਫ਼ਰਾ ਨਹੀਂ ਹੁੰਦਾ। ਇਹ ਤਾਕੀਦ ਕਰਦਾ ਹੈ ਕਿ ਜਿਹਨਾਂ ਵਿਚ ਵਿਚਰ ਰਹੇ ਹੋ ਉਨ੍ਹਾਂ ਦੀ ਸ਼ੱਕਤ-ਕੁੱਵਤ ਨੂੰ ਕਦੇ ਨਾ ਵਿਸਾਰਨਾ। ਦੁਨੀਆ ਦੇ ਮਾਲਕ, ਸਰਬ-ਸ਼ਕਤੀਮਾਨ, ਸਰਬ ਕਲਾ ਸੰਪੂਰਨ ਹੋਣ ਦੇ ਬਾਵਜੂਦ ਸਾਡੇ ਲਈ ਪੂਰਨੇ ਪਾਉਣ ਲਈ ਦਸਮੇਸ਼ ਪਿਤਾ ਨੇ ਫ਼ਰਮਾਇਆ :

*ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ*
*ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ।*
*ਅੱਘ ਔਘ ਟਰੇ ਇਨ ਹੀ ਕੇ ਪ੍ਰਸਾਦਿ,*
*ਇਨ ਹੀ ਕੀ ਕ੍ਰਿਪਾ ਫੁਨ ਧਾਮ ਭਰੇ।*
*ਇਨ ਹੀ ਕੇ ਪ੍ਰਸਾਦਿ ਸੁ ਵਿਦਿਆ ਲਈ*
*ਇਨ ਹੀ ਕੀ ਕ੍ਰਿਪਾ ਸਭ ਸ਼ਤ੍ਰੂ ਮਰੇ।*
*ਇਨ ਹੀ ਕ੍ਰਿਪਾ ਕੇ ਸਜੇ ਹਮ ਹੈਂ*
*ਨਹੀਂ ਮੋ ਸੋ ਗ਼ਰੀਬ ਕਰੋਰ ਪਰੇ।*

'ਇਨ ਹੀ ਕੇ ਪ੍ਰਸਾਦਿ' ਜੇ ਆਗੂ, ਮਿੱਲ-ਮਾਲਕ, ਮੈਨੇਜਰ ਅਤੇ ਚੁਣਿਆ ਹੋਇਆ ਮੈਂਬਰ ਨਾ ਭੁੱਲੇ ਤਾਂ ਕਿਤਨੇ ਹੀ ਝਗੜੇ ਉਠਣ ਤੋਂ ਪਹਿਲਾਂ ਹੀ ਮੁੱਕ ਜਾਣ। ਥਾਂ-ਥਾਂ ਹਉਮੈ ਦੇ ਤੰਦੂਰ ਬਲਦੇ ਨਾ ਦਿੱਸਣ। ਉਂਜ ਆਸਕਰ ਵਾਈਲਡ ਨੇ ਇਕ ਕਹਾਣੀ ਵਿਚ ਬੜੀ ਤਿੱਖੀ ਸੱਚਾਈ ਦੱਸੀ ਸੀ ਕਿ ਪ੍ਰਸਾਦਿ ਪਾ ਕੇ ਬਹੁਤਿਆਂ ਕੋਹੜੀਆਂ, ਅੰਨ੍ਹਿਆਂ ਤੇ ਮੋਇਆਂ ਨੂੰ ਪਤਾ ਹੀ ਨਹੀਂ ਹੁੰਦਾ ਵਰਤਣਾ ਕਿਵੇਂ ਹੈ।

ਇਕ ਵਾਰੀ ਹਜ਼ਰਤ ਈਸਾ ਇਕ ਨਗਰੀ ਗਏ। ਇਕ ਬੰਦੇ ਨੂੰ ਤੱਕਿਆ ਜੋ ਸ਼ਰਾਬ ਵਿਚ ਧੁੱਤ ਪਿਆ ਸੀ। ਈਸਾ ਜੀ ਨੇ ਟੋਕ ਕਿਹਾ : ਕਿਉਂ ਆਤਮਾ ਡੁਲਾ ਰਿਹਾ ਹੈਂ? ਸ਼ਰਾਬੀ ਨੇ ਪਛਾਣ ਕਿਹਾ : ਮਹਾਰਾਜ ਤੁਸਾਂ ਕ੍ਰਿਪਾ ਦ੍ਰਿਸ਼ਟੀ ਕੀਤੀ, ਮੇਰੇ ਕੋਹੜੀ ਦਾ ਕੋਹੜ ਦੂਰ ਕੀਤਾ। ਹੋਰ ਮੈਂ ਹੁਣ ਕੀ ਕਰਾਂ।

ਥੋੜ੍ਹਾ ਕੁ ਅੱਗੇ ਗਏ ਤਾਂ ਡਿੱਠਾ ਕਿ ਇਕ ਬੰਦਾ ਵੇਸਵਾ ਦੇ ਦਰ ਖੜ੍ਹਾ ਇਧਰ ਉਧਰ ਝਾਕ ਪਉੜੀਆਂ ਚੜ੍ਹਨ ਲੱਗਾ ਸੀ। ਉਸ ਨੂੰ ਈਸਾ ਜੀ ਨੇ ਕਿਹਾ : ਕਿਉਂ ਆਤਮਾ ਰੋਲਣ ਲੱਗਾ ਹੈਂ ? ਉਹ ਬੰਦਾ ਕਹਿਣ ਲੱਗਾ : ਹਜ਼ਰਤ ! ਮੈਂ ਅੰਨ੍ਹਾ ਸਾਂ, ਤੁਸੀਂ ਨਜ਼ਰ ਦਿੱਤੀ, ਹੁਣ ਹੋਰ ਮੈਂ ਕੀ ਕਰਾਂ !

ਜ਼ਰਾ ਕੁ ਅੱਗੇ ਗਏ ਤਾਂ ਇਕ ਬੰਦਾ ਢਾਹਾਂ ਮਾਰ ਰੋ ਰਿਹਾ ਸੀ। ਉਸ ਨੂੰ ਈਸਾ ਨੇ ਪੁੱਛਿਆ : ਭਲੇ ਲੋਕ ਤੈਨੂੰ ਕਿਸ ਦੁੱਖ ਨੇ ਗ੍ਰਸਿਆ ਹੋਇਆ ਹੈ ? ਉਸ ਹੱਥ ਜੋੜ ਕਿਹਾ : ਮੈਂ ਮੋਇਆ ਪਿਆ ਸਾਂ। ਤੁਸੀਂ ਨਜ਼ਰ ਭਰ ਤੱਕਿਆ, ਮੈਂ ਜੀ ਉਠਿਆ, ਹੁਣ ਰੋਵਾਂ ਨਾ ਤਾਂ ਹੋਰ ਕੀ ਕਰਾਂ ?

ਇਹ ਹੀ ਹਾਲ ਹੈ ਸਾਡਾ। ਇਤਨੇ 'ਪ੍ਰਸਾਦਿ' ਗੁਰੂ ਪਾਤਸ਼ਾਹ ਪਾਸੋਂ ਪਾ ਕੇ ਸਾਥੋਂ ਸਾਂਭੇ ਨਹੀਂ ਗਏ। ਸਾਨੂੰ ਵੱਲ ਨਹੀਂ ਇਨ੍ਹਾਂ 'ਪ੍ਰਸਾਦਾਂ' ਨੂੰ ਗ੍ਰਹਿਣ ਕਰਨ ਦਾ। ਇਕ ਪ੍ਰਸਾਦਿ ਹੋਰ ਬਖ਼ਸ਼ੋ ਕਿ ਦਾਤਾਂ ਪਾ ਭਟਕੀਏ ਨਾ :

*ਐਸਾ ਪ੍ਰਭ ਤਿਆਗਿ ਅਵਰ ਕਤ ਲਾਗਹੁ।*
*ਗੁਰ ਪ੍ਰਸਾਦਿ ਨਾਨਕ ਮਨ ਜਾਗਹੁ।*

।◆।

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਚਾਰ

# ਮਨ ਅੰਤਰ ਕੀ ਪੀੜ

ਸਿੱਖਾਂ ਦੇ ਚਿੱਤ-ਅੰਤਰ (ਸਾਇਕੀ) ਤੇ ਸੰਨ ਚੌਰਾਸੀ ਵਿਚ ਮਨਸੂਖਾ ਬਣਾ ਇੰਦਰਾ ਗਾਂਧੀ ਨੇ ਬਲਿਊ ਸਟਾਰ ਦੇ ਰੂਪ ਵਿਚ ਸ੍ਰੀ ਦਰਬਾਰ ਸਾਹਿਬ ਹਮਲਾ ਕਰਕੇ ਐਸੀ ਸੱਟ ਮਾਰੀ ਕਿ ਜ਼ਖ਼ਮ ਅੰਗੂਰ ਆਉਣ ਤੇ ਨਹੀਂ ਆਉਂਦਾ। ਪ੍ਰਤੀਤ ਇਹ ਹੁੰਦਾ ਹੈ ਕਿ ਸਿੱਖ ਦੇ ਚਿੱਤ-ਅੰਤਰ ਵਿਚ ਕਿਸੇ ਝਾਕਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਕਹੀ ਤਾਂ ਹਰ ਕੋਈ ਇਹ ਹੀ ਜਾਂਦਾ ਹੈ ਕਿ 'ਮਨ ਟਟੋਲੋ' ਪਰ ਮਨ ਟਟੋਲਣਾ ਤਾਂ ਇਕ ਪਾਸੇ ਰਿਹਾ, ਨਿਤ ਚੜ੍ਹੇ ਦਿਨ ਨਵੇਂ ਹਮਲੇ ਕੀਤੇ ਜਾ ਰਹੇ ਹਨ।

**ਸਾਇਕੀ**

ਪਹਿਲਾਂ ਇਹ ਜਾਣ ਲੈਣਾ ਚਾਹੀਦਾ ਹੈ ਕਿ ਗੁਰੂ ਪਾਤਸ਼ਾਹਾਂ ਨੇ ਸਿੱਖ ਦੇ ਚਿੱਤ-ਅੰਤਰ ਦੀ ਘਾੜਤ *'ਸ਼ਬਦ ਸਚੀ ਟਕਸਾਲ'* ਤੇ ਘੜੀ ਸੀ। ਫਿਰ ਇਕ ਜੌਹਰੀ ਨੇ ਨਹੀਂ, ਦਸਾਂ ਜੌਹਰੀਆਂ ਨੇ ਐਸਾ ਅਮੋਲ ਨਗ ਘੜਿਆ ਜਿਸ ਦੀ ਚਮਕ ਸਦੀਆਂ ਤੋਂ ਲੋਕਾਂ ਦੀਆਂ ਅੱਖਾਂ ਚੁੰਧਿਆ ਰਹੀ ਹੈ। ਪੂਰੇ ਸੌ ਸਾਲ (ਅਠ੍ਹਾਰਵੀਂ ਸਦੀ ਵਿਚ), ਇਹ ਕੌਮ ਭੱਠੀ ਵਿਚ ਪਈ ਰਹੀ ਪਰ ਇਸ ਨੂੰ ਆਂਚ ਕੀ ਆਉਣੀ ਸੀ ਸਗੋਂ ਅੱਗਾਂ ਬਾਲਣ ਵਾਲੇ ਹੀ ਬੋਲ ਉਠੇ : *'ਅਸਾਂ ਕੀ ਖਟਿਆ ਸਿੱਖਾਂ ਤੇ ਵਾਰ ਵਾਰ ਹਮਲਾ ਕਰਕੇ।'* ਅਬਦਾਲੀ ਦੇ ਪੁੱਤਰ ਤੈਮੂਰ ਸ਼ਾਹ ਨੇ ਉਸ ਵੇਲੇ ਕਿਹਾ ਜਦ ਉਸ ਦੇ ਸਾਥੀ ਉਸ ਨੂੰ ਸਿੱਖਾਂ ਤੇ ਫਿਰ ਹੱਲਾ ਬੋਲਣ ਲਈ ਕਹਿੰਦੇ ਸਨ।

*'ਜਿਮ ਕਾਟੇ ਤੇ ਵਧੇ ਗੁਲਾਬ।*
*ਤਿਉਂ ਪੰਥ ਵਧੇ ਪਾਏ ਅਜ਼ਾਬ।'*

ਇਹ ਪੜ੍ਹ ਸੁਣ ਹੀ ਪਰਸੀਵਲ ਸਪੀਅਰ ਨੇ ਆਕਸਫ਼ੋਰਡ ਹਿਸਟਰੀ ਆਫ਼ ਮਾਡਰਨ ਇੰਡੀਆ' ਵਿਚ ਲਿਖਿਆ ਕਿ *ਕਿਤਨੇ ਹੀ ਸਿੱਖਾਂ ਨੂੰ ਤਸੀਹੇ ਦਿੱਤੇ ਗਏ, ਆਪਣੇ ਵਲੋਂ ਪੀਠ ਕੇ ਰੱਖ ਦਿੱਤਾ ਗਿਆ ਪਰ ਉਹ ਪੀਠੇ ਕੀ ਜਾਣੇ ਸੀ ਸਗੋਂ ਐਸੀ ਪਾਣ ਚੜ੍ਹੀ ਕਿ ਫ਼ੌਲਾਦ ਬਣ ਗਏ।* ਸਿੱਖ ਇਤਿਹਾਸ, ਜੋ ਮੂਲ ਸਰੋਤਾਂ ਤੋਂ ਸੰਨ ੧੮੪੬ ਵਿਚ ਕਲਕੱਤਾ ਵਿਚ ਡੀ. ਰੋਜਰਿਓ ਐਂਡ ਕੰਪਨੀ ਨੇ ਛਾਪਿਆ ਸੀ, ਉਸ ਵਿਚ ਬੜੀ ਭਾਵ-ਪੂਰਤ ਬਾਤ ਕਹੀ ਗਈ ਸੀ।

'ਅਤਿ ਹੀ ਰਣ ਮੈ ਤਬ ਜੂਝ ਮਰੋਂ।' ਨਿੱਤ ਪੜ੍ਹਨ ਵਾਲੀ ਕੌਮ ਸੁਖ ਰਹਿਣੀ (Epicure)



Sri Satguru Jagjit Singh Ji eLibrary NamdhariElibrary@gmail.com

ਕਦੇ ਹੋ ਹੀ ਨਹੀਂ ਸਕਦੀ। ਸੋ ਕਦੇ ਉਸ ਦੇ ਚਿੱਤ-ਅੰਤਰ ਤੇ ਚੋਟ ਨਾ ਮਾਰਨੀ।'

ਭਾਈ ਰਤਨ ਸਿੰਘ ਭੰਗੂ ਨੇ ਕੈਪਟਨ ਮਰੇ ਦੇ ਸਵਾਲ ਕਿ ਇਕ ਸਦੀ ਦੀ ਮਾਰ ਤੋਂ ਬਾਅਦ ਵੀ ਇਹ ਕੌਮ ਕਿਵੇਂ ਜ਼ਿੰਦਾ ਰਹੀ ਤਾਂ ਭੰਗੂ ਜੀ ਨੇ ਦੋ ਉਚੇਚੇ ਸ਼ਬਦ *'ਸੁਮੇਵਾਨੀ'* ਤੇ *'ਓਗਲ ਨੀਰ'* ਵਰਤੇ ਸਨ।

ਪ੍ਰਾਚੀਨ ਪੰਥ ਪ੍ਰਕਾਸ਼ ਦੇ ਲਿਖਾਰੀ ਨੇ ਕਿਹਾ :

*'ਖਾਲਸਾ ਭਯੋ ਸੁਮੇਵਾਨੀ'*

ਖ਼ਾਲਸਾ ਚਸ਼ਮੇ ਨਿਆਈਂ ਹੈ ਜਿਸ ਦੇ ਵਹਾ ਨੂੰ ਕੋਈ ਰੋਕ ਨਹੀਂ ਸਕਦਾ। ਫਿਰ ਸਮਝਾਇਆ ਕਿ ਪੰਥ ਤਾਂ 'ਓਗਲ ਨੀਰ' ਹੈ ; ਪਾਣੀ ਜੋ ਧਰਤੀ ਹੇਠਾਂ ਬੇਬਹਾ ਵਹਿ ਰਹਿਆ ਹੈ ਜਿਸ ਨੂੰ ਕੋਈ ਲੱਗੀ ਔੜ ਵੀ ਸੁਕਾ ਨਹੀਂ ਸਕਦੀ।

ਕਾਜ਼ੀ ਨੂਰ ਮੁਹੰਮਦ ਨੇ ਵੀ ਇਕ ਵਾਰਤਾਲਾਪ ਦਾ ਜ਼ਿਕਰ ਆਪਣੇ ਜੰਗਨਾਮੇ ਵਿਚ ਕੀਤਾ ਹੈ। ਅਬਦਾਲੀ ਨੇ ਬਾਬਾ ਆਲਾ ਸਿੰਘ ਕੋਲੋਂ ਪੁੱਛਿਆ ਕਿ ਵੱਡੇ ਘੱਲੂਘਾਰੇ ਵਿਚ ਇਕੋ ਦਿਨ ਤੀਹ ਹਜ਼ਾਰ ਦੇ ਕਰੀਬ ਸਿੰਘ ਮੌਤ ਦੇ ਘਾਟ ਉਤਾਰ ਦਿੱਤੇ ਪਰ ਅਜੇ ਦੋ ਮਹੀਨੇ ਨਹੀਂ ਹੋਏ ਕਿ ਉਨ੍ਹਾਂ ਸਰਹਿੰਦ ਜਾ ਮਾਰੀ ਹੈ ਅਤੇ ਮੇਰਾ ਤਖ਼ਤ ਡੋਲ ਰਹਿਆ ਹੈ, ਤਾਂ ਆਲਾ ਸਿੰਘ ਨੇ ਕਿਹਾ : ਅਬਦਾਲੀ ! ਤੈਨੂੰ ਇਹ ਪਤਾ ਨਹੀਂ ਕਿ ਕਲਗੀਆਂ ਵਾਲਾ ਇਨ੍ਹਾਂ ਨੂੰ ਵਰ ਦੇ ਗਿਆ ਸੀ ਕਿ *ਜਿਥੇ ਇਕ ਧਰਮ ਦੇ ਰਾਹ ਸ਼ਹੀਦ ਹੋਵੇਗਾ ਉਥੇ ਹੀ ਦੋ ਹੋਰ ਦੂਣੇ ਉਤਸ਼ਾਹ ਨਾਲ ਜਾ ਭੱਜ ਥਾਂ ਲੈ ਉਠ ਖਲੋਣਗੇ।*

*ਅਗਰ ਯਕ ਸਗੇ ਮੁਰਦ ਪਰ ਜਾਇ ਊ।*
*ਦੋ ਸਗ ਦੀਗਰ ਆਇਦ ਸ਼ਵਦ ਕੀਨਾ ਜੂ।*
*ਕਿ ਹਸਤ ਦੁਆਇ ਗੁਰੂ ਸਗਾਂ।*
*ਕਿ ਯਕ ਸਗ ਰੂਦ, ਦੋ ਸਗ ਆਇਦ ਅਜ਼ਾਂ।*

(ਬਿਆਨ ਪੈਂਤੀਆਂ)

ਇਨ੍ਹਾਂ ਦੇ ਚਿੱਤ-ਅੰਤਰ ਦੇ ਇਕ ਹੋਰ ਪੱਖ ਵੱਲ ਝਾਕਦੇ ਕਨਿੰਘਮ ਨੇ ਵੀ ਇਕ ਵਾਰੀ ਲਿਖਿਆ ਸੀ ਕਿ ਇਨ੍ਹਾਂ ਵਿਚ ਸਾਹਸ ਅਥਾਹ ਅਤੇ ਸਹਿਣ ਸ਼ਕਤੀ ਓੜਕਾਂ ਦੀ ਹੈ। (Dare Much and Endure Much).

ਜੁਰਅੱਤ ਇਤਨੀ ਕਿ ਭਾਈ ਨਿਬਾਹੂ ਸਿੰਘ ਵਰਗੇ ਹਾਥੀ ਦੀ ਪੂਛ ਪਕੜ ਹੁੱਦੇ ਵਿਚ ਜਾ ਜਸਪਤ ਰਾਇ ਨੂੰ ਮਾਰ ਦੇਣ ਦੀ ਸ਼ਕਤੀ ਰੱਖਦੇ ਹਨ ਤੇ ਸਹਿਣ ਸ਼ਕਤੀ ਇਤਨੀ ਕਿ ਭਾਈ ਤਾਰੂ ਸਿੰਘ ਵਰਗਾ *'ਸਿਰੋਂ ਉਪਰ ਖਲੜੀ ਲਹਾ ਲਿਆ। ਹੇਠ ਬੈਠਾ ਜਪੁਜੀ ਪੜ੍ਹਦਾ ਰਿਹਾ।*

ਸਮਕਾਲੀ ਸਿੱਖਾਂ ਦੇ ਬ੍ਰਿਤਾਂਤ ਵਿਚ ਭਾਈ ਕੇਸਰ ਸਿੰਘ ਜੀ ਛਿਬਰ ਨੇ ਲਿਖਿਆ :

ਕੈਸੀ ਦ੍ਰਿੜ੍ਹ ਅਵਸਥਾ ਗੁਰੂ ਨੇ ਬਖ਼ਸ਼ ਦਿੱਤੀ ਸੀ ਕਿ ਭਾਈ ਮਤੀ ਦਾਸ 'ਤੇ ਆਰਾ ਚੱਲੇ ਪਰ ਉਹ ਇਹ ਹੀ ਕਹਿਣ : ਆਰਾ ਪਿਆਰਾ ਲਗਤਾ ਹੈ। ਪਰ ਦਰਸਾ ਗਏ ਕਿ ਜੋ ਸਿਦਕ ਦੀਆ ਸਤਿਗੁਰ ਨੇ ਸੋ ਨ ਹਾਰਾ। ਜਦ ਆਰੇ ਨਾਲ ਤਨ ਦੇ ਦੋ ਟੁਕੜੇ ਹੋ ਕੇ

Sri Satguru Jagjit Singh Ji eLibrary NamdhariElibrary@gmail.com

ਜ਼ਮੀਨ ਤੇ ਗਿਰੇ ਤਾਂ ਦੇਖ ਸਭ ਹੈਰਾਨ ਹੋਏ ਕਿ ਦੋਵੇਂ ਹੀ ਹਿੱਸੇ ਜਪੁਜੀ ਦਾ ਪਾਠ ਕਰ ਰਹੇ ਸਨ।

*ਅਰਧੋ ਅਰਧ ਚਿਰਾਇਸੁ ਤਾਰਾ।*
*ਪਰਯੋ ਪ੍ਰਿਥੀ ਪਰ ਹ੍ਵੈ ਦੋ ਫਾਰਾ।*
*ਦੋਨਹੁ ਤਨ ਤੇ ਜਪੁਜੀ ਪਢੈ।*
*ਹੇਰਤ ਸਭ ਕੋ ਅਚਰਜ ਬਢੈ।੪੬।*

(ਅੰਸ਼ੂ ਪੰਜ, ਰਾਸ ਬਾਰ੍ਹਵੀਂ, ਸੂਰਜ ਪ੍ਰਕਾਸ਼)

ਭਾਈ ਦਇਆਲਾ ਜੀ ਦੇ ਸਾਹਮਣੇ ਦੇਗ ਹੇਠਾਂ ਅਗਨ ਬਾਲੀ ਗਈ ਪਰ 'ਸਿੱਖ ਨੇ ਨੱਕ ਨ ਵਟਿਯੋ, ਹਾਇ ਨ ਸੀ ਭਈ।' ਭਾਈ ਸੁਬੇਗ ਸਿੰਘ ਜੀ ਨੇ ਚਰਖੜੀ ਦੇਖ ਈਸਾ ਵਾਂਗ ਸੂਲੀ ਦੇਖ ਇਹ ਨਹੀਂ ਸੀ ਕਹਿਆ : ਪ੍ਰਭੂ ਇਹ ਕੀ? ਸਗੋਂ ਉਚਾਰਿਆ :

*"ਧੰਨ ਘੜੀ ਧੰਨ ਚਰਖੜੀ ਧੰਨ ਨਿਆਉ ਤੁਮਾਰਾ।*
*ਧਰਮ ਹੇਤ ਹਮ ਚੜ੍ਹੇ ਚਰਖੜੀ ਧੰਨ ਵਜੂਦ ਹਮਾਰਾ।"*

ਕਦੇ ਨਾ ਭੁੱਲਣਾ ਉਹ ਸ਼ਬਦ ਜੋ ਭਾਈ ਮਨੀ ਸਿੰਘ ਨੇ ਬੰਦ ਬੰਦ ਕੱਟੇ ਜਾਣ ਵੇਲੇ ਜਲਾਦ ਨੂੰ ਕਹੇ। ਉਨ੍ਹਾਂ ਕਿਹਾ ਸੀ :

*'ਦੇਹੀ ਕਿਸ ਕੀ ਬਾਪੁਰੀ*
*ਸਿਖੀ ਜੇ ਸਾਬਤ ਹੋਇ।*
*ਦੇਹ ਤੋ ਆਵਨ ਜਾਣ ਹੈ*
*ਸਿਖੀ ਲਭੈ ਕੋਇ।'*

ਲੈਪਿਲ ਗ੍ਰਿਫ਼ਨ ਨੇ ਵੀ ਸਿੱਖਾਂ ਦੀ ਸਾਇਕੀ (ਚਿੱਤ ਅੰਤਰ) ਬਾਰੇ ਆਪਣੇ ਹਮ-ਵਤਨ ਅੰਗ੍ਰੇਜ਼ਾਂ ਨੂੰ ਸਮਝਾਂਦੇ ਲਿਖਿਆ ਕਿ ਸਿੱਖ ਸਦਾ ਇਕ ਸਮਾਨ ਰਹਿੰਦਾ ਹੈ। ਭਾਵੇਂ ਉਹ ਜੰਗ ਦੇ ਮੈਦਾਨ ਵਿਚ ਹੈ ਜਾਂ ਖੇਤਾਂ ਵਿਚ ਕਿਰਸਾਣੀ ਕਰਦਾ। ਸਦਾ ਉਦਾਰ। ਮਿਲਣਸਾਰ। ਰਤਾ ਕੁ ਵੀ ਰੋਂਦੂ ਨਹੀਂ ਤੇ ਉਲਾਹਮਾ ਦੇਣਾ ਜਾਂ ਨਿਹੋਰਾ ਕਰਨਾ ਉਸ ਨੂੰ ਆਉਂਦਾ ਹੀ ਨਹੀਂ, ਭਾਵੇਂ ਉਸ ਨੂੰ ਚਲਦੀ ਤੋਪ ਅੱਗੇ ਡਾਹ ਦਿਓ ਜਾਂ ਲਾਮ ਤੇ ਭੇਜੋ।

ਹਾਂ! ਜੇ ਉਸ ਦੀ ਅਣਖ 'ਤੇ ਕਿਸੇ ਸੱਟ ਮਾਰੀ ਜਾਂ ਔਰਤ ਦੀ ਇੱਜ਼ਤ ਉਤਾਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਕਿਸੇ ਦੇ ਰੋਕਿਆਂ ਵੀ ਨਹੀਂ ਰੁਕਦਾ। ਜਦ ਤਕ ਬਦਲਾ ਨਾ ਲੈ ਲਵੇ ਠੰਢਾ ਹੀ ਨਹੀਂ ਹੁੰਦਾ। ਬੇਇਜ਼ਤੀ ਕਦੇ ਉਸ ਸਹਾਰੀ ਨਹੀਂ। ਅਵਸਰ ਦੀ ਭਾਲ ਵਿਚ ਰਹਿੰਦਾ ਹੈ ਕਦ ਦੋਖੀ ਨੂੰ ਸਜ਼ਾ ਦੇਵੇ। ਉਸ ਵੇਲੇ ਉਹ ਨਤੀਜੇ ਦੀ ਪ੍ਰਵਾਹ ਨਹੀਂ ਕਰਦਾ। ਪਤਾ ਨਹੀਂ ਕਿਥੋਂ ਉਸ ਵਿਚ ਉਸ ਵੇਲੇ ਦਸਾਂ ਹਾਥੀਆਂ ਜਿਤਨਾ ਬਲ ਆ ਜਾਂਦਾ ਹੈ। ਫਿਰ ਨਹੀਂ ਤੁਸੀਂ ਉਸ ਨੂੰ ਥੰਮ੍ਹ ਸਕਦੇ। ਉਸ ਨੂੰ ਤੁਸੀਂ ਤੋੜ ਭੰਨ ਸਕਦੇ ਹੋ ਪਰ ਝੁਕਾ ਨਹੀਂ ਸਕਦੇ (ਯੂ ਮੇ ਬ੍ਰੇਕ ਹਿਮ, ਯੂ ਕੈਨ ਨਾਟ ਬੈਂਡ ਹਿਮ) ਅਸਲ ਹੈ :

But the Sikh is always the same in peace, in war, in barrack or in the field; ever genial, good tempered and uncomplaining, a fair horseman,

Sri Satguru Jagjit Singh Ji eLibrary NamdhariElibrary@gmail.com

a stubborn infantry soldier, as steady under fire as he is eager for a charge. However, when his self-respect or the honour of women folk is at stake he becomes desperate and will stop at nothing short of murder. He does not pocket an insult; bids his opportunity for revenge and becomes quite unmindful of consequences. When aroused he has fury if ten elephants and it is difficult to check him. He becomes excited, loses his mental equilibrium and does not care for the consequences of his actions. You may break him, you cannot bend him. When he is in desperate mood, he responds only to tactful handling, sympathetic treatment and persuasion. Any coercive measure taken against him hardens his mood of desperation. Handled in tactful manner he readily forgives and forgets and is ready to side with his erstwhile enemies.

ਇਸੇ ਲਈ ਪ੍ਰੋਫ਼ੈਸਰ ਪੂਰਨ ਸਿੰਘ ਨੇ ਕਿਹਾ ਸੀ :

ਧੁਰ ਥੀਂ ਸਤਿਗੁਰਾਂ ਦੇ ਆਜ਼ਾਦ ਕੀਤੇ ਬੰਦੇ ਪਿਆਰ ਨਾਲ ਇਹ ਕਰਨ ਗ਼ੁਲਾਮੀ ਪਰ ਟੈਂ ਨ ਮੰਨਣ ਕਿਸੇ ਦੀ।

ਸਚਿੰਦਰ ਨਾਥ ਸੰਨਿਆਲ ਨੇ ਆਪਣੀ ਪੁਸਤਕ ਬੰਦੀ ਜੀਵਨ ਵਿਚ ਵੀ ਖ਼ੂਬ ਲਿਖਿਆ ਸੀ :

*ਸਿੱਖਾਂ ਜਿਹੀ ਸਮਰਥਾ-ਵਾਨ ਤੇ ਚੇਤੰਨ ਕੌਮ ਹੋਰ ਹਿੰਦੁਸਤਾਨ ਵਿਚ ਕੋਈ ਨਹੀਂ। ਸਿੱਖ ਜਿਵੇਂ ਸੁਭਾਵਕ ਹੀ ਜੋਸ਼ ਨਾਲ ਭਰ ਜਾਂਦੇ ਹਨ ਇਸ ਤਰ੍ਹਾਂ ਹੋਰ ਕੋਈ ਨਹੀਂ ਭਰੀਂਦਾ। ਪ੍ਰਚੰਡ ਉਤਸ਼ਾਹ ਤੇ ਅਥਾਹ ਸਾਹਸ ਉਨ੍ਹਾਂ ਵਿਚ ਹੈ। ਦੁੱਖਾਂ ਨੂੰ ਵਿਸਾਰਨਾ ਕੋਈ ਉਨ੍ਹਾਂ ਕੋਲੋਂ ਸਿੱਖੇ।* I◆I

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਪੰਜ

# ਜਿਸ ਧਜ ਸੇ ਕੋਈ ਮਕਤਲ ਮੇਂ ਗਯਾ ਵੁਹ ਸ਼ਾਨ ਸਲਾਮਤ ਰਹਤੀ ਹੈ

ਸਾਕਾ ਸਰਹੰਦ

ਇਤਨੀ ਦਿਲ-ਚੀਰਵੀਂ ਹੈ ਸਾਕਾ ਸਰਹੰਦ ਦੀ ਦਾਸਤਾਨ ਕਿ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਿਹ ਸਿੰਘ ਨੂੰ ਅਕਹਿ ਤਸੀਹੇ ਦੇਂਦੇ ਦੇਖ ਮਲੇਰਕੋਟਲਾ ਦੇ ਨਵਾਬ ਨੇ ਜਿਥੇ ਆਹ ਦਾ ਨਾਅਰਾ ਮਾਰਿਆ ਉਥੇ :

*"ਤਬ ਮਲੇਰੀਏ ਕਹਯੋ : ਜੜਾਂ ਤੁਮ ਜਾਹਿ ਹੀ*
*ਇਹ ਮਾਸੂਮ ਹੈਂ, ਦੁਖਾਵਹੁ ਨਾਹਿ ਹੀ। ੬੫।*

(ਕਥਾ ਗੁਰੂ ਜੀ ਕੇ ਸੁਤਨ ਕੀ)

ਪਰ ਸਭ ਤੋਂ ਨਿਰਾਲੀ ਬਾਤ ਇਹ ਲਿਖੀ ਹੈ ਭਾਈ ਦੁੰਨਾ ਸਿੰਘ ਜੀ ਨੇ ਕਿ ਜਿਥੇ ਇਹ ਸਾਕਾ ਵਰਤਿਆ ਉਸ ਪਾਸ ਇਕ ਪਿੱਪਲ ਸੀ ਤੇ ਉਸ ਉੱਤੇ ਬੈਠਾ ਤੋਤਾ ਇਹ ਦੁਖਦਾਈ ਦ੍ਰਿਸ਼ ਤੱਕ ਰਿਹਾ ਸੀ। ਜਦ ਮਲੇਰਕੋਟਲੇ ਦੇ ਨਵਾਬ ਨੇ ਉੱਚੀ ਆਵਾਜ਼ ਨਾਲ ਆਹ ਭਰੀ ਤੇ ਪੁਕਾਰਿਆ, *'ਜੜ, ਤੁਮਾਰੀ ਜਾਤ'* ਤਾਂ ਤੋਤਾ ਐਸਾ ਦ੍ਰਵਿਆ ਕਿ ਉਹ ਉਡ ਗਿਆ ਤੇ ਥਾਂ-ਥਾਂ ਇਹ ਹੀ ਪੁਕਾਰੀ ਜਾਏ : *'ਗਈ ਤੁਰਕਨ ਜੜ'*। ਸਾਰਾ ਪੰਜਾਬ ਹੀ ਉਸ ਤੋਤੇ ਹਿਲਾ ਕੇ ਰੱਖ ਦਿੱਤਾ। ਭਾਵੇਂ ਮੁਗ਼ਲ ਤੋਤੇ ਨੂੰ ਗੁਲੇਲਾਂ ਮਾਰਨ ਪਰ ਉਹ

*'ਗਈ ਦੁਸ਼ਟ ਜੜ ਯਹੀ ਪੁਕਾਰੈ'*

ਬਸ ਅੰਦਾਜ਼ਾ ਹੀ ਲਗਾਇਆ ਜਾ ਸਕਦਾ ਹੈ ਕਿ ਕਿਤਨੇ ਹੰਝੂ ਵਗੇ ਹੋਣਗੇ, ਕਿਤਨੇ ਦਿਲ ਰੋਏ ਹੋਣਗੇ, ਕਿਤਨਿਆਂ ਕਚੀਚੀਆਂ ਵੱਟੀਆਂ ਹੋਣਗੀਆਂ, ਕਿਤਨੀਆਂ ਆਹਾਂ ਨਿਕਲੀਆਂ ਹੋਣਗੀਆਂ ਅਤੇ ਕਿਤਨਾ ਜੋਸ਼ ਪੰਥ ਵਿਚ ਭਰਿਆ ਗਿਆ ਹੋਵੇਗਾ। ਪਰ ਧੰਨ ਸਨ ਕਲਗ਼ੀ ਵਾਲੇ ਜਿਨ੍ਹਾਂ ਇਹ ਸ਼ਹਾਦਤ ਮਾਹੀ ਹਰਕਾਰੇ ਪਾਸੋਂ ਸੁਣ 'ਇਕ ਲਕੀਰ ਦੇ ਮਿਟਨ ਤੁਲ' ਕਿਹਾ ਸੀ ਤੇ ਸਮਝਾਇਆ ਸੀ ਜਿਵੇਂ ਤੁਹਾਨੂੰ ਕੋਈ ਜ਼ਮੀਨ ਤੇ ਪਾਈ ਮੇਟੀ ਲਕੀਰ ਦਾ ਹਰਖ ਸੋਗ ਨਹੀਂ ਹੁੰਦਾ, ਤਿਵੇਂ ਕਦੇ ਸੋਗ ਨਹੀਂ ਕਰਨਾ :

*ਸੋਗ ਕਰੋ ਉਸ ਦਾ ਜਿਸ ਧਰਮ ਤਿਆਗਿਆ ਹੈ।*
*ਕੁਕਰਮ ਕੀਤੇ ਹਨ।*



Sri Satguru Jagjit Singh Ji eLibrary NamdhariElibrary@gmail.com

ਮਨ ਮਤਿ ਵਿਚ ਹੀ ਸਾਰੀ ਜ਼ਿੰਦਗੀ ਉਲਝਿਆ ਰਹਿਆ ਹੈ।
ਪ੍ਰਭੂ ਦਾ ਕਦੇ ਸਿਮਰਨ ਨਹੀਂ ਕੀਤਾ।
ਸਤਿਗੁਰ ਦੀ ਸੇਵ ਨਹੀਂ ਕਮਾਈ।
ਗੁਰਮੰਤਰ ਹਿਰਦੇ ਨਹੀਂ ਵਸਾਇਆ।
ਦਿਨ ਰਾਤ ਪੁੱਤਰ ਧੀਆਂ ਕੁਟੰਬ ਵਿਚ ਹੀ ਰੁਝਿਆ ਰਿਹਾ।
ਕੂੜ ਬੋਲ ਬੋਲ ਧਨ ਇਕੱਠਾ ਕੀਤਾ।
ਨਾਂਹ ਕੋਈ ਤਪ ਤੇ ਨ ਕੋਈ ਜਪ ਕੀਤਾ।
ਸੋਗ ਤਾਂ ਉਨ੍ਹਾਂ ਦਾ ਕਰੋ ਜਿਨ੍ਹਾਂ ਭੁੱਲ ਕੇ ਵੀ ਕਦੇ ਸਤਿ
ਸੰਗਤ ਨਹੀਂ ਕੀਤੀ।
ਉਨ੍ਹਾਂ ਨੂੰ ਰੋਵੋ ਜੋ ਹੰਕਾਰ ਵਿਚ ਆਫਰੇ ਫਿਰਦੇ ਰਹੇ।
ਹਿਰਦੇ ਦਇਆ ਨਹੀਂ ਤੇ ਕਦੇ ਕਿਸੇ ਨੂੰ ਦਾਨ ਨਹੀਂ ਦਿੱਤਾ।
ਉਨ੍ਹਾਂ ਦਾ ਸੋਗ ਕਰੋ ਜੋ ਪੰਥ ਦਾ ਮਾਰਗ
ਛੱਡ, ਕੁਮਾਰਗ ਚਲਦੇ ਰਹੇ।
ਆਉਣਾ ਜਾਣਾ, ਚਲਦੇ ਜਲ ਵਿਚ
ਤਿਣਕਿਆਂ ਦਾ ਇਕੱਠੇ ਹੋਣਾ ਤੇ ਵਿਛੜ ਜਾਣਾ ਹੈ।
ਇਵੇਂ ਹੀ ਸਰੀਰਾਂ ਦਾ ਮੇਲ ਤੇ ਵਿਛੜਨਾ ਹੈ।
ਸੋ ਸੋਚਨ ਕੇ ਜੋਗ ਮਹਾਨਾ।
ਧਰਮ ਤਿਆਗ ਜਿਨ ਕੀਏ ਪਾਪ ਨਾਨਾ।
ਮਨ ਮਤਿ ਉਰਝੈ, ਭਗਤ ਬਿਹੀਨੇ।
ਕਬਹੂ ਨ ਪ੍ਰਭ ਕੋ ਸਿਮਰਨ ਕੀਨੇ।
ਕਹਿ ਸਤਿਗੁਰ ਕੀ ਸੇਵ ਕਮਾਈ।
ਗੁਰ ਮੰਤਰ ਨਹਿ ਰਿਦੈ ਵਸਾਈ।
ਨਿਸ ਦਿਨ ਪਰੈ ਕੁਟੰਬ ਮਝਾਰੇ।
ਕੂਰ ਬੋਲ ਸੰਚਹਿ ਧਨ ਭਾਰੇ।
ਤਪ ਤੀਰਥ ਜਿਨ ਕੀ ਨ ਕੋਊ।
ਸੋਚਨ ਜੋਗ ਜਾਨੀਐ ਸੋਊ।
ਸੁਪਨੇ ਹੂ ਕਥ ਸਤਿਸੰਗ ਨ ਸੇਵਾ।
ਗੁਣ ਬਿਹੀਨ ਅਫਰੇ ਅਹੰਮੇਵਾ।
ਰਿਦੇ ਦਿਆ ਨ ਦੀਨੋ ਦਾਨ।
ਸੋ ਸੋਚਨ ਕੇ ਯੋਗ ਮਹਾਨ।

Sri Satguru Jagjit Singh Ji eLibrary NamdhariElibrary@gmail.com

*ਤਜੇ ਸੁਪੰਥ ਕੁਮਾਰਗ ਚਾਲੇ।*
*ਸੋ ਸੋਚਨ ਕੇ ਜੋਗ ਬਿਸਾਲੇ।*

ਬਸ ਇਤਨਾ ਸੁਣਨਾ ਸੀ ਕਿ ਸਿੱਖਾਂ ਰੁਦਨ ਕਰਨਾ ਤੇ ਸੋਗ ਕਰਨਾ ਛੱਡ ਦਿੱਤਾ ਤੇ ਕਿਹਾ : *ਹੁਣ ਸੋਗ ਤੁਰਕਾਂ ਦੇ ਘਰ ਹੀ ਹੋਵੇਗਾ।* ਪੰਥ ਦੇ ਨਿਸ਼ਾਨ ਸਦਾ ਝੂਲਦੇ ਰਹਿਣਗੇ ਤੇ ਹਰ ਥਾਂ ਦੀਵਾਨ ਲੱਗਣਗੇ। ਜਿਥੇ ਕੀਰਤਨ ਸ਼ਬਦ ਹੋਵੇਗਾ।

*ਤਬ ਸਿਖਨ ਗੁਰਬਚਨ ਸੋ*
*ਦੀਨੇ ਸੋਗ ਨਿਵਾਰ।*
*ਸੋਗ ਸਿਖਨ ਕੋ, ਸਤਿਗੁਰੂ*
*ਤੁਰਕਨ ਕੇ ਗ੍ਰਿਹ ਡਾਰ।*
*ਸਤਿਗੁਰ ਕੇ ਸਦ ਗ੍ਰਿਹ ਬਿਖੈ*
*ਝੰਡੇ ਝੂਲਤ ਨਿਸ਼ਾਨ।*
*ਗਾਵਤ ਗਰਜਤ ਪ੍ਰੇਮ ਸੋ*
*ਸ੍ਰੀ ਗੁਰ ਸ਼ਬਦ ਨਿਸ਼ਾਨ।*

ਇਹ ਹੀ ਵਜ੍ਹਾ ਹੈ ਕਿ ਸਿੱਖ ਸਦਾ ਕਹਿੰਦੇ ਸਨ ਕਿ ਦੇਹ ਪਵਿਤ੍ਰ ਹੁੰਦੀ ਹੈ। *ਤੇਗ ਲੱਗਿਆਂ ਤੇ ਸ਼ਹੀਦ ਹੋਣ ਦਾ ਜੋ ਮਜ਼ਾ ਫ਼ਤਿਹਗੜ੍ਹ ਸਾਹਿਬ ਆਉਂਦਾ ਹੈ ਹੋਰ ਕਿਧਰੇ ਨਹੀਂ।*

ਇਹ ਹੀ ਕਹਿਣਾ ਬਣਦਾ ਹੈ ਕਿ ਕੋਈ ਅਥਾਹ ਸੁਗੰਧ ਸੀ ਉਨ੍ਹਾਂ ਕੋਮਲ ਪੰਖੜੀਆਂ ਵਿਚ ਕਿ ਜ਼ੁਲਮਾਂ ਦੇ ਝੱਖੜ ਨਾਲ ਜਿਥੇ ਵੀ ਡਿੱਗੀਆਂ, ਉਥੇ ਸ਼ਹੀਦੀ ਦਾ ਚਾਅ ਭਰ ਗਈਆਂ। ਸਾਹਿਬਜ਼ਾਦੇ ਦਰਸਾ ਗਏ ਕਿ ਜਦ ਡਰ ਤੋਂ ਮਨ ਸੁਤੰਤਰ ਹੋਣ ਤਾਂ ਉਹ ਅਵਸਥਾ ਕੈਸੀ ਹੁੰਦੀ ਹੈ। *ਉਨ੍ਹਾਂ ਦੀ ਸ਼ਹਾਦਤ ਪਦਾਰਥਾਂ ਉੱਤੇ ਰੂਹ ਦੀ ਫ਼ਤਿਹ ਦਾ ਝੂਲਦਾ ਨਿਸ਼ਾਨ ਸਾਹਿਬ ਹੈ।*

ਸਰਸਾ ਕਿਨਾਰੇ ਜਦ ਪਰਵਾਰ ਵਿਛੋੜਾ ਹੋਇਆ ਤਾਂ ਮਾਤਾ ਗੁਜਰੀ ਜੀ ਨੇ ਸਾਹਿਬਜ਼ਾਦਿਆਂ ਨਾਲ ਰਾਤ ਕੁੰਮੇ ਮਾਸ਼ਕੀ ਦੇ ਘਰ ਕਟੀ ਸੀ। ਲਛਮੀ ਨਾਂ ਦੀ ਇਕ ਔਰਤ ਨੇ ਖਾਣਾ ਪਕਾ ਲਿਆਂਦਾ ਸੀ। ਮਾਤਾ ਜੀ ਨੇ ਉਸ ਨੂੰ ਦੋ ਮੋਹਰਾਂ ਤੇ ਪੰਜ ਚੂੜੀਆਂ ਸੋਨੇ ਦੀਆਂ ਦਿੱਤੀਆਂ।

*ਦੋਇ ਮੋਹਰ ਕੀ ਆਰਸੀ*
*ਪੰਜ ਚੂੜੀਆਂ ਸਾਥ।*
*ਤਿਸ ਬ੍ਰਹਮਣੀ ਕੋ ਦਈ*
*ਜੋ ਪਰਸ਼ਾਦ ਵਹੁ ਖਾਤ।*

ਉਥੋਂ ਗੰਗੂ ਬ੍ਰਾਹਮਣ ਆਪਣੇ ਪਿੰਡ ਸਹੇੜੀ ਲੈ ਆਇਆ ਸੀ ਤੇ ਉਸ ਨੇ ਰਾਤੋ ਰਾਤ ਖ਼ੁਰਜੀ ਲੁਕਾ ਲਈ ਸੀ ਤੇ ਬਾਹਰ ਜਾ ਸ਼ੋਰ ਮਚਾਇਆ ਸੀ ਕਿ ਚੋਰੀ ਹੋ ਗਈ। ਮਾਤਾ

Sri Satguru Jagjit Singh Ji eLibrary NamdhariElibrary@gmail.com

ਜੀ ਨੇ ਰੋਕਿਆ ਸੀ ਪਰ ਉਸ ਤੇ ਦੋ ਹੋਰ ਮਸੰਦਾਂ ਦਰਬਾਰੀ ਤੇ ਧੂਮਾ ਨੇ ਚਲ ਜਾ ਮੁਰਿੰਡੇ ਚੁਗਲੀ ਖਾਧੀ ਸੀ।

ਸਾਹਿਬਜ਼ਾਦਿਆਂ ਨੂੰ ਅਤੇ ਮਾਤਾ ਜੀ ਨੂੰ ਗ੍ਰਿਫ਼ਤਾਰ ਕਰਕੇ ਮੁਰਿੰਡਾ ਥਾਣਾ ਲੈ ਆਏ। ਮਾਤਾ ਜੀ ਨੂੰ ਵੀ ਰੱਸੀ ਨਾਲ ਬੰਨ੍ਹ ਰੱਖਿਆ ਸੀ ਤੇ ਥਾਣੇਦਾਰ ਮੁਰਿੰਡਾ ਸਰਹਿੰਦ ਦੇ ਸੂਬੇਦਾਰ ਨੂੰ ਇਤਲਾਹ ਦੇਣ ਗਿਆ ਸੀ।

ਜੋ ਮਾਇਆ ਗੰਗੂ ਬਾਹਰ ਦਰਿਆ ਕਿਨਾਰੇ ਸੁੱਕੀ ਥਾਂ ਦੇਖ ਦਬਾ ਆਇਆ ਸੀ ਉਥੇ ਪਿੱਛੋਂ ਐਸਾ ਹੜ੍ਹ ਆਇਆ ਕਿ ਨਦੀ ਰੋੜ੍ਹ ਕੇ ਲੈ ਗਈ।

*ਦਬ ਆਇ ਸੂਕੀ ਨਦੀ, ਨੀਰ ਵਰਯੋ ਤਹਿ ਆਇ।*
*ਜਿਸ ਕੀ ਵਸਤੁ ਸੁ ਤਿਨ ਲਈ, ਮਸੰਦ ਮੂਏ ਪਛਤਾਇ।*

ਸਰਹਿੰਦ ਵਿਖੇ ਜੋ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਜੀ ਨਾਲ ਬੀਤੀ ਉਸ ਦਾ ਜੋ ਵਰਨਣ ਮਹਿਮਾ ਪ੍ਰਕਾਸ਼ ਵਾਰਤਕ ਨੇ ਕੀਤਾ, ਉਹ ਹੂ-ਬ-ਹੂ ਇਸ ਤਰ੍ਹਾਂ ਹੈ :

*"ਸਾਹਿਬਜ਼ਾਦਿਆਂ ਨੂੰ ਦੇਖ ਨਵਾਬ ਬੋਲਿਆ ਤਾਂ ਨਾਂਹ ਪਰ*
*ਇਰਾਦਾ ਬੁਰਾ ਚਾਹਾ।*
*ਪਠਾਨ ਮਲੇਰਕੋਟਲੇ ਨੇ ਮਾੜੇ ਇਰਾਦੇ ਤੱਕ ਕਿਹਾ :*
*ਇਹ ਸ਼ੀਰ ਖੋਰ ਲੜਕੇ ਹੈਨਿ।*
*ਇਨ ਕੀ ਬਦਲੀ ਚਾਹਨਾ ਬੜਾ ਅਜ਼ਾਬ ਹੈ।*
*ਇਹ ਬਾਤ ਸੁਣ ਕੇ ਸੂਬੇਦਾਰ ਕੋ ਖੌਫ਼ ਖ਼ੁਦਾ ਕਾ ਹੂਆ।*
*ਸੁੱਚਾ ਨੰਦ ਨੇ ਕਿਹਾ :*
*ਇਹ ਸ਼ੀਰ ਖੋਰੀ ਨਾਹੀ। ਸ਼ੇਰ ਕੇ ਬੱਚੇ ਹੈਂ। ਜਦ ਸਿਆਣੇ*
*ਹੋਇੰਗੇ ਤਦ ਇਹ ਭੀ ਤੂਫ਼ਾਨ ਉਠਾਵੇਂਗੇ।*
*ਅਰ ਇਨ ਕੋ ਸਲਾਮ ਕਰਨ ਨੂੰ ਕਹਿ, ਇਹ ਨਹੀਂ ਕਰਨਗੇ।*
*ਵਜ਼ੀਰ ਖ਼ਾਨ ਨੇ ਕਿਹਾ : ਇਨ ਕੋ ਕਹੋ, ਸਲਾਮ ਕਰੇਂ।*
*ਸੁੱਚਾ ਨੰਦ ਨੇ ਕਿਹਾ : ਜੋ ਸੂਬੇ ਕੋ ਸਲਾਮ ਕਰੋ।*
*ਤਦ ਸਾਹਿਬਜ਼ਾਦਿਆਂ ਬਚਨ ਕੀਆ :*
*ਜੋ ਹਮ ਨੇ ਸੱਚੇ ਪਾਤਸ਼ਾਹ ਕੋ ਸਲਾਮ ਕੀਆ ਹੈ,*
*ਅਉਰ ਕੋ ਸਲਾਮ ਨਹੀਂ ਕਰਤੇ।*
*ਸੁੱਚਾ ਨੰਦ ਨੇ ਮੌਕਾ ਸੰਭਾਲ ਕਿਹਾ :*
*ਜੋ ਮੈਂ ਅਰਜ਼ ਕੀਆ, ਸੋ ਆਪ ਨੇ ਦੇਖਾ।*

ਇਸ ਬਾਤ ਕੋ ਚਿੱਤ ਮੋ ਦੇਖ ਕੇ, ਝੂਠਾ ਨੰਦ ਕਾ ਕਹਿਣਾ ਦ੍ਰਿੜ੍ਹ ਭਇਆ। ਤਦ ਉਸ ਨੇ ਜਲਾਦ ਕਉ ਕਹਾ। ਇਸ ਤਰ੍ਹਾਂ ਇਹ ਕਾਰਾ ਹੂਆ।

ਗੁਰ ਬਿਲਾਸ ਪਾਤਸ਼ਾਹੀ ਦਸਵੀਂ ਨੇ ਰਤਾ ਕੁ ਵਿਸਥਾਰ ਨਾਲ ਲਿਖਿਆ ਹੈ ਕਿ ਜਦ

Sri Satguru Jagjit Singh Ji eLibrary NamdhariElibrary@gmail.com

ਸਾਹਿਬਜ਼ਾਦੇ ਸਰਹਿੰਦ ਲਿਆਂਦੇ ਤਾਂ ਉਸ ਸਮੇਂ ਨੀਲਾ ਬਾਣਾ ਪਹਿਨਿਆ ਹੋਇਆ ਸੀ ਅਤੇ ਉਨ੍ਹਾਂ ਦੇ ਖ਼ੂਬਸੂਰਤ ਬਦਨ ਇੰਜ ਲਗ ਰਹੇ ਸਨ ਜਿਵੇਂ ਬੱਦਲਾਂ ਵਿਚ ਬਿਜਲੀ ਚਮਕ ਰਹੀ ਹੋਵੇ। ਹੱਥਾਂ ਵਿਚ ਹੱਥਕੜੀ ਤੇ ਪੈਰਾਂ ਵਿਚ ਬੇੜੀਆਂ ਪਈਆਂ ਹੋਈਆਂ ਸਨ :

*ਨੀਲੇ ਝਗੀਆਂ ਤਨ ਮੋ ਕੈਸੇ।*
*ਬਿਜਲੀ ਸਯਾਮ ਅਭ੍ਰ ਮੈ ਜੈਸੇ।*
*ਕੋਮਲ ਅੰਗ ਹਥੋੜੀ ਹਾਥਾ।*
*ਪਾਦ ਜ਼ੰਜੀਰ ਤਿਨ੍ਹ ਕੇ ਸਾਥਾ। ੨੨੭।* (ਅਧਿਆਇ ਸੋਲ੍ਹਵਾਂ)

ਕਚਹਿਰੀ ਵਿਚ ਪੇਸ਼ ਹੋਣ ਵੇਲੇ ਉਨ੍ਹਾਂ ਕੇਸਰੀ ਬਾਣਾ ਸਜਾ ਲਿਆ :

*ਕੇਸਰੀ ਅੰਗ ਪੋਸ਼ਾਕ ਮਹਾਬਰ।*

ਉਨ੍ਹਾਂ ਨੂੰ ਦੇਖ ਸੂਬੇਦਾਰ ਨੇ ਚਿਤਵਿਆ ਕਿ ਇਨ੍ਹਾਂ ਨੂੰ ਦੀਨ ਵਿਚ ਲਿਆਵਨਾ ਚਾਹੀਏ।

ਸਾਹਿਬਜ਼ਾਦਿਆਂ ਨੂੰ ਤਸੀਹਿਆਂ ਨਾਲ ਹੁਣ ਲਾਲਚ ਵੀ ਦਿੱਤੇ ਗਏ। ਇਹ ਕਿਹਾ ਕਿ ਔਰੰਗਜ਼ੇਬ ਨਾਲ ਤੁਹਾਡੀ ਮੁਲਾਕਾਤ ਕਰਾਂਦੇ ਹਾਂ। ਰਾਜ ਲੈ ਦੇਂਦੇ ਹਾਂ। ਰੇਸ਼ਮੀ ਕੱਪੜੇ ਪਾਓ। ਡੋਲੇ ਸ਼ਹਿਜ਼ਾਦੀਆਂ ਦੇ ਲਵੋ। ਸਿਰਫ਼ ਇਹ ਚਾਹੁੰਦੇ ਹਾਂ ਕਿ ਨੀਲ ਬਸਤ੍ਰ, ਪਹਰ, ਇਸਲਾਮ ਧਾਰੋ।

*"ਤੁਮੈ ਸਾਹ ਕੋ ਮੇਲ ਕਰਾਵੈ।*
*ਬਹੁ ਦੇਸਨ ਕੋ ਰਾਜ ਦਿਵਾਵੈ। ੨੩੪।*
*ਪਟ ਭੂਖਨ ਤੁਮ ਅਨਗਨ ਦੈ ਹੈਂ।*
*ਦੁਖਤਰ ਸਹਿਤ ਸੁਬਤਰ ਹਵੈ ਹੈਂ।*
*ਜੇਤੀ ਨਾਰ ਚਾਹ ਜੋ ਦੇਹੀ।*
*ਨੀਲ ਪਟੰਬਰ ਧਾਰੋ ਏਹੀ। ੨੩੫।*

ਸਾਹਿਬਜ਼ਾਦਿਆਂ ਨੇ ਗੱਜ ਕੇ ਕਿਹਾ :

*ਲਾਹਨਤ ਹੈ, ਇਹੋ ਜਿਹੀ ਤੁਹਾਡੀ ਸੋਚਣੀ ਤੇ।*
*ਤੂੰ ਸਾਡੇ ਘਰ ਦੀ ਰੀਤ ਨਹੀਂ ਜਾਣਦਾ। ਲੈ ਸੁਣ :*
*ਹਮਰੇ ਬੰਸ ਰੀਤ ਇਮ ਆਈ।*
*ਸੀਸ ਦੇਤ ਪਰ ਧਰਮ ਨਹਿ ਜਾਈ।*

ਤਾਂ ਸੁੱਚਾ ਨੰਦ ਨੇ ਕਿਹਾ :

*ਇਹ ਮੂਏ ਬਿਨ ਨਹਿ ਕਲਯਾਨੀ।*

ਕਥਾ ਗੁਰੂ ਜੀ ਕੇ ਸੁਤਨ ਕੀ, ਵਿਚ ਭਾਈ ਦੁੰਨਾ ਸਿੰਘ ਨੇ ਲਿਖਿਆ ਹੈ ਕਿ ਕਿਤਨਾ ਦੁੱਖ ਦਿੱਤਾ ਗਿਆ ਪਰ ਸਾਹਿਬਜ਼ਾਦੇ ਦ੍ਰਿੜ੍ਹ ਚਿਤ ਰਹੇ :

*"ਬਾਲ ਬੁਲਾਇ ਲਏ ਤਬ ਹੀ*
*ਤਬ ਆਨ ਅਦਾਲਤ ਬੀਚ ਪਠਾਏ।*

Sri Satguru Jagjit Singh Ji eLibrary NamdhariElibrary@gmail.com

*ਦੇਖਤ ਹੈ ਸਭ ਹੀ ਜਗ ਆਇਸੁ,*
*ਮਨਹੁ ਫੂਲ ਗੁਲਾਬ ਸੁਹਾਏ।*
*ਤਾਹਿ ਮਲੇਛ ਲਗੇ ਦੁਖ ਦੇਵਨ,*
*ਚਾਹਤ ਹੈ, ਬਲ ਦੀਨ ਮਿਲਾਏ।*
*ਨਹਿ ਮੰਨੈ ਦੁਖ ਸੀਸ ਸਹੈਂ*
*ਦ੍ਰਿੜਤਾ ਹਰਿ ਆਪ ਲਈ ਤਿਨ ਆਇ"।*

ਜਦ ਸਰਹਿੰਦ ਦੀ ਸੰਗਤ ਨੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣ ਸ਼ਹੀਦ ਕਰਨ ਦੇ ਫ਼ਤਵੇ ਦਾ ਸੁਣਿਆ ਤਾਂ ਮਤਾ ਪਕਾਇਆ ਕਿ ਇਨ੍ਹਾਂ ਦੇ ਤੋਲ ਦੇ ਬਰਾਬਰ ਸੋਨਾ ਦੇ ਕੇ ਬੱਚਿਆਂ ਨੂੰ ਬਚਾ ਲਈਏ, ਪਰ ਇਕ ਸਿਆਣੇ ਸਿੱਖ ਨੇ ਕਿਹਾ :

ਮੁਗ਼ਲਾਂ ਨੂੰ ਤੁਸੀਂ ਨਹੀਂ ਜਾਣਦੇ। ਭਾਣਾ ਵਰਤ ਕੇ ਰਹਿਣਾ ਹੈ। ਇਹ ਸੋਨਾ ਵੀ ਰੱਖ ਲੈਣਗੇ ਤੇ ਸ਼ਹੀਦ ਵੀ ਕਰ ਦੇਣਗੇ।

*ਸੀਰੰਦ ਕੀ ਸੰਗਤਿ ਸਬੈ,*
*ਮਨ ਮੈ ਕਰਤ ਬੀਚਾਰ।*
*ਤੋਲ ਸੁਇਨ ਕਰ ਦੀਜੀਐ,*
*ਕਨਕ ਯਾਹਿ ਨਿਰਧਾਰ।*
*ਏਕ ਸਿਖ ਤਬ ਯੋ ਕਹੀ :*
*ਸਵਰਨ ਲੇਹਿਗੇ ਲੂਟ।*
*ਹੋਵਗ ਸੋ ਗੁਰ ਨੇ ਠਟੀ,*
*ਅਮਗੀ ਕਹਾ ਪਹੂਚ। ੨੫੨।* (ਅਧਿਆਇ ਸੋਲ੍ਹਵਾਂ)

ਦੋਹਾਂ ਅਵਤਾਰ ਰੂਪ ਸਾਹਿਬਜ਼ਾਦਿਆਂ ਨੂੰ ਬੇਅੰਤ ਤਸੀਹੇ ਦੇ ਕੇ ਨੀਹਾਂ ਵਿਚ ਚਿਣ ਸ਼ਹੀਦ ਕਰ ਦਿੱਤਾ ਗਿਆ। ਹੱਸ ਹੱਸ ਉਹ ਸ਼ਹੀਦੀਆਂ ਪਾ ਗਏ

*ਦੇ ਕਰ ਦੂਖ ਬਹੁਤ ਅਧਿਕਾਇ।*
*ਤਬ ਨੀਹੋ ਮੈਂ ਬਾਲ ਚਿਨਾਏ।*
*ਬਹੁਤ ਕਲੇਸ ਤੁਰਕ ਤਬ ਦੀਨਾ।*
*ਮੁਖ ਸੇ ਨਹਿ ਉਚਾਰਨ ਕੀਨਾ। ੨੬੫।*
*ਜੁਗ ਅਵਤਾਰ ਸਹੀ ਮਿਲ ਪੀੜਾ।*
*ਪਰਾਲਬਧ ਵਸ ਜਾਨ ਸਰੀਰਾ।*
*ਜਬੈ ਚਿਨਾਇ ਭੀਤ ਮੈ ਦੀਨੇ।*
*ਰਹੀ ਨ ਭੀਤ, ਦ੍ਰਿਸਟਿ ਨਹੀ ਚੀਨੇ। ੨੬੬।*

ਗੁਰ ਸੋਭਾ ਕ੍ਰਿਤ ਸੈਨਾਪਤੀ ਨੇ ਠੀਕ ਲਿਖਿਆ ਕਿ ਧੰਨ ਹਨ ਸਾਹਿਬਜ਼ਾਦੇ ਜਿਨ੍ਹਾਂ

Sri Satguru Jagjit Singh Ji eLibrary NamdhariElibrary@gmail.com

ਸਰੀਰਾਂ ਦੀ ਪਰਵਾਹ ਨਾ ਕੀਤੀ। ਧਰਮ ਦੀ ਰੱਖ ਲਈ ਤੇ ਦਾਦੇ ਗੁਰੂ ਤੇਗ਼ ਬਹਾਦਰ ਵਾਂਗ ਜਸ ਖੱਟ ਕੇ ਗਏ :

*ਧੰਨਿ ਧੰਨਿ ਗੁਰਦੇਵ ਸੁਤ, ਤਨ ਕੋ ਲੋਭ ਨ ਕੀਨ।*
*ਧਰਮ ਰਾਖ ਕਲ ਸੋ ਗਏ, ਦਾਦੇ ਸੋ ਜਸ ਲੀਨ। ੭੪। ੫੪੩।*

(ਅਧਿਆਇ ਬਾਰ੍ਹਵਾਂ)

ਇਸੇ ਤਰ੍ਹਾਂ ਕਥਾ ਗੁਰ ਸੁਤਨ ਕੀ, ਵਿਚ ਲਿਖਿਆ ਹੈ :

*ਧਰਮ ਕਲਾ ਕੀ ਟੇਕ ਜਿਮ,*
*ਤੇਗ ਬਹਾਦਰ ਕੀਨ।*
*ਸੀਸ ਦਯੋ ਸਿਰਰ ਨ ਦਯੋ*
*ਤਈ ਲੋਕ ਜਸਲੀਨ। ੧੦੪।*
*ਗੁਰੂ ਤੇਗ ਬਹਾਦਰ ਕੇ ਪੋਤੇ*
*ਗੋਬਿੰਦ ਸਿੰਘ ਕੇ ਪੂਤ।*
*ਧਰਮ ਰਾਖਨ ਸੀਸਨ ਦਯੋ*
*ਪ੍ਰਬਲ ਪੰਥ ਭਯੋ ਸੂਤ। ੧੦੫।*

ਸਯਦ ਮੁਹੰਮਦ ਲਤੀਫ਼ ਦੇ ਹਿਸਟਰੀ ਆਫ਼ ਪੰਜਾਬ (੧੮੯੧) ਦੇ ਪੰਨਾ ੨੬੫ ਤੇ ਸਾਹਿਬਜ਼ਾਦਿਆਂ ਦੇ ਸੂਬੇਦਾਰ ਨਾਲ ਹੋਏ ਸੁਆਲਾਂ ਜੁਆਬਾਂ ਨੂੰ ਪੜ੍ਹ ਪ੍ਰਤੀਤ ਹੁੰਦਾ ਹੈ ਕਿ ਕੈਸੀਆਂ ਸਨ ਉਹ ਜੁਰਅੱਤ ਦੀਆਂ ਮੂਰਤਾਂ।

ਸੂਬੇਦਾਰ ਨੇ ਕਿਹਾ :

ਬੱਚਿਓ ! ਤੁਸੀਂ ਕੀ ਕਰੋਗੇ ਜੇ ਤੁਹਾਨੂੰ ਅਸੀਂ ਹੁਣੇ ਛੱਡ ਆਜ਼ਾਦ ਕਰ ਦੇਈਏ।

(Boys! What would you do, if we were to give your liberty)

ਸਾਹਿਬਜ਼ਾਦਿਆਂ ਉੱਤਰ ਦਿੱਤਾ :

ਖਿੰਡੇ ਪੁੰਡੇ ਸਿੱਖਾਂ ਨੂੰ ਜਥੇਬੰਦ ਕਰਾਂਗੇ। ਉਨ੍ਹਾਂ ਨੂੰ ਜੰਗੀ ਹਥਿਆਰ ਜੁਟਾਵਾਂਗੇ। ਤੁਹਾਡੇ ਨਾਲ ਲੜਾਂਗੇ ਤੇ ਤੁਹਾਨੂੰ ਮੌਤ ਦੇ ਘਾਟ ਉਤਾਰਾਂਗੇ।

(We would collect our SIKHS, supply them with implements of war, fight with you and put you to death).

ਸੂਬੇਦਾਰ ਨੇ ਫਿਰ ਕਿਹਾ :

ਜੇ ਤੁਸੀਂ ਜੰਗ ਵਿਚ ਹਾਰ ਗਏ ਤਾਂ ਫਿਰ ਕੀ ਕਰੋਗੇ?

(If you were defeated in the fight, what would you do then?)

ਇਹ ਸੁਣ ਸਾਹਿਬਜ਼ਾਦਿਆਂ ਕਿਹਾ :

ਕਰਨਾ ਕੀ ਹੈ ? ਫਿਰ ਆਪਣੀਆਂ ਫ਼ੌਜਾਂ ਇਕੱਠੀਆਂ ਕਰਾਂਗੇ। ਤਦ ਤਕ ਲੜਦੇ ਹੀ ਰਹ੍ਹਾਂਗੇ ਜਦ ਤਕ ਤੁਸੀਂ ਮੁੱਕ ਨਹੀਂ ਜਾਂਦੇ ਜਾਂ ਅਸੀਂ ਸ਼ਹੀਦ ਨਹੀਂ ਹੋ ਜਾਂਦੇ।

Sri Satguru Jagjit Singh Ji eLibrary NamdhariElibrary@gmail.com

(We would collect our armies again either kill you or be killed).

ਸੂਬੇਦਾਰ ਨੂੰ ਐਸਾ ਗੁੱਸਾ ਚੜ੍ਹਿਆ ਕਿ ਨੀਹਾਂ ਵਿਚ ਚਿਣ ਸ਼ਹੀਦ ਕਰ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਨੂੰ ਜਦ ਮਾਹੀ ਨੇ ਪੈਂਡਾ ਮਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਖ਼ਬਰ ਰਾਇਕੋਟ ਲਿਆ ਦਿੱਤੀ ਤਾਂ ਸਹਿਜੇ ਹੀ ਆਪ ਜੀ ਨੇ ਬਚਨ ਕੀਤਾ :

*ਦੁਸ਼ਟਨ ਬਾਲ ਮਾਰੇ ਅਤਿ ਪਾਪੀ।*
*ਉਖੜੀ ਜੜ ਤੁਰਕਨ ਸਭ ਥਾਪੀ।* (ਦੋਰੇ ਦੀ ਸਾਖੀ)

ਇਨਕਲਾਬੀ ਸ਼ਾਇਰ ਫ਼ੈਜ਼ ਨੇ ਖ਼ੂਬ ਕਿਹਾ ਹੈ :

*ਯਹ ਜਾਂ ਤੋ ਆਨੀ ਜਾਨੀ ਹੈ*
*ਇਸ ਜਾਂ ਕੀ ਤੋ ਕੋਈ ਬਾਤ ਨਹੀਂ।*
*ਜਿਸ ਧਜ ਸੇ ਕੋਈ ਮਕਤਲ ਮੇਂ ਗਯਾ,*
*ਵੁਹ ਸ਼ਾਨ ਸਲਾਮਤ ਰਹਤੀ ਹੈ।*

।◆।

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਛੇ

# ਸਿੱਖਾਂ ਦੀ ਰੀਤ ਨਿਆਰੀ

''*ਦਬਿਸਤਾਨਿ ਮਜ਼ਾਹਬ*'' ਵਿਚ ਸਿੱਖਾਂ ਸਬੰਧੀ ਅਧਿਆਇ ਦਾ ਪਹਿਲਾ ਫ਼ਿਕਰਾ ਹੀ ਇਹ ਹੈ ਕਿ 'ਨਾਨਕ ਪੰਥੀਆਂ'

**ਸਿੱਖ ਸੈਭੰ ਹੈ**

*'ਕਿ ਮਾਰੂਫ ਬ ਗੁਰੂ ਸਿਖਾਨੰਦ*
*ਬ ਬੁਤ ਵ ਬੁਤਖਾਨਾ ਅਹਿਤਕਾਦ ਨਦਾਰਦ।'*

(ਗੁਰੂ ਨਾਨਕ ਦੇ ਨਾਮ ਲੇਵਾ, ਜਿਨ੍ਹਾਂ ਨੂੰ ਗੁਰਸਿੱਖ ਵੀ ਕਹਿੰਦੇ ਹਨ, ਨਾ ਉਹ ਬੁੱਤ ਮੰਨਦੇ ਹਨ ਅਤੇ ਨਾ ਬੁੱਤ ਵਿਚ ਕੋਈ ਅਕੀਦਤ, ਸ਼ਰਧਾ ਹੈ।)

ਹਰ ਪੱਖੋਂ ਸਿੱਖ ਨਿਆਰਾ ਸੀ ਅਤੇ ਸਿੱਖ ਵਿਚਰਦੇ ਵੀ ਨਿਆਰੇ ਸਨ।

ਭਾਈ ਜੈਤਾ, ਭਾਈ ਨੰਦਾ ਅਤੇ ਭਾਈ ਪਿਰਾਗਾ ਨੇ ਜਦ ਗੁਰੂ ਅਰਜਨ ਦੇਵ ਜੀ ਕੋਲੋਂ ਉਪਦੇਸ਼ ਮੰਗਿਆ ਜਿਸ ਨੂੰ ਅਪਣਾਇਆਂ ਨਾਂ ਕਰਮ ਕਰਨ ਦੀ ਲੋੜ ਪਵੇ ਅਤੇ ਨਾ ਕਰਤੂਤ ਕਰਨ ਦਾ ਖ਼ਿਆਲ ਉਪਜੇ ਤਾਂ ਪੰਚਮ ਪਾਤਸ਼ਾਹ ਨੇ ਕਿਹਾ :

''ਇੰਦ੍ਰੀਆਂ ਨੂੰ ਸੰਕੋਚ ਕੇ ਤੁਸੀਂ ਸਵਾਸ ਸਵਾਸ ਵਾਹਿਗੁਰੂ ਦਾ ਭਜਨ ਕਰਨਾ ਤੇ ਸਮਾਂ ਕੱਢ ਕੇ ਵੀ ਸ਼ਬਦ ਦੀ ਵਿਚਾਰ ਕਰਨੀ।''

ਐਸਾ ਹੀ ਉਹ ਕਰਨ ਲੱਗੇ। ਬ੍ਰਾਹਮਣਾਂ ਨੇ ਤਾੜਨਾ ਕੀਤੀ ਕਿ ਤੁਸੀਂ ਕਰਮ ਛੱਡ ਦਿੱਤੇ ਹਨ ਸੋ ਭ੍ਰਿਸ਼ਟ ਹੋਏ ਹੋ।

ਐਸਾ ਰੰਗ ਚੜ੍ਹ ਗਿਆ ਸੀ ਸਿੱਖਾਂ ਨੂੰ ਸਿੱਖੀ ਦਾ ਕਿ ਉਨ੍ਹਾਂ ਕਮਾਲ ਦੀ ਮੰਤਕ ਦੇਂਦੇ ਕਿਹਾ :

'ਪੰਡਤ ਜੀ ! ਤੁਸੀਂ ਹੀ ਤਾਂ ਕਹਿੰਦੇ ਹੋ ਜਿਸ ਘਰ ਸੂਤਕ ਜਾਂ ਮ੍ਰਿਤਕ ਹੁੰਦਾ ਹੈ, ਤਿਸ ਦੇ ਕਰਮ ਲੇਖੇ ਨਹੀਂ ਪਾਉਂਦੇ ਅਤੇ ਜਿਸ ਦਿਨ ਦੇ ਅਸੀਂ ਸਤਿਗੁਰੂ ਨੂੰ ਮਿਲੇ ਹਾਂ,ਅਗਿਆਨ ਜੋ ਪਿਤਾ ਹੈ ਦੀ ਮ੍ਰਿਤੂ ਹੋ ਗਈ ਹੈ ਤੇ ਗਿਆਨ ਵਰਗਾ ਸਾਰਖਾ (ਸੁਹਣਾ-ਸੁਚੱਜਾ) ਪੁੱਤਰ ਸਾਡੇ ਘਰ ਜੰਮਿਆ ਹੈ, ਸੋ ਅਸੀਂ ਕਰਮ ਨਹੀਂ ਕਰਦੇ।'

ਪੰਡਤ ਨੇ ਢੀਠਤਾਈ ਵਰਤਦੇ ਕਿਹਾ ਕਿ ਸੂਤਕ ਤਾਂ ਥੋੜ੍ਹੇ ਦਿਨਾਂ ਦਾ ਹੁੰਦਾ ਹੈ ਤਾਂ ਬਿਪ੍ਰਨ ਕੀ ਰੀਤ ਛੋਡ ਸੁਤੰਤਰ ਹੋਏ ਸਿੱਖਾਂ ਨੇ ਕਿਹਾ ਕਿ ਅਸੀਂ ਸਵਾਸ ਸਵਾਸ ਜਪਦੇ ਹਾਂ ਤੇ ਤੁਸੀਂ ਹੀ ਤਾਂ ਕਿਹਾ ਸੀ ਕਿ ਜੋ ਸਵਾਸ ਨਾਭੀ ਵਿਚੋਂ ਨਿਕਲਦਾ ਹੈ, ਉਹ ਜਨਮਦਾ ਹੈ ਅਤੇ ਨਾਸਕਾ ਦੁਆਰਾ ਨਿਕਲ ਮਰ ਜਾਂਦਾ ਹੈ। ਸੋ ਜਨਮ ਮਰਨ ਤਾਂ ਹਰ ਵੇਲੇ ਬਣਿਆ



Sri Satguru Jagjit Singh Ji eLibrary NamdhariElibrary@gmail.com

ਰਿਹਾ। ਸਾਨੂੰ ਕਰਮਾਂ ਦਾ ਸਮਾਂ ਕੋਈ ਹੱਥ ਨਹੀਂ ਆਉਂਦਾ।

ਇਹ ਸੁਣ ਬ੍ਰਾਹਮਣ ਅਵਾਕ ਹੋਇ ਰਹਿਆ। ਐਸੇ ਸਿੱਖ ਗੁਰੂ ਜੀ ਨੇ ਤਿਆਰ ਕਰ ਦਿੱਤੇ ਸਨ ਜੋ ਕਰਮਾਂ ਤੋਂ ਉੱਚੇ ਹੋ ਗਏ ਸਨ। ਬ੍ਰਾਹਮਣਾਂ ਦਾ ਜੂਲਾ ਉਤਾਰ ਪਰ੍ਹਾਂ ਸੁੱਟ ਦਿੱਤਾ ਸੀ।

ਕਲਗੀਧਰ ਨੇ ਇਕ ਸਮੇਂ ਕਿਹਾ ਸੀ ਕਿ ਜੇ ਇਕ ਗਲੀਉਂ ਬ੍ਰਾਹਮਣ ਆਂਦਾ ਹੋਵੇ ਤੇ ਦੂਜੀ ਤੋਂ ਮਸਤ ਹਾਥੀ ਤਾਂ ਹਾਥੀ ਵੱਲ ਜਾਵਣਾ, ਬ੍ਰਾਹਮਣ ਦੇ ਸਾਹਮਣੇ ਨ ਹੋਣਾ।

|◆|

Sri Satguru Jagjit Singh Ji eLibrary NamdhariElibrary@gmail.com

www.archive.org/details/namdhari

## ਸੱਤ

# ਭਗਤਿ ਨਿਰਾਲੀ ਅਲਾਹ ਦੀ

**ਭਗਤੀ ਲਹਿਰ ਦਾ ਸਿੱਖੀ ਹਿੱਸਾ ਨਹੀਂ**

ਜੋ ਇਹ ਕਹਿੰਦੇ ਨਹੀਂ ਥਕਦੇ ਕਿ ਸਿੱਖੀ ਲਹਿਰ ਭਗਤੀ ਲਹਿਰ ਦਾ ਹਿੱਸਾ ਹੈ ਉਨ੍ਹਾਂ ਨੂੰ ਗੁਰੂ ਅਰਜਨ ਦੇਵ ਜੀ ਨੇ ਬੜੀ ਸਖ਼ਤ ਚੇਤਾਵਨੀ ਦੇਂਦੇ ਕਿਹਾ ਹੈ ਕਿ ਜਿਹੜੀ ਭਗਤੀ ਹਿੰਦੁਸਤਾਨ ਭਰ ਵਿਚ ਕੀਤੀ ਜਾ ਰਹੀ ਹੈ, ਉਸ ਵਿਚ ਪ੍ਰਭੂ ਨੂੰ ਮਨੁੱਖੀ ਸ਼ਕਲ ਵਿਚ ਢਾਲ, ਧਿਆਨ ਧਰਿਆ ਜਾਂਦਾ ਹੈ। ਇਹ ਪਰਚਾਰਿਆ ਜਾਂਦਾ ਹੈ ਕਿ ਜਦ ਵੀ ਕਦੇ ਧਰਮ ਦੀ ਗਿਲਾਨੀ ਹੋਈ, ਪਰਮਾਤਮਾ ਮਨੁੱਖੀ ਸ਼ਕਲ ਵਿਚ ਆ ਅਵਤਾਰ ਲੈਂਦਾ ਹੈ। ਇਸ ਤਰ੍ਹਾਂ ਉਸ ਚੱਵ੍ਹੀ (੨੪) ਵਾਰ ਕੀਤਾ। ਸੋ ਚੱਵ੍ਹੀ ਅਵਤਾਰ ਹੋਏ। ਭਗਤ ਲਈ ਲਾਜ਼ਮੀ ਹੈ ਕਿ ਉਨ੍ਹਾਂ ਵਿਚੋਂ ਇਕ ਦਾ ਧਿਆਨ ਧਰੇ, ਪੂਜਾ ਕਰੇ। ਪਰ ਇਥੇ ਤੀਜੇ ਪਾਤਸ਼ਾਹ ਕਹਿੰਦੇ ਹਨ ਕਿ ਸਾਡੇ ਘਰ 'ਭਗਤਿ ਨਿਰਾਲੀ ਅਲਾਹ' ਦੀ ਕੀਤੀ ਜਾਂਦੀ ਹੈ ਜਿਸ ਦਾ ਮੁਖ ਅੰਗ ਸ਼ਬਦ ਵਿਚਾਰ ਹੈ। ਸ਼ਬਦ ਵਿਚਾਰ ਕੀਤਿਆਂ ਉਸ ਦਾ ਦੀਦਾਰ ਹੋ ਜਾਂਦਾ ਹੈ।

*'ਭਗਤਿ ਨਿਰਾਲੀ ਅਲਾਹ ਦੀ, ਜਾਪੈ ਗੁਰ ਵੀਚਾਰ।*
*ਨਾਨਕ ਨਾਮੁ ਹਿਰਦੈ ਵਸੈ ਭੈ ਭਗਤੀ ਨਾਮਿ ਸਵਾਰ।*

(ਆਸਾ ਮ: ੩, ਪੰਨਾ ੪੩੦)

ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਦੀ ਵੀਹਵੀਂ ਅਸ਼ਟਪਦੀ ਵਿਚ ਇਸੇ 'ਨਿਰਾਲੀ ਭਗਤ ਅਲਾਹ' ਦੇ ਪੱਖ ਨੂੰ ਖੋਲ੍ਹ ਕੇ ਦੱਸਿਆ ਹੈ। ਉਨ੍ਹਾਂ ਨਿਰਾਲੀ ਭਗਤੀ ਦੇ ਪੰਜ ਅੰਗ ਦੱਸੇ ਹਨ :

(1) ਗੁਣ ਗਾਂਦੇ ਰਹਿਣਾ।
(2) ਕਥਾ ਵਿਚ ਚਿਤ ਜੋੜਨਾ।
(3) ਕੀਰਤਨ ਕਰਨਾ ਸੁਣਨਾ।
(4) ਸਾਧ ਸੰਗਤ ਕਰਦੇ ਰਹਿਣਾ।
(5) ਸ਼ਬਦ ਰਾਹੀਂ ਮਨ ਨੂੰ ਟਿਕਾਣੇ ਰੱਖਣਾ।

ਨੱਠ ਭੱਜ, ਕਰਮਾਂ ਦੀ ਦੌੜ ਤੇ ਅਵਤਾਰ ਪੂਜਾ ਕਰ ਕੇ ਤੱਕ ਲਿਆ, ਨਾ ਪ੍ਰੀਤ ਉਪਜੀ, ਨਾ ਪ੍ਰੇਮ ਰਸ ਆਇਆ ਜੋ ਜੀਵਨ ਦਾ ਮਨੋਰਥ ਹੈ। ਸੋ ਪ੍ਰਭੂ ਆਪ ਜੀ ਦੀ ਸ਼ਰਨ ਤੱਕੀ ਹੈ ਕਿ ਹੁਣ ਆਪਣੀ ਭਗਤੀ ਜੋ ਨਿਰਾਲੀ ਹੈ, ਉਸ ਵੱਲ ਲਗਾਓ।



Sri Satguru Jagjit Singh Ji eLibrary NamdhariElibrary@gmail.com

ਉਸ ਨਿਰਾਲੀ ਭਗਤੀ ਦੇ ਅੰਗ ਦਰਸਾਂਦੇ ਫ਼ਰਮਾਇਆ ਹੈ ਕਿ ਇਸ ਨਿਰਾਲੀ ਭਗਤੀ ਵਿਚ ਪੂਜਾ ਦੀ ਥਾਂ ਜਾਚਨਾ ਕ੍ਰਿਪਾ ਦ੍ਰਿਸ਼ਟੀ ਦੀ ਕਰਨੀ ਹੈ ਤੇ ਸਾਧ ਸੰਗਤ ਜਾਇ ਬੈਠਣਾ ਹੈ। ਸ਼ਰਧਾ ਧਾਰਨੀ ਹੈ। ਗੁਣ ਗਾਂਦੇ ਰਹਿਣਾ ਹੈ ਤਾਂ ਕਿ ਉਹ ਕਦੇ ਨ ਵਿਸਰੇ। ਇਸ ਤਰ੍ਹਾਂ ਚਰਨ ਕਮਲ ਨਾਲ ਪ੍ਰੀਤੀ ਉਪਜੇਗੀ। ਅੰਦਰ ਨਿਮਰਤਾ ਤੇ ਖੇੜਾ ਆਵੇਗਾ। ਫਿਰ ਪਵੇਗੀ ਮਿਹਰ ਦੀ ਨਜ਼ਰ ਤੇ ਰਸ ਦੀ ਝੜੀ ਲੱਗੇਗੀ। ਮਨ ਰੱਜਿਆ ਰੱਜਿਆ ਰਵ੍ਹੇਗਾ। ਡੋਲਨਾ ਨਹੀਂ ਹੋਣ ਲੱਗੀ। ਚਾਉ ਚੜ੍ਹਿਆ ਰਵ੍ਹੇਗਾ ਤੇ ਅੰਦਰ ਚਾਨਣ ਹੋ ਜਾਵੇਗਾ। ਫਿਰ *ਤੀਜੀ* ਅਸ਼ਟਪਦੀ ਵਿਚ ਕਹਿੰਦੇ ਹਨ ਕਿ ਫੁਰਨੇ ਨਹੀਂ ਉਠਣਗੇ। ਮੱਥਾ ਖਿੜਿਆ (ਨਿਹਾਲ) ਰਵ੍ਹੇਗਾ। ਸ਼ੁਕਰ ਦੀ ਭਾਵਨਾ ਬਣੀ ਰਵ੍ਹੇਗੀ। ਇਸ ਨਿਰਾਲੀ ਭਗਤੀ ਦੁਆਰਾ ਹਜ਼ੂਰੀ ਦਾ ਅਨੰਦ ਮਿਲ ਜਾਏਗਾ। ਇਹ ਅਨੰਦ ਪਾ ਫਿਰ ਵੀ ਮਨ ਨੂੰ ਸਮਝਾਂਦੇ ਰਹਿਣਾ ਹੈ ਕਿ ਉਸ ਨੂੰ ਕਿਉਂ ਵਿਸਾਰਾਂ ਜਿਸ ਨੇ ਘਾਲ ਥਾਇ ਪਾਈ। ਨਿਰੇ ਸਵਾਸ ਨਹੀਂ ਬਖ਼ਸ਼ੇ, ਜ਼ਿੰਦਗੀ ਗੁਜ਼ਾਰਨ ਦੀ ਜਾਚ ਦੱਸੀ (ਜੀਵਨ ਜੀਆ), ਮਾਇਆ ਦੇ ਹੱਲਿਆਂ ਤੋਂ ਰੱਖਿਆ ਕੀਤੀ ਅਤੇ ਇਕਾਗਰਤਾ ਬਖ਼ਸ਼ੀ। ਜਨਮ ਜਨਮ ਕਾ ਟੂਟਾ ਗੰਢਿਆ। ਯਾਦ ਹੋਰ ਪੱਕੇ ਸੋ ਆਪ ਜਪਦੇ, ਹੋਰਨਾਂ ਨੂੰ ਵੀ ਵੱਲ ਸਿਖਾਲਣਾ ਹੈ ਤੇ ਨਿਰਾਲੀ ਭਗਤੀ ਵੱਲ ਲਗਾਉਣਾ ਹੈ ਤੇ ਯਕੀਨ ਦਿਵਾਣਾ ਹੈ ਕਿ ਗੁਣਾਂ ਦਾ ਖ਼ਜ਼ਾਨਾ ਨਹੀਂ, ਪਾਤਸ਼ਾਹੀ ਵੀ ਭਗਤੀ ਰਾਹੀਂ ਹੀ ਮਿਲਦੀ ਹੈ।

*ਪਾਤਸ਼ਾਹੀ ਭਗਤ ਜਨਾ, ਕਉ ਦਿਤੀਅਨੁ,*
*ਸਿਰਿ ਛਤੁ ਸਚਾ ਹਰਿ ਬਣਾਇ।*

ਜੀਵਨ ਦਾ ਮਕਸਦ (ਸੁਆਉ) ਹੈ ਕਿ ਅੰਦਰੋਂ ਪ੍ਰੇਮ ਦਾ ਫੁਹਾਰਾ ਫੁੱਟ ਪਵੇ, ਉਹ ਭਗਤੀ ਰਾਹੀਂ ਪ੍ਰਾਪਤ ਹੋ ਜਾਏਗਾ ਅਤੇ ਪ੍ਰਭੂ ਦਾ ਪ੍ਰਤੱਖ ਨਜ਼ਾਰਾ ਹੋ ਜਾਏਗਾ ਤੇ ਹਉਮੈ ਦਾ ਪੂਰਨ ਅਭਾਵ ਹੋ ਜਾਏਗਾ ਅਤੇ ਦੇਖ ਲਵੇਗਾ ਕਿ ਉਸ ਸਰਬ ਸਮਾਇ ਦੇ ਗੁਣਾਂ ਦਾ ਕੋਈ ਅੰਤ ਨਹੀਂ। ਹਉਮੈ ਦਾ ਸਦਾ ਅਭਾਵ ਰਹੇ ਇਸ ਲਈ ਅਰਦਾਸ ਕਰਦੇ ਰਹਿਣਾ ਹੈ ਕਿ ਇਹ ਸਭ ਤੇਰੀ ਮਿਹਰ ਕਰਕੇ ਹੀ ਹੋਇਆ ਹੈ, ਮੇਰੇ ਕਿਸੇ ਕਰਮ ਕਰਕੇ ਨਹੀਂ ਹੋਇਆ। ਅਰਦਾਸ ਇਹ ਕਿ ਮਨ ਨੂੰ ਪ੍ਰੀਤੀ ਦੀ ਦਾਤ ਦੇਈ ਰੱਖੀਂ। ਕਿਤਨੀਆਂ ਬਰਕਤਾਂ (ਬੈਕੁੰਠ ਦਾ ਸੁੱਖ, ਮੁਕਤੀ, ਰਾਜ ਦਾ ਸੁਖ, ਖਾਣ ਪਾਣ ਦਾ ਚੰਗੇਰਾ ਜੀਵਨ ਤੇ ਹੋਰ ਦਾਤਾਂ) ਮਿਲਦੀਆਂ ਹਨ ਜੇ ਇਕ ਟਿਕ ਜ਼ਰਾ ਕੁ ਉਸ ਦੇ ਗੁਣ ਗਾਈਏ। ਉਸ ਦੇ ਗੁਣਾਂ ਦੀ ਵਿਚਾਰ (ਕਥਾ) ਕਰੀਏ, ਹਰ ਵੇਲੇ ਜਪੀਏ, ਮਨ ਨੂੰ ਗੁਰੂ ਸ਼ਬਦ ਅਨੁਸਾਰ ਟੋਰੀਏ ਤੇ ਸਾਧ ਸੰਗ ਨਾ ਛੱਡੀਏ। ਨਿਰਾਲੀ ਭਗਤੀ ਦੀ ਸਭ ਤੋਂ ਵਿਲੱਖਣ ਬਾਤ ਇਹ ਹੈ ਕਿ ਭਗਤ ਵਾਹਿਗੁਰੂ ਨਾਲ ਗੱਲਾਂ ਕਰਨ ਜੋਗ ਹੋ ਜਾਂਦਾ ਹੈ। ਭਗਤੀ, ਜੋ ਅਵਤਾਰਾਂ ਦੀ ਹੈ ਉਸ ਵਿਚ ਨਿਰੀਆਂ ਪ੍ਰਭੂ ਦੀਆਂ ਗੱਲਾਂ ਅਤੇ ਨਿਰਾਲੀ ਭਗਤੀ ਵਿਚ ਵਾਹਿਗੁਰੂ ਨਾਲ ਗੱਲਾਂ ਕਰਨ ਜੋਗ ਹੋ ਜਾਂਦਾ ਹੈ। *ਕਿਸੇ ਦੀਆਂ ਗੱਲਾਂ ਕਰਨੀਆਂ ਅਤੇ ਕਿਸੇ ਨਾਲ ਕਰਨ ਦਾ ਕਿਤਨਾ ਫ਼ਰਕ ਹੈ,* ਇਹ ਹਰ ਇਕ ਤੇ ਜ਼ਾਹਿਰ ਹੈ। ਜਦ ਗੁਰੂ ਅਮਰਦਾਸ ਜੀ ਵਾਹਿਗੁਰੂ ਨੂੰ ਸਦਾ ਖਿੜਿਆ ਹੋਇਆ ਬਸੰਤ ਵਾਂਗ ਆਖ ਕੇ ਸਾਨੂੰ ਸਮਝਾਂਦੇ ਹਨ ਕਿ ਅਸੀਂ ਉਸ ਦੀ ਵਾੜੀ ਹੋਣ ਕਰਕੇ ਖਿੜੇ ਹੀ ਰਵ੍ਹਾਂਗੇ। ਬੜੇ ਭਾਗਾਂ ਨਾਲ ਇਹ ਭਗਤ ਨਿਰਾਲੀ ਮਿਲਦੀ ਹੈ,

*"ਆਪਿ ਬਸੰਤੁ ਜਗਤੁ ਸਭੁ ਵਾੜੀ।*
*ਨਾਨਕ ਪੂਰੈ ਭਾਗਿ ਭਗਤਿ ਨਿਰਾਲੀ।"* (ਬਸੰਤ ਮ: ੩)

।◆।

Sri Satguru Jagjit Singh Ji eLibrary NamdhariElibrary@gmail.com

ਅੱਠ

# ਰੁੰਨੜੇ ਵਣਹੁ ਪੰਖੇਰੂ

ਜਿਨ੍ਹਾਂ ਉਚਾਈਆਂ ਤੇ ਸੁਰਤਿ ਛਾਲਾਂ ਮਾਰ ਆਈ ਹੈ, ਉਥੇ ਕਿਤੇ ਹੁਣ ਜੰਤਰਾਂ ਨਾਲ ਸਾਇੰਸਦਾਨ ਪੁੱਜਣ ਲਈ ਹੱਥ ਪੈਰ ਮਾਰ ਰਿਹਾ ਹੈ। ਅੱਜ ਜਦੋਂ ਅਜਿਹੀਆਂ ਖੋਜਾਂ ਦੀਆਂ ਖ਼ਬਰਾਂ ਆਉਂਦੀਆਂ ਹਨ ਤਾਂ ਆਪ-ਮੁਹਾਰੇ ਸਿਰ ਗੁਰੂ ਪਾਤਸ਼ਾਹਾਂ ਅੱਗੇ ਝੁਕ ਜਾਂਦਾ ਹੈ। ਹੁਣ ਕਿਸੇ ਨੂੰ ਕਹਿਣ ਦੀ ਲੋੜ ਨਹੀਂ ਕਿ ਤਮਾਕੂ-ਨੋਸ਼ੀ ਸਰੀਰ, ਬੁਧੀ ਅਤੇ ਆਤਮਾ 'ਤੇ ਤੀਹਰਾ ਹਮਲਾ ਕਰਦੀ ਹੈ। ਸਾਲਾਂ ਬੱਧੀ ਖੋਜ ਬਾਅਦ ਸਾਇੰਸਦਾਨਾਂ ਨੇ ਸਾਬਤ ਕਰ ਦਿੱਤਾ ਹੈ ਕਿ ਤਮਾਕੂ ਖਾਂਦਿਆਂ ਤੇ ਪੀਂਦਿਆਂ ਸਰੀਰ ਕੈਂਸਰ ਦਾ ਸ਼ਿਕਾਰ ਹੋ ਜਾਂਦਾ ਹੈ। ਬੁੱਧੀ ਨਸ਼ਟ ਹੋ ਜਾਂਦੀ ਹੈ।

ਸਿੱਖੀ ਇਕ ਵਿਗਿਆਨਕ ਧਰਮ

ਗੁਰੂ ਨਾਨਕ ਦੇਵ ਜੀ ਨੇ ਵਡਹੰਸ ਰਾਗ ਵਿਚ ਫ਼ਰਮਾਇਆ ਸੀ ਕਿ ਜਦ ਬਿਰਹੁ ਦੀ ਚੋਟ ਲਗਦੀ ਹੈ ਤਾਂ ਜੀਵ ਇਸਤਰੀ ਐਸੇ ਹੌਕੇ ਭਰਦੀ ਹੈ ਕਿ ਵਣ ਤੱਕ ਰੋਣ ਲੱਗ ਪੈਂਦੇ ਹਨ :

*ਮੈ ਰੋਵੰਦੀ ਸਭ ਜਗੁ ਰੁੰਨਾ,*
*ਰੁੰਨੜੇ ਵਣਹੁ ਪੰਖੇਰੂ।*

ਇਹ ਕੋਈ ਨਿਰੀ ਤਸ਼ਬੀਹ ਨਹੀਂ ਸਗੋਂ ਹਕੀਕਤ ਹੈ, ਜਿਸ ਤੋਂ ਪਰਦਾ ਹੁਣੇ ਹੀ ਅਮਰੀਕਾ ਦੇ ਸਾਇੰਸਦਾਨਾਂ ਨੇ ਲਾਹਿਆ ਹੈ।

ਜਗਦੀਸ਼ ਚੰਦਰ ਬੋਸ ਨੇ ਦੱਸਿਆ ਸੀ ਕਿ ਪੇੜ ਪੌਦਿਆਂ ਵਿਚ ਜੀਵਨ ਹੁੰਦਾ ਹੈ। ਜੀਵਨ ਵਿਚ ਸੁਖ ਵੀ ਤੇ ਦੁੱਖ ਵੀ। ਹਰਖ਼ ਵੀ ਤੇ ਹੌਕਾ ਵੀ। ਆਪਣੀ ਥਾਂ ਖੜ੍ਹੇ ਸ਼ਾਂਤ ਚਿਤ ਪਰਉਪਕਾਰੀ ਦਰੱਖ਼ਤ ਦੁੱਖ ਦੇ ਸਮੇਂ ਰੋਂਦੇ, ਡੁਸਕਦੇ ਤੇ ਹਟਕੋਰੇ ਭਰਦੇ ਹਨ। ਸਾਇੰਸਦਾਨਾਂ ਨੇ ਜਲ ਖੁਣੋਂ ਤਰਸਦੇ ਸੁੱਕੇ ਦਰੱਖ਼ਤਾਂ ਦੀ ਡਾਲ ਨਾਲ ਜੰਤਰ ਲਗਾ ਕੇ ਦਰੱਖਤਾਂ ਦੇ ਕੀਰਨੇ ਰਿਕਾਰਡ ਕੀਤੇ। ਦਰੱਖ਼ਤਾਂ ਦਾ ਡੁਸਕਣਾ ਸਾਇੰਸ ਦੀ ਜ਼ਬਾਨ ਵਿਚ ੫੦ ਤੋਂ ੫੦੦ ਕਿਲੋ ਹਰਟਜ਼ ਤੇ ਹੁੰਦਾ ਹੈ। ਸਾਡੇ ਕੰਨ ੨੦ ਕਿਲੋ ਹਰਟਜ਼ ਤੋਂ ਵੱਧ ਦੀਆਂ ਆਵਾਜ਼ਾਂ ਸੁਣ ਨਹੀਂ ਸਕਦੇ। ਅਲਟਰਾਸੋਨਿਕ ਜ਼ਰੀਏ ਆਪਸ ਵਿਚ ਵਾਰਤਾਲਾਪ ਕਰਨ ਵਾਲੇ ਕੁਝ ਕੀੜੇ-ਮਕੌੜੇ ਦਰੱਖ਼ਤਾਂ ਦਾ ਰੋਣਾ-ਧੋਣਾ ਸੁਣ ਲੈਂਦੇ ਹਨ ਜੋ ਜਲ ਦੇ ਅਭਾਵ ਕਾਰਨ ਨਲੀਆਂ (ਡਕਟਸ) ਦੇ ਟੁੱਟਣ ਕਾਰਨ ਹੁੰਦਾ ਹੈ। 'ਬਚਾਓ ਬਚਾਓ' ਦਾ ਰੁਦਨ ਕਰਨ ਵਾਲੇ ਇਨ੍ਹਾਂ ਦਰੱਖਤਾਂ



Sri Satguru Jagjit Singh Ji eLibrary NamdhariElibrary@gmail.com

ਤੇ ਕੀੜੇ ਮਕੌੜੇ ਗਿੱਧਾਂ ਵਾਂਗ ਟੁੱਟ ਕੇ ਪੈ ਜਾਂਦੇ ਹਨ।

ਇਕ ਹੋਰ ਤੁਕ ਸਾਹਿਬ ਗੁਰੂ ਰਾਮਦਾਸ ਜੀ ਦੀ ਹੈ, ਜਿਸ ਵਿਚ ਉਨ੍ਹਾਂ ਫ਼ਰਮਾਇਆ ਸੀ :

*ਸਮੁੰਦ ਵਿਰੋਲ ਸਰੀਰੁ ਹਮ ਦੇਖਿਆ,*
*ਇਕ ਵਸਤੁ ਅਨੂਪ ਦਿਖਾਈ॥*

ਜੋ ਸਦੀਆਂ ਪਹਿਲਾਂ ਗੁਰੂ ਪਿਤਾ ਨੇ ਉਚਾਰਿਆ ਸੀ ਉਸ ਨੂੰ ਸਾਇੰਸਦਾਨ ਹੁਣ ਇਸ ਤਰ੍ਹਾਂ ਪਏ ਕਹਿੰਦੇ ਹਨ ਕਿ ਅਸੀਂ ਸੱਚਮੁੱਚ ਹੀ ਸਮੁੰਦਰ ਨੂੰ ਆਪਣੇ ਅੰਦਰ ਲਈ ਫਿਰਦੇ ਹਾਂ।

ਬਰਤਾਨੀਆ ਦੇ ਡਾਕਟਰ ਲੋਯਲ ਵਾਟਸਨ ਨੇ ਪੁਸਤਕ 'ਲਾਈਫ਼ ਟਾਈਮਜ਼' ਵਿਚ ਆਪਣੀ ਖੋਜ ਦਾ ਸਿੱਟਾ ਦਰਜ ਕਰਦੇ ਲਿਖਿਆ ਹੈ ਕਿ ਸਾਡੇ ਸਰੀਰ ਦੀ ਦ੍ਰਵ ਸੰਰਚਨਾ ਆਦਿ ਕਾਲ ਦੇ ਸਮੁੰਦਰ ਨਾਲ ਹੂ-ਬਹੂ ਮਿਲਦੀ ਹੈ। ਸਰੀਰ ਵਿਚ ਦੌਰਾ ਕਰਦੇ ਖ਼ੂਨ ਵਿਚ ਸੋਡੀਅਮ, ਪੋਟਾਸ਼ੀਅਮ, ਕਲੋਰਾਈਡ ਅਤੇ ਟਿਸ਼ਯੂਜ਼ ਵਿਚ ਕੋਬਾਲਟ, ਮੈਗਨੇਸ਼ੀਅਮ ਅਤੇ ਜ਼ਿੰਕ (ਜਿਸਤ) ਠੀਕ ਉਸੇ ਮਾਤਰਾ ਵਿਚ ਹਨ ਜਿਤਨੇ ਸਮੁੰਦਰ ਵਿਚ। ਹਿਲੋਰਾ ਲੈਂਦਾ ਸਾਡਾ ਅੰਦਰ ਦਾ ਸਮੁੰਦਰ ਮਨ ਵਿਚ ਉਹਨਾਂ ਹੀ ਸੰਘਰਸ਼ਾਂ ਦੇ ਤੂਫਾਨਾਂ ਵਿਚੋਂ ਗੁਜ਼ਰ ਰਿਹਾ ਹੈ ਜਿਸ ਵਿਚੋਂ ਕਦੇ ਆਦਿ ਕਾਲ ਦਾ ਸਮੁੰਦਰ ਤਿੰਨ ਅਰਬ ਸਾਲ ਪਹਿਲਾਂ ਲੰਘਿਆ ਸੀ।

ਵਾਸਟਨ ਨੇ ਇਹ ਵੀ ਲਿਖਿਆ ਹੈ ਕਿ ਸਮੁੰਦਰ ਦੇ ਪਾਣੀ ਦਾ ਨਮੂਨਾ ਲੈ ਕੇ ਕਈ ਵਾਰੀ ਟੈਸਟ ਕੀਤਾ ਹੈ ਪਰ ਉਸ ਨੇ ਆਪਣੇ ਅੰਦਰ ਦੇ ਉਠਣ ਵਾਲੇ ਜਵਾਰ ਭਾਟੇ ਦੀ ਕਦੇ ਦੱਸ ਨਹੀਂ ਪਾਈ ਅਤੇ ਨਾ ਹੀ ਕਦੇ ਟੈਸਟ ਲਈ ਸਮੁੰਦਰ ਦੇ ਪਾਣੀ ਵਿਚੋਂ ਜਵਾਰ ਭਾਟੇ ਉਠਦੇ ਦੇਖੇ ਹਨ। ਐਸਾ ਹੀ ਅੰਦਰ ਦੇ ਸਮੁੰਦਰ ਦਾ ਹਾਲ ਹੈ। ਇਸ ਵਿਚ ਜੋ ਨਿੱਤ ਤੂਫ਼ਾਨ ਉਠਦੇ ਹਨ ਉਨ੍ਹਾਂ ਨੂੰ ਕੋਈ ਵੈਦ, ਡਾਕਟਰ ਮਨੋਵਿਗਿਆਨੀ ਨਹੀਂ ਜਾਣ ਸਕਦਾ। ਸਿਰਫ਼ ਬਾਣੀ ਵਿਚ ਸਮਰੱਥਾ ਹੈ ਉਠਦੇ ਤੂਫ਼ਾਨਾਂ ਨੂੰ ਸ਼ਾਂਤ ਕਰਨ ਦੀ। ਸ਼ਾਂਤ ਚਿੱਤ ਹਿਰਦੇ ਵਿਚੋਂ ਨਾਮ ਰਤਨ ਕੱਢਣਾ ਬੜਾ ਸਹਿਲਾ ਹੁੰਦਾ ਹੈ।

ਹੁਣ ਗਹੁ ਨਾਲ ਰਤਾ ਪੜ੍ਹੋ ਗੁਰੂ ਅਰਜਨ ਦੇਵ ਜੀ ਨੇ ਜੋ ਗਾਥਾ ਵਿਚ ਫ਼ਰਮਾਇਆ ਹੈ। ਆਪ ਉਚਾਰਦੇ ਹਨ ਕਿ ਆਉਣ ਵਾਲੇ ਸਮੇਂ ਵਿਚ ਬੰਦਾ ਐਟਾਮਿਕ ਸ਼ਕਤੀ (ਪ੍ਰਮਾਣੂ ਦੀ ਤਾਕਤ) ਨਾਲ ਅੱਖ ਦੇ ਫੋਰ ਵਿਚ ਧਰਤੀ ਛੱਡ ਪੁਲਾੜ ਚੀਰ, ਅਕਾਸ਼ਾਂ ਵਿਚ ਤਾਰੀਆਂ ਲਗਾ ਕੇ ਵਾਪਸ ਆਉਣ ਦੀ ਸ਼ਕਤੀ ਵੀ ਹਾਸਲ ਕਰ ਲਵੇਗਾ। ਪਰ ਇਸ ਨੂੰ ਸ਼ਾਂਤੀ ਉਤਨੀ ਦੇਰ ਤੱਕ ਨਹੀਂ ਮਿਲੇਗੀ ਜਦ ਤਕ ਸਾਧੂ ਦੀ ਸੰਗਤ ਨਹੀਂ ਕਰੇਗਾ।

*ਪਰਮਾਣੋਂ ਪਰਜੰਤ ਆਕਾਸਹ,*
*ਦੀਪ ਲੋਅ ਸਿਖੰਡਣਹ॥*
*ਗਛੇਣ ਨੈਣ ਭਾਰੇਣ ਨਾਨਕ,*
*ਬਿਨਾ ਸਾਧੂ ਨ ਸਿਧਤੇ॥*

।◆।

Sri Satguru Jagjit Singh Ji eLibrary NamdhariElibrary@gmail.com

ਨੌ

# ਸਰਬ ਲੋਹ ਕੀ ਰਛਿਆ ਹਮਨੇ

**ਗੁਰੂ ਦੀ ਲੰਮੀ ਨਦਰ**

ਗੁਰੂ ਗੋਬਿੰਦ ਸਿੰਘ ਜੀ ਦੇ ਅਨੇਕਾਂ ਹੀ ਐਸੇ ਬਚਨ ਹਨ ਜਿਨ੍ਹਾਂ ਦਾ ਰਹਸ ਜਦ ਖੁਲ੍ਹਦਾ ਹੈ ਤਾਂ ਆਪ ਮੁਹਾਰੇ ਹੀ ਮੂੰਹੋਂ 'ਵਾਹ ਵਾਹ ਗੁਰੂ ਗੋਬਿੰਦ ਸਿੰਘ' ਨਿਕਲ ਜਾਂਦਾ ਹੈ। ਜਦ ਮਹਾਰਾਜ ਨੇ ਉਚਾਰਿਆ ਕਿ 'ਨਿਜ ਨਾਰੀ ਕੇ ਸੰਗ ਨੇਹੁ ਤੁਮ ਨਿਤ ਬਢੀਅਹੁ। ਪਰ ਨਾਰੀ ਕੀ ਸੇਜ ਭੂਲ ਸੁਪਨੇ ਨਾ ਜਈਅਹੁ' ਤਾਂ ਅੱਜ ਹਰ ਥਾਂ ਇਹ ਪੋਸਟਰ ਲੱਗੇ ਦੇਖ ਕੇ 'ਏਕਾ ਨਾਰੀ ਜਤੀ ਰਹੁ (Stick to your own partner) ਨਹੀਂ ਤਾਂ ਨਰਕ (ਏਡਜ਼) ਭੋਗੋਗੇ,' ਗੁਰੂ ਅੱਗੇ ਸਿਰ ਝੁਕ ਜਾਂਦਾ ਹੈ।

ਅਕਾਲ ਉਸਤਤਿ ਦੇ ਮੰਗਲਾਚਰਣ ਦੇ ਸ਼ਬਦ ਹਨ :

*ਅਕਾਲ ਪੁਰਖ ਕੀ ਰਛਾ ਹਮ ਨੇ।*
*ਸਰਬ ਲੋਹ ਕੀ ਰਛਿਆ ਹਮ ਨੇ।*
*ਸਰਬ ਕਾਲ ਜੀ ਕੀ ਰਛਿਆ ਹਮ ਨੇ।*
*ਸਰਬ ਲੋਹ ਜੀ ਕੀ ਸਦਾ ਰਛਿਆ ਹਮ ਨੇ।*

ਇਨ੍ਹਾਂ ਸ਼ਬਦਾਂ ਦੇ ਅਰਥਾਂ ਦਾ ਰਹੱਸ ਵੀ ਨਾ ਖੁਲ੍ਹਦਾ ਜੇ ਹੁਣੇ ਹੀ ਸਾਇੰਸਦਾਨਾਂ ਦਾ ਸਾਲਾਂ-ਬੱਧੀ ਸਿੱਟਾ ਸਾਡੇ ਸਾਹਮਣੇ ਨਾ ਆਉਂਦਾ। ਸਾਇੰਸਦਾਨਾਂ ਤੇ ਵਾਤਾਵਰਨ ਦੇ ਮਾਹਿਰਾਂ ਨੂੰ ਇਹ ਹੀ ਫ਼ਿਕਰ ਖਾਈ ਜਾ ਰਿਹਾ ਸੀ ਕਿ ਸੂਰਜ ਦੀ ਗਰਮੀ ਸ੍ਰਿਸ਼ਟੀ ਤੇ ਇਤਨੀ ਵਧ ਰਹੀ ਹੈ ਅਤੇ ਸਾਗਰਾਂ ਵਿਚ ਕਾਈ-ਸਾਵਲ ਇਤਨੀ ਉੱਗ ਰਹੀ ਹੈ ਕਿ ਉਹ ਓਜ਼ੋਨ (Ozone) ਹੀ ਮੁਕਾ ਦੇਵੇਗੀ ਅਤੇ ਆਕਸੀਜਨ ਦੇ ਨਾ ਮਿਲਣ ਕਰਕੇ ਜਿਊਣਾ ਦੂਭਰ ਹੋ ਜਾਏਗਾ। ਇਸ ਨੂੰ ਸਾਇੰਸ ਦੀ ਬੋਲੀ ਵਿਚ ਗ੍ਰੀਨ ਹਾਊਸ ਈਫੈਕਟ ਆਖਦੇ ਹਨ। ਇਸ ਤਰ੍ਹਾਂ ਜਿਸ ਰੋਜ਼-ਇ-ਹਸ਼ਰ ਦਾ ਜ਼ਿਕਰ ਪੁਰਾਤਨ ਪੁਸਤਕਾਂ ਵਿਚ ਆਉਂਦਾ ਹੈ ਦੁਨੀਆ ਨੂੰ ਗ੍ਰਸ ਲਵੇਗਾ ਅਤੇ ਸਭ ਸੜ ਰਾਖ਼ ਹੋ ਜਾਵੇਗਾ। ਖੋਜਤ ਖੋਜਤ ਅਮਰੀਕਾ ਦੇ ਸਾਇੰਸਦਾਨਾਂ ਨੇ ਇਹ ਨਿਰਣਾ ਲਿਆ ਕਿ ਜੇ ਸਾਗਰਾਂ ਦੀ ਤਹਿ ਹੇਠ ਖ਼ਾਸ ਕਰਕੇ ਐਂਟਾਰਟਿਕਾ ਤਲੇ ਸਰਬ ਲੋਹ ਦੇ ਨਿੱਕੇ ਨਿੱਕੇ ਟੁਕੜੇ ਦਬਾਅ ਦਿੱਤੇ ਜਾਣ ਤਾਂ ਕਾਈ-ਸਾਵਲ ਵੀ ਸਿਰ ਨਹੀਂ ਉਠਾਏਗੀ ਅਤੇ ਸੂਰਜ ਦੀ ਤਪਸ਼ ਵੀ ਲੋਹਾ ਸੋਖ ਲਵੇਗਾ। ਓਜ਼ੋਨ ਦੀਆਂ ਤਹਿਆਂ ਬਣੀਆਂ ਰਹਿਣਗੀਆਂ। ਜੀਵਨ ਦਾਤੀ ਆਕਸੀਜਨ ਪੂਰੀ ਮਾਤਰਾ ਵਿਚ ਸ੍ਰਿਸ਼ਟੀ ਨੂੰ ਮਿਲਦੀ ਰਹੇਗੀ।



Sri Satguru Jagjit Singh Ji eLibrary NamdhariElibrary@gmail.com

ਫਿਰ ਸਭ ਤੋਂ ਵੱਡੀ ਗੱਲ ਹੈ ਕਿ ਐਸਾ ਕਰਦਿਆਂ ਕੇਵਲ ੧੬੦੦ ਕਰੋੜ ਰੁਪਏ ਦੇ ਕਰੀਬ ਹੀ ਲੱਗਣਗੇ।

ਹੁਣ ਸਮਝ ਆਈ ਕਿ ਦਸਮੇਸ਼ ਪਿਤਾ ਨੇ 'ਸਰਬ ਲੋਹ ਕੀ ਰਛਿਆ ਹਮ ਨੈ' ਕਿਉਂ ਫ਼ਰਮਾਇਆ। ਆਪ ਜੀ ਨੇ ਜਿਥੇ ਸਾਨੂੰ ਸਰਬ-ਲੋਹ ਦਾ ਕੜਾ ਇਸ ਲਈ ਪਹਿਨਣ ਦਾ ਹੁਕਮ ਦਿੱਤਾ ਕਿ ਅਸੀਂ ਵਾਹਿਗੁਰੂ ਦੇ ਹੋ ਕੇ ਸੰਸਾਰ ਵਿਚ ਵਿਚਰੀਏ, ਯਕੀਨ ਦ੍ਰਿੜ ਰਵ੍ਹੇ, ਉਥੇ ਇਕ ਕਾਰਨ ਇਹ ਵੀ ਲੱਗਦਾ ਹੈ ਕਿ ਸਿੱਖ ਨੂੰ ਨਾ ਦੁਨਿਆਵੀ ਤਪਸ਼ ਸਤਾਏ ਤੇ ਨਾ ਹੀ ਆਕਾਸ਼ੀ। ਐਡਮੈਂਡ ਕੈਂਡਲਰ ਨੇ ਵੀ ਆਪਣੀ ਪੁਸਤਕ 'ਮੈਟਲ ਆਫ਼ ਦੀ ਈਸਟ' ਵਿਚ ਲਿਖਿਆ ਸੀ ਕਿ ਲੋਹੇ ਦੀ ਸਹੀ ਵਰਤੋਂ ਕੋਈ ਗੁਰੂ ਗੋਬਿੰਦ ਸਿੰਘ ਜੀ ਕੋਲੋਂ ਸਿੱਖੇ। ਰੁਡਯਾਰਡ ਕਿਪਲਿੰਗ ਨੇ ਭਾਵੇਂ ਹੋਰ ਪ੍ਰਸੰਗ ਵਿਚ ਕਿਹਾ ਸੀ ਪਰ ਆਖਿਆ ਬੜਾ ਢੁਕਵਾਂ ਸੀ ਕਿ :

*ਸਰਬ ਲੋਹ ਹੈ ਸਭ ਤੋਂ ਉਤਮ*
*ਰਖਦੇ ਹਨ ਸੁਘੜ ਸਿਆਣ।*

।◆।

ਦਸ

# ਇਕ .ਗਲਤ ਮਨੌਤ

ਕਿਤਨੀਆਂ ਹੀ ਗ਼ਲਤ ਮਨੌਤਾਂ, ਸਾਡੇ ਘਰ ਪ੍ਰਚਲਤ ਹੋ ਗਈਆਂ ਅਤੇ ਦੁੱਖ ਦੀ ਗੱਲ ਇਹ ਹੈ ਕਿ ਉਹ ਹੁਣ ਤਕ ਪਰਚਾਰੀਆਂ ਵੀ ਜਾ ਰਹੀਆਂ ਹਨ।

## .ਗਲਤ ਪ੍ਰਚਾਰ

ਜਿਵੇਂ ਕਿ ਮੂਲ ਨਾ ਪੜ੍ਹਨ ਕਰਕੇ ਇਹ ਚਲਾ ਦਿੱਤਾ ਕਿ ਗੁਰੂ ਤੇਗ਼ ਬਹਾਦਰ ਜੀ ਜਦ ਸ੍ਰੀ ਅੰਮ੍ਰਿਤਸਰ ਪਧਾਰੇ ਤਾਂ ਅੱਗੋਂ ਸ੍ਰੀ ਦਰਬਾਰ ਸਾਹਿਬ ਦੀ ਦਰਸ਼ਨੀ ਡਿਊੜੀ ਦੇ ਦਰਵਾਜ਼ੇ ਬੰਦ ਦੇਖ, ਥੜ੍ਹਾ ਸਾਹਿਬ ਇਹ ਬਚਨ ਕਰ ਦਿੱਤਾ ਕਿ 'ਅੰਮ੍ਰਿਤਸਰੀਏ, ਅੰਤਰ ਸੜੀਏ।' ਭਲਾ ਕੋਈ ਪੁੱਛੇ ਕਿ ਜੋ ਗੁਰੂ ਪਾਤਸ਼ਾਹ ਧੀਰ ਮੱਲ ਦੇ ਮਸੰਦ ਸ਼ੀਹਾਂ ਵਲੋਂ ਉਨ੍ਹਾਂ ਤੇ ਗੋਲੀ ਚਲਾਉਣ ਵੇਲੇ ਇਹ ਆਖਦੇ ਹਨ 'ਭਲੇ ਧੀਰ ਮੱਲ, ਭਲੇ ਧੀਰ ਮੱਲ, ਭਲੇ' ਅਤੇ ਸਾਰਾ ਧਨ ਮਾਲ ਧੀਰ ਮੱਲ ਵਲੋਂ ਲੁੱਟੇ ਜਾਣ ਤੇ ਵੀ ਇਹ ਹੀ ਕਹਿੰਦੇ ਹਨ : *'ਕਿਆ ਫੁਨ ਭਇਓ ਜੋ ਲੇਹ ਗਇਓ ਚੜ੍ਹਤ, ਹਮੇ ਰੋਸ ਤਿਲ ਨਹੀਂ ਹੈ ਰਾਈ।* ਦਰਬ ਕੇ ਕਾਰਨੈ ਗੁਰੂ ਮਹਾਰਾਜ ਨੇ ਨਹੀਂ ਬੈਠ ਇਹ ਦੁਕਾਨ ਪਾਈ'। ਉਹ ਇਹ ਕਦਾਚਿਤ ਨਹੀਂ ਆਖ ਸਕਦੇ ਕਿ 'ਅੰਮ੍ਰਿਤਸਰੀਏ, ਅੰਤਰ ਸੜੀਏ'।

ਗੱਲ ਅਸਲ ਵਿਚ ਇਹ ਹੋਈ ਸੀ ਕਿ ਜਦ ਮਿਹਰਬਾਨ ਦੇ ਪੁੱਤਰ, ਪ੍ਰਿਥੀ ਚੰਦ ਦੇ ਪੋਤਰੇ ਹਰਿ ਜੀ ਨੇ ਗੁਰੂ ਜੀ ਦਾ ਆਉਣਾ ਸੁਣਿਆ ਤਾਂ ਦਰਬਾਰ ਸਾਹਿਬ ਦੇ ਦਰਵਾਜ਼ੇ ਬੰਦ ਕਰ, ਚਾਬੀਆਂ ਸਰੋਵਰ ਵਿਚ ਸੁਟ ਹੇਹਰੀਂ ਚਲਾ ਗਿਆ। ਮਹਾਰਾਜ ਬਾਹਰੋਂ ਹੀ ਸਰੋਵਰ ਵਿਚ ਇਸ਼ਨਾਨ ਕਰ, ਥੜ੍ਹਾ ਸਾਹਿਬ ਕੁਝ ਪਲ ਠਹਿਰ ਪਿੰਡ ਵੱਲਾ ਚਲੇ ਗਏ। ਅੰਮ੍ਰਿਤਸਰ ਦੀਆਂ ਮਾਈਆਂ ਨੂੰ ਜਦ ਪਤਾ ਲੱਗਾ ਕਿ ਗੁਰੂ ਜੀ ਆਏ ਸਨ ਪਰ ਕਿਸੇ ਨੇ ਆਦਰ ਭਾਉ ਨਹੀਂ ਕੀਤਾ ਤਾਂ ਉਹ ਵੱਲਾ ਪਿੰਡ ਪੁਜੀਆਂ। ਮਹਾਰਾਜ ਨੇ ਸ਼ਰਧਾ ਭਾਵਨਾ ਦੇਖ ਉਚਾਰਿਆ :

*'ਮਾਈਆਂ ਰਬ ਰਜਾਈਆਂ।*
*ਭਗਤੀ ਲਾਈਆਂ।'*

ਇਤਨੇ ਨੂੰ ਭਾਈ ਮੱਖਣ ਸ਼ਾਹ ਲੁਬਾਣਾ ਦੀ ਲਾਹਨ ਤਾਹਨ ਕਰਨ ਨਾਲ ਜੰਦਰੇ ਤੋੜ ਦਰਵਾਜ਼ੇ ਖੋਲ੍ਹੇ ਗਏ ਤੇ ਜੋ ਮਸੰਦ ਦਰਬਾਰ ਸਾਹਿਬ ਦੀ ਕਾਰ ਨਿਭਾਉਂਦੇ ਸਨ, ਨੇ ਆ ਖ਼ਿਮਾ ਮੰਗੀ ਤਾਂ ਮਹਾਰਾਜ ਨੇ ਕਿਹਾ ਕਿ ਕੈਸੇ ਹੋ ਤੁਸੀਂ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕ ਜੋ ਅੰਮ੍ਰਿਤ ਦੇ ਸੋਮੇ ਵਿਚ ਵੀ ਰਹਿ, ਅੰਦਰ ਤ੍ਰਿਸ਼ਨਾ ਨਾਲ ਜਲ ਰਹੇ ਹੋ।



Sri Satguru Jagjit Singh Ji eLibrary NamdhariElibrary@gmail.com

*'ਨਹਿ ਮਸੰਦ ਤੁਮ ਅੰਮ੍ਰਿਤਸਰੀਏ।*
*ਤ੍ਰਿਸ਼ਨਾਗਨ ਤੇ ਅੰਤਰ ਸੜੀਏ'।*

ਅੰਮ੍ਰਿਤਸਰ ਦੇ ਵਸਨੀਕਾਂ ਵਿਰੁੱਧ ਪ੍ਰਚਾਰ ਕਰਨ ਵਾਲਿਆਂ ਨੇ ਪਹਿਲੀ ਤੁਕ ਤੇ ਦੂਜੀ ਤੁਕ ਦੇ ਪਹਿਲੇ ਤਿੰਨ ਤਿੰਨ ਸ਼ਬਦ ਤਾਂ ਹਜ਼ਮ ਕਰ ਦਿੱਤੇ ਤੇ ਕਹਿਣ ਲੱਗੇ : *ਅੰਮ੍ਰਿਤਸਰੀਏ, ਅੰਤਰ ਸੜੀਏ।'* ਕੁਝ ਇਸੇ ਤਰ੍ਹਾਂ ਗੁਰੂ ਦੀ ਅਜ਼ਮਤ ਨੂੰ ਨਾ ਜਾਣਦੇ ਹੋਏ ਇਹ ਚਰਚਾ ਕਰ ਦਿੱਤੀ ਕਿ ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਉਚਾਰਦੇ ਜਦ ਸੋਲ੍ਹਾਂ ਅਸ਼ਟਪਦੀਆਂ ਉਚਾਰ ਚੁਕੇ ਤਾਂ ਅਟਕ ਗਏ ਤੇ ਬਾਬਾ ਸ੍ਰੀ ਚੰਦ ਨੇ ਆ ਕੇ ਸਤਾਰ੍ਹਵੀਂ ਅਸ਼ਟਪਦੀ ਦਾ ਸਲੋਕੁ

*'ਆਦਿ ਸਚੁ ਜੁਗਾਦਿ ਸਚੁ॥*
*ਹੈ ਭਿ ਸਚੁ, ਨਾਨਕ ਹੋਸੀ ਭਿ ਸਚੁ'॥*

ਉਚਾਰ ਅੱਗੋਂ ਲਿਖਣ ਲਈ ਗੁਰੂ ਜੀ ਨੂੰ ਪ੍ਰੇਰਨਾ ਦਿੱਤੀ। ਇਹ ਮਨੌਤ ਮੁਢੋਂ ਹੀ ਨਿਰਮੂਲ ਹੈ ਕਿ ਕਿਸੇ ਬਾਬਾ ਸ੍ਰੀ ਚੰਦ ਨੇ ਆ ਕੇ ਸੁਖਮਨੀ ਉਚਾਰਦੇ ਅਟਕੇ ਗੁਰੂ ਅਰਜਨ ਦੇਵ ਜੀ ਨੂੰ *'ਆਦਿ ਸਚੁ ਜੁਗਾਦਿ ਸਚੁ'* ਦਾ ਸਲੋਕ ਲਿਖ ਕੇ ਅਗੋਂ ਅਸ਼ਟਪਦੀ ਲਿਖਣ ਲਈ ਕਿਹਾ। ਸੁਖਮਨੀ ਸਾਹਿਬ ਇਕੋ ਬੈਠਕ ਵਿਚ, ਇਕੋ ਥਾਂ, ਰਾਮਸਰ ਸਾਹਿਬ ਗੁਰੂ ਅਰਜਨ ਦੇਵ ਜੀ ਨੇ ਉਚਾਰ ਲਿਖੀ ਸੀ। *ਇਹ ਧੁਰ ਕੀ ਬਾਣੀ ਹੈ ਕਿਸੇ ਵਿਅਕਤੀ ਦਾ ਇਸ ਵਿਚ ਦਖ਼ਲ ਨਹੀਂ*। ਇਹ ਪੁੱਠੀ ਮਨੌਤ ਉਸ ਨਾ-ਸਮਝੀ ਵਿਚੋਂ ਨਿਕਲੀ ਲੱਗਦੀ ਹੈ ਜਿਸ ਅਨੁਸਾਰ ਸੁਖਮਨੀ ਸਾਹਿਬ ਨੂੰ ਇਕ ਇਕਾਈ ਨਹੀਂ ਜਾਣਿਆ। ਇਕ ਮਜ਼ਮੂਨ ਨਹੀਂ ਤੱਕਿਆ। ਮਜ਼ਮੂਨ ਹੈ : *ਮਨ ਬਿਸ੍ਰਾਮ ਕਿਵੇਂ ਕਰਨਾ ਹੈ।* ਹੁਣ ਤਕ ਦੱਸ ਆਏ ਹਾਂ ਕਿ ਜੋ ਚਿਤ ਦਾ ਦੁੱਚਿਤਾਪਣ ਹੈ, ਉਹ ਹੀ ਮਨ ਨਹੀਂ ਟਿਕਣ ਦੇਂਦਾ। ਦੁਚਿੱਤਾਪਣ ਇਹ ਹੈ ਕਿ ਕਦੇ ਤਾਂ ਦਿਸਦਾ ਜਗਤ ਹੀ ਸਭ ਕੁਝ ਲੱਗਣ ਲੱਗ ਪੈਂਦਾ ਹੈ ਤੇ ਕਦੇ ਇਹ ਨਾਸ਼ਵੰਤ ਮਹਿਸੂਸ ਹੁੰਦਾ ਹੈ। ਕਦੇ ਵਾਹਿਗੁਰੂ ਦੀ ਹੋਂਦ ਦਾ ਅਹਿਸਾਸ ਹੁੰਦਾ ਹੈ ਤੇ ਕਦੇ ਵਾਹਿਗੁਰੂ ਦੀ ਯਾਦ ਤਕ ਨਹੀਂ ਆਉਂਦੀ। ਕਦੇ ਇਹ ਮਹਿਸੂਸ ਹੁੰਦਾ ਹੈ ਕਿ ਸਭ ਕੁਝ ਉਸ ਦੇ ਹੀ ਵਸ ਹੈ ਅਸੀਂ ਤਾਂ ਸਿਰਫ਼ ਖੇਡ ਦੇ ਖਿਡੌਣੇ ਹਾਂ ਪਰ ਕਦੇ ਲੱਗਦਾ ਹੈ ਕਿ ਅਸੀਂ ਆਪ ਹੀ ਕਰਤੇ ਹਾਂ। ਪਰ ਫਿਰ ਸਤਾਰ੍ਹਵੀਂ ਅਸ਼ਟਪਦੀ ਵਿਚ ਸਮਝਾਂਦੇ ਹਨ ਕਿ ਇਹ ਦੁਚਿੱਤਾਪਣ ਛੱਡਕੇ ਦੇਖ, ਉਹ ਤੈਨੂੰ ਹੋਂਦ ਵਾਲਾ ਦਿੱਸਣ ਲੱਗ ਪਵੇਗਾ। ਉਸ ਦਾ ਰੂਪ ਸੱਚ ਹੈ। ਸਲੋਕ ਤੇ ਅਸ਼ਟਪਦੀ ਵਿਚ ਕਹਿੰਦੇ ਹਨ ਕਿ ਵਾਹਿਗੁਰੂ ਦੀ ਪਾਵਨ ਹੋਂਦ (ਸਚੁ) ਅਰੰਭ ਵਿਚ ਸੀ ਤੇ ਹੁਣ ਹੈ ਤੇ ਅੱਗੋਂ ਵੀ ਹੋਵੇਗੀ। ਸੰਸਾਰ ਦੀ ਪਕੜ ਛੱਡਣ ਨਾਲ ਉਸ ਦੀ ਹੋਂਦ ਸਾਫ਼ ਦਿੱਸਣ ਲੱਗ ਪੈਂਦੀ ਹੈ। ਅਸ਼ਟਪਦੀ ਵਿਚ ਕਹਿੰਦੇ ਹਨ ਕਿ ਵਾਹਿਗੁਰੂ ਦੀ ਛੂਹ ਮਹਿਸੂਸ ਕੀਤੀ ਜਾ ਸਕਦੀ ਹੈ (ਸਤਿ ਪਰਸਨਹਾਰ)। ਉਸ ਦੀ ਪੂਜਾ, ਧਿਆਉਣਾ ਜਾਂ ਸੁਰਤਿ ਕੋਈ ਇੰਜੇ ਕਹੇ ਸ਼ਬਦ ਨਹੀਂ ਹਨ। ਬਸ ਇਹ ਯਕੀਨ ਆ ਜਾਣਾ ਚਾਹੀਦਾ ਹੈ ਕਿ ਉਹ ਅਸਲੀਅਤ ਹੈ ਤਾਂ ਫਿਰ ਉਸ ਦੇ ਚਲਿਤ ਚੰਗੇ ਲੱਗਣ ਲੱਗ ਪੈਂਦੇ ਹਨ ਅਤੇ ਆਪਾ ਉਸ ਵਿਚ ਹਲੂਲ ਕਰਨਾ ਆਸਾਨ ਹੋ ਜਾਂਦਾ ਹੈ। ਐਸਾ ਸੇਵਕ ਹੁਕਮ ਵਿਚ ਟੁਰਦਾ ਹੈ, ਆਪ-ਹੁਦਰੀਆਂ ਨਹੀਂ ਕਰਦਾ ਤੇ ਯਾਦ ਟੁੱਟਣ ਨਹੀਂ ਦੇਂਦਾ। ਐਸੇ ਦੇ

Sri Satguru Jagjit Singh Ji eLibrary NamdhariElibrary@gmail.com

ਔਗੁਣ ਵਾਹਿਗੁਰੂ ਨਹੀਂ ਚਿਤਾਰਦਾ ਅਤੇ ਚਾਰੇ ਪਾਸੇ ਉਸਦੀ ਸੋਭਾ ਫੈਲ ਜਾਂਦੀ ਹੈ। ਵਾਹਿਗੁਰੂ ਦਾ ਨਿਰਾ ਇਹ ਗੁਣ ਨਹੀਂ ਕਿ ਪਰਦਾ ਢਕਦਾ ਹੈ ਸਗੋਂ ਉਸ ਦੀਆਂ ਵਡਿਆਈਆਂ ਦਾ ਕੋਈ ਅੰਤ ਨਹੀਂ। ਕਿਸੇ ਕੀੜੇ ਵਰਗੇ ਨਿਮਾਣੇ ਵਿਚ ਆਪਣੀ ਸ਼ਕਤੀ ਪਾ ਦੇਵੇ ਤਾਂ ਲੱਖਾਂ ਫ਼ੌਜਾਂ ਨੂੰ ਭਸਮ ਕਰ ਦੇਵੇ। ਸਾਡਾ ਤਾਂ ਇਕ ਹੀ ਫ਼ਰਜ਼ ਹੈ ਕਿ ਉਸ ਨੂੰ ਸਦਾ ਯਾਦ ਰੱਖੀਏ। ਯਾਦ ਕਰਦੇ ਰਹਿਆਂ ਨਿਰਾਲੀ ਤਸੱਲੀ ਮਿਲਦੀ ਹੈ। ਮਨ ਦੁਨੀਆ ਵੱਲ ਨਹੀਂ ਝੁਕਦਾ। *'ਅਵਰੁ ਨਾਹੀ ਦ੍ਰਿਸਟਾਇਆ'* । ਯਾਦ ਪਕਾਉਣ ਲਈ ਕੋਈ ਹੱਠ ਯੋਗ ਜਾਂ ਆਪਣੇ ਤੇ ਜਬਰ ਨਹੀਂ ਕਰਨਾ। ਕੇਵਲ *'ਆਤਮ ਕੈ ਚਾਇ'* ਭਗਤੀ ਕਰਨੀ ਹੈ। ਉਸ ਦੀ ਹਜ਼ੂਰੀ ਵਿਚ ਰਹਿਣ ਦਾ ਬੜਾ ਹੀ ਮਜ਼ਾ ਹੈ। ਵੱਡਾ ਸਵਾਦ ਇਹ ਹੈ ਕਿ ਫਿਰ ਚਲਿਤ ਦੇਖ ਮਨ ਨਹੀਂ ਡੋਲਦਾ। ਅਖ਼ੀਰ ਤੇ ਸਮਝਾਂਦੇ ਹਨ ਕਿ ਵਾਹਿਗੁਰੂ ਤੱਕ ਜੇ ਪਹੁੰਚ ਨਹੀਂ ਵੀ ਹੋ ਸਕੀ ਤਾਂ ਛੱਡ ਨਾ ਬੈਠੀਂ। ਉਨ੍ਹਾਂ ਦੀ ਸੰਗਤ ਕਰੀ ਚਲ ਜੋ ਹਜ਼ੂਰੀ ਦਾ ਅਨੰਦ ਮਾਣ ਰਹੇ ਹਨ। ਐਸਾ ਕਰਦਿਆਂ ਵਾਹਿਗੁਰੂ ਦੀ ਹੋਂਦ ਦਾ ਪ੍ਰਕਾਸ਼ ਇਕ ਦਿਨ ਸੁਤੇ ਸਿੱਧ ਹੋ ਜਾਏਗਾ। I◆I

Sri Satguru Jagjit Singh Ji eLibrary NamdhariElibrary@gmail.com

## ਗਿਆਰਾਂ

# ਮਨ ਤੂਆਨਾ ਤੂ ਕੁਦਰਤੀ ਆਇਆ

### ਮਨ ਤੂ ਜੋਤਿ ਸਰੂਪ

ਮਨ ਦੀ ਸ਼ਕਤੀ ਤੋਂ ਕੋਈ ਇਨਕਾਰੀ ਨਹੀਂ। ਗੁਰੂ ਨਾਨਕ ਦੇਵ ਜੀ ਮਲਾਰ ਦੀ ਵਾਰ ਵਿਚ ਫ਼ਰਮਾਂਦੇ ਹਨ ਕਿ ਮਨ ਤੂੰ ਇਸ ਕਰਕੇ ਤਾਕਤਵਰ ਹੈਂ ਕਿਉਂਕਿ ਤੂੰ ਵੀ ਉਨ੍ਹਾਂ ਤੱਤਾਂ ਦਾ ਬਣਿਆ ਹੈਂ ਜਿਸ ਦੀ ਕੁਦਰਤ। 'ਮਨ ਤੂਆਨਾ ਤੂੰ ਕੁਦਰਤੀ ਆਇਆ'। ਮਨ ਅਸਲ ਵਿਚ ਸਾਰੀਆਂ ਦਿਮਾਗ਼ੀ ਤਾਕਤਾਂ, ਸੰਕਲਪ (ਫ਼ੈਸਲਾ ਕਰਨ), ਵਿਕਲਪ (ਸ਼ੰਕਾ ਉਠਾਉਣ), ਸਮਝ, ਬੂਝ, ਸਿਆਣ, ਹਿੱਸ, ਇੱਛਾ, ਵਿਚਾਰ, ਅੰਤਹਕਰਨ ਦਾ ਸਮੂਹ ਜਿਹਾ ਹੈ। ਇਸੇ ਲਈ ਕਦੇ ਆਕਾਸ਼ ਚੜ੍ਹ ਜਾਂਦਾ ਹੈ। ਕਦੇ ਪਇਆਲਾਂ ਵਿਚ ਗ਼ਰਕ ਹੋ ਗੋਤੇ ਖਾਂਦਾ ਰਹਿੰਦਾ ਹੈ। ਗੁਰਬਾਣੀ ਅਨੁਸਾਰ ਮਨ ਜਿਨ੍ਹਾਂ ਬਿਰਤੀਆਂ ਦਾ ਟਿਕਾਣਾ ਹੈ, ਉਨ੍ਹਾਂ ਵਿਚੋਂ ਕੁਝ ਕੁ ਨੂੰ ਇਸ ਤਰ੍ਹਾਂ ਦੱਸਿਆ ਜਾ ਸਕਦਾ ਹੈ। ਮਨ ਹਮੇਸ਼ਾ ਕੁਝ ਨਾ ਕੁਝ ਆਸ ਕਰਦਾ ਰਹਿੰਦਾ ਹੈ, ਸੋ ਇਸ ਵਿਚ ਉਡੀਕ ਦਾ ਅੰਸ਼ ਹੈ। ਉਡੀਕ ਕਰ ਫੱਟ ਉਦਾਸ ਹੋ ਜਾਂਦਾ ਹੈ। *'ਮਨਿ ਆਸ ਉਡੀਣੀ'।*

ਮਨ ਬੈਠੇ ਬੈਠੇ ਇੱਛਾ ਕਰੀ ਜਾਂਦਾ ਹੈ। ਇੱਛਾ ਵਿਚ ਹੋਣ ਕਾਰਨ ਇਸ ਨੂੰ ਸਿਵਾਇ ਇੱਛਾ ਤੋਂ ਹੋਰ ਕੁਝ ਦਿੱਸਦਾ ਨਹੀਂ। ਉਸ ਵੇਲੇ ਅੰਨ੍ਹਾ ਹੈ। ਕਮੀਨ ਹੈ। ਕਮਤਰੀਨ ਹੈ। ਹਰ ਥਾਂ ਹੋ ਆਉਣ ਦੀ ਤਾਕਤ ਕਾਰਨ ਇਹ ਸਮਝਦਾ ਹੈ ਕਿ ਉਸ ਵਰਗੀ ਵਾਕਫ਼ੀਅਤ ਕਿਸੇ ਦੀ ਨਹੀਂ ਹੈ। ਇਹ ਇਸ ਦਾ ਭੁਲੇਖਾ ਹੈ। ਸੋ ਹੁਕਮ ਹੈ : *'ਮਨ ਸਮਝ ਛੋਡਿ'।*

ਨਿਰਾ ਫੁਰਨਿਆਂ ਵਿਚ ਰਹਿਣ ਦੀ ਇਸ ਦੀ ਆਦਤ ਹੈ। ਇਸ ਲਈ ਗੁਰੂ ਜੀ ਕਹਿੰਦੇ ਸਨ ਕਿ ਫੁਰਨਿਆਂ ਨੂੰ ਅੰਦਰ ਹੀ ਰੱਖ, ਬਾਹਰ ਨਾ ਜਾਣ ਦੇਹ। ਉੱਡ ਉੱਡ ਜਾਣ ਕਰਕੇ ਆਪਣੀ ਸ਼ਕਤੀ ਜ਼ਾਇਆ ਕਰੀ ਜਾ ਰਿਹਾ ਹੈਂ। *'ਮਨਸਾ ਮਨਹਿ ਸਮਾਇ'।* ਮਨ ਦੀ ਇਕ ਹੋਰ ਬਿਰਤੀ ਹੱਠ ਹੈ। ਹੱਠੀ ਹੋਣ ਕਾਰਨ ਬੁੱਧੀ ਨਹੀਂ ਵਰਤਦਾ ਤੇ ਦੁੱਖਾਂ ਵਿਚ ਪੈਂਦਾ ਹੈ। *'ਮਨਿ ਹਠਿ, ਮਤੀ ਬੂਡੀਐ'।* ਗੁੱਸਾ ਮਨ ਹੰਢਾਉਣ ਕਾਰਨ, ਅੰਦਰ ਜ਼ਹਿਰ ਇਕੱਠਾ ਕਰੀ ਜਾਂਦਾ ਹੈ। *'ਮਨ ਹਿਰਦੈ ਕ੍ਰੋਧ ਮਹਾ ਬਿਸਲੋਧ।'* ਫ਼ਰੀਦ ਜੀ ਨੇ ਇਸੇ ਲਈ ਚੇਤਾਵਨੀ ਦਿੱਤੀ ਸੀ : ਗੁੱਸਾ ਮਨ ਨ ਹਢਾਇ। ਨ ਗੁੱਸਾ ਹੰਢਾਉਣ ਕਾਰਨ, ਦੇਹ ਨੂੰ ਰੋਗ ਨਹੀਂ ਲੱਗੇਗਾ ਤੇ ਕ੍ਰੋਧ-ਰਹਿਤ ਹੋਣ ਕਾਰਨ ਜੋ ਚਾਹੇਂਗਾ ਪ੍ਰਾਪਤ ਕਰ ਸਕੇਂਗਾ। ਮਨ ਜੋ ਆਪਣਾ ਸੁਭਾਉ, ਫ਼ਿਤਰਤ (Habit) ਬਣਾ ਲਵੇ ਉਸ ਨੂੰ ਹਟਾਉਣ ਦਾ ਜਤਨ ਨਹੀਂ ਕਰਦਾ। ਇਸ ਲਈ ਕਹਿੰਦੇ ਹਨ ਕਿ Habit ਐਸੀ ਹੈ ਕਿ ਜੇ ਐਚ (H) ਹਟਾ ਦਿਓ ਤਾਂ ਫਿਰ ਵੀ,



Sri Satguru Jagjit Singh Ji eLibrary NamdhariElibrary@gmail.com

ਏ ਬਿਟ (A Bit) ਥੋੜ੍ਹੀ ਜਿਹੀ ਰਹਿ ਜਾਏਗੀ ਅਤੇ ਜੇ ਬੀ ਵੀ ਮੁਕਾ ਦਿਓ ਤਾਂ ਵੀ ਇਟ (ਇਹ) ਰਹਿ ਜਾਏਗੀ। ਮਨ ਆਪਣੀ ਹੀ ਮਤ ਵਿਚ ਮਸਤ ਰਹਿੰਦਾ ਹੈ ਜਿਵੇਂ ਹਾਥੀ ਸ਼ਰਾਬ ਪੀ ਮਸਤ ਹੋ ਜਾਏ ਤਾਂ ਹੋਰ ਕੁਝ ਉਸ ਨੂੰ ਨਹੀਂ ਸੁਝਦਾ। *'ਮਨ ਮੈ ਮਤ ਮੈਗਲ ਮਿਕਦਾਰਾ'*। ਮਨ ਦੀ ਭੈੜੀ ਹਰਕਤ ਇਹ ਹੈ ਕਿ ਦੁਬਿਧਾ ਵਿਚ ਰਹਿੰਦਾ ਹੈ। ਕਦੇ ਕਹਿੰਦਾ ਹੈ ਕਿ ਇਹ ਸੰਸਾਰ ਹੀ ਸਭ ਕੁਝ ਹੈ ਅਤੇ ਕਦੇ ਸੰਸਾਰ ਤੋਂ ਇਤਨੀ ਬੇਰੁਖ਼ੀ ਧਾਰ ਲੈਂਦਾ ਹੈ ਕਿ ਅਵੇਸਲਾ ਹੋ ਜਾਂਦਾ ਹੈ। ਇਕ ਵਾਧਾ ਵੀ ਹੈ ਜੇ ਚਾਉ ਵਿਚ ਆ ਜਾਏ ਤਾਂ ਮੋਤੀ ਵਾਂਗ ਸ਼ਫਾਫ਼ ਹੋ ਗਹਿਣੇ ਵਿਚ ਜੜਨ ਜੋਗ ਹੋ ਜਾਂਦਾ ਹੈ। *'ਮਨ ਚਾਉ ਘਨੇਰਾ'*। ਇਸ ਵਿਚ ਹਰ ਗੱਲ ਤੋਲਣ ਦੀ ਸ਼ਕਤੀ ਆ ਜਾਂਦੀ ਹੈ ਅਤੇ ਫਿਰ ਪੁੱਠੇ ਪਾਸੇ ਸਰੀਰ ਨੂੰ ਜਾਣ ਹੀ ਨਹੀਂ ਦੇਂਦਾ। *'ਮਨ ਤਾਰਾਜੀ ਚਿਤੁ ਤੁਲਾ'*।

ਇਹ ਨਿਰੇ ਬਿਆਨ ਨਹੀਂ ਹਨ। ਅੱਜ ਦੀ ਉਚੇਰੀ ਖੋਜ ਦੱਸ ਰਹੀ ਹੈ ਕਿ ਮਨ ਜੇ ਰੋਗੀ ਹੋ ਗਿਆ ਤਾਂ ਤਨ ਵਿਚ ਰੋਗ ਉਠ ਖਲੋਂਦੇ ਹਨ। ਮਨ, ਤਨ ਨੂੰ ਆਪਣੀ ਕੜਿਕੀ ਵਿਚ ਰੱਖਦਾ ਹੈ ਜੇ ਕੜਿੱਕੀ ਵਿਚੋਂ ਕੱਢ ਲਈਏ ਤਾਂ ਤਨ ਨਰੋਆ ਹੋ ਜਾਂਦਾ ਹੈ। ਰੋਗ ਨੇੜੇ ਨਹੀਂ ਰਹਿੰਦੇ। ਹੁਣ ਤਾਂ ਪਰਗਟ ਸ਼ਹਾਦਤਾਂ ਮਿਲ ਗਈਆਂ ਹਨ ਕਿ ਕਾਇਆ ਦੀਆਂ (ਕੈਂਸਰ ਵਰਗੀਆਂ) ਅਤੇ ਛੂਤ ਵਾਲੀਆਂ (ਜ਼ੁਕਾਮ ਜਿਹੀਆਂ ਬਿਮਾਰੀਆਂ) ਦਾ ਸਿੱਧਾ ਸਬੰਧ ਮਨ ਦੀ ਦਸ਼ਾ ਨਾਲ ਹੈ। ਜੇ ਮਨ ਤੇ ਭੈ ਭਾਰ ਹੈ, ਤਣਾਉ ਵਿਚ ਹੈ ਤਾਂ ਤਨ ਦੀ ਰੱਖਿਆ ਕਰਨ ਵਾਲੇ ਸੈੱਲ (Immune Cells) ਨਾਲ ਹੀ ਦੱਬੇ ਜਾਂਦੇ ਹਨ ਅਤੇ ਜੇ ਮਨ ਚਾਉ ਘਨੇਰਾ ਹੈ, ਚੜ੍ਹਦੀ ਕਲਾ ਵਿਚ ਹੈ ਤਾਂ ਉਹ ਸੈੱਲ ਤਾਕਤਵਰ ਹੋ ਜਾਂਦੇ ਹਨ। ਲੰਮੀ ਪ੍ਰਸੰਨ ਉਮਰ ਦਾ ਜ਼ਾਮਨ ਬਣ ਜਾਂਦੇ ਹਨ। ਡਾਕਟਰ ਰੈਨਾਲਡ ਅਤੇ ਕੈਮਲਾਨ ਦੀ ਕੈਲੀਫੋਰਨੀਆ ਵਿਚ ਕੀਤੀ ਖੋਜ ਨੇ ਸਾਬਤ ਕਰ ਦਿੱਤਾ ਹੈ ਕਿ ਤਨਹਾਈ, ਇਕੱਲਾਪਣ ਹੀ ਕੈਂਸਰ ਨੂੰ ਜਨਮ ਦੇਂਦਾ ਹੈ। ਇਥੋਂ ਤਕ ਕਿ ਜੇ ਤੁਹਾਡਾ ਇਹ ਖ਼ਿਆਲ ਪੱਕ ਜਾਏ ਕਿ ਤੁਹਾਡਾ ਕੋਈ ਨਹੀਂ ਇਸ ਜਗਤ ਵਿਚ ਤਾਂ ਕੈਂਸਰ ਦਾ ਹੱਲਾ ਹੋਇਆ ਸਮਝੋ।

ਮਨ ਦਾ ਕੈਂਸਰ ਨਾਲ ਕਿਤਨਾ ਗੂੜ੍ਹਾ ਸਬੰਧ ਹੈ : ਇਸ ਬਾਰੇ ਡਲੱਸ ਦੇ ਰਿਸਰਚ ਸੈਂਟਰ ਦੇ ਡਾਕਟਰ ਕਾਰਲ : ਓ : ਸਿਮਾਨਟਨ ਨੇ ਖੋਜ ਕਰਕੇ ਦੱਸਿਆ ਹੈ ਕਿ ਜੇ ਕੈਂਸਰ ਦੇ ਰੋਗੀ ਨੂੰ ਇਹ ਯਕੀਨ ਦਿਲਵਾ ਦਿੱਤਾ ਜਾਏ ਕਿ ਤੇਰੇ ਕੈਂਸਰ ਦੇ ਸੈੱਲ ਮੁਕ ਰਹੇ ਹਨ ਅਤੇ ਰੱਖਿਅਕ ਸੈੱਲ ਭਾਰੂ ਹੋ ਰਹੇ ਹਨ ਤਾਂ ਦੇਖਣ ਵਿਚ ਆਇਆ ਕਿ ੧੫੯ ਮਰੀਜ਼ਾਂ ਵਿਚੋਂ ੬੩ ਮਰੀਜ਼ ਨਰੋਏ ਹੋ ਗਏ। ਮਨ ਮਾਯੂਸ ਹੋ ਜਾਏ ਤਾਂ ਮੁਰਦੇਹਾਨੀ ਛਾ ਜਾਂਦੀ ਹੈ ਅਤੇ ਤਨ ਦਾ ਸਾਰਾ ਹੀ ਹਿਫ਼ਾਜ਼ਤੀ ਢਾਂਚਾ ਟੁੱਟ ਖੇਰੂੰ-ਖੇਰੂੰ ਹੋ ਜਾਂਦਾ ਹੈ। ਇਸ ਲਈ ਜ਼ਰੂਰੀ ਹੈ ਕਿ ਮਨ ਨੂੰ ਕਦੇ ਡਿੱਗਣ ਨ ਦੇਈਏ। ਜੋ ਕਬੀਰ ਜੀ ਨੇ ਸਦੀਆਂ ਪਹਿਲਾਂ 'ਮਨ ਨਾ ਡਿਗੈ, ਤਨੁ ਕਾਹੇ ਕਉ ਡਰਾਇ। ਚਰਨ ਕਮਲ ਚਿਤੁ ਰਹਿਓ ਸਮਾਇ' ਫ਼ਰਮਾਇਆ ਸੀ, ਅੱਜ ਦੀ ਸਾਇੰਸ ਸਿਰਫ਼ ਉਸ ਨੂੰ ਜ਼ਾਹਿਰ ਹੀ ਕਰ ਰਹੀ ਹੈ। ਡਾਕਟਰ ਬੈਬਲਾਕ ਨੇ ਇਹ ਵੀ ਸਾਬਤ ਕਰ ਦਿੱਤਾ ਹੈ ਕਿ ਨਰੋਏ ਸੈੱਲਾਂ ਵਿਚੋਂ ਜੋ ਰਸ ਚੋਂਦਾ ਹੈ ਵੈਸਾ ਹੀ ਰਸਾਇਣ ਦਿਮਾਗ਼ ਤਿਆਰ ਕਰਦਾ ਹੈ। ਜੇ ਦੋਵੇਂ ਰਸ ਮਿਲ ਜਾਣ ਤਾਂ *'ਬਿਬੇਕ ਬੁਧੀ'* ਹਾਸਲ ਹੋ ਜਾਂਦੀ ਹੈ। ਉਨ੍ਹਾਂ ਤਾਂ ਇਥੋਂ ਤਕ ਸਾਬਤ ਕਰ ਦਿੱਤਾ ਕਿ ਥੱਕੇ ਹਾਰੇ, ਢੱਠੇ ਪੁਰਸ਼

Sri Satguru Jagjit Singh Ji eLibrary NamdhariElibrary@gmail.com

ਦੇ ਮਨ ਨੂੰ ਜੇ ਉਤਸ਼ਾਹ ਵਿਚ ਲੈ ਆਈਏ ਤਾਂ ਸੁਰਤਿ ਉੜਾਨ ਭਰਨ ਲੱਗ ਪੈਂਦੀ ਹੈ।

ਬਾਣੀ ਪੜ੍ਹਦਿਆਂ ਹੀ ਪ੍ਰੋਟੀਨ, ਕੀਟਾਣੂਆਂ ਨੂੰ ਨਸ਼ਟ ਕਰਨਾ ਅਰੰਭ ਕਰ ਦੇਂਦੇ ਹਨ ਅਤੇ ਮਨ ਜੇ ਪੂਰੇ ਚਾਉ ਵਿਚ ਆ ਜਾਏ ਤਾਂ ਈਪੀ ਆਈ : ਨੈਫ਼ੀਰਨ ਤੇ ਕਾਰਟੀਸੋਲ (Epi Nephrine and Cortisol) ਦਾ ਪੱਧਰ ਇਮਿਯੂਨੋ ਸੁਪਰੈਸਰਜ਼ (Immunu Suppressors) ਵਿਚ ਘਟ ਜਾਂਦਾ ਹੈ ਤੇ ਰੋਗੀ ਕੀਟਾਣੂ ਪੂਰੀ ਤਰ੍ਹਾਂ ਨਸ਼ਟ ਹੋ ਜਾਂਦੇ ਹਨ। ਜਿਸ ਖੇਤਰ ਵਿਚ ਹੋਰ ਅਧਿਐਨ ਹੋ ਰਿਹਾ ਹੈ ਉਸ ਨੂੰ ਸਾਈਕੋ ਨਿਊਰੋ-ਇਮਯੂਨਿਆਲੋਜੀ ਕਹਿੰਦੇ ਹਨ ਜਿਸ ਦਾ ਮੋਟਾ ਜਿਹਾ ਭਾਵ ਹੈ ਕਿ 'ਮਨੁੱਖੀ ਵਤੀਰੇ-ਦਿਮਾਗ਼ ਤੇ ਮੁਕਤੀ' ਦਾ ਕੀ ਸਬੰਧ ਹੈ। ਸਾਇੰਸ ਇਸ ਜਤਨ ਵਿਚ ਹੁਣ ਲੱਗੀ ਹੈ ਕਿ ਹਰਖ-ਸੋਗ ਦੇ ਸਹੀ ਅਰਥ ਕੀ ਹਨ, ਲੱਭੇ ਜਾਣ। 'ਸਤਿ ਸੁਹਾਣ' ਦਾ ਧਿਆਨ ਧਰਿਆਂ 'ਸਦਾ ਮਨ ਚਾਉ' ਆ ਸਕਦਾ ਹੈ। ਇਹ 'ਸਦਾ ਮਨ ਚਾਉ' ਕਦੇ ਤਨ ਨੂੰ ਰੋਗੀ ਨਹੀਂ ਹੋਣ ਦੇਵੇਗਾ। ਇਕ ਹੋਰ ਸਾਇੰਸਦਾਨ ਮਾਈਕਲ ਟੈਲਬਾਟ ਨੇ ਤਾਂ ਤਜਰਬਾ ਕਰ ਸਾਬਤ ਵੀ ਕਰ ਦਿੱਤਾ ਹੈ ਕਿ ਸਥੂਲ ਨਾਲੋਂ ਸੂਖਮ ਵਿਚ ਜ਼ਿਆਦਾ ਸ਼ਕਤੀ ਹੈ। ਮੂਰਤੀ ਦਾ ਧਿਆਨ ਨਿਸਲ ਕਰਦਾ ਹੈ ਤੇ ਅਮੂਰਤੀ ਦਾ ਖ਼ਿਆਲ ਜੀਵੰਤ (ਡਾਇਨੈਮਕ) ਕਰ ਦੇਂਦਾ ਹੈ। ਮਨ ਨੂੰ ਸਿਰਫ਼ ਵਾਰ ਵਾਰ ਇਹ ਯਾਦ ਦਿਲਵਾਉਣਾ ਹੈ : *'ਮਨ ਤੂੰ ਜੋਤਿ ਸਰੂਪ ਹੈ, ਆਪਣਾ ਮੂਲ ਪਛਾਣੁ'।*

ਕਿਆ ਸੁਹਣਾ ਗੁਰੂ ਅਰਜਨ ਦੇਵ ਜੀ ਨੇ ਫ਼ਰਮਾਇਆ ਸੀ ਕਿ ਮਨਾ! ਤੂੰ ਬੜਾ ਤਾਕਤਵਰ ਬਣਿਆ ਫਿਰਦਾ ਸੈਂ, ਹੁਣ ਕਿਥੇ ਗਈ ਤੇਰੀ ਤਾਕਤ ਜਦ ਤੂੰ ਸੁੰਦਰ ਪੁਰਖ ਨੂੰ ਦੇਖ ਲਿਆ। ਮਨ ਦਾ ਉਡਣਾ, ਸੰਕਲਪ-ਵਿਕਲਪ, ਸੁਭਾ ਸਭ ਰੁਕ ਗਏ ਜਦ ਜਗਤ ਦੇ ਮਾਲਕ ਦਾ ਦੀਦਾਰ ਪਾ ਲਿਆ।

*"ਸੁੰਦਰ ਪੁਰਖ ਬਿਰਾਜਿਤ ਪੇਖਿ, ਮਨ ਬੰਚਲਾ।"* ।◆।

Sri Satguru Jagjit Singh Ji eLibrary NamdhariElibrary@gmail.com

ਬਾਰਾਂ

# ਰਾਗ ਹੀ ਸਭ ਕਲਾਵਾਂ ਦਾ ਮੂਲ ਹੈ

ਮਹਿਮਾ ਕੀਰਤਨ

ਰਾਗ ਹੀ ਸਭ ਕਲਾਵਾਂ (ਆਰਟਸ) ਦਾ ਮੂਲ ਹੈ ਅਤੇ ਉਸ ਵਿਚੋਂ ਹੀ ਬਾਕੀ ਕਲਾਵਾਂ ਜਨਮ ਲੈਂਦੀਆਂ ਹਨ। ਇਸ ਸਬੰਧੀ ਇਕ ਵਾਰਤਾ ਸੁਣਾਂਦੇ ਹਨ ਕਿ ਇਕ ਪੁਰਸ਼ ਨੂੰ ਮੂਰਤੀ ਘੜਨ ਦੀ ਕਲਾ ਸਿੱਖਣ ਦਾ ਸ਼ੌਕ ਜਾਗਿਆ ਤੇ ਇਕ ਨਿਪੁੰਨ ਕਲਾਕਾਰ, ਜੋ ਦਰਵੇਸ਼ਾਂ ਦੀ ਜ਼ਿੰਦਗੀ ਗੁਜ਼ਾਰ ਰਿਹਾ ਸੀ, ਕੋਲ ਗਿਆ ਕਿ ਉਸ ਨੂੰ ਕ੍ਰਿਪਾ ਕਰਕੇ ਸ਼ਿਲਪ ਕਲਾ ਸਿਖਲਾਏ।

ਦਰਵੇਸ਼ ਨੇ ਕਿਹਾ : ਬੁਤ-ਘਾੜਾ ਬਣਨ ਲਈ ਪਹਿਲਾਂ ਚਿਤਰਕਲਾ ਦਾ ਆਉਣਾ ਜ਼ਰੂਰੀ ਹੈ।

ਇੱਛਕ ਨੇ ਕਿਹਾ : ਤਾਂ ਪਹਿਲਾਂ ਇਹ ਹੀ ਸਿਖਲਾ ਦਿਓ।

ਫ਼ਕੀਰ ਨੇ ਕਿਹਾ : ਐਸਾ ਨਹੀਂ ਹੋ ਸਕਦਾ। ਚਿਤਰਕਲਾ ਦਾ ਗੁਣ ਗ੍ਰਹਿਣ ਕਰਨ ਲਈ ਨ੍ਰਿਤ ਕਲਾ ਦਾ ਗਿਆਨ ਲਾਜ਼ਮੀ ਹੈ।

ਖ਼ਾਹਿਸ਼ਮੰਦ ਨੇ ਕਿਹਾ : ਫਿਰ ਮਿਹਰ ਕਰ ਨ੍ਰਿਤ ਕਲਾ ਦੇ ਅੱਡ-ਅੱਡ ਅੰਗਾਂ ਤੋਂ ਜਾਣੂ ਕਰਾਓ।

ਦਰਵੇਸ਼ ਨੇ ਕਿਹਾ : ਭਲੇ ਪੁਰਸ਼ਾ ! ਨ੍ਰਿਤ ਕਲਾ ਨਹੀਂ ਆ ਸਕਦੀ ਜਦ ਤਕ ਤੰਤੀ ਸਾਜ਼ ਦੀ ਸੋਝੀ ਨਾ ਹੋਵੇ।

ਚਾਹਵਾਨ ਨੇ ਹੱਥ ਜੋੜ ਕਿਹਾ : ਤਾਂ ਇਸ ਦੀ ਕ੍ਰਿਪਾ ਕਰੋ। ਦਰਵੇਸ਼ ਨੇ ਉਸੇ ਸਹਿਜ ਵਿਚ ਕਿਹਾ ਪਿਆਰੇ ! ਇਹ ਵੀ ਨਹੀਂ ਸਿਖਿਆ ਜਾ ਸਕਦਾ ਜਦ ਤਕ ਸੁਰ ਗਿਆਨ ਨਾ ਹੋਵੇ।

ਗਾਥਾ ਕਹਿਣ ਵਾਲੇ ਦਾ ਭਾਵ ਸੀ ਕਿ ਰਾਗ ਹੀ ਕਲਾ ਦਾ ਮੁੱਢ ਹੈ।

ਨਾਰਦ ਹੱਥ ਵਿਚ ਹਮੇਸ਼ਾ ਵੀਣਾ ਇਸ ਲਈ ਲਈ ਫਿਰਦਾ ਹੈ ਕਿਉਂਕਿ ਉਹ ਇਕ ਵਾਰੀ ਪ੍ਰਭੂ ਕੋਲੋਂ ਪੁੱਛ ਬੈਠਾ : ਪ੍ਰਭੂ ! ਮੈਂ ਤੁਹਾਨੂੰ ਲੱਭ ਲੱਭ ਥੱਕ ਗਿਆ। ਸਭ ਥਾਂ ਟਿਕਾਣੇ ਛਾਣ ਮਾਰੇ। ਤੁਸੀਂ ਨਾ ਮਿਲੇ। ਤੁਹਾਡਾ ਟਿਕਾਣਾ ਕਿਥੇ ਹੈ ?

ਵਾਹਿਗੁਰੂ ਨੇ ਕਿਹਾ : ਨਾਰਦ ! ਨਾ ਮੈਂ ਬੈਕੁੰਠ ਵਿਚ ਹਾਂ, ਨਾ ਹੀ ਯੋਗੀਆਂ ਦੇ ਸੁੰਨ ਧਿਆਨ ਵਿਚ। ਮੈਂ ਉਥੇ ਹਾਂ ਜਿਥੇ ਮੈਨੂੰ ਗਾਉਣ ਵਾਲੇ ਮਸਤ ਹੋ ਗਾ ਰਹੇ ਹੁੰਦੇ ਹਨ।



Sri Satguru Jagjit Singh Ji eLibrary NamdhariElibrary@gmail.com

ਸੁਜਾਨ ਰਾਇ ਭੰਡਾਰੀ ਨੇ ਸਿੱਖਾਂ ਵਿਚ ਕੀਰਤਨ ਦੀ ਸ਼ਕਤੀ ਤੇ ਮਹੱਤਤਾ ਦ੍ਰਿੜ੍ਹਾਂਦੇ ਲਿਖਿਆ ਸੀ : *ਬਾਬੇ ਨਾਨਕ ਦੇ ਬਹੁਤ ਸਾਰੇ ਸ਼ਰਧਾਲੂ ਸਿੱਖ ਤਪੱਸਵੀ ਹਨ ਜਿਨ੍ਹਾਂ ਦੀਆਂ ਅਰਦਾਸਾਂ ਰੱਬ ਪ੍ਰਵਾਨ ਕਰਦਾ ਹੈ। ਸਿੱਖਾਂ ਦੀ ਪੂਜਾ ਕੇਵਲ ਗੁਰਬਾਣੀ ਦਾ ਪਾਠ ਤੇ ਵਿਚਾਰ ਹੈ ਜਿਸਨੂੰ ਇਹ ਸੁਰੀਲੀ ਸੁਰ ਨਾਲ ਪੜ੍ਹਦੇ ਤੇ ਗਾਉਂਦੇ ਹਨ।*

ਹੁਣ ਤਕ ਦੀ ਖੋਜ ਦਾ ਸਿੱਟਾ ਦਿਮਾਗ਼ ਦੇ ਪ੍ਰਸਿੱਧ ਸਰਜਨ ਡਾਕਟਰ ਐਕਲਸ ਨੇ ਦੇਂਦੇ ਹੋਏ ਕਿਹਾ ਹੈ ਕਿ ਅਸਲ ਵਿਚ ਸਾਰੇ ਇਨਸਾਨੀ ਕਰਮਾਂ ਨੂੰ ਦਿਮਾਗ਼ ਦਾ ਖੱਬਾ ਪਾਸਾ ਹੀ ਨਿਯੰਤ੍ਰਿਤ ਕਰਦਾ ਹੈ ਤੇ ਸੱਜਾ ਪਾਸਾ ਸੁੱਤਾ ਹੀ ਰਹਿੰਦਾ ਹੈ। ਇਹ ਕੇਵਲ ਉਸ ਵੇਲੇ ਹਰਕਤ ਵਿਚ ਆਉਂਦਾ ਹੈ ਜਦ ਰਾਗ ਹੋਵੇ। ਕੀਰਤਨ ਅਰੰਭ ਹੁੰਦੇ ਸਾਰ ਜੋ 'ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ' ਨੇ ਖੱਬੇ ਦੇ ਆਖੇ ਲੱਗੇ ਅੰਦਰ ਦੂੰਦਰ ਮਚਾਇਆ ਹੁੰਦਾ ਹੈ ਸ਼ਾਂਤ ਹੋ ਜਾਂਦਾ ਹੈ ਤੇ ਮਨ ਨੂੰ ਅਮਨ ਮਿਲਣਾ ਸ਼ੁਰੂ ਹੋ ਜਾਂਦਾ ਹੈ। ਮਨ ਤੇ ਪ੍ਰੇਮ ਦਾ ਰੰਗ ਚੜ੍ਹਨਾ ਸ਼ੁਰੂ ਹੋ ਜਾਂਦਾ ਹੈ। ਪ੍ਰੇਮ ਸਾਹਮਣੇ ਕਾਮ ਕ੍ਰੋਧ ਦਮ ਨਹੀਂ ਭਰ ਸਕਦੇ। ਹੁਣ ਪੜ੍ਹੋ ਗੁਰੂ ਅਰਜਨ ਦੇਵ ਜੀ ਦੇ ਉਹ ਬਚਨ, ਜੋ ਉਨ੍ਹਾਂ ਇਕ ਵਾਰੀ ਭਾਈ ਝੰਝੂ, ਮੁਕੰਦੂ ਅਤੇ ਭਾਈ ਕੇਦਾਰਾ ਦੀ ਇਕ ਪੁੱਛ ਦੇ ਉੱਤਰ ਵਿਚ ਫ਼ਰਮਾਏ ਸਨ। ਉਹਨਾਂ ਇਕ ਵਾਰੀ ਪੰਚਮ ਪਿਤਾ ਜੀ ਕੋਲੋਂ ਆ ਪੁੱਛਿਆ ਕਿ ਉਨ੍ਹਾਂ ਦਾ ਉਧਾਰ ਕਿਵੇਂ ਹੋਵੇ ?

ਮਹਾਰਾਜ ਨੇ ਕਿਹਾ : ਤੁਹਾਨੂੰ ਰਾਗਾਂ ਦੀ ਸੂਝ ਹੈ ਤੇ ਕਲਜੁਗ ਵਿਚ ਕੀਰਤਨ ਸਮਾਨ ਹੋਰ ਕੋਈ ਤਪ ਨਹੀਂ। ਇਹ ਸਾਂਤਕ ਤਪ ਹੈ। ਤੁਸੀਂ ਕੀਰਤਨ ਕਰੋ।

ਉਹਨਾਂ ਫਿਰ ਪੁੱਛਿਆ : ਜੀ, ਪਾਠ, ਕਥਾ ਤੇ ਕੀਰਤਨ ਦਾ ਭਿੰਨ-ਭਿੰਨ ਫਲ ਭੀ ਕਹੀਐ ?

ਬਚਨ ਹੋਇਆ : ਬਾਣੀ ਦਾ ਪਾਠ ਇਹ ਹੈ ਜੋ ਆਪਣੇ ਖੂਹ ਦੀ ਪੈਲੀ ਪਾਣੀ ਦੇ ਕੇ ਝੱਬਦੇ (ਤੁਰੰਤ) ਪਕਾਈਦੀ ਹੈ ਅਤੇ ਘਰ ਲੈ ਆਈਦੀ ਹੈ। ਤੈਸੇ ਬਾਣੀ ਦੇ ਪਾਠ ਦਾ ਫਲ ਹੈ। ਖੂਹ ਦਾ ਜਲ ਨੇੜੇ ਪੈਲੀ ਹੋਵੇ ਤਾਂ ਤੇ ਪਹੁੰਚਦਾ ਹੈ ਪਰ ਦੂਰ ਦੀਆਂ ਪੈਲੀਆਂ ਨੂੰ ਨਹੀਂ ਪਹੁੰਚਦਾ।

ਕੀਰਤਨ : ਐਸਾ ਹੈ ਜੈਸੇ ਮੇਘ ਗਰਜ ਕੇ ਬਰਖਾ ਕਰਦਾ ਹੈ ਤੇ ਸਭ ਪੈਲੀਆਂ ਹਰੀਆਂ ਹੁੰਦੀਆਂ ਹਨ।

ਕਥਾ ਦਾ ਇਹ ਫਲ ਹੈ ਜੈਸੇ ਮੇਘ ਠਹਿਰਿਆ ਹੋਇਆ ਨਿਰਵਾਤ ਝਿੰਮ ਝਿੰਮ ਵਰਖਾ ਕਰਦਾ ਹੈ। ਅੱਗੇ ਜੇ ਪੈਲੀਆਂ ਵਾਹੀਆਂ, ਸੁਧਾਰੀਆਂ ਹੋਈਆਂ ਹੋਣ ਜੋ ਬੂੰਦ-ਬੂੰਦ ਪੈਂਦੀ ਹੈ ਧਰਤੀ ਵਿਚ ਹੀ ਸਮਾਈ ਜਾਂਦੀ ਹੈ। ਤੈਸੇ ਜੋ ਸਮਝਵਾਨ ਸਿੱਖ ਹੁੰਦੇ ਹਨ ਜੋ ਕਥਾ ਕੀਰਤਨ ਤੇ ਵਿਚਾਰ ਕਰਦੇ ਹਨ ਤੇ ਮਨ ਵਿਚ ਧਾਰਦੇ ਜਾਂਦੇ ਹਨ ਉਨ੍ਹਾਂ ਨੂੰ ਸਮਝ ਪ੍ਰਾਪਤ ਹੁੰਦੀ ਹੈ। ਕਥਾ ਕੀਰਤਨ ਕਰਨ ਨਾਲ ਦੋਵੇਂ ਮਿਲੇ ਹੋਏ ਸੋਭਾ ਪਾਂਵਦੇ ਹੈਨ। ਕਥਾ ਕੀਰਤਨ ਦੇ ਮਹਾਤਮ ਨੂੰ ਲਖਾਂਵਦੀ ਹੈ ਤੇ ਕੀਰਤਨ ਮਨ ਵਿਖੇ ਰਾਗ ਹਰਖ ਉਤਪੰਨ ਕਰਦਾ ਹੈ। ਜੈਸੇ ਮਾਤਾ ਪੁੱਤਰਾਂ ਕਰਕੇ ਸੋਭਦੀ ਹੈ ਤੇ ਪੁੱਤਰਾਂ ਦੀ ਪਾਲਣਾ ਮਾਤਾ ਕਰਕੇ ਹੁੰਦੀ ਹੈ।

Sri Satguru Jagjit Singh Ji eLibrary NamdhariElibrary@gmail.com

ਸਿੱਖਾਂ ਇਹ ਵੀ ਪੁਛਿਆ ਕਿ ਜੇ ਕਥਾ ਮਾਤਾ, ਕੀਰਤਨ ਪੁੱਤਰ ਤਾਂ ਪਿਤਾ ਕੌਣ ਹੈ ?

ਬਚਨ ਹੋਇਆ : *ਪ੍ਰੇਮ ਜੋ ਹੈ ਸੋ ਕਥਾ ਦਾ ਭਰਤਾ ਹੈ। ਕੀਰਤਨ ਦਾ ਪਿਤਾ ਪ੍ਰੇਮ ਹੈ।* ਪ੍ਰੇਮ ਕਰਕੇ ਦੋਵੇਂ ਸੋਭਾ ਪਾਉਂਦੇ ਹਨ। ਕੀਰਤਨ ਨਾਲ ਮਨ ਸੁੱਤੀ ਹੋਈ ਅਵਸਥਾ ਤੋਂ ਜਾਗਦਾ ਹੈ।

ਕੀਰਤਨ ਦੇ ਚਾਰ ਲਾਜ਼ਮੀ ਜੁਜ਼ 'ਰਾਗ, ਰਤਨ, ਰਸਨਾ ਤੇ ਅਲਾਪ' ਹਨ। ਇਨ੍ਹਾਂ ਦਾ ਸਹੀ ਮਿਸ਼ਰਨ ਜੋ ਕਰ ਜਾਣਦਾ ਹੈ ਉਹ ਇਕ ਐਸਾ ਰਸਾਇਣ ਤਿਆਰ ਕਰਦਾ ਹੈ ਜਿਸਨੂੰ ਸੇਵ ਕੇ ਤ੍ਰਿਸ਼ਨਾ ਦੀ ਅੱਗ ਬੁਝਦੀ ਹੈ, ਪ੍ਰਭੂ ਤਕ ਰਸਾਈ ਹੁੰਦੀ ਹੈ ਤੇ ਅੰਦਰਲੇ ਦੀ ਤਸੱਲੀ ਹੁੰਦੀ ਹੈ।

*ਗੁਣ ਗੋਵਿੰਦ ਗਾਵਹੁ ਸਭਿ ਹਰਿਜਨ,*
*ਰਾਗ ਰਤਨ ਰਸਨਾ ਅਲਾਪ॥*
*ਕੋਟਿ ਜਨਮ ਕੀ ਤ੍ਰਿਸਨਾ ਨਿਵਰੀ,*
*ਰਾਮ ਰਸਾਇਣ ਆਤਮ ਧ੍ਰਾਪ॥*

(ਬਿਲਾਵਲ ਮਹਲਾ ਪੰਜਵਾਂ)

ਕੀਰਤਨ ਕਰਨ ਵਾਲਾ ਕਿੰਨ੍ਹਾਂ ਉਚਾਈਆਂ ਨੂੰ ਜਾ ਛੂਹਦਾ ਹੈ ਉਸ ਦਾ ਚਮਤਕਾਰ ਗੁਰਬਿਲਾਸ ਪਾਤਸ਼ਾਹੀ ਛੇਵੀਂ ਨੇ ਰਬਾਬੀ ਸਤੇ ਤੇ ਬਲਵੰਡ ਜੀ ਦੇ ਚੜ੍ਹਾਈ ਕਰਨ ਵਾਲੇ ਸਤਵੇਂ ਅਧਿਆਇ ਵਿਚ ਦਿੱਤਾ ਹੈ।

ਗੁਰੂ ਹਰਿਗੋਬਿੰਦ ਜੀ ਜਦ ਡੇਹਰਾ ਸਾਹਿਬ ਲਾਹੌਰ ਦੀ ਉਸਾਰੀ ਲਈ ਆਏ ਤਾਂ ਭਾਈ ਸਤੇ ਤੇ ਬਲਵੰਡ ਜੀ ਨਾਲ ਹੀ ਸਨ। ਇਕ ਦਿਨ ਅੰਮ੍ਰਿਤ ਵੇਲੇ ਜੋ ਕੀਰਤਨ ਪਏ ਕਰਦੇ ਸਨ ਤਾਂ ਕੀਰਤਨ ਰੋਕ ਕੇ ਛੇਵੇਂ ਪਾਤਸ਼ਾਹ ਨੂੰ ਕਹਿਣ ਲੱਗਾ : ਮਹਾਰਾਜ ਇੰਜ ਪ੍ਰਤੀਤ ਹੁੰਦਾ ਹੈ ਕਿ ਸਾਡੇ ਦੋਵਾਂ ਦਾ ਅੰਤਿਮ ਸਮਾਂ ਨੇੜੇ ਆ ਗਿਆ ਹੈ ਅਤੇ ਮਹਿਸੂਸ ਹੁੰਦਾ ਹੈ ਕਿ ਗੁਰੂ ਨਾਨਕ ਜੀ ਮਿਹਰ ਕਰਕੇ ਆਪੂੰ ਲੈਣ ਲਈ ਆ ਰਹੇ ਹਨ।

ਸਿਰਫ਼ ਇਤਨੀ ਮਿਹਰ ਕਰਨੀ ਕਿ ਸਾਨੂੰ ਉਥੇ ਦਫ਼ਨਾਉਣਾ ਜਿਥੇ ਗੁਰੂ ਅਰਜਨ ਦੇਵ ਜੀ ਨੂੰ ਰਾਵੀ ਦਰਿਆ ਵਿਚ ਰੋੜ੍ਹ ਸ਼ਹੀਦ ਕੀਤਾ ਗਿਆ ਸੀ। ਇਤਨਾ ਕਹਿੰਦੇ ਸਾਰ ਉਨ੍ਹਾਂ ਅੱਖੀਆਂ ਮੁੰਦ ਲਈਆਂ ਅਤੇ ਮੁਖੋਂ ਸਤਿਨਾਮ ਕਹਿੰਦੇ ਹੀ ਸੁਆਸ ਛੱਡ ਦਿੱਤੇ।

*ਗੁਰੂ ਮੂਰਤ ਮਨ ਮੈ ਦ੍ਰਿੜ੍ਹ ਕੀਨੀ।*
*ਸਤਿਨਾਮ ਕਹ ਬਪੁ (ਸਰੀਰ) ਤਜ ਦੀਨੀ। ੫੦੩।*

(ਗੁਰਬਿਲਾਸ ਪਾਤਸ਼ਾਹੀ ੬ਵੀਂ, ਅਧਿਆਇ ਸਤਵਾਂ)

ਸ਼ਾਇਦ ਇਹ ਦੁਨੀਆ ਭਰ ਵਿਚ ਪਹਿਲੀ ਵਾਰ ਹੋਆ ਹੈ ਕਿ ਦੋ ਜਿਸਮ ਇਕੋ ਵੇਲੇ, ਇਕੋ ਥਾਂ ਸਵੈ-ਇੱਛਾ ਨਾਲ ਆਪਣੇ ਪ੍ਰਾਣ ਚੜ੍ਹਾ ਲੈਣ। ਕੀਰਤਨ ਕਰਨ ਸੁਣਨ ਵਾਲਾ ਇਸ ਦੁਨੀਆ ਦਾ ਜੀਅ ਰਹਿੰਦਾ ਹੀ ਨਹੀਂ। ਮੌਤ 'ਤੇ ਵੀ ਪੂਰਾ ਕਾਬੂ ਪਾਇਆ ਹੁੰਦਾ ਹੈ। ਗੁਰੂ ਹਰਿਗੋਬਿੰਦ ਜੀ ਦੀ ਆਗਿਆ ਅਨੁਸਾਰ ਦੋਹਾਂ ਦੀ ਕਬਰ ਉਸੇ ਥਾਂ ਬਣਾਈ ਗਈ ਜਿਥੇ

Sri Satguru Jagjit Singh Ji eLibrary NamdhariElibrary@gmail.com

ਗੁਰੂ ਅਰਜਨ ਦੇਵ ਜੀ ਨੂੰ ਬੰਨ੍ਹ ਦਰਿਆ ਵਿਚ ਰੋੜ੍ਹ ਸ਼ਹੀਦ ਕੀਤਾ ਗਿਆ ਸੀ।

ਕਿਤਨਾ ਪਿਆਰ ਕਰਦੇ ਸਨ ਮੀਰੀ ਪੀਰੀ ਦੇ ਮਾਲਕ ਦੋਵਾਂ ਉਨ੍ਹਾਂ ਰਬਾਬੀਆਂ ਨਾਲ ਜਿਨ੍ਹਾਂ ਦੀ 'ਆਖੀ', ਬਾਣੀ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਦੇ ਰਾਮਕਲੀ ਰਾਗ ਵਿਚ ਆਪੂੰ ਗੁਰੂ ਅਰਜਨ ਦੇਵ ਜੀ ਨੇ ਦਰਜ ਕੀਤੀ। ਉਸ ਦਾ ਅੰਦਾਜ਼ਾ ਇਥੋਂ ਲਗਾਓ ਕਿ ਜਦ ਭਾਈ ਬਾਬਕ ਉਨ੍ਹਾਂ ਦੋਵਾਂ ਨੂੰ ਦਫ਼ਨ ਕਰਨ ਵੇਲੇ ਵੈਰਾਗ-ਮਈ ਕੀਰਤਨ ਕਰ ਰਹੇ ਸਨ ਤਾਂ ਗੁਰੂ ਜੀ ਦੇ ਨੈਣ ਤਕ ਛਲਕ ਆਏ। ਆਪਣੇ ਰੁਮਾਲ ਨਾਲ ਹੰਝੂ ਪੂੰਝੇ :

*ਕੀਰਤਨ ਤਾਹਿ ਮਨ ਲਾਯੋ।*
*ਨੈਨਨ ਨੀਰ ਰੁਮਾਲ ਹਟਾਯੋ।*

I◆I

Sri Satguru Jagjit Singh Ji eLibrary NamdhariElibrary@gmail.com

ਤੇਰ੍ਹਾਂ

# ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ

ਕਿਹੜਾ ਝਲੈ ਗੁਰ ਦੀ ਝਾਲਾ

ਸਭ ਤੋਂ ਪੁਰਾਣੀ ਫ਼ਾਰਸੀ ਦੀ ਪੁਸਤਕ, ਜਿਸ ਵਿਚ ਸਿੱਖ ਗੁਰੂ ਸਾਹਿਬਾਨ, ਗੁਰਸਿੱਖਾਂ ਤੇ ਸਿੱਖ ਰਹੁ ਰੀਤੀ ਬਾਰੇ ਲਿਖੇ ਨੂੰ ਪ੍ਰਮਾਣਿਤ ਮੰਨਿਆ ਗਿਆ ਹੈ, ਉਹ 'ਦਬਿਸਤਾਨਿ ਮਜ਼ਾਹਬ' ਹੈ। ਇਸ ਪੁਸਤਕ ਦਾ ਲੇਖਕ ਮੁਹਸਨ ਫ਼ਾਨੀ ਦੇ ਨਾਂ ਨਾਲ ਪ੍ਰਸਿੱਧ ਹੋਇਆ ਪਰ ਇਸ ਦਾ ਨਾਂ ਮੋਬਿੱਦ ਅਰਦਸਤਾਨੀ ਸੀ। ਰਹਿਣ ਵਾਲਾ ਉਹ ਕਸ਼ਮੀਰ ਦਾ ਸੀ ਅਤੇ ਸੱਚ ਦੀ ਭਾਲ ਕਰਦੇ ਵੱਖ-ਵੱਖ ਧਰਮਾਂ ਦੀਆਂ ਸਚਿਆਈਆਂ ਦੀ ਖੋਜ ਉਸ ਨੂੰ ਮਸ਼ਾਹਦ (ਈਰਾਨ) ਤਕ ਲੈ ਗਈ। ਇਹ ਪਹਿਲਾ ਸਮਕਾਲੀ ਗ਼ੈਰ-ਮੁਸਲਮਾਨ ਲੇਖਕ ਹੈ ਜਿਸ ਨੇ ਗੁਰੂ ਹਰਿਗੋਬਿੰਦ ਜੀ, ਗੁਰੂ ਹਰਿ ਰਾਇ ਜੀ ਦੇ ਦਰਸ਼ਨ ਵੀ ਕੀਤੇ, ਨੇੜੇ ਹੋ ਕੇ ਤੱਕਿਆ ਤੇ ਫਿਰ ਆਪਣਾ ਪ੍ਰਭਾਵ ਵੀ ਪ੍ਰਗਟਾਇਆ।

ਇਸ ਪੁਸਤਕ ਵਿਚ ਇਕ ਕਾਂਡ 'ਨਾਨਕ ਪੰਥੀ' ਹੈ ਜਿਸ ਦਾ ਪਹਿਲਾ ਫ਼ਿਕਰਾ ਹੈ : *ਨਾਨਕ ਪੰਥੀ ਜੋ ਗੁਰ ਸਿੱਖ ਕਰਕੇ ਜਾਣੇ ਜਾਂਦੇ ਹਨ, ਨਾ ਉਹ ਮੰਨਦੇ ਹਨ ਬੁੱਤਾਂ ਨੂੰ ਅਤੇ ਨਾ ਹੀ ਬੁੱਤਖਾਨੇ ਨੂੰ* (ਨਾਨਕ ਪੰਥੀਆ ਕਿ ਮਾਰੂਫ਼ ਬ ਗੁਰੂ ਸਿਖਾਨੰਦ ਵ ਬੁੱਤ ਵ ਬੁੱਤਖ਼ਾਨਾ ਅਹਿਤਕਾਦ ਨਦਾਰਦ)।

ਹੁਣ ਕੋਈ ਪੁੱਛੇ ਉਨ੍ਹਾਂ ਲੋਕਾਂ ਨੂੰ ਜੋ ਇਹ ਕਹਿੰਦੇ ਨਹੀਂ ਥਕਦੇ ਕਿ ਸਿੱਖਾਂ ਵਿਚ ਆਪਣੀ ਹੋਂਦ ਹਸਤੀ ਦੀ ਭਾਵਨਾ ਅੰਗਰੇਜ਼ਾਂ ਨੇ ਭਰੀ। ਸਿੱਖ ਧਰਮ ਸੈਂਭ (Sovereign) ਹੈ। ਗੁਰੂ ਹਰਿ ਰਾਇ ਜੀ ਨੇ ਵੀ ਸੰਗਤਾਂ ਨੂੰ ਉਸ ਸਮੇਂ ਜਦ ਰਾਮ ਰਾਇ ਨੇ ਔਰੰਗਜ਼ੇਬ ਦੇ ਰੁਹਬ ਹੇਠਾਂ ਆ ਗੁਰੂ ਨਾਨਕ ਦੇਵ ਜੀ ਦੇ ਇਕ ਸਲੋਕ ਦਾ ਇਕ ਸ਼ਬਦ ਬਦਲਾ ਕੇ ਪੜ੍ਹਿਆ ਸੀ ਤਾਂ ਕਿਹਾ ਸੀ ਕਿ ਉਹ ਕੌਣ ਹੈ ਸੱਚੇ ਪਾਤਸ਼ਾਹ ਦੇ ਹੁਕਮ ਨੂੰ ਬਦਲਾਉਣ ਵਾਲਾ। ਗੁਰੂ ਨਾਨਕ ਪਾਤਸ਼ਾਹ ਹੈ। (Guru Nanak is Sovereign)

ਉਸ ਦਾ ਕਹਿਣਾ ਹੈ : ਗੁਰੂ ਨਾਨਕ ਬੇਦੀ ਖ਼ਾਨਦਾਨ ਵਿਚੋਂ ਹਨ ਤੇ ਬੇਦੀ ਖੱਤਰੀਆਂ ਦੀ ਇਕ ਉਪਜਾਤੀ ਹੈ। ਬਾਦਸ਼ਾਹ ਜ਼ਹੀਰ-ਉਦ-ਦੀਨ ਬਾਬਰ ਦੇ ਰਾਜ ਵੇਲੇ ਗੁਰੂ ਨਾਨਕ ਜੀ ਦੀ ਬਹੁਤ ਪ੍ਰਸਿੱਧੀ ਹੋਈ।

ਬਾਬਰ ਦੀ ਆਮਦ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਵਿਖੇ ਦੌਲਤਖ਼ਾਨ ਲੋਧੀ ਦੇ ਮੋਦੀ ਸਨ। ਮੋਦੀ ਸਰਕਾਰ ਦੇ ਹਰ ਪ੍ਰਕਾਰ ਦੇ ਅੰਨ-ਭੰਡਾਰ ਦਾ ਰਾਖਾ ਹੁੰਦਾ ਹੈ।



Sri Satguru Jagjit Singh Ji eLibrary NamdhariElibrary@gmail.com

ਗੁਰੂ ਨਾਨਕ ਦੇਵ ਜੀ ਦੇ ਪਾਵਨ ਸੁਭਾਉ ਬਾਰੇ ਉਸ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਘੱਟ ਖਾਂਦੇ। *ਹੱਥ ਉਨ੍ਹਾਂ ਦਾ ਬੜਾ ਖੁਲ੍ਹਾ ਸੀ। ਦਿਲ ਦਰਿਆ।* ਲੋੜਵੰਦ ਦੀ ਲੋੜ ਪੁੱਜ ਕੇ ਪੂਰੀ ਕਰਦੇ। ਗ੍ਰਹਿਸਤ ਵਿਚ ਉਦਾਸ ਸਨ। ਇਕ ਵਾਰੀ ਆਪਣੇ ਹਿੱਸੇ (ਜੋ ਉਨ੍ਹਾਂ ਨੂੰ ਅਲੂਫ਼ਾ ਮਿਲਦਾ ਸੀ) ਦਾ ਸਾਰਾ ਅੰਨ ਅਤੇ ਸ਼ਾਹੀ ਭੰਡਾਰ ਵੀ ਵੰਡ ਦਿੱਤਾ। ਦੌਲਤ ਖ਼ਾਨ ਨੇ ਸੁਣਿਆ ਤਾਂ ਪਹਿਲਾਂ ਗੁੱਸਾ ਮਨਾਇਆ ਪਰ ਜਦ ਦੀਦਾਰ ਹੋਏ ਤਾਂ ਨੂਰ ਦੀ ਝਲਕ ਦੇਖ ਦਰਵੇਸ਼ ਜਾਣ ਕੋਈ ਕਾਰਵਾਈ ਕਰਨ ਤੋਂ ਸੰਕੋਚ ਕੀਤਾ।

*(ਚੂੰ ਦਰ ਨਾਨਕ ਆਸਾਰੇ ਅਜ਼ ਦਰਵੇਸ਼ੀ ਯਾਫ਼ਤ*
*ਦਸਤ ਅਜ਼ ਆਜ਼ਰਦਨੇ ਊ ਬਾਜ਼ ਦਾਸ਼ਤ)*

ਉਨ੍ਹਾਂ ਦੀ ਵਡਿਆਈ ਦੇਖ ਕਈ ਸਿੱਖ ਬਣੇ। ਗੁਰੂ ਨਾਨਕ ਕੇਵਲ ਇਕ ਵਾਹਿਗੁਰੂ ਵਿਚ ਹੀ ਯਕੀਨ ਰੱਖਦੇ ਸਨ।

*(ਨਾਨਕ ਕਾਇਲ ਬ ਤੌਹੀਦ ਬਾਰੀ ਬੂਦ)*

ਆਵਾਗਉਣ ਵਿਚ ਉਨ੍ਹਾਂ ਦਾ ਯਕੀਨ ਸੀ। *'ਦੁਖ ਨ ਦੇਇ ਕਿਸੈ ਜੀਅ'* ਉਨ੍ਹਾਂ ਦਾ ਫ਼ਰਮਾਨ ਸੀ। ਉਹ ਇਹ ਨਹੀਂ ਸਨ ਮੰਨਦੇ ਕਿ ਵਾਹਿਗੁਰੂ ਮਨੁੱਖੀ ਜਾਮੇ ਵਿਚ ਆ ਜਨਮ ਲੈਂਦਾ ਹੈ ਤੇ ਕੋਈ ਇਕ ਖ਼ਾਸ ਬੰਦੇ ਵਿਚ ਵਾਹਿਗੁਰੂ ਦਾ ਵਜੂਦ ਹੈ (ਵ ਮੁਨਕਰ ਹਲੂਲ ਵ ਇਤਹਾਦ ਬੂਦ)

ਉਨ੍ਹਾਂ ਦੀਆਂ ਕਰਾਮਾਤਾਂ ਜਗਤ ਪ੍ਰਸਿੱਧ ਹਨ। ਹਰ ਇਕ ਦੀ ਜ਼ਬਾਨ 'ਤੇ ਚੜ੍ਹਿਆ ਹੋਇਆ ਹੈ ਕਿ ਬਾਬਰ ਨੂੰ ਅਫ਼ਗਾਨਾਂ ਤੋਂ ਰਾਜ ਉਨ੍ਹਾਂ ਹੀ ਲੈ ਕੇ ਦਿੱਤਾ ਸੀ। ਵਾਹਿਗੁਰੂ ਦੀ ਯਾਦ ਵਿਚ ਜੁੜੇ ਗੁਰੂ ਨਾਨਕ ਦੇਵ ਜੀ ਦੀ ਮਸਤੀ ਦਾ ਕੋਈ ਅੰਤ ਨਹੀਂ ਸੀ। (ਹਰਕਤੇ ਅਜ਼ ਵ ਜ਼ਾਹਰ ਨ ਸ਼ੁਦ)

ਗੁਰੂ ਨਾਨਕ ਦੀ ਬਾਣੀ ਵਿਚ ਤਰਲਾ ਹੈ, ਤੜਪ ਹੈ ਮਿਲਾਪ ਲਈ। ਪ੍ਰੇਰਨਾ ਹੈ ਸ਼ੁਭ ਕਰਮਨ ਦੀ, ਪਰ ਨਾਲ ਹੀ ਝਿੜਕ ਵੀ ਹੈ ਬੰਦੇ ਨੂੰ। ਬਾਣੀ ਬਹੁਤੀ ਸੱਚੇ ਵਾਹਿਗੁਰੂ ਦੀ ਸਿਫ਼ਤ ਸਲਾਹ ਵਿਚ ਹੈ। ਵਾਧਾ ਇਹ ਕਿ ਆਮ ਫ਼ਹਿਮ ਬੋਲੀ ਵਿਚ ਹੈ ਜਿਸ ਨੂੰ ਪੰਜਾਬ ਦੇ ਆਮ ਲੋਕੀਂ ਵੀ ਝੱਟ ਸਮਝ ਲੈਂਦੇ ਹਨ। ਗੁਰੂ ਨਾਨਕ ਦੇਵ ਜੀ ਦੇ ਸਿੱਖ ਸੰਸਕ੍ਰਿਤ ਨੂੰ ਦੇਵ ਬਾਣੀ ਜਾਣ ਸਤਿਕਾਰ ਨਹੀਂ ਕਰਦੇ।

*(ਮੁਰੀਦਾਨਿ ਊ ਰਾ ਬ ਜ਼ਬਾਨਿ ਸੰਸਕ੍ਰਿਤ ਸਰੇ ਨਾ ਬਾਸ਼ਦ)*

'ਪਾਤਾਲਾ ਪਾਤਾਲ ਲਖ ਆਗਾਸਾ ਆਗਾਸ' ਗੁਰੂ ਨਾਨਕ ਦੇਵ ਜੀ ਦਾ ਹੀ ਉਚਾਰਨ ਕੀਤਾ ਹੋਇਆ ਹੈ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਕਿਸੇ ਪੀਰ ਪੈਗ਼ੰਬਰ ਅਵਤਾਰ ਤੇ ਸਿੱਖ ਨੇ ਜੋ ਕੁਝ ਪਾਇਆ ਹੈ ਭਗਤੀ ਕਰਕੇ ਪਾਇਆ ਹੈ। ਜਿਸ ਕਿਸੇ ਨੇ ਵੀ ਉਸ ਦੀ ਭਗਤੀ ਕੀਤੀ ਭਾਵੇਂ ਉਹ ਕਿਸੇ ਧਰਮ ਦਾ ਹੈ ਤੇ ਜਿਸ ਮਰਜ਼ੀ ਰਾਹੋਂ ਆਵੇ, ਪ੍ਰਭੂ ਪਿਆਰਾ ਹੋ ਜਾਂਦਾ ਹੈ। ਲੋੜ ਅਮਲ ਦੀ ਹੈ। 'ਜੀਅ ਦਇਆ ਨਾਲ' ਹੀ ਕੋਈ ਵਾਹਿਗੁਰੂ ਦੇ ਨੇੜੇ ਹੁੰਦਾ ਹੈ। (ਵਸੀਲਾ-ਇ-ਤਕੱਰਬਾ-ਇ-ਹੱਕ ਨਿਆਜ਼ਰਦਨੇ ਜਾਨਵਰ ਅਸਤ ਬੀਸਤ) ਸੱਚੇ ਮਾਰਗ ਚਲਦਿਆਂ ਹੀ ਮੁਕਤੀ ਮਿਲਦੀ ਹੈ ਤੇ ਸੱਚੇ ਨੂੰ ਹੀ ਵਾਹਿਗੁਰੂ ਨਿਵਾਜਦਾ ਹੈ। (ਰਾਸਤੀ ਆਵਰ ਕਿ ਸ਼ਵੀ ਰਸਤਗਾਰ) ਰਾਸਤੀ ਅਜ਼ ਤੋ ਜ਼ਫ਼ਰ ਅਜ਼ ਕਰਦਗਾਰ)।

Sri Satguru Jagjit Singh Ji eLibrary NamdhariElibrary@gmail.com

ਗੁਰੂ ਨਾਨਕ ਦੇ ਨਾਮ ਲੇਵਿਆਂ ਨੂੰ ਕਰਤਾਰੀ ਕਹਿੰਦੇ ਸਨ। ਗੁਰੂ ਨਾਨਕ ਨੇ ਗੁਰਗੱਦੀ ਦੀ ਜ਼ਿੰਮੇਵਾਰੀ ਆਪਣੇ ਪੁੱਤਰਾਂ ਨੂੰ ਨਾ ਦੇ ਕੇ ਇਕ ਇਨਕਲਾਬ ਹੀ ਕੀਤਾ।

ਗੁਰੂ ਅੰਗਦ ਦੇਵ ਜੀ, ਜੋ ਤ੍ਰਿਹਨ ਖੱਤਰੀ ਸਨ, ਨੂੰ ਰੂਹਾਨੀ ਰਾਜ ਦਿੱਤਾ। ਗੁਰੂ ਅੰਗਦ ਦੇਵ ਜੀ ਨੇ ਅੱਗੋਂ ਗੁਰੂ ਅਮਰਦਾਸ ਜੀ ਨੂੰ ਤੇ ਉਨ੍ਹਾਂ ਸੋਢੀ ਗੁਰੂ ਰਾਮਦਾਸ ਜੀ ਨੂੰ ਸੌਂਪਿਆ, ਜਿਨ੍ਹਾਂ ਨੂੰ ਉਨ੍ਹਾਂ ਦੇ ਸੇਵਕ 'ਸ੍ਰੀ ਗੁਰੂ' ਕਹਿੰਦੇ ਸਨ। ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਉਨ੍ਹਾਂ ਦੇ ਬੇਟੇ ਗੁਰੂ ਅਰਜਨ ਮੱਲ ਤਖ਼ਤ 'ਤੇ ਬੈਠੇ।

ਗੁਰੂ ਅਰਜਨ ਸਮੇਂ ਅਨੇਕਾਂ ਨੇ ਸਿੱਖੀ ਅਪਣਾਈ ਤੇ ਉਨ੍ਹਾਂ ਦੇ ਸਮੇਂ ਸਿੱਖਾਂ ਦੀ ਸ਼ਰਧਾ ਗੁਰੂ ਸਾਹਿਬਾਨ ਤੇ ਇੰਤਹਾ ਨੂੰ ਜਾ ਛੂਹੀ। ਇਥੋਂ ਤਕ ਕਿ ਹੁਣ ਸਿੱਖ ਇਹ ਕਹਿਣ ਲੱਗ ਪਏ ਕਿ 'ਗੁਰੂ ਨਾਨਕ ਹੀ ਰੱਬ ਹੈ ਤੇ ਸਭ ਸ੍ਰਿਸ਼ਟੀ ਉਸ ਨੇ ਸਾਜੀ ਹੈ।'

*(ਗੁਫਤੰਦ ਬਾਬਾ ਨਾਨਕ ਖ਼ੁਦਾਇ ਅਸਤ)*

ਪਰ ਗੁਰੂ ਨਾਨਕ ਦੇਵ ਜੀ ਬਾਣੀ ਵਿਚ ਆਪਣੇ ਆਪ ਨੂੰ 'ਗ਼ੁਲਾਮ', 'ਲਾਲਾ', 'ਨੀਚ' ਤੇ 'ਜਨ' ਹੀ ਕਹਿੰਦੇ ਹਨ ਤੇ ਵਾਹਿਗੁਰੂ ਨੂੰ ਨਿਰੰਜਨ, ਪਾਰਬ੍ਰਹਮ ਪਰਮੇਸ਼ਵਰ ਜਿਸ ਦਾ ਕੋਈ ਤਨ, ਰੂਪ ਰੰਗ, ਰੇਖਾ, ਚਕ੍ਰ, ਚਿਹਨ ਨਹੀਂ ਹੈ ਪਰ ਸਿੱਖ ਇਨ੍ਹਾਂ ਹੁਕਮਾਂ ਦੇ ਬਾਵਜੂਦ ਇਹੀ ਕਹਿੰਦੇ ਹਨ ਕਿ ਗੁਰੂ ਨਾਨਕ ਦਾ ਕੋਈ ਸਰੀਰ ਹੈ ਹੀ ਨਹੀਂ ਸੀ। ਉਹ ਸਿਰਫ਼ ਆਪਣੀ ਕੁਦਰਤ ਹੀ ਵਿਖਾਲਦੇ ਸਨ।

ਜਦ ਉਨ੍ਹਾਂ ਆਪਣਾ ਸਰੀਰ ਛੱਡਿਆ ਤਾਂ ਉਨ੍ਹਾਂ ਆਪਣੇ ਆਪ ਨੂੰ ਗੁਰੂ ਅੰਗਦ ਦੇਵ ਜੀ ਵਿਚ ਹਲੂਲ ਕਰ ਦਿੱਤਾ। ਗੁਰੂ ਅੰਗਦ ਦੇਵ ਜੀ ਗੁਰੂ ਅਮਰਦਾਸ ਵਿਚ ਸਮਾ ਗਏ ਤੇ ਗੁਰੂ ਅਮਰਦਾਸ ਗੁਰੂ ਰਾਮਦਾਸ ਜੀ ਵਿਚ ਅਤੇ ਗੁਰੂ ਰਾਮਦਾਸ ਜੀ ਗੁਰੂ ਅਰਜਨ ਵਿਖੇ।

ਗੁਰੂ ਵਿਅਕਤੀਆਂ ਨੂੰ 'ਮਹਲ' ਕਹਿੰਦੇ ਹਨ। ਮਹਲ ਪਹਿਲਾ ਗੁਰੂ ਨਾਨਕ ਦੇਵ ਜੀ ਹਨ। ਦੂਜਾ ਮਹਲ ਗੁਰੂ ਅੰਗਦ ਦੇਵ ਜੀ (ਮਹਲੇ ਅਵਲ ਨਾਨਕ। ਮਹਲੇ-ਸਾਨੀ ਅੰਗਦ) ਅਤੇ ਇਸੇ ਤਰ੍ਹਾਂ ਪੰਜਵੇਂ ਮਹਲ ਗੁਰੂ ਅਰਜਨ ਮਲ ਹਨ। ਸਿੱਖ ਇਹ ਕਹਿੰਦੇ ਹਨ ਕਿ ਜੇ ਕੋਈ ਗੁਰੂ ਅਰਜਨ ਜੀ ਨੂੰ ਗੁਰੂ ਨਾਨਕ ਦਾ ਰੂਪ ਨਹੀਂ ਗਿਣਦਾ ਤਾਂ ਉਹ ਮਨਮੁਖ, ਹੰਕਾਰੀ ਅਤੇ ਕਾਫ਼ਰ ਹੈ।

(ਗੁਫ਼ਤੰਦ ਹਰ ਕਿ ਗੁਰੂ ਅਰਜਨ ਮਲ ਨਾ ਈਂ ਬਾਬਾ ਨਾਨਕ ਨ ਦਾਨੰਦ ਮਨਮੁਖ ਬਾਸ਼ਦ ਜਾਅਨੀ ਕਾਫ਼ਰ)।

ਸਿੱਖਾਂ ਨੂੰ ਇਹ ਪੱਕਾ ਯਕੀਨ ਹੈ ਕਿ ਗੁਰੂ ਨਾਨਕ ਜੀ ਲੁਕਾਈ ਨੂੰ ਨਰਕਾਂ ਤੋਂ ਛੁਡਾਉਣ ਲਈ ਆਏ ਹਨ। ਸਾਖੀ ਕੀਤੀ ਜਾਂਦੀ ਹੈ ਕਿ ਜਦ ਗੁਰੂ ਨਾਨਕ ਜੀ ਜੋਤੀ ਜੋਤ ਸਮਾਏ ਤਾਂ ਉਨ੍ਹਾਂ ਸਚਖੰਡ ਜਾਣ ਦੀ ਬਜਾਏ ਨਰਕਾਂ ਦਾ ਰਾਹ ਪਕੜਿਆ ਤਾਂ ਕਿ ਨਰਕੀ ਜਿਊੜਿਆਂ ਨੂੰ ਛੁਡਾਇਆ ਜਾਵੇ। ਵਾਹਿਗੁਰੂ ਨੇ ਗੁਰੂ ਨਾਨਕ ਨੂੰ ਕਿਹਾ ਕਿ ਇਸ ਤਰ੍ਹਾਂ ਨਹੀਂ। ਇਨ੍ਹਾਂ ਨਰਕੀ ਜਿਊੜਿਆਂ ਨੂੰ ਨੇਕ ਕਰਮ ਕਰਨਾ ਸਿਖਾਓ ਤਾਂ ਕਿ ਚੰਗੇ ਕਰਮ ਕਰਕੇ ਸਵਰਗਾਂ ਦੇ ਭਾਗੀ ਹੋਣ। ਗੁਰੂ ਨਾਨਕ ਨੇ ਇਸੇ ਲਈ ਨੌਂ ਜਾਮੇ ਧਾਰਨ ਕੀਤੇ ਕਿ ਲੁਕਾਈ ਨਰਕਾਂ ਵਿਚ ਪੈਣ ਤੋਂ ਬਚ ਜਾਵੇ। ।♦।

Sri Satguru Jagjit Singh Ji eLibrary NamdhariElibrary@gmail.com

ਚੌਦਾਂ

# ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੀ ਨੁਹਾਰ ਤੇ ਸ਼ਖ਼ਸੀਅਤ

ਵਾਹੁ ਵਾਹੁ ਗੁਰੂ ਗੋਬਿੰਦ ਸਿੰਘ

ਮਹਿਰੋਲੀ ਨੇੜੇ ਇਕ ਮਸੀਤ ਦੀ ਮਹਿਰਾਬ ਤੇ ਹਜ਼ਰਤ ਮੁਹੰਮਦ ਸਾਹਿਬ ਦਾ ਮੁਹਾਂਦਰਾ ਤੇ ਨੈਨ ਨਕਸ਼ ਕਿਸੇ ਅੰਕਿਤ ਕੀਤੇ ਹੋਏ ਹਨ। ਪਰ ਵੱਡੀ ਹੈਰਾਨੀ ਇਹ ਹੈ ਕਿ ਪਹਿਲਾਂ ਬਿਸਮ-ਅਲਾਹ ਤਕ ਨਹੀਂ ਲਿਖਿਆ। ਇੰਜ ਲਗਦਾ ਹੈ. ਕਿ ਕਿਸੇ ਯਾਦਦਾਸ਼ਤ ਲਈ ਉਕਰਿਆ ਤਾਂ ਕਿ ਮੁਹੰਮਦ ਸਾਹਿਬ ਦੀ ਸੂਰਤ ਸਾਂਭੀ ਰਵ੍ਹੇ। ਉਥੇ ਨੈਨ ਨਕਸ਼ ਇਸ ਤਰ੍ਹਾਂ ਦਰਸਾਏ ਹਨ : ਹਜ਼ਰਤ ਮੁਸਤਫ਼ਾ ਦਾ ਰੰਗ ਗੰਦਮੀ ਹੈ, ਚੌੜਾ ਮੱਥਾ ਹੈ। ਭਰਵੱਟੇ ਹਲਕੇ ਤੇ ਪਲਕਾਂ ਚੌੜੀਆਂ ਹਨ, ਜੁੱਸਾ ਮਜ਼ਬੂਤ, ਤਿੱਖਾ ਨੱਕ, ਕਾਲੀਆਂ ਚਮਕਦਾਰ ਅੱਖਾਂ, ਸਲੂਣੀ ਤੱਕਣੀ, ਲੰਮਾ ਦਾਹੜਾ, ਦੰਦਾਂ ਦਾ ਬੀੜ ਮੋਤੀਆਂ ਵਰਗਾ, ਲੰਮੀਆਂ ਬਾਹਵਾਂ ਜੋ ਗੋਡਿਆਂ ਤਕ ਜਾ ਪੁਜਦੀਆਂ ਹਨ, ਉਂਗਲੀਆਂ ਦੇ ਪੋਟੇ ਪਤਲੇ, ਜਿਸਮ 'ਤੇ ਕੋਈ ਵਾਲ ਨਹੀਂ, ਸਿਰਫ਼ ਛਾਤੀ ਤੇ ਪੇਟ ਵਿਚਕਾਰ ਹਨ।

ਉਸੇ ਵੇਲੇ ਮੈਨੂੰ ਖ਼ਿਆਲ ਆਇਆ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਸ਼ਖ਼ਸੀਅਤ ਬਾਰੇ ਤਾਂ ਸਾਧੂ ਟੀ. ਐਲ. ਵਾਸਵਾਨੀ ਤੋਂ ਅੱਛਾ ਬਿਆਨ ਕਰਨਾ ਮੁਸ਼ਕਿਲ ਹੈ ਜਿਸ ਲਿਖਿਆ : ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਸਤਰੰਗੀ ਪੀਂਘ ਸਮਾਨ ਹੈ। ਉਨ੍ਹਾਂ ਵਿਚੋਂ ਇਕੋ ਵੇਲੇ ਗੁਰੂ ਨਾਨਕ ਦੇਵ ਜੀ ਦੀ ਮਿਠਤ ਨੀਵੀਂ (ਹਨੀਡ ਹਯੂਮਿਲਿਟੀ), ਈਸਾ ਜੀ ਵਾਲੀ ਤਰਸ ਭਰੀ ਤੱਕਣੀ (ਲੈਂਬ ਲਾਈਕ ਵਰਚਯੂ), ਬੁੱਧ ਜੀ ਵਾਲਾ ਆਤਮ ਗਯਾਨ (ਵਿਜ਼ਡਮ), ਹਜ਼ਰਤ ਮੁਹੰਮਦ ਸਾਹਿਬ ਵਾਲਾ ਡੁੱਲ੍ਹ-ਡੁੱਲ੍ਹ ਪੈਂਦਾ ਜੋਸ਼ (ਬਬਲਿੰਗ ਐਨਰਜੀ), ਕ੍ਰਿਸ਼ਨ ਜੀ ਵਾਲਾ ਸੂਰਜਵਤ ਭਖਦਾ ਜਲੌ (ਸਨ ਕਿਸਡ ਗਲੋਰੀ), ਰਾਮ ਜੀ ਵਾਂਗ ਮਰਯਾਦਾ ਪ੍ਰਸ਼ੋਤਮ ਤੇ ਸ਼ਾਹਾਂ ਵਾਲੀ ਸ਼ਾਨ ਦੇਖੀ ਜਾ ਸਕਦੀ ਹੈ। ਸੱਚੀ ਗੱਲ ਇਹ ਹੈ ਕਿ ਉਹ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਬੈਠੇ 'ਜੋਤਿ ਰੂਪ ਹਰਿ ਆਪ', ਜੰਗ ਵਿਚ ਨਿਰਭੈ ਯੋਧੇ, ਤਖ਼ਤ 'ਤੇ ਬੈਠੇ ਸੱਚੇ ਪਾਤਸ਼ਾਹ ਤੇ ਸੰਗਤਾਂ ਵਿਚ ਵਿਚਰਦੇ ਇਕ ਦਰਵੇਸ਼ ਲੱਗਦੇ ਸਨ। ਪਰ ਚਿਤ ਸੁਭਾਵਕ ਪੁੱਛਦਾ ਹੈ ਕਿ ਐਸੇ ਸਾਹਿਬ-ਏ-ਕਮਾਲ ਦੀ ਨੁਹਾਰ ਕੀ ਸੀ ਜਿਸ ਦੀ ਮਿਕਨਾਤੀਸੀ ਕਸ਼ਿਸ਼ ਹਰ ਇਕ ਨੂੰ ਆਪਣੇ ਵੱਲ ਖਿੱਚੀ ਟੂਰੀ ਜਾਂਦੀ ਸੀ। ਮੇਰਾ ਖ਼ਿਆਲ ਹੈ ਕਿ ਮਹਾਂਕਵੀ ਸੰਤੋਖ ਸਿੰਘ ਨੇ ਗੁਰੂ ਗੋਬਿੰਦ ਸਿੰਘ



Sri Satguru Jagjit Singh Ji eLibrary NamdhariElibrary@gmail.com

ਜੀ ਦੀ ਨੁਹਾਰ ਜੋ ਸੂਰਜ ਪ੍ਰਕਾਸ਼ ਦੀ ਰਾਸ ਪਹਿਲੀ ਤੇ ਅੰਸੂ ਉਨ੍ਹੀਵੀਂ ਵਿਚ ਦਿੱਤੀ ਹੈ ਉਹ ਬਹੁਤ ਹਦ ਤਕ ਢੁੱਕਵੀਂ ਹੈ :

ਸੂਰਜ ਪ੍ਰਕਾਸ਼ ਦਾ ਕਹਿਣਾ ਹੈ ਕਿ ਦਸਮ ਪਿਤਾ ਦਾ ਸਰੀਰ ਗਠਵਾਂ, ਚਰਨ ਲਾਲ ਪੱਕੇ, ਪੈਰਾਂ ਦੀ ਪਿੱਠ ਉੱਚੀ ਪਰ ਕੋਮਲ। ਤਲੀਆਂ ਨੀਵੀਆਂ :

*"ਤਰੁਣਾ ਬਿਰਛ ਤੇ ਉਰਧ ਐਸੇ।*
*ਕਮਰ ਪੀਠ ਹੋਇ ਕੋਮਲ ਜੈਸੇ"।*
*ਉਂਗਲੀਆਂ ਮਿਲੀਆਂ ਹੋਈਆਂ*
*ਗਿੱਟੇ ਗੋਡੇ ਮਜ਼ਬੂਤ*
*ਤ੍ਰੈ ਵਲਾਂ ਵਾਲਾ ਪੇਟ*
*ਬਾਹਵਾਂ ਲੰਮੀਆਂ ਪਰ ਸਿੱਧੀਆਂ,*
*ਡੌਲੇ ਬਜਰ, ਛਾਤੀ ਚੌੜੀ ਪਰ ਤਕੜੀ*
*ਮੋਢੇ ਉੱਚੇ ਪਰ ਬਹੁਤ ਸੁੰਦਰ*
*ਠੋਡੀ, ਨਵੇਂ ਅੰਬ ਵਾਂਗ*

ਦੰਦ ਗੁਲੀਆਂ ਦੇ ਡੱਬੇ ਵਿਚ ਫੁੱਲਾਂ ਦੀਆਂ ਕਲੀਆਂ ਭਾਸਦੇ ਹਨ।

ਗੱਲ੍ਹਾਂ ਇਤਨੀਆਂ ਖ਼ੂਬਸੂਰਤ ਹਨ ਕਿ ਕਾਮਦੇਵ ਦੇ ਸ਼ੀਸ਼ੇ ਭਾਸਦੇ ਹਨ।

ਮੁੱਖੜਾ ਪੂਰਨਮਾਸ਼ੀ ਵਾਂਗ ਚਮਕਦਾ ਹੈ ਪਰ ਇਸ ਵਿਚ ਵਾਧਾ ਹੈ ਕਿ ਇਹ ਚੰਨ ਵਾਂਗੂੰ ਵਧਦਾ ਘਟਦਾ ਨਹੀਂ। ਇਕ ਰਸ ਚਾਨਣ ਖਿਲੇਰਦਾ ਰਹਿੰਦਾ ਹੈ। ਦੇਖਣ ਵਾਲੇ ਨੂੰ ਠੰਢਕ ਮਿਲਦੀ ਹੈ।

ਬੋਲਦੇ ਹਨ ਤਾਂ ਇੰਝ ਮਹਿਸੂਸ ਹੁੰਦਾ ਹੈ ਕਿ ਜਿਵੇਂ ਹਿਰਦੇ ਥਲ ਤੇ ਲਗਾਤਾਰ ਕਣੀਆਂ ਪੈ ਰਹੀਆਂ ਹੋਣ। ਸਖ਼ਤ ਧਰਤੀ 'ਤੇ ਜਦ ਬੱਦਲ ਪੈਂਦਾ ਹੈ ਤੇ ਜੋ ਧੁਨੀ ਨਿਕਲਦੀ ਹੈ, ਉਹ ਆਵਾਜ਼ ਬੋਲਾਂ ਦੀ ਹੈ। (ਮਧੁਰ ਘਨ ਧੁਨਿ ਸ਼ੁਭ ਬਾਨੀ) ਹਰ ਸ਼ਬਦ ਆਪ ਜੀ ਦਾ ਗੰਭੀਰ ਹੁੰਦਾ ਹੈ। ਅੱਖੀਆਂ ਵੱਡੀਆਂ, ਜਿਨ੍ਹਾਂ ਦੀ ਤੱਕਣੀ ਤਿੱਖੀ ਹੈ ਪਰ ਕਰੁਣਾ ਭਰੀ। 'ਕਰੁਣਾ ਭਰੇ ਕਟਾਛ ਛਬੀਲੇ'। ਅੱਖਾਂ ਘੁੰਮਦੀਆਂ ਇਤਨੀਆਂ ਸੁਹਣੀਆਂ ਲੱਗਦੀਆਂ ਹਨ ਜਿਵੇਂ ਮੱਛੀਆਂ ਜਲ ਵਿਚ ਅਠਖੇਲੀਆਂ ਕਰਦੀਆਂ ਹੋਣ। ਜਿਸ ਪਾਸੇ ਗੁਰੂ ਜੀ ਦ੍ਰਿਸ਼ਟੀ ਪਾਂਦੇ ਹਨ ਉਹ ਉਸੇ ਦਾ ਹੋ ਜਾਂਦਾ ਹੈ।

ਭਰਵੱਟੇ ਕਮਾਨ ਵਾਂਗ ਹਨ ਤੇ ਪਲਕਾਂ ਦਾ ਖੁਲ੍ਹਣਾ ਬੰਦ ਹੋਣਾ ਵਜਦ ਤਾਰੀ ਕਰ ਦੇਂਦਾ ਹੈ। ਸੁੰਦਰ ਕਾਲੇ ਕੇਸਾਂ ਤੇ ਦਸਤਾਰ ਖ਼ੂਬ ਸਜ ਰਹੀ ਹੈ :

*"ਮੇਚਕ ਚਿਕਨ, ਕੇਸ਼ ਅਸ਼ੇਸ਼।*
*ਸਿਰ ਉਸਨੀਕ (ਦਸਤਾਰ) ਸੁਹਾਇ ਆਸ਼ੇਸ਼।"*

ਉੱਪਰ ਕਲਗੀ ਚਮਕ ਰਹੀ ਹੈ। ਜਿਸ ਵੱਲ ਅੱਖੀਆਂ ਭਰ ਕੇ ਕੋਈ ਦੇਖ ਹੀ ਨਹੀਂ ਸਕਦਾ। ਜਦ ਤਖ਼ਤ 'ਤੇ ਆ ਬਿਰਾਜਦੇ ਹਨ ਤਾਂ ਸਾਰੀ ਸੰਗਤ ਵਿਚ ਆਤਮਿਕ ਰੌ ਦੌੜਨ

Sri Satguru Jagjit Singh Ji eLibrary NamdhariElibrary@gmail.com

ਲੱਗ ਪੈਂਦੀ ਹੈ। ਇਹ ਹੀ ਕਹਿਣਾ ਫੱਬਦਾ ਹੈ ਜੋ ਅੰਮ੍ਰਿਤਰਾਇ ਨੇ ਕਿਹਾ ਸੀ ਕਿ :

ਉਨ੍ਹਾਂ ਦੀ ਸ਼ਖਸੀਅਤ ਵਿਚੋਂ ਨੌਂ ਰਸ ਝਰਦੇ ਹਨ, ਬਿਲਕੁਲ ਠੀਕ ਹੈ।

ਜੋ ਦੁਸ਼ਟ ਦਮਨ ਨੇ ਪ੍ਰਭੂ-ਪ੍ਰੇਮ ਵਿਚ ਸੁਰਤਿ ਚੁਭੋ ਰੱਖੀ ਹੈ ਉਹ *ਸ਼ਿੰਗਾਰ ਰਸ* ਹੀ ਹੈ। ਗਧੇ ਦੇ ਜਿਸਮ ਤੇ ਸ਼ੇਰ ਦੀ ਖੱਲ ਪਾ ਕੇ ਸਾਨੂੰ ਹਸਾਉਂਦੇ ਜ਼ਰੂਰ ਹਨ ਪਰ ਕੇਵਲ ਇਸ ਲਈ ਕਿ ਸਿੰਘ ਦਾ ਬਾਣਾ ਪਾ ਕਦੇ ਕਾਇਰ ਨ ਹੋਈਏ ਤਾਂ ਕਿ ਲੋਕ ਹਾਸੀ ਨਾ ਕਰਨ। ਦੁੱਖ ਕਿਸੇ ਦਾ ਉਨ੍ਹਾਂ ਪਾਸੋਂ ਸਹਾਰਿਆ ਨਹੀਂ ਜਾਂਦਾ। 'ਕਰੁਣਾ' ਦੀ ਉਹ ਮੂਰਤ ਹਨ। ਜਦ ਇਕੱਲੇ ਹੀ ਭਗਉਤੀ ਲੈ ਜੰਗ ਵਿਚ ਜੂਝਦੇ ਹਨ ਤਾਂ *ਰੌਦਰ* ਦੀ ਮੂਰਤ ਹੀ ਲੱਗਦੇ ਹਨ। ਕਾਇਰਾਂ ਨੂੰ ਸ਼ੇਰ ਬਣਾਉਣ ਦੀ ਉਨ੍ਹਾਂ ਵਿਚ 'ਬੀਰ ਰਸੀ' ਸ਼ਕਤੀ ਹੈ। ਜਦ ਰਣਜੀਤ ਨਗਾਰਾ ਵਜਾਂਦੇ ਹਨ ਤਾਂ ਸਭ 'ਭਿਆਨ' ਰਸ ਨਾਲ ਭਰ ਜਾਂਦੇ ਹਨ। ਹਰ ਕੋਈ 'ਤ੍ਰਾਹ-ਤ੍ਰਾਹ' ਕਰਨ ਲੱਗ ਪੈਂਦਾ ਹੈ। ਉਨ੍ਹਾਂ ਦਾ ਸੱਜੇ-ਖੱਬੇ ਹੱਥਾਂ ਨਾਲ ਇਕੋ ਵੇਲੇ ਤੀਰ ਛੱਡਣਾ 'ਭੀਪਤਸ ਰਸ' ਪੈਦਾ ਕਰਦਾ ਹੈ। ਉਨ੍ਹਾਂ ਲਾਹੌਰ ਤੋਂ ਦਇਆ, ਦਿੱਲੀ ਤੋਂ ਧਰਮ, ਪੁਰੀ ਤੋਂ ਹਿੰਮਤ, ਦਵਾਰਕਾ ਤੋਂ ਮੁਹਕਮ ਤੇ ਬਿਦਰ ਤੋਂ ਸਾਹਿਬ ਉਠਾ ਕੇ 'ਅਦਭੁਤ' ਕਾਰਜ ਹੀ ਨਿਭਾਇਆ ਹੈ। ਫਿਰ ਉਨ੍ਹਾਂ ਵਿਚ ਸੀਤਲਤਾ ਤੇ ਅਡੋਲਤਾ ਹੈ। 'ਸ਼ਾਂਤ ਰਸ' ਹਰ ਰੰਗ ਵਿਚ ਸਮਾਇਆ ਹੈ। ਧੰਨ ਹਨ ਕਲਗੀਆਂ ਵਾਲੇ ਕਿ ਪਿਤਾ ਗੁਰੂ ਤੇਗ਼ ਬਹਾਦਰ ਜੀ ਦਾ ਸ਼ਹੀਦ ਹੋਇਆ ਸੀਸ ਅਨੰਦਪੁਰ ਪੁੱਜਾ ਤਾਂ ਉਹ ਸ਼ਾਂਤ। ਫਿਰ ਵੱਡੇ ਸਾਹਿਬਜ਼ਾਦਿਆਂ ਦੀਆਂ ਲੋਥਾਂ ਚਮਕੌਰ ਦੀ ਗੜ੍ਹੀ ਸਾਹਮਣੇ ਗਿਰੀਆਂ ਪਰ ਉਹ ਅਡੋਲ ਚਿੱਤ ਅਤੇ ਉਨ੍ਹਾਂ ਤੇ ਖੰਜਰ ਨਾਲ ਜਮਸ਼ੈਦ ਖ਼ਾਨ ਨੇ ਹਮਲਾ ਕਰ ਮਾਰੂ ਵਾਰ ਕੀਤਾ ਤਾਂ ਵੀ ਸ਼ਾਂਤ ਚਿੱਤ।

*'ਵਾਹੁ ਵਾਹੁ ਗੁਰੂ ਗੋਬਿੰਦ ਸਿੰਘ।'* ।◆।

Sri Satguru Jagjit Singh Ji eLibrary NamdhariElibrary@gmail.com

ਪੰਦਰ੍ਹਾਂ

# ਕੁਝ ਅਲੌਕਿਕ ਸਾਖੀਆਂ

ਮੁਹਸਨ ਫ਼ਾਨੀ, ਜੋ ਗੁਰੂ ਹਰਿਗੋਬਿੰਦ ਜੀ ਪਾਸ ਕਈ ਸਾਲ ਰਿਹਾ, ਉਸ ਨੇ ਕੁਝ ਸਿੱਖਾਂ ਦੀ ਦ੍ਰਿੜ੍ਹਤਾ ਤੇ ਇਸਤਕਲਾਲ ਦੀਆਂ ਵਾਰਤਾਵਾਂ ਲਿਖੀਆਂ ਹਨ। ਉਹ ਲਿਖਦਾ ਹੈ :

ਸਬਕ-ਅਮੋਜ਼

*ਭਾਈ ਝੰਡਾ* : ਗੁਰੂ ਦਾ ਇਕ ਨਿਕਟਵਰਤੀ ਸਿੱਖ ਹੈ। ਉਹ ਘਰੋਂ ਸੌਖਾ ਹੈ। ਸਚਿਆਰ ਤੇ ਕਰਨੀ ਵਾਲਾ ਹੈ। ਉਹ ਘੱਟ ਬੋਲਦਾ ਹੈ ਅਤੇ *ਕਿਸੇ ਦੀ ਮਾੜੀ ਚੰਗੀ ਵਿਚ ਵੀ ਨਹੀਂ।* (ਬ ਨੇਕ ਵ ਬਦ ਕਸ ਕਾਰੇ ਨ ਕਰਦ)। ਇਕ ਦਿਨ ਉਸ ਦਾ ਪੈਰ ਫੱਟੜ ਹੋ ਗਿਆ। ਗੁਰੂ ਹਰਿਗੋਬਿੰਦ ਜੀ ਨੇ ਜ਼ਖ਼ਮ ਵੱਲ ਨਾ ਹੁੰਦਾ ਦੇਖ ਸੁਭਾਵਕ ਫ਼ਰਮਾਇਆ :

ਜੁੱਤੀ ਨਾ ਪਹਿਨੋ। ਸੁਣਦੇ ਸਾਰ ਹੀ ਝੰਡਾ ਜੀ ਨੇ ਜੋੜਾ ਉਤਾਰ ਦਿੱਤਾ। ਤਿੰਨ ਮਹੀਨੇ ਨੰਗੇ ਪੈਰੀਂ ਹੀ ਫਿਰਦੇ ਰਹੇ। ਜਦ ਗੁਰੂ ਜੀ ਨੂੰ ਪਤਾ ਲੱਗਾ ਕਿ ਭਾਈ ਝੰਡਾ ਜੁੱਤੀ ਨਹੀਂ ਪਹਿਨਦੇ ਤਾਂ ਫ਼ਰਮਾਇਆ ਜੋੜੇ ਪਹਿਨ ਲਵੋ। ਅਸਾਂ ਤਾਂ ਉਤਨੀ ਦੇਰ ਤੱਕ ਨਾ ਪਹਿਨਣ ਲਈ ਕਿਹਾ ਸੀ ਜਦ ਤਕ ਤੁਹਾਡਾ ਜ਼ਖ਼ਮ ਅੱਲਾ ਸੀ।

ਕੁਝ ਦਿਨਾਂ ਬਾਅਦ ਗੁਰੂ ਜੀ ਨੇ ਭਾਈ ਝੰਡਾ ਜੀ ਨੂੰ ਕਿਹਾ : ਸਿੱਖਾਂ ਨੂੰ ਜਾ ਆਖੋ ਕਿ ਲੰਗਰ ਵਾਸਤੇ ਬਾਲਣ ਲੈ ਆਉਣ। ਲੰਗਰ ਲਈ ਬਾਲਣ ਲਿਆਉਣਾ ਵੱਡਾ ਸੁਆਬ (ਪੁੰਨ) ਹੈ। ਭਾਈ ਝੰਡਾ ਜੀ ਅਗਲੇ ਦਿਨ ਹਜ਼ੂਰ ਹਾਜ਼ਰ ਨਾ ਹੋਏ। ਸਭ ਦੇਖ ਹੈਰਾਨ ਹੁੰਦੇ ਕਿ ਭਾਈ ਸਾਹਿਬ ਹੁਣ ਦੁਪਹਿਰ ਤਕ ਵੀ ਸੁੱਤੇ ਹੀ ਰਹਿੰਦੇ ਹਨ। ਲੋਕਾਂ ਜਾਣਿਆਂ ਭਾਈ ਜੀ ਨੂੰ ਕੁਝ ਹੋ ਗਿਆ ਹੈ ਜੋ ਦੁਪਹਿਰੇ ਤਕ ਸੁੱਤੇ ਰਹਿੰਦੇ ਹਨ। ਕਈਆਂ ਨੇ ਦੀਵਾਨ ਦੀ ਹਾਜ਼ਰੀ ਵੀ ਨਾ ਭਰਦੇ ਜਾਤਾ ਕਿ ਉਹ ਵਾਂਢੇ (ਪ੍ਰਾਹੁਣਾਚਾਰੀ) ਚਲੇ ਗਏ ਹਨ। ਕਿਸੇ ਨਿਕਟ-ਵਰਤੀ ਨੇ ਆ ਕੇ ਦੱਸਿਆ ਕਿ ਭਾਈ ਸਾਹਿਬ ਰਾਤ ਪੈਂਦੇ ਸਾਰ ਕਿਧਰੇ ਉਡ ਜਾਂਦੇ ਹਨ।

ਗੁਰੂ ਜੀ ਆਪੂੰ ਤੇ ਹੋਰ ਸਿੱਖ ਵੀ ਭਾਈ ਸਾਹਿਬ ਦੀ ਤਲਾਸ਼ ਲਈ ਨਿਕਲੇ ਕਿ ਰਾਤ ਨੂੰ ਭਾਈ ਸਾਹਿਬ ਕਿਥੇ ਜਾਂਦੇ ਹਨ, ਦਾ ਪਤਾ ਲਗਾਇਆ ਜਾਏ ਅਤੇ ਇਤਨੀ ਦੇਰ ਤੱਕ ਸੁੱਤੇ ਰਹਿਣ ਦਾ ਕੀ ਕਾਰਨ ਹੈ। ਗੁਰੂ ਜੀ ਨੇ ਰਾਤੀਂ ਡਿੱਠਾ ਕਿ ਬਾਲਣ ਦੀ ਪੰਡ ਸਿਰ ਤੇ ਚੁੱਕੀ ਭਾਈ ਸਾਹਿਬ ਆਪਣੀ ਚਾਲੇ ਆ ਰਹੇ ਹਨ। ਇਸ ਹਾਲਤ ਵਿਚ ਦੇਖ ਗੁਰੂ ਜੀ ਨੇ ਫ਼ਰਮਾਇਆ : ਤੁਹਾਨੂੰ ਤਾਂ ਨਹੀਂ ਸੀ ਕਿਹਾ ਬਾਲਣ ਲਿਆਉਣ ਨੂੰ।



Sri Satguru Jagjit Singh Ji eLibrary NamdhariElibrary@gmail.com

ਭਾਈ ਜੀ ਨੇ ਹੱਥ ਜੋੜ ਕਿਹਾ : ਸੱਚੇ ਪਾਤਸ਼ਾਹ ਤੁਸਾਂ ਹੀ ਤਾਂ ਫ਼ਰਮਾਇਆ ਸੀ ਕਿ ਸਿੱਖਾਂ ਨੂੰ ਜਾ ਕੇ ਆਖੋ ਕਿ ਜੰਗਲ ਵਿਚੋਂ ਲੰਗਰ ਲਈ ਲੱਕੜਾਂ ਕੱਟ ਲਿਆਉਣ। ਮੈਂ ਵੀ ਤਾਂ ਤੁਹਾਡਾ ਨਿਮਾਣਾ ਜਿਹਾ ਸਿੱਖ ਹਾਂ। ਸਿੱਖ ਤੋਂ ਉੱਚਾ ਹੋਰ ਕੋਈ ਰੁਤਬਾ ਮੇਰੀ ਨਜ਼ਰ ਵਿਚ ਨਹੀਂ। *(ਮਨ ਸਿਖਮ ਵ ਬਾਲਾ ਤਰ ਅਜ਼ੀਂ ਪਾਯਾ ਨ ਮੇ ਦਾਨਮ)*

ਇਕ ਦਿਹਾੜੇ ਗੁਰੂ ਜੀ ਬਾਰਾਂਦਰੀ ਬਾਗ਼ ਸੈਰ ਕਰਨ ਗਏ। ਭਾਈ ਝੰਡਾ ਜੀ ਨੂੰ ਕਿਹਾ : ਤੁਸੀਂ ਦਰਵਾਜ਼ੇ ਤੇ ਖੜ੍ਹੇ ਰਹਿਣਾ। ਸੈਰ ਕਰਦੇ ਗੁਰੂ ਜੀ ਦੂਜੇ ਦਰਵਾਜ਼ੇ ਬਾਹਰ ਚਲੇ ਗਏ ਤੇ ਮਹੱਲੀਂ ਪੁੱਜ ਗਏ। ਭਾਈ ਝੰਡਾ ਜੀ ਤਿੰਨ ਦਿਨ ਉਥੇ ਹੀ ਪਹਿਰੇ ਤੇ ਖੜ੍ਹੇ ਰਹੇ। ਗੁਰੂ ਜੀ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਸੱਦ ਘੱਲਿਆ। ਇਸ ਤਰ੍ਹਾਂ ਗੁਰੂ ਦੇ ਹੁਕਮ ਤੇ ਸਿੱਖ ਪਹਿਰਾ ਦੇਂਦੇ ਸਨ।

**ਭਾਈ ਬਿਧੀ ਚੰਦ** : ਗੁਰੂ ਹਰਿਗੋਬਿੰਦ ਜੀ ਦਾ ਇਕ ਹੋਰ ਸਿੱਖ ਭਾਈ ਬਿਧੀਆ (ਬਿਧੀ ਚੰਦ) ਹੈ। ਉਹ ਪਹਿਲਾਂ ਧਾੜਵੀ ਸੀ। ਹੁਣ ਗੁਰੂ ਜੀ ਦਾ ਅਨਿਨ ਸਿੱਖ ਹੈ। ਇਸ ਨੇ ਉਹ ਖੋਹੇ ਹੋਏ ਘੋੜੇ ਸ਼ਾਹੀ ਕਿਲ੍ਹੇ ਤੋਂ ਦਾਅ ਨਾਲ ਵਾਪਸ ਆਂਦੇ ਸਨ। ਐਸਾ ਕਰਨਾ ਉਹ ਆਪਣਾ ਧਰਮ ਸਮਝਦਾ ਸੀ। ਸਿੱਖਾਂ ਦਾ ਯਕੀਨ ਹੈ ਕਿ ਗੁਰੂ ਹਰਿਗੋਬਿੰਦ ਜੀ ਨੇ ਜੋ ਫ਼ਰਮਾ ਦਿੱਤਾ ਹੈ ਕਿ ਹੋਣੀ ਵਾਲੇ ਦਿਹਾੜੇ ਉਨ੍ਹਾਂ ਦੇ ਸਿੱਖਾਂ ਤੋਂ ਲੇਖਾ ਨਹੀਂ ਪੁੱਛਿਆ ਜਾਵੇਗਾ ਸੋ ਐਸਾ ਨਹੀਂ ਹੋਵੇਗਾ (ਰੋਜ਼ੇ ਜਜ਼ਾ ਮੁਰੀਦਾਨ ਮਰਾ ਅਜ਼ ਅਇਮਾਲ ਨ ਪੁਰਸੰਦ)।

**ਭਾਈ ਸਾਧ** : ਇਸੇ ਤਰ੍ਹਾਂ ਕਾਬਲ ਦੇ ਰਹਿਣ ਵਾਲੇ ਇਕ ਹੋਰ ਸਿੱਖ ਭਾਈ ਸਾਧ ਜੀ ਹਨ। ਹਰਖ ਸੋਗ ਤੋਂ ਨਿਆਰੇ ਹਨ। ਖ਼ੁਸ਼ੀ ਆਏ ਤਾਂ ਛਾਲਾਂ ਨਹੀਂ ਸਨ ਮਾਰਦੇ, ਦੁੱਖ ਵਿਚ ਝਉਂ ਨਹੀਂ ਸਨ ਜਾਂਦੇ।

*(ਅਜ਼ ਸ਼ਾਦ ਬ ਖ਼ੁਸ਼ ਵ ਬਾਲਮ ਮਗ਼ਮੂਮ ਨ ਮੇ ਸ਼ਵਦ)।*

ਮੁਹਸਨ ਫ਼ਾਨੀ ਕਹਿੰਦਾ ਹੈ ਕਿ ਮੈਂ ਆਪੂੰ ਕਾਬਲ ਤੋਂ ਪੰਜਾਬ ਤਕ ਉਸ ਨਾਲ ਸਫ਼ਰ ਕਰਕੇ ਅਜਿਹਾ ਡਿੱਠਾ ਹੈ। ਇਕ ਵਾਰੀ ਗੁਰੂ ਜੀ ਦੀ ਆਗਿਆ ਪਾ ਕੇ ਬਲਖ ਤੋਂ ਇਰਾਕ ਵੱਲ ਘੋੜੇ ਲਿਆਉਣ ਲਈ ਉਹ ਟੁਰ ਪਿਆ। ਉਸ ਦਾ ਇਕੋ ਇਕ ਜਵਾਨ ਪੁੱਤਰ ਅਚਾਨਕ ਸਖ਼ਤ ਬਿਮਾਰ ਹੋ ਗਿਆ। ਉਸ ਨੂੰ ਸੁਨੇਹਾ ਪਹੁੰਚਾਇਆ ਗਿਆ ਤੇ ਲੋਕਾਂ ਕਿਹਾ : ਘਰ ਮੁੜ ਚੱਲ ਤੇ ਬੇਟੇ ਦਾ ਇਲਾਜ ਕਰਾ, ਅਜੇ ਤੂੰ ਬਲਖ਼ ਤੋਂ ਖ਼ਾਸ ਦੂਰ ਨਹੀਂ। ਮਸਾਂ ਇਕ ਪੜਾਅ ਹੀ ਕੀਤਾ ਹੈ। ਇਹ ਸੁਣ ਕੇ ਭਾਈ ਸਾਧ ਜੀ ਨੇ ਇਤਨਾ ਹੀ ਕਿਹਾ : ਗੁਰੂ ਕਾਰ ਨਿਭਾਣ ਟੁਰ ਪਿਆ ਹਾਂ। ਹੁਣ ਪਿੱਛੇ ਨਹੀਂ ਪਰਤ ਸਕਦਾ। ਜੇ ਬੇਟਾ ਗੁਜ਼ਰ ਗਿਆ ਤਾਂ ਘਰ ਵਿਚ ਲੱਕੜੀ ਬੜੀ ਪਈ ਹੈ ਸਸਕਾਰ ਕਰ ਦੇਣਾ ਹੈ।

ਸੱਚਮੁੱਚ ਐਸਾ ਹੀ ਹੋਇਆ ਉਸ ਦਾ ਬੇਟਾ ਅਕਾਲ ਚਲਾਣਾ ਕਰ ਗਿਆ ਪਰ ਭਾਈ ਜੀ ਘੋੜੇ ਲੈ ਕੇ ਹੀ ਪਰਤੇ।

**ਗੁਰੂ ਵਸਦਾ ਸਿੱਖ ਵਿਚ** : ਇਕ ਵਾਰੀ ਇਕ ਸਿੱਖ ਨੇ ਗੁਰੂ ਹਰਿਗੋਬਿੰਦ ਜੀ ਕੋਲੋਂ ਪੁੱਛਿਆ ਕਿ ਜਦ ਤੁਸੀਂ ਪਾਸ ਨਾ ਹੋਵੋ ਤਾਂ ਤੁਹਾਡਾ ਦੀਦਾਰ ਕਿਵੇਂ ਕਰੀਏ। ਗੁਰੂ ਜੀ ਨੇ ਕਿਹਾ : ਕੋਈ ਵੀ ਸਿੱਖ ਜੇ ਗੁਰੂ ਗੁਰੂ ਜਪਦਾ ਤੁਹਾਡੇ ਘਰ ਆ ਜਾਵੇ ਤਾਂ ਉਸ ਨੂੰ

Sri Satguru Jagjit Singh Ji eLibrary NamdhariElibrary@gmail.com

ਗੁਰੂ ਜੀ ਦਾ ਰੂਪ ਜਾਣਨਾ। ਮੈਂ ਸਿੱਖਾਂ ਵਿਚ ਹੀ ਵਰਤਦਾ ਹਾਂ।

**ਅਰਦਾਸ ਦੀ ਮਹੱਤਤਾ** : ਸਿੱਖਾਂ ਦੀ ਇਹ ਮਨੌਤ ਹੈ ਕਿ ਕੋਈ ਵੀ ਇੱਛਾ ਦੀ ਪੂਰਤੀ ਕਰਨੀ ਹੋਵੇ ਤਾਂ ਸਹੀ ਸਾਧਨ ਅਰਦਾਸ ਹੈ। ਇਕੱਠੀ ਸੰਗਤ ਹੱਥ ਜੋੜ ਕੇ (ਦਸਤ ਬਰਬੰਦੇਦ) ਗੁਰੂ ਅੱਗੇ ਅਰਦਾਸ ਕਰਦੀ ਹੈ ਕਿ ਵਾਹਿਗੁਰੂ ਮਿਹਰ ਕਰਕੇ ਉਸ ਦੀ ਕਾਮਨਾ ਪੂਰੀ ਕਰੋ। ਗੁਰੂ ਰਾਮਦਾਸ ਜੀ ਨੇ ਤਾਕੀਦ ਕੀਤੀ ਸੀ ਕਿ ਸਿੱਖ ਗਰ ਕਾਮਨਾ ਆਵੇ ਤਾਂ ਪੂਰੀ ਕਰਨੀ ਅਤੇ ਸਭਨਾਂ ਰਲ ਕੇ ਅਰਦਾਸ ਕਰਕੇ ਉਸ ਦਾ ਕਾਰਜ ਕਰ ਦੇਣਾ। ਪਰ ਗੁਰੂ ਅੰਗਦ ਦੇਵ ਜੀ ਨੇ ਇਹ ਹੁਕਮ ਵੀ ਕੀਤਾ ਸੀ ਕਿ ''ਐਸੋ ਨਹੀਂ ਮਨੋਰਥ ਕਰੀਅਹਿ, ਜਿਸ ਤੇ ਮਹਾ ਕ੍ਰੋਧ ਸਿਰ ਧਰੀਅਹਿ।'' ਇਥੋਂ ਤਕ ਕਿ ਗੁਰੂ ਹਰਿਗੋਬਿੰਦ ਜੀ ਆਪੂੰ ਕਈ ਵਾਰ ਸੰਗਤ ਨੂੰ ਬੇਨਤੀ ਕਰਦੇ ਸਨ ਕਿ ਸੰਗਤ ਅਰਦਾਸ ਕਰੇ ਕਿ ਸ਼ੁੱਭ ਕਰਮਨ ਤੋਂ ਕਦੇ ਨਾ ਟਰਾਂ। ਸਿੱਖਾਂ ਨੂੰ ਯਕੀਨ ਹੈ ਕਿ ਜਦ ਸਮੂਹ ਸੰਗਤ ਇਕ ਮਨ ਹੋ ਕਿਸੇ ਵੀ ਸ਼ੈਅ ਦੀ ਪੂਰਤੀ ਲਈ ਅਰਦਾਸ ਕਰਦੀ ਹੈ ਤਾਂ ਉਹ ਅਵੱਸ਼ ਪੂਰਨ ਹੁੰਦੀ ਹੈ ਕਿਉਂਕਿ ਜੁੜੇ ਹੋਏ ਮਨਾਂ ਦੀ ਪੂਰੀ ਤਰ੍ਹਾਂ ਸੁਣੀ ਜਾਂਦੀ ਹੈ।

*"ਅਕੀਦਾ ਆ ਅਸਤ ਕਿ*
*ਚੂੰ ਜਮਅ ਕਸੀਰ ਦਰ ਸ਼ੁਦਨ-ਇ-ਕਾਰੇ ਤਵਜਹੁ ਕੁਨੰਦ।*
*ਅਲਬਤਾ ਸ਼ਵਦ ਚਿ ਨਫਸ ਰਾ ਆਸਰੇ ਤਮਾਮ ਅਸਤ।"*

ਮਾਈ ਸੁਲੱਖਣੀ ਦਾ ਨਿਸ਼ਚਾ ਹੀ ਸੀ ਜਿਸ ਨੂੰ ਫਲ ਲੱਗਾ। ਜਿਸ ਪਾਸ ਮਾਈ ਜਾਏ, ਉਹ ਇਹ ਹੀ ਆਖੇ ਮਾਈ ਤੇਰੇ ਲੇਖਾਂ ਵਿਚ ਨਹੀਂ। ਉਸ ਨੂੰ ਸੂਹ ਮਿਲੀ ਕਿ ਗੁਰੂ ਹਰਿਗੋਬਿੰਦ ਉਸ ਦੇ ਪਿੰਡ ਚੱਬੇ ਪਾਸੋਂ ਲੰਘ ਰਹੇ ਹਨ। ਉਹ ਕਲਮ ਦਵਾਤ ਘਰੋਂ ਹੀ ਉਠਾ ਕੇ ਲੈ ਗਈ। ਰਾਹ ਰੋਕ ਖੜ੍ਹੀ ਹੋ ਗਈ ਅਤੇ ਹੱਥ ਜੋੜ ਕਹਿਣ ਲੱਗੀ :

***ਸੋਹਣੀਏ ਦਾੜੀਏ, ਚਿਟੀਏ ਪੱਗੇ,***
***ਅਰਜ਼ ਕਰੇਂਦੀ ਹਾਂ, ਹਰਗੋਬਿੰਦ ਅੱਗੇ।***
***ਨਾਉਂ ਸੁਲੱਖਣੀ, ਪਿੰਡ ਮੇਰਾ ਚੱਬੇ।***
***ਅਫਲ ਜਾਂਦੀ ਨੂੰ ਕੋਈ ਫਲ ਲੱਗੇ।***

ਗੁਰੂ ਜੀ ਨੇ ਵੀ ਕਹਿ ਦਿੱਤਾ : ਮਾਈ ਤੇਰੇ ਲੇਖਾਂ ਵਿਚ ਨਹੀਂ ਪਰ ਨਿਸ਼ਚੇ ਦ੍ਰਿੜ੍ਹ ਸੁਲੱਖਣੀ ਨੇ ਕਿਹਾ : ਇਥੇ ਵੀ ਲਿਖਣਾ ਤੂੰ ਹੈ, ਉਥੇ ਵੀ ਤੂੰ ਸੀ। ਉਥੇ ਨਹੀਂ ਲਿਖੇ ਤਾਂ ਹੁਣ ਲਿਖ ਦੇਹ। ਮਹਾਰਾਜ ਨੇ ਕਲਮ ਫੜ ਜਦ ਘੋੜ ਚੜ੍ਹੇ ਹੀ ਠੀਕਰੀ ਤੇ ਹੀ ਲਿਖਣ ਲੱਗੇ '੧' ਤਾਂ ਘੋੜੇ ਨੇ ਅੱਡੀ ਚੁੱਕੀ ਤਾਂ '੧' ਦਾ '੭' ਬਣ ਗਿਆ। ਮਾਈ ਦੇ ਘਰ ਸੱਤ ਹੀ ਬੇਟੇ ਹੋਏ।

ਸਿੱਖਾਂ ਵਿਚ ਹਿੰਦੂਆਂ ਵਾਲਾ ਨਾ ਕਰਮ ਕਾਂਡ ਤੇ ਨਾ ਹੀ ਤਪ ਪੂਜਾ ਹੈ।

**ਖਾਣ ਦੀ ਖੁਲ੍ਹ** : (ਦਰ ਸਿੱਖਾਂ ਅਬਾਦਤ ਵ ਰਿਆਜਤਿ ਸ਼ਰਈ ਹਿੰਦੂਆਂ ਹੇਚ ਨੀਸਤ) ਖਾਣ ਪੀਣ ਦੀ ਕੋਈ ਪਾਬੰਦੀ ਨਹੀਂ।

ਪਰਤਾਬ ਮੱਲ ਨਾਂ ਦੇ ਇਕ ਗਿਆਨੀ ਨੇ ਜਦ ਇਕ ਵਾਰੀ ਡਿੱਠਾ ਕਿ ਇਕ ਹਿੰਦੂ

Sri Satguru Jagjit Singh Ji eLibrary NamdhariElibrary@gmail.com

ਲੜਕਾ ਇਸਲਾਮ ਧਾਰਨ ਦਾ ਮਨ ਬਣਾਈ ਬੈਠਾ ਹੈ ਤਾਂ ਗਿਆਨੀ ਜੀ ਨੇ ਮੁੰਡੇ ਕੋਲੋਂ ਪੁੱਛਿਆ ਤੂੰ ਮੁਸਲਮਾਨ ਕਿਉਂ ਬਣਨਾ ਲੋਚਦਾ ਹੈਂ ਤਾਂ ਉਸ ਲੜਕੇ ਨੇ ਕਿਹਾ ਕਿ ਮੁਸਲਮਾਨਾਂ ਵਿਚ ਖਾਣ ਦੀ ਬੜੀ ਖੁਲ੍ਹ ਹੈ ਤਾਂ ਪਰਤਾਬ ਮੱਲ ਨੇ ਮੋੜਵਾਂ ਜਵਾਬ ਦੇਂਦੇ ਕਿਹਾ : ਭਲੇ ਲੋਕਾ ਜੇ ਖਾਣ ਦੀ ਹੀ ਖੁਲ੍ਹ ਲੈਣਾ ਚਾਹੁੰਦਾ ਹੈਂ ਤਾਂ ਗੁਰੂ ਜੀ ਦਾ ਸਿੱਖ ਬਣ ਤੇ ਜੋ ਇੱਛਾ ਈ ਖਾਹ (ਅਗਰ ਮੇਲ-ਇ-ਹਮਾ ਚੀਜ਼ ਖਰਦਨ ਦਾਰੀ ਸਿੱਖ ਗੁਰੂ ਬਾਸ਼ ਵ ਹਰ ਚਿ ਖਵਾਹੀ ਬਖੋਰ)। ਮੁਸਲਮਾਨਾਂ ਵਿਚ ਤਾਂ ਫਿਰ ਵੀ ਕੁਝ ਖਾਣ ਦੀ ਮਨਾਹੀ ਹੈ।

ਸਿੱਖਾਂ ਦਾ ਇਹ ਵੀ ਨਿਸ਼ਚਾ ਹੈ ਕਿ ਗੁਰੂ ਦੇ ਸਿੱਖ ਸਦਾ ਸਵਰਗਾਂ ਨੂੰ ਹੀ ਜਾਂਦੇ ਹਨ : 'ਅਕੀਦਾ-ਇ-ਸਿੱਖ ਆ ਅਸਤ ਕਿ ਮਰੀਦਾਨਿ ਗੁਰੂ ਹਮ ਬ ਬਹਿਸ਼ਤ ਰਵੰਦ।'

ਗੁਰੂ ਦਾ ਨਾਂ ਲੈ ਕੇ ਕੋਈ ਵੀ ਸ਼ਖਸ ਕਿਸੇ ਸਿੱਖ ਦੇ ਘਰ ਆਵੇ ਅੱਗੋਂ ਉਹ ਆਦਰ ਨਾਲ ਘਰ ਵਾੜਦੇ ਹਨ। ਰੋਕਦੇ ਨਹੀਂ। ਕਹਿੰਦੇ ਹਨ ਕਿ ਇਕ ਚੋਰ ਗੁਰੂ ਜੀ ਦਾ ਨਾਂ ਲੈ ਕੇ ਸਿੱਖ ਦੇ ਘਰ ਗਿਆ। ਸਿੱਖ ਨੇ ਆਦਰ ਭਾਉ ਨਾਲ ਉਸ ਦੀ ਸੇਵਾ ਕੀਤੀ। ਤੜਕੇ ਹੀ ਸਿੱਖ ਘਰੋਂ ਬਾਹਰ ਚਲਾ ਗਿਆ ਤਾਂ ਕਿ ਹੋਰ ਵਸਤਾਂ ਬਾਜ਼ਾਰੋਂ ਲੈ ਕੇ ਆਵੇ ਤੇ ਸਿੱਖ ਦੀ ਰੱਜ ਕੇ ਸੇਵਾ ਕਰ ਸਕੇ। (ਰਾਤ ਪਏ ਚੋਰ ਦੇਰ ਗਏ ਘਰ ਆਇਆ ਸੀ) ਚੋਰ ਦੀ ਨੀਤ ਮਾੜੀ ਹੋ ਗਈ। ਸਿੱਖ ਦੀ ਘਰ ਵਾਲੀ ਨੂੰ ਉਸ ਗਹਿਣਿਆਂ ਨਾਲ ਲੱਦਿਆ ਤੱਕਿਆ। ਗਲਾ ਘੁੱਟ ਕੇ ਉਸ ਨੇ ਸਿੱਖ ਬੀਬੀ ਨੂੰ ਮਾਰ ਦਿੱਤਾ ਤੇ ਗਹਿਣੇ ਲੈ ਕੇ ਘਰੋਂ ਗਲੀ ਵਿਚ ਨਿਕਲ ਗਿਆ। ਅੱਗੋਂ ਸਿੱਖ ਵੀ ਆਣ ਮਿਲਿਆ। ਸਿੱਖ ਨੇ ਕਿਹਾ ਕਿ ਉਸ ਨੂੰ ਬਗ਼ੈਰ ਕੁਝ ਮੂੰਹ ਵਿਚ ਪਾਏ ਘਰੋਂ ਜਾਣ ਨਹੀਂ ਦੇਣਾ। ਉਸ ਨੂੰ ਜ਼ਬਰਦਸਤੀ ਘਰ ਲੈ ਆਇਆ। ਜਦ ਦੋਵੇਂ ਘਰ ਪੁੱਜੇ ਤਾਂ ਸਿੱਖ ਨੇ ਆਪਣੀ ਘਰ ਵਾਲੀ ਨੂੰ ਮੋਇਆ ਪਾਇਆ। ਚੋਰ ਦਾ ਅੰਦਰਲਾ ਕੰਬਿਆ ਤੇ ਉਸ ਨੇ ਸੱਚਾਈ ਉਗਲ ਦਿੱਤੀ। ਸਿੱਖ ਨੇ ਸੁਣ ਕੇ ਕਿਹਾ : ਭਾਣਾ ਵਰਤਿਆ ਹੈ। ਕਮਰੇ ਦਾ ਬੂਹਾ ਉਸ ਬੰਦ ਕਰ ਦਿੱਤਾ। ਸਿੱਖ ਨੂੰ ਆਪੂੰ ਖਾਣਾ ਪਕਾਂਦੇ ਦੇਖ ਗਵਾਂਢੀ ਨੇ ਪੁੱਛਿਆ ਕਿ ਘਰ ਵਾਲੀ ਕਿਥੇ ਗਈ ਹੈ ਤਾਂ ਉਸ ਗਵਾਂਢੀ ਨੂੰ ਕਿਹਾ ਕਿ ਘਰ ਵਾਲੀ ਬਿਮਾਰ ਹੈ ਇਸ ਲਈ ਆਪ ਖਾਣਾ ਪਕਾ ਰਿਹਾ ਹਾਂ। ਖਾਣਾ ਉਸ ਪਕਾਇਆ। ਆਪ ਖਾਧਾ ਤੇ ਉਸ ਚੋਰ ਨੂੰ ਖਵਾਇਆ ਤੇ ਕਿਹਾ : ਹੁਣ ਤੂੰ ਜਾ ਸਕਦਾ ਹੈਂ। ਗਹਿਣੇ ਵੀ ਵਾਪਸ ਨਾ ਲਏ ਤੇ ਉਸ ਨੂੰ ਦੇ ਦਿੱਤੇ। ਪਿੱਛੋਂ ਘਰ ਵਾਲੀ ਦਾ ਸਸਕਾਰ ਕੀਤਾ। ਇਸ ਸਿੱਖ ਦਾ ਨਾਂ ਭਾਈ ਮਾਧੋ ਸੀ ਜਿਨ੍ਹਾਂ ਕਸ਼ਮੀਰ ਵਿਚ ਸਿੱਖੀ ਫ਼ੈਲਾਈ। ਚੋਰ ਦਾ ਵੀ ਅੰਦਰਲਾ ਹਿੱਲਿਆ ਤੇ ਉਸ ਚਰਨ ਪਕੜ ਖ਼ਿਮਾ ਮੰਗੀ। |◆|

Sri Satguru Jagjit Singh Ji eLibrary NamdhariElibrary@gmail.com

ਸੋਲਾਂ

# ਸ੍ਰੀ ਗੁਰੂ ਗ੍ਰੰਥ ਸਾਹਿਬ

**ਗ੍ਰੰਥ ਹੈ ਗੁਰੂ, ਲੜ ਪਕੜੋ ਅਕਾਲ**

ਗੁਰੂ ਗ੍ਰੰਥ ਸਾਹਿਬ ਸਿੱਖ ਜਗਤ ਦਾ ਇਸ਼ਟ ਅਤੇ ਪੂਜ ਗ੍ਰੰਥ ਤਾਂ ਹੈ ਹੀ ਪਰ ਇਕ ਐਸਾ ਰੂਹਾਨੀ ਥਾਲ ਵੀ ਹੈ ਜਿਸ ਵਿਚ ਛੱਤੀ ਪਦਾਰਥ ਹਨ। ਛੱਤੀ (੩੬) ਮਹਾਂ ਪੁਰਸ਼ਾਂ ਦੀ ਬਾਣੀ ਇਸ ਵਿਚ ਅੰਕਿਤ ਹੈ। ਸਭ ਰਸ ਆਤਮਕ, ਸਾਹਿਤਕ, ਸੁਹਜਾਤਮਕ ਅਤੇ ਧਾਰਮਕ ਇਸੇ ਵਿਚੋਂ ਹੀ ਮਾਣੇ ਜਾ ਸਕਦੇ ਹਨ।

ਗੁਰੂ ਗ੍ਰੰਥ ਸਾਹਿਬ ਵਾਹਿਗੁਰੂ ਦਾ ਸ਼ੁੱਧ ਗਿਆਨ ਹੈ। ਲਗਾਤਾਰ ਇਕੋ ਚਾਲ, ਇਕੋ ਰੂਪ ਅਤੇ ਇਕ ਧੁਨੀ ਸੁਣਨ ਨੂੰ ਮਿਲਦੀ ਹੈ। ਇਸ ਵਿਚ ਬੇਨਤੀ, ਬਿਰਹੋਂ, ਨਿਰਮਲ-ਭਉ, ਗਿਆਨ, ਸੇਵਾ, ਸਿਮਰਨ, ਸ਼ਰਧਾ, ਪਿਆਰ ਅਤੇ ਪ੍ਰੇਮਾ ਭਗਤੀ ਦੇ ਅਨਿਕ ਤ੍ਰੰਗ ਹਨ। ਚਾਨਣ ਹੀ ਚਾਨਣ ਹਰ ਤੁਕ ਵਿਚ ਪਸਰਿਆ ਹੈ ਪਰ ਐਸਾ ਚਾਨਣ ਜੋ ਅੱਖਾਂ ਚੁੰਧਿਆਉਂਦਾ ਨਹੀਂ ਸਗੋਂ ਭਲਾ ਭਲਾ ਲੱਗਦਾ ਹੈ। ਪਾਠ ਕਰਦਿਆਂ ਐਸੀ ਰਸ ਮਸਤੀ ਛਾਂਦੀ ਹੈ ਕਿ ਹਿਰਦਾ ਝੂਮਦਾ ਦਿਖਾਈ ਦੇਂਦਾ ਹੈ। ਵਜਦ ਤਾਰੀ ਹੁੰਦਾ ਹੈ ਪਰ ਹੋਸ਼ ਗੁੰਮ ਨਹੀਂ ਹੁੰਦੀ। ਅੰਦਰ ਬਾਹਰ ਦੀ ਪੂਰੀ ਹੋਸ਼ ਰਹਿੰਦੀ ਹੈ।

ਗੁਰੂ ਗ੍ਰੰਥ ਸਾਹਿਬ ਰਿਦਾ ਹੈ ਗੁਰੂ ਸਾਹਿਬਾਨ ਦਾ, ਜਿੰਦ ਹੈ ਭਗਤਾਂ ਦੀ ਅਤੇ ਪੁੱਗਿਆਂ ਹੋਇਆਂ ਦੀ ਗਾਥਾ ਹੈ।

**ਬੀੜ ਕਿਵੇਂ ਬੱਝੀ :** ਗੁਰੂ ਪਾਤਸ਼ਾਹ ਲੋਕਾਈ ਨੂੰ ਸ਼ਬਦ ਦੇ ਹੀ ਲੜ ਲਗਾਉਣ ਆਏ ਸਨ ਅਤੇ ਇਸੇ ਲਈ ਦਸ ਜਾਮੇ ਧਾਰੇ ਤਾਂ ਕਿ ਸ਼ਬਦ ਦੀ ਜ਼ਿੰਮੇਵਾਰੀ ਉਠਾਉਣ ਜੋਗ ਕੌਮ ਹੋ ਸਕੇ। ਗੁਰੂ ਸਾਹਿਬ ਨੇ ਕਦੇ ਵਿਅਕਤੀ, ਨਿਜ ਜਾਤ ਜਾਂ ਵਕਤੀ ਲੋੜ ਲਈ ਗੁਰੂ ਧਾਰਨ ਦੀ ਗੱਲ ਨਾ ਕੀਤੀ। ਸਿਰਫ਼ ਸ਼ਬਦ ਦਾ ਲੜ ਪਕੜਨ ਲਈ ਆਖਿਆ।

ਜਦ ਸਿੱਖਾਂ ਨੇ ਗੁਰੂ ਨਾਨਕ ਦੇਵ ਜੀ ਨੂੰ *'ਆਪਣਾ ਨਾਉ ਤੁਮ ਦੇਹੁ ਬਤਾਈ'* ਪੁੱਛਿਆ ਤਾਂ ਗੁਰੂ ਜੀ ਨੇ ਸਿਰਫ਼ ਇਤਨਾ ਕਹਿਆ : *'ਨਾਮ ਜਪੇ ਗਤਿ ਪਾਈ'*। ਮੈਂ ਕੋਈ ਆਪਣਾ ਨਾਮ ਜਪਾਉਣ ਲਈ ਨਹੀਂ ਆਇਆ। ਭਾਈ ਨੰਦ ਲਾਲ ਜੀ ਨੇ ਵੀ ਲਿਖਿਆ ਹੈ ਕਿ ਵਾਹਿਗੁਰੂ ਨੇ ਗੁਰੂ ਨਾਨਕ ਨੂੰ ਇਹੀ ਆਗਿਆ ਕੀਤੀ ਸੀ ਕਿ ਲੋਕਾਂ ਦਾ ਮੂੰਹ ਮੇਰੇ ਵੱਲ ਫੇਰੋ।

ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ ਜਦ ਗੁਰੂ ਨਾਨਕ ਧਰਤ ਲੋਕਾਈ ਨੂੰ ਸੋਧਣ



Sri Satguru Jagjit Singh Ji eLibrary NamdhariElibrary@gmail.com

ਲਈ ਨਿਕਲੇ ਸਨ ਤਾਂ ਉਨ੍ਹਾਂ ਹੱਥ ਆਸਾ (ਡੰਡਾ), ਪਾਸ ਕਿਤਾਬ ਤੇ ਇਕ ਜਲ ਲਈ ਕੂਜਾ ਤੇ ਵਿਛਾਈ ਲਈ ਚਟਾਈ (ਮੁਸੱਲਾ) ਸੀ।

*ਆਸਾ ਹਥਿ, ਕਿਤਾਬ ਕਛਿ*
*ਕੂਜਾ, ਬਾਂਗ ਮੁਸੱਲਾ ਧਾਰੀ।*

ਉਸੇ ਕਿਤਾਬ ਵਿਚ ਗੁਰੂ ਨਾਨਕ ਜੀ ਜਿੱਥੇ ਆਪਣੀ ਉਚਾਰੀ ਬਾਣੀ ਦਰਜ ਕਰਦੇ ਉਥੇ ਭਗਤਾਂ ਦੀ ਵੀ ਜਿਹਨਾਂ ਦਾ ਮੇਲ ਹੋਇਆ ਜਾਂ ਜਿੱਥੇ ਭਗਤਾਂ ਦੀ ਬਾਣੀ ਉਨ੍ਹਾਂ ਦੇ ਟਿਕਾਣਿਆਂ ਤੋਂ ਮਿਲੀ, ਦਰਜ ਕਰੀ ਜਾਂਦੇ। ਬੀੜ ਬੰਨ੍ਹਣ ਦਾ ਸਿਧਾਂਤ ਵੀ ਆਪ ਜੀ ਨੇ ਮੂਲ ਰੂਪ ਵਿਚ ਇਹ ਦਰਸਾਇਆ :

*ਨਾਨਕ ਵੇਚਾਰਾ ਕਿਆ ਕਹੈ।*
*ਸਭ ਲੋਕ ਸਲਾਹੇ ਏਕ ਸੈ।*
*ਸਿਰ ਨਾਨਕ ਲੋਕਾ ਪਾਵ ਹੈ।*
*ਬਲਿਹਾਰੀ ਜਾਉ ਜੇਤੇ ਤੇਰੇ ਨਾਮ ਹੈ।*

ਪੁਰਾਤਨ ਜਨਮ ਸਾਖੀ ਅਨੁਸਾਰ ਗੁਰੂ ਨਾਨਕ ਦੇਵ ਜੀ ਅੰਗਦ ਕਉ ਸ਼ਬਦ ਕੀ ਥਾਪਣਾ ਦੇ ਕਰ ਸੰਮਤ ੧੫੯੬ ਅਸੂ ਵਦੀ ਦਸਮੀ (ਪੰਜ ਸਤੰਬਰ ੧੫੩੯) ਨੂੰ ਸਚਖੰਡ ਕਉ ਸਿਧਾਰੇ। ਪ੍ਰਸੰਨ ਹੋ ਕਰ ਬਾਣੀ ਕਾ ਖ਼ਜ਼ਾਨਾ ਗੁਰੂ ਅੰਗਦ ਦੇਵ ਜੀ ਦੇ ਹਵਾਲੇ ਕੀਤਾ।

ਇਸੇ ਤਰ੍ਹਾਂ ਗੁਰੂ ਅੰਗਦ ਦੇਵ ਜੀ ਨੇ ਸਾਰਾ ਸ਼ਬਦ ਭੰਡਾਰ ਆਪਣੀ ਬਾਣੀ ਦਰਜ ਕਰ ਗੁਰੂ ਅਮਰਦਾਸ ਜੀ ਨੂੰ ਅਤੇ ਫਿਰ ਉਨ੍ਹਾਂ ਗੁਰੂ ਰਾਮਦਾਸ ਜੀ ਨੂੰ ਅਤੇ ਚੌਥੇ ਪਾਤਸ਼ਾਹ ਨੇ ਗੁਰੂ ਅਰਜਨ ਦੇਵ ਜੀ ਨੂੰ ਸੌਂਪਿਆ।

ਇਸ ਬਾਰੇ ਵੀ ਪੁਰਾਤਨ ਜਨਮ ਸਾਖੀ ਦੀ ਹੀ ਗਵਾਹੀ ਹੈ ਕਿ ਭਾਈ ਮਨਸੁਖ ਤੀਨ ਬਰਸ ਬਾਬੇ ਕੋਲ ਰਿਹਾ। ਫੇਰ ਬਾਬੇ ਵਿਦਿਆ ਕੀਤਾ। ਗੁਰ ਬਾਬੇ ਦੀ ਬਾਣੀ ਬਹੁਤ ਲਿਖਿਆ ਸੂ। ਪੋਥੀਆਂ ਲਿਖ ਲੀਤਓਸ। ਬਾਬਾ ਮੋਹਨ ਜੀ ਪਾਸ ਵੀ ਉਤਾਰੇ ਦੀਆਂ ਪੋਥੀਆਂ ਸਨ। ਗੁਰੂ ਰਾਮਦਾਸ ਜੀ ਵੀ ਆਪੂੰ ਉਤਾਰਾ ਕਰਦੇ ਸਨ। ਜਦ ਗੁਰੂ ਅਰਜਨ ਦੇਵ ਜੀ ਨੇ ਬੀੜ ਬੰਨ੍ਹਣ ਦਾ ਨਿਰਨਾ ਲਿਆ ਤਾਂ ਬੜੇ ਅਦਬ ਨਾਲ ਪੋਥੀਆਂ ਬਾਬਾ ਮੋਹਨ ਜੀ ਪਾਸੋਂ ਗੋਇੰਦਵਾਲ ਸਾਹਿਬ ਤੋਂ ਲੈ ਕੇ ਅੰਮ੍ਰਿਤਸਰ ਆਏ ਅਤੇ ਫਿਰ ਬਾਬਾ ਮੋਹਨ ਜੀ ਜਦ ਸ੍ਰੀ ਦਰਬਾਰ ਸਾਹਿਬ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਉਪਰੰਤ ਦਰਸ਼ਨਾਂ ਨੂੰ ਆਏ ਤਾਂ ਪੋਥੀਆਂ ਵਾਪਸ ਵੀ ਲੈ ਗਏ।

**ਬੀੜ ਬੰਨ੍ਹਣ ਦਾ ਨਿਰਨਾ :** ਮਹਿਮਾ ਪ੍ਰਕਾਸ਼ ਨੇ ਬੀੜ ਬੰਨ੍ਹਣ ਦਾ ਵੱਡਾ ਕਾਰਨ ਇਹ ਲਿਖਿਆ ਹੈ ਕਿ ਇਕ ਸਮੇਂ ਗੁਰੂ ਅਰਜਨ ਦੇਵ ਜੀ ਦੇ ਚਿਤ ਆਈ ਕਿ ਪੰਥ ਤਾਂ ਗੁਰੂ ਨਾਨਕ ਨੇ ਪ੍ਰਗਟ ਕਰ ਦਿੱਤਾ ਹੈ ਪਰ ਉਸ ਨੂੰ ਸਦਾ ਰੋਸ਼ਨੀ ਮਿਲਦੀ ਰਵ੍ਹੇ, ਇਸ ਲਈ ਗੁਰੂ ਗ੍ਰੰਥ ਦੀ ਲੋੜ ਹੈ।

*ਏਕ ਦਿਵਸ ਪ੍ਰਭ ਪ੍ਰਾਤਹ ਕਾਲ।*
*ਦਇਆ ਭਰੇ ਪ੍ਰਭ ਦੀਨ ਦਿਆਲ।*

Sri Satguru Jagjit Singh Ji eLibrary NamdhariElibrary@gmail.com

*ਚਿਤ ਮਹਿ ਉਪਜੀ ਪ੍ਰਗਟਿਓ ਜਗ ਪੰਥ।*
*ਤਿਹ ਕਾਰਨ ਕੀਜੈ ਅਬ ਗ੍ਰੰਥ।*

ਭਾਈ ਮਨੀ ਸਿੰਘ ਜੀ ਨੇ ਭਾਈ ਗੁਰਦਾਸ ਜੀ ਦੇ ਹਵਾਲੇ ਨਾਲ ਲਿਖਿਆ ਹੈ ਕਿ ਇਕ ਸਮੇਂ ਭਾਈ ਗੋਪੀ ਮਹਿਤਾ, ਭਾਈ ਤੀਰਥ, ਭਾਈ ਨੱਕਾ, ਭਾਈ ਭਾਉ ਕੋਮਲ ਅਤੇ ਭਾਈ ਢਿਲੀ ਗੁਰੂ ਅਰਜਨ ਜੀ ਪਾਸ ਆਏ ਤੇ ਬੇਨਤੀ ਕੀਤੀ : ਜੀ ਸੱਚੇ ਪਾਤਸ਼ਾਹ ! ਗੁਰੂ ਕੀ ਬਾਣੀ ਨੂੰ ਸੁਣਦੇ ਹਾਂ ਤਾਂ ਭੈ ਪ੍ਰਾਪਤ ਹੁੰਦਾ ਹੈ ਪਰ ਪ੍ਰਿਥੀ ਮੱਲ ਤੇ ਮਹਾਂਦੇਵ ਤੇ ਹੋਰ ਸੋਢੀਆਂ ਦਿਆਂ ਨੇ ਬਾਣੀਆਂ ਕਰਕੇ ਵਿਚ ਗੁਰੂ ਨਾਨਕ ਜੀ ਦਾ ਭੋਗ ਪਾਇਆ ਹੈ। ਉਨ੍ਹਾਂ ਨੂੰ ਜਦ ਸੁਣਦੇ ਹਾਂ ਤਾਂ ਚਤੁਰਾਈ ਤੇ ਅਭਿਮਾਨ ਵਧਦਾ ਹੈ। ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ :

ਭਾਈ ਗੁਰਦਾਸ ! ਹੁਣ ਤਾਂ ਬਾਣੀਆਂ ਨੂੰ ਸਿੱਖ ਜਾਣਦੇ ਹੈਨਿ ਅਗੋਂ ਜੋ ਹੋਵਣਗੇ ਸੋ ਪਛਾਨਣਗੇ ਨਹੀਂ, ਤਾਂ ਜੋ ਗੁਰੂ ਜੀ ਕੀ ਬਾਣੀ ਕੌਣ ਹੈ ਅਤੇ ਬਾਹਰ ਕੀ ਕੌਣ ਹੈ ਤਾਂ ਬਾਣੀਆਂ ਇਕੱਠੀਆਂ ਕਰਕੇ ਗ੍ਰੰਥ ਜੀ ਦੀ ਬੀੜ ਕੀਚੇ ਅਤੇ ਅੱਖਰ ਭੀ ਗੁਰਮੁਖੀ ਸੁਗਮ ਕੀਚੈ।

ਬੰਸਾਵਲੀ ਨਾਮੇ ਦੇ ਲਿਖਾਰੀ ਭਾਈ ਕੇਸਰ ਸਿੰਘ ਛਿੱਬਰ ਨੇ ਵੀ ਲਿਖਿਆ ਹੈ ਕਿ ਇਕ ਦਿਵਸ ਇਕ ਸਿੱਖ ਨੇ ਸ਼ਬਦ ਮੇਹਰਬਾਨ ਦਾ ਕੀਰਤਨ ਵਿਚ ਪੜ੍ਹਿਆ। ਉਹ ਗੁਰੂ ਅਰਜਨ ਦੇਵ ਜੀ ਦੀ ਸਰਵਣੀਂ ਪਿਆ। ਬਚਨ ਕੀਤਾ :

*ਭਾਈ ਗੁਰਦਾਸ।*
*ਗੁਰੂ ਦੀ ਬਾਣੀ ਜੁਦਾ ਕਰੀਏ।*
*ਮੀਨੇ ਪਾਂਦੇ ਨੇ ਰਲਾ,*
*ਸੋ ਵਿਚ ਰਲਾ ਨ ਧਰੀਏ।*

ਮੀਣਿਆਂ ਨੇ ਇਕ ਗ੍ਰੰਥ ਬਣਾ ਵੀ ਲਿਆ ਸੀ ਜਿਸ ਵਿਚ ਹੁਸ਼ਿਆਰੀ ਇਹ ਵਰਤੀ ਸੀ ਕਿ ਚਹੁੰਆਂ ਪਾਤਸ਼ਾਹੀਆਂ ਦੇ ਸ਼ਬਦ ਪਾ ਕੇ ਆਪਣੇ ਨਾਲ ਰਲਾ ਦਿੱਤੇ ਸਨ।

*ਮੀਣਿਆਂ ਵੀ ਇਕ ਪੁਸਤਕ ਗ੍ਰੰਥ ਬਣਾਇਆ।*
*ਚੌਹਾਂ ਪਾਤਸ਼ਾਹੀਆਂ ਦੇ ਸ਼ਬਦ ਬਾਣੀ ਵਿਚ ਲਿਖ ਪਾਇਆ।*
*ਸੋ ਭਾਈ ਗੁਰਦਾਸ ਕੋ ਆਗਿਆ ਕਰੀ।*
*ਸਭ ਕਰੋ ਇਕਤ੍ਰ ਬਾਨੀ ਇਹ ਘਰੀ।*
*ਅਉਰ ਬਾਨੀ ਸਭ ਭਗਤਨ ਕੀ ਮੇਲੋ।*
*ਸਾਚੀ ਰਾਖੋ, ਝੂਠੀ ਪੇਲੋ।*

ਇਹ ਵੀ ਗੁਰੂ ਜੀ ਦਾ ਵਿਚਾਰ ਸੀ ਕਿ ਜਗਤ ਤੇ ਪ੍ਰਗਟ ਕੀਤਾ ਜਾਵੇ ਕਿ ਸਿੱਖ ਧਰਮ ਵਿਚ ਇਹੋ ਜਿਹਾ ਕੋਈ ਭਰਮ ਨਹੀਂ ਅਤੇ ਹਰ ਇਕ ਨੇਕ ਪੁਰਸ਼ ਭਾਵੇਂ ਉਹ ਕਿਸੇ ਜਾਤ ਅਤੇ ਮਤ ਦਾ ਹੈ ਸੱਚ ਪਛਾਣ ਸਕਦਾ ਹੈ ਤਾਂ ਵਡਿਆਈ ਅਤੇ ਸਨਮਾਨਯੋਗ ਹੈ। ਛੇ ਦੇ ਕਰੀਬ ਸੰਭਾਲਾਂ ਬੀੜ ਬੰਨ੍ਹਣ ਵੇਲੇ ਗੁਰੂ ਜੀ ਨੇ ਕੀਤੀਆਂ। ਪਹਿਲੀ ਵੱਡੀ ਸੰਭਾਲ

Sri Satguru Jagjit Singh Ji eLibrary NamdhariElibrary@gmail.com

ਰਾਗਾਂ ਦੀ ਚੋਣ ਵੇਲੇ ਕੀਤੀ। ਕੋਈ ਭੜਕੀਲਾ ਜਾਂ ਸੋਗਮਈ ਰਾਗ ਨਾ ਵਰਤਿਆ। ਗੁਰੂ ਗ੍ਰੰਥ ਸਾਹਿਬ ਵਿਚ ਨ *ਮੇਘ* ਨੂੰ ਥਾਂ ਹੈ ਨਾ ਹੀ *ਦੀਪਕ* ਨੂੰ। ਮਿਲਬੇ ਵੇਲੇ ਉਛਾਲਾ ਨਹੀਂ ਅਤੇ ਬਿਓਗ ਵੇਲੇ ਅਤਿ ਸਾੜਾ ਨਹੀਂ। ਸਭ ਕੁਝ 'ਸਹਿਜ ਸੇਤੀ' ਪ੍ਰਾਪਤ ਕਰਨ ਦਾ ਹੁਕਮ ਹੈ। ਚੁੱਪ ਵੀ ਨਹੀਂ ਹੋ ਬੈਠਣਾ ਇਸ ਲਈ ਬਸੰਤ ਦੇ ਠਰ੍ਹੰਮੇ ਨਾਲ ਹਿੰਡੋਲ ਰਲਾ ਦਿੱਤਾ। ਗਉੜੀ ਦੀ ਗੰਭੀਰਤਾ ਹੀ ਹਾਵੀ ਨਾ ਹੋ ਜਾਵੇ ਸੋ ਗਉੜੀ ਨਾਲ ਦੀਪਕੀ ਰਲਾਈ।

**ਸੰਭਾਲਾਂ**

ਪ੍ਰਚੰਡ ਭਗਤੀ (Violint Meditation) ਜਾਂ 'ਪਗ ਘੁੰਗਰੂ ਬਾਂਧ' ਮੀਰਾ ਵਾਲਾ ਨਾਚ ਨਹੀਂ ਹੈ।

**ਦੂਜੀ ਸੰਭਾਲ** : ਕਿਸੇ ਵੀ ਰਾਗ ਨੂੰ ਰਾਗਣੀ ਦੇ ਤੌਰ 'ਤੇ ਨਹੀਂ ਵਰਤਿਆ। ਭਾਵੇਂ ਪ੍ਰਚਲਤ ਪ੍ਰਣਾਲੀਆਂ ਅਨੁਸਾਰ ਉਹ ਰਾਗਣੀਆਂ ਦੀ ਸ਼੍ਰੇਣੀ ਵਿਚ ਰੱਖੇ ਜਾਂਦੇ ਸਨ। ਟੋਡੀ ਰਾਗਣੀ ਹੈ ਪਰ ਆਪ ਜੀ ਨੇ ਰਾਗ ਕਰਕੇ ਹੀ ਲਿਖਿਆ। ਰਾਗ ਰੰਗ ਤਮਾਸ਼ਿਆਂ ਲਈ ਨਹੀਂ, ਆਤਮ ਰੰਗ ਚਾੜ੍ਹਨ ਲਈ ਵਰਤੇ। ''ਰਾਗ ਰਤਨ ਪਰੀਆ ਪਰਵਾਰ। ਤਿਸ ਵਿਚ ਉਪਜੈ ਅੰਮ੍ਰਿਤ ਸਾਰ।''

**ਤੀਜੀ ਵੱਡੀ ਸੰਭਾਲ** : ਗੁਰੂ ਗ੍ਰੰਥ ਸਾਹਿਬ ਵਿਚ ਹਉਂ, ਵਿਤਕਰੇ, ਵਰਨ ਆਸ਼ਰਮ ਦੀਆਂ ਵਿੱਥਾਂ, ਜਿਨਸੀ ਭੇਦ, ਇਨਸਾਨੀ ਜੀਵਨ ਦੀ ਬੇਕਦਰੀ ਦੀਆਂ ਗੱਲਾਂ, ਸੰਨਿਆਸ ਜਾਂ ਬੇਹਰਕਤ ਕਰਨ ਵਾਲੇ ਖ਼ਿਆਲਾਂ ਨੂੰ ਕੋਈ ਥਾਂ ਨਹੀਂ। ਇਹ ਹੀ ਕਾਰਨ ਹੈ ਜਦ ਕਾਹਨਾ, ਛੱਜੂ, ਪੀਲੂ ਤੇ ਸ਼ਾਹ ਹੁਸੈਨ ਨੇ ਆਪਣੀ ਰਚਨਾ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾਉਣ ਦੀ ਆਖੀ ਤਾਂ ਆਪ ਜੀ ਨੇ ਇਹ ਫ਼ਰਮਾਇਆ ਕਿ ਵਿਰੋਧੀ ਸਿਧਾਂਤ ਇਕ ਥਾਂ ਰੱਖਣੇ ਠੀਕ ਨਹੀਂ।

*ਸ਼ਬਦ ਵਿਰੋਧੀ ਮਿਲਹਿ ਨ ਇਕ ਥਲ।*
*ਰਾਖਹੁ ਆਪ, ਲਿਖਹ ਕਿਤ ਥਾਇ।*

ਕਾਹਨਾ ਨੇ ਆਪਣੀ ਰਚਨਾ ਵਿਚ ਹਉਂ ਦਾ ਪ੍ਰਗਟਾਵਾ ਕੀਤਾ ਸੀ। ਛੱਜੂ ਨੇ ਜਣਨੀ ਦੀ ਨਿੰਦਾ ਕੀਤੀ ਸੀ ਅਤੇ ਪੀਲੂ ਨੇ ਸੋ ਭਲੇ ਜੋ ਜੰਮਦਿਆਂ ਹੀ ਮਰ ਗਏ ਆਖ ਇਨਸਾਨੀ ਜੀਵਨ ਦੀ ਤੁੱਛਤਾ ਦਰਸਾਈ ਸੀ ਅਤੇ ਸ਼ਾਹ ਹੁਸੈਨ ਨੇ ਜੀਵਨ ਸੰਗਰਾਮ ਤੋਂ ਹੀ ਨੱਠਣ ਦੀ ਗੱਲ 'ਚੁਪ ਵੇ ਅੜਿਆ, ਚੁੱਪ ਵੇ ਅੜਿਆ' ਬੋਲਣ ਦੀ ਨਹੀਂ ਜਾਇ ਵੇ ਅੜਿਆ ਬੋਲ ਕੇ ਕੀਤੀ ਸੀ। ਗੁਰੂ ਅਰਜਨ ਜੀ ਨੇ ਆਪਣਾ ਮਤ ਦ੍ਰਿੜ੍ਹਾਂਦੇ ਕਾਹਨਾ ਨੂੰ ਕਿਹਾ ਸੀ ਕਿ *ਸਾਡੇ ਘਰ ਮੂਲ ਨਿਮਰਤਾ ਹੈ। ਹਿਰਦੇ ਬ੍ਰਹਮ ਤੇ ਮੁਖੋਂ ਦਾਸਾਂ।* ਛੱਜੂ ਨੂੰ ਕਿਹਾ ਸੀ : ਇਹ ਗ੍ਰਹਿਸਤ ਵਿਚ ਪੰਥ ਚਲਾਯਾ ਹੈ। ਆਪਣੀ ਪਰਾਈ ਇਸਤਰੀ ਦੀ ਵਿਚਾਰ ਚਾਹੀਦੀ ਹੈ। ਪੀਲੂ ਨੂੰ ਆਖਿਆ ਸੀ : ਜੰਮਣ ਮਰਨ ਪ੍ਰਵਾਨ ਹੈ। ਹੁਕਮ ਵਿਚ ਸੁਖ ਦੁਖ ਹੈ ਪੀਲੂ। ਸ਼ਾਹ ਹੁਸੈਨ ਨੂੰ ਕਿਹਾ ਸੀ : ਚੁੱਪ ਦੇ ਮੁਕਾਮ ਕਿਸ ਤਰ੍ਹਾਂ ਰਹਿ ਸਕਦਾ ਹੈ ਕੋਈ। ਸਾਨੂੰ ਤਾਂ ਹੁਕਮ ਹੈ :

Sri Satguru Jagjit Singh Ji eLibrary NamdhariElibrary@gmail.com

*ਜਬ ਲਗੁ ਦੁਨੀਆ ਰਹੀਐ ਨਾਨਕ*
*ਕਿਛੁ ਸੁਣੀਐ ਕਿਛੁ ਕਹੀਐ।*

**ਚੌਥੀ ਸੰਭਾਲ** : ਇਹ ਰੱਖੀ ਕਿ ਬੋਲੀ ਬੜੀ ਸੁਗਮ ਰੱਖੀ। ਨਿੱਤ ਵਰਤੇ ਜਾ ਰਹੇ ਲੋਕ ਬੋਲਾਂ ਤੇ ਗੀਤ ਤੇ ਉਚਾਰੀ। ਸੰਸਾਰ ਨੂੰ ਵਿਲਾਸੀ ਤੇ ਨਿਰਾਸੀ ਜੀਵਨ ਤੋਂ ਹਟਾ ਸਿੱਧਾ ਰਾਹ ਪਾਉਣ ਹਿਤ ਘੋੜੀਆਂ, ਅਲਾਹੁਣੀਆਂ, ਕਰਹਲੇ, ਵਣਜਾਰਾ, ਥਿਤੀ, ਵਾਰ, ਬਾਰਹ ਮਾਹ, ਸੁਚੱਜੀ, ਗੁਣਵੰਤੀ, ਕੁਚੱਜੀ, ਲਾਵਾਂ, ਚਉਬੋਲੇ, ਫੁਨਹੇ, ਗਾਥਾ ਜਿਹੇ ਲੋਕ ਗੀਤਾਂ ਦੀਆਂ ਧੁਨੀਆਂ ਤੇ ਬਾਣੀ ਰਚ ਕੇ ਨਿੱਤ ਦੇ ਜੀਵਨ ਦਾ ਅੰਗ ਬਣਾ ਦਿੱਤਾ।

**ਪੰਜਵੀਂ ਸੰਭਾਲ** : ਸ਼ਬਦਾਂ ਦੀ ਗਿਣਤੀ ਦੇ ਅੰਕੜੇ ਪਾਏ ਤਾਂ ਕਿ ਕੋਈ ਕਿਸੇ ਥਾਂ ਕਦੇ ਰਲਾ ਨਾ ਪਾ ਸਕੇ। ਇਨ੍ਹਾਂ ਅੰਕਾਂ ਨੂੰ ਹੀ ਵਾਚਿਆਂ ਪਤਾ ਲੱਗਦਾ ਹੈ ਕਿ ਕਿਤਨੀ ਮਿਹਨਤ ਤੇ ਘਾਲ ਇਸ ਬੀੜ ਨੂੰ ਬੰਨ੍ਹਣ ਵਿਚ ਲੱਗੀ ਹੋਵੇਗੀ।

**ਛੇਵੀਂ ਸੰਭਾਲ** : ਭਗਤ ਬਾਣੀ ਵੀ ਛਾਣਬੀਣ ਕਰਕੇ ਹੀ ਦਰਜ ਕੀਤੀ। ਜਿਵੇਂ ਭਾਵੇਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਇਆਂ ਚਾਰ ਸੌ ਸਾਲ ਹੋ ਗਏ ਹਨ ਪਰ ਫਿਰ ਵੀ ਕਈ ਦੋਹੇ ਗੁਰੂ ਨਾਨਕ ਦੇਵ ਜੀ ਦੇ ਨਾਂ ਤੇ ਪ੍ਰਚੱਲਤ ਹਨ। ਤਿਵੇਂ ਵੱਖ-ਵੱਖ ਭਗਤਾਂ ਦੇ ਨਾਂ ਹੇਠਾਂ ਕਿਤਨੇ ਹੀ ਪਦੇ ਲੋਕਾਂ ਦੀ ਜ਼ਬਾਨ ਤੇ ਚੜ੍ਹ ਗਏ ਸਨ ਪਰ ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋ ਗਿਆ ਉਹ ਰਲੇ ਤੋਂ ਬਚ ਗਿਆ। ਇਹ ਕਹਿਣਾ ਨਿਰਮੂਲ ਹੈ ਕਿ ਗੁਰੂ ਅਰਜਨ ਸਾਹਿਬ ਨੇ ਭਗਤਾਂ ਦੇ ਨਾਂ ਹੇਠਾਂ ਆਪ ਹੀ ਬਾਣੀ ਰਚ ਕੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰ ਦਿੱਤੀ। ਗਉੜੀ ਰਾਗ ਦਾ ਇਕ ਸਿਰਲੇਖ ਹੀ ਦੱਸਦਾ ਹੈ ਕਿ ਜਿਥੇ ਭਗਤ ਬਾਣੀ ਨਾਲ ਉਨ੍ਹਾਂ ਆਪਣਾ ਵਿਚਾਰ ਦਿੱਤਾ ਉਥੇ ਸਾਫ਼ ਲਿਖਿਆ *'ਨਾਲ ਰਲਾਇ ਲਿਖਿਆ ਮਹਲਾ ਪੰਜਵਾਂ।'* ਇਹ ਨਿਰੋਲ ਇਸ ਲਈ ਕੀਤਾ ਕਿ ਐਸੀਆਂ ਗੱਲਾਂ ਲਿਖਣ ਦੀ ਲੋੜ ਨਾ ਭਾਸੇ ਕਿ ਭਗਤਾਂ ਦੇ ਨਾਂ ਹੇਠ ਗੁਰੂ ਜੀ ਨੇ ਬਾਣੀ ਲਿਖੀ। ਜਿੱਥੇ ਕਿੱਥੇ ਰਹੱਸਮਈ ਬਾਤ ਭਗਤਾਂ ਪਾਈ ਉਸ ਨੂੰ ਖੋਲ੍ਹਣ ਲਈ ਗੁਰੂ ਜੀ ਨੇ ਆਪਣੀ ਬਾਣੀ ਨਾਲ ਦਰਜ ਕਰ ਦਿੱਤੀ।

ਇਸ ਮਹਾਨ ਕਾਰਜ ਦੀ ਉਸਾਰੀ ਲਈ ਗੁਰੂ ਜੀ ਨੇ ਉਚੇਚੀ ਇਕਾਂਤ ਵਾਲੀ ਥਾਂ ਚੁਣੀ।

**ਬੀੜ ਦਾ ਲਿਖਣਾ ਤੇ ਉਤਾਰੇ**

ਜੰਡ, ਬੇਰੀ, ਬੋਹੜ, ਅੰਜੀਰ ਤੇ ਪਿਪਲ ਦੇ ਬ੍ਰਿਛਾਂ ਦੀ ਘਣੀ ਛਾਂ ਦੇਖ ਰਾਮਸਰ ਸਰੋਵਰ ਬਣਾਇਆ ਤਾਂ ਕਿ ਠੰਢੀ ਹਵਾ ਰੁਮਕਦੀ ਰਵ੍ਹੇ। ਉਚੇਚਾ ਕਸ਼ਮੀਰ ਤੋਂ ਕਾਗ਼ਜ਼ ਮੰਗਵਾਇਆ ਤੇ ਸਿਆਹੀ ਵੀ ਖ਼ਾਸ ਤਿਆਰ ਕੀਤੀ।

ਭਾਈ ਗੁਰਦਾਸ ਜੀ ਜੋ ਰੋਜ਼ ਲਿਖਦੇ ਗੁਰੂ ਅਰਜਨ ਦੇਵ ਜੀ ਦੇਖਦੇ ਜਾਂਦੇ। ਕਈ ਥਾਵਾਂ ਤੇ ਭਾਈ ਜੀ 'ਸੁਧ' ਸ਼ਬਦ ਵੀ ਪਾ ਦਿੰਦੇ। ਜੋ ਨਿਰੋਲ ਗੁਰੂ ਅਰਜਨ ਦੇਵ ਜੀ ਦੀ ਬਾਣੀ ਹੁੰਦੀ ਉਥੇ 'ਸੁਧ ਕੀਚੈ' ਦਾ ਸੰਕੇਤ ਦੇ ਦੇਂਦੇ ਤਾਂ ਕਿ ਮੁੜ ਗੁਰੂ ਜੀ ਦੀ ਨਜ਼ਰ ਵਿਚੋਂ

Sri Satguru Jagjit Singh Ji eLibrary NamdhariElibrary@gmail.com

ਲੰਘ ਜਾਏ।

ਗੁਰੂ ਗ੍ਰੰਥ ਦੀ ਸੰਪੂਰਨਤਾ ਏਕਮ ਵਦੀ ੧੬੬੧ (ਦੋ ਅਗਸਤ, ੧੬੦੪) ਨੂੰ ਹੋਈ ਤੇ ਭਾਦੋਂ ਸੁਦੀ ਏਕਮ (੧੬ ਅਗਸਤ, ੧੬੦੪) ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸ੍ਰੀ ਦਰਬਾਰ ਸਾਹਿਬ ਕੀਤਾ ਗਿਆ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਅਨੁਸਾਰ ਜਿਲਦ ਬੰਨ੍ਹੇ ਜਾਣ ਦੇ ਪਹਿਲਾਂ 'ਭਾਈ ਬੰਨੋ ਜੀ ਕਰਿਓ, ਸ੍ਰੀ ਗੁਰੂ ਗ੍ਰੰਥ ਉਤਾਰਾ।'

ਬੰਸਾਵਲੀ ਨਾਮਾ ਵਿਚ ਵੀ ਲਿਖਿਆ ਹੈ ਕਿ ਭਾਈ ਸੁੱਖਾ, ਭਾਈ ਮਨਸਾ ਰਾਮ, ਭਾਈ ਹਰੀਆਂ ਤੇ ਸੰਤ ਰਾਮ ਵੀ ਉਤਾਰਾ ਕਰ ਰਹੇ ਸਨ ਤਾਂ ਕਿ ਬੀੜ ਪ੍ਰਕਾਸ਼ ਹੋਣ ਤੋਂ ਪਹਿਲਾਂ ਹੋਰ ਬੀੜਾਂ ਵੀ ਤਿਆਰ ਹੋ ਜਾਣ। ਇਹ ਸਭ ਗੁਰੂ ਅਰਜਨ ਦੇਵ ਜੀ ਦੇ ਹੁਕਮ ਨਾਲ ਹੀ ਹੋ ਰਹਿਆ ਸੀ, ਤਾਂ ਹੀ ਤਾਂ ਗੁਰੂ ਜੀ ਨੇ ਫ਼ਰਮਾਇਆ ਸੀ ਕਿ ਬਾਣੀ ਦੇ ਤਰਜਮੇ ਦੁਨੀਆ ਦੀ ਹਰ ਬੋਲੀ ਵਿਚ ਹੋਣਗੇ। ਬੁੱਧੀਵਾਨ ਇਸ ਦਾ ਭਾਵ ਗ੍ਰਹਿਣ ਕਰਕੇ ਦੂਰ-ਦੂਰ ਤਕ ਪਹੁੰਚਾਉਣਗੇ ਤੇ ਇਸ ਤਰ੍ਹਾਂ ਦੁਨੀਆ ਵਿਚ ਇਹ ਬਾਣੀ ਫੈਲੇਗੀ ਜਿਵੇਂ ਤੇਲ ਦੀ ਬੂੰਦ ਪਾਣੀ ਤੇ ਆਪ ਮੁਹਾਰੇ ਹੀ ਖਿਲਰ ਜਾਂਦੀ ਹੈ।

*ਸੰਸਕ੍ਰਿਤ ਅਰ ਤੁਰਕਨ ਭਾਸ਼ਾ।*
*ਇਸ ਮੇਂ ਲਿਖ ਲੇਵਹਿ ਬੁਧਿਰਾਸਾ।*
*ਸਭ ਊਪਰ ਪਸਰੈ ਇਹ ਧਾਈ।*
*ਜਿਮ ਜਲ ਪਰ ਸੁ ਚਿਕਨਤਾ ਪਾਈ।*

ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤ ਸਮਾਉਣ ਵੇਲੇ ਭਾਈ ਨੰਦ ਲਾਲ ਜੀ ਦੇ ਲਿਖੇ ਅਨੁਸਾਰ ਇਹ ਹੁਕਮ ਖ਼ਾਸ ਕੀਤਾ ਕਿ 'ਮੇਰਾ ਰੂਪ ਗੁਰੂ ਗ੍ਰੰਥ ਜੀ ਜਾਨ। ਇਸ ਮੇ ਭੇਦ ਨਹੀਂ ਕਛੁ ਮਾਨ।'

ਭੱਟ ਨਰਬਦ ਸਿੰਘ ਜੋ ਭਾਈ ਕੇਸੋ ਸਿੰਘ ਦਾ ਪੁੱਤਰ ਸੀ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ ਮਿਲਣ ਸਮੇਂ ਨੰਦੇੜ ਸਾਹਿਬ ਦੱਖਣ ਹਾਜ਼ਰ ਸੀ, ਨੇ ਵਹੀ ਵਿਚ ਲਿਖਿਆ ਹੈ :

*"ਗੁਰੂ ਗੋਬਿੰਦ ਸਿੰਘ ਮਹਿਲ ਦਸਮੇ ਕਾ*
*ਸੰਮਤ ਸਤਾਰਾਂ ਸੌ ਪੈਂਹਠ*
*ਕਾਰਤਕ ਮਾਹ ਕੀ ਚਉਥ ਸ਼ੁਕਲ*
*ਬੁਧਵਾਰ ਕੇ ਦਿਨ ਦੈਆ ਸਿੰਘ ਕੋ*
*ਬਚਨ ਹੋਇਆ : ਗੁਰੂ ਗ੍ਰੰਥ ਸਾਹਿਬ ਲੈ ਆਓ।*
*ਬਚਨ ਪਾਇ, ਦੈਆ ਸਿੰਘ ਗੁਰੂ ਗ੍ਰੰਥ ਸਾਹਿਬ*
*ਲੈ ਆਏ। ਗੁਰੂ ਜੀ ਨੇ ਪਾਂਚ ਪੈਸੇ ਨਲਈਏਰ*

Sri Satguru Jagjit Singh Ji eLibrary NamdhariElibrary@gmail.com

*ਭੇਟ ਰਖ ਕੇ ਮਥਾ ਟੇਕਿਆ।*
*ਸਰਬਤ ਸੰਗਤ ਕੋ ਕਹਾ ਕਿ ਮੇਰਾ ਹੁਕਮ*
*ਹੈ ਮੇਰੀ ਜਗਹ ਗ੍ਰੰਥ ਸਾਹਿਬ ਕੋ ਜਾਣਨਾ।*
*ਜੋ ਸਿੱਖ ਜਾਣੇਗਾ ਤਿਸ ਕੀ ਘਾਲਿ ਥਾਇ ਪਵੇਗੀ।"*

ਬੰਸਾਵਲੀਨਾਮਾ ਦੇ ਲਿਖੇ ਅਨੁਸਾਰ :

*ਤਬ ਸਾਹਿਬ ਬਚਨ ਕੀਤਾ*
*ਗੁਰਿਆਈ ਕਾ ਤੋ ਪਹੁਤਾ ਅੰਤ।*
*ਦਸ ਜਾਮੇ ਕਹੇ ਥੇ*
*ਗੁਰੂ ਨਾਨਕ ਭਗਵੰਤ।*

ਜਦ ਸੰਗਤ ਨੇ ਪੁੱਛਿਆ ਕਿ ਹੁਣ ਕਿਸ ਦੇ ਲੜ ਲਗਾ ਚਲੇ ਹੋ ਤਾਂ ਬਚਨ ਕੀਤਾ :

*ਗ੍ਰੰਥ ਹੈ ਗੁਰੂ, ਲੜ ਪਕੜੋ ਅਕਾਲ।*

ਫਿਰ ਚਿਤਾਵਨੀ ਦੇਂਦੇ ਲੇਖਕ ਨੇ ਲਿਖਿਆ ਹੈ :

*ਦਸਵਾਂ ਪਾਤਸ਼ਾਹ ਗੱਦੀ ਗੁਰਿਆਈ ਦੀ*
*ਗ੍ਰੰਥ ਸਾਹਿਬ ਨੂੰ ਦੇ ਹੈ ਗਿਆ।*
*ਅਜ ਪਰਤਖ ਗੁਰੂ ਸਾਡਾ ਗ੍ਰੰਥ ਸਾਹਿਬ ਹੈ।*
*ਸੋਈ ਗਿਆ ਜੋ ਗ੍ਰੰਥੋਂ ਗਿਆ।* (ਚਰਨ ਦਸਵਾਂ)

ਸੋਹਣ ਲਾਲ ਸੂਰੀ ਨੇ ਉਮਦਾਤ ਤਵਾਰੀਖ਼ ਵਿਚ ਲਿਖਿਆ ਹੈ ਕਿ ਸਿੱਖਾਂ ਬੇਨਤੀ ਕੀਤੀ ਕਿ ਹਜ਼ੂਰ ਨੇ ਹੁਣ ਕਿਸ ਨੂੰ (ਕਦਾਮ ਕਸਾ ਰਾ) ਗੁਰੂ ਨਿਯਤ ਕੀਤਾ ਹੈ ਤਾਂ ਮਹਾਰਾਜ ਨੇ ਫ਼ਰਮਾਇਆ :

*ਗੁਰੂ, ਗ੍ਰੰਥ ਜੀ ਹਨ।*
*ਗੁਰੂ ਗ੍ਰੰਥ ਤੇ ਵਾਹਿਗੁਰੂ ਵਿਚਕਾਰ ਕੋਈ ਫ਼ਰਕ ਨਹੀਂ।*
*ਗੁਰੂ ਗ੍ਰੰਥ ਜੀ ਦੇ ਦਰਸ਼ਨ ਤੋਂ ਗੁਰੂ ਸਾਹਿਬ ਦੇ ਖ਼ੁਸ਼ੀਆਂ*
*ਭਰਪੂਰ ਦਰਸ਼ਨ ਹੋਣਗੇ।*
*'ਦਰਮਿਆਨ ਗ੍ਰੰਥ ਵਾਹਿਗੁਰੂ ਹੀਜ਼ ਫਰਕੇ ਨੇਸਤ।*
*ਅਜ਼ ਦੀਦਾਰਿ ਗ੍ਰੰਥ ਜੀ ਮੁਸ਼ਾਹਿਦ ਦਾਇ ਦੀਦਾਰ*
*ਫਰਹਤ ਆਸਾਰਿ ਗੁਰੂ ਸਾਹਿਬ ਬਾਇਦ ਨਮੂਦ।*
*ਸੋ ਗੁਰੂ ਗ੍ਰੰਥ ਸਾਹਿਬ ਹੁਣ ਸਿੱਖਾਂ ਦਾ ਇਸ਼ਟ ਹੈ।*

ਜੋ ਰੂਪ ਗੁਰੂ ਗ੍ਰੰਥ ਸਾਹਿਬ ਦਾ ਪ੍ਰਚਲਤ ਹੈ ਉਸ ਦੇ ਛਾਪੇ ਦੇ ਪੰਨੇ ੧੪੩੦ ਹਨ ਅਤੇ ੩੬ ਮਹਾਂਪੁਰਸ਼ਾਂ ਦੀ ਬਾਣੀ ਇਸ ਵਿਚ ਦਰਜ ਹੈ।

Sri Satguru Jagjit Singh Ji eLibrary NamdhariElibrary@gmail.com

ਵੇਰਵਾ ਬਾਣੀ : ਸ਼ਬਦਾਂ, ਸਲੋਕਾਂ, ਛੰਦਾਂ, ਪਉੜੀਆਂ ਦਾ ਵੇਰਵਾ ਵਿਅਕਤੀ ਅਨੁਸਾਰ ਇਸ ਪ੍ਰਕਾਰ ਹੈ :

| | ਸ਼ਬਦ | |
|---|---|---|
| ਗੁਰੂ ਨਾਨਕ ਦੇਵ ਜੀ (ਮਹਲਾ ਪਹਿਲਾ)= | ੯੭੬ | (ਸਲੋਕਾਂ ਸਮੇਤ) |
| ਗੁਰੂ ਅੰਗਦ ਦੇਵ ਜੀ (ਮਹਲਾ ਦੂਜਾ)= | ੬੧ | (ਨਿਰੇ ਸਲੋਕ) |
| ਗੁਰੂ ਅਮਰਦਾਸ ਜੀ (ਮਹਲਾ ਤੀਜਾ)= | ੯੦੧ | |
| ਗੁਰੂ ਰਾਮਦਾਸ ਜੀ (ਮਹਲਾ ਚੌਥਾ)= | ੬੭੯ | |
| ਗੁਰੂ ਅਰਜਨ ਦੇਵ ਜੀ (ਮਹਲਾ ਪੰਜਵਾਂ)= | ੨੨੧੬ | |
| ਗੁਰੂ ਤੇਗ ਬਹਾਦਰ ਜੀ (ਮਹਲਾ ਨੌਵਾਂ)= | ੧੧੬ | (ਜਿਸ ਵਿਚ ੫੭ ਸਲੋਕ ਸ਼ਾਮਲ ਹਨ |
| | ੪੯੪੯ | |

ਭਗਤ ਬਾਣੀ, ਭੱਟਾਂ ਅਤੇ ਸਿੱਖਾਂ ਦੀ ਬਾਣੀ ਦਾ ਵੇਰਵਾ :

| | | |
|---|---|---|
| ਭਗਤ ਕਬੀਰ ਜੀ | ੫੪੦ | |
| ਭਗਤ ਤਿਰਲੋਚਨ ਜੀ | ੪ | |
| ਭਗਤ ਬੇਣੀ ਜੀ | ੩ | |
| ਭਗਤ ਰਵਿਦਾਸ ਜੀ | ੪੧ | |
| ਭਗਤ ਨਾਮਦੇਵ ਜੀ | ੬੦ | |
| ਭਗਤ ਧੰਨਾ ਜੀ | ੪ | |
| ਬਾਬਾ ਫ਼ਰੀਦ ਜੀ | ੧੨੨ | (੪ ਸ਼ਬਦ ਤੇ ਬਾਕੀ ਸਲੋਕ) |
| ਭਗਤ ਜੈ ਦੇਵ ਜੀ | ੨ | |
| ਭਗਤ ਭੀਖਨ ਜੀ | ੨ | |
| ਭਗਤ ਸੈਣ ਜੀ | ੧ | |
| ਭਗਤ ਪੀਪਾ ਜੀ | ੧ | |
| ਭਗਤ ਸਧਨਾ ਜੀ | ੧ | |
| ਭਗਤ ਰਾਮਾਨੰਦ ਜੀ | ੧ | |
| ਭਗਤ ਪ੍ਰਮਾਨੰਦ ਜੀ | ੧ | |
| ਭਗਤ ਸੂਰਦਾਸ ਜੀ | ੧ | |
| ਕੁਲ ਜੋੜ | ੭੮੪ | |

Sri Satguru Jagjit Singh Ji eLibrary NamdhariElibrary@gmail.com

| | |
|---|---|
| ਬਾਬਾ ਸੁੰਦਰ ਜੀ | ੬ |
| ਸੱਤੇ ਤੇ ਬਲਵੰਡ ਜੀ | ੮ (ਕੇਵਲ ਪਉੜੀਆਂ) |
| ਭਾਈ ਮਰਦਾਨਾ ਜੀ | ੩ |
| ਕੁਲ ਜੋੜ | ੧੭ |
| ਭੱਟ ਕਲਸਹਾਰ | ੫੪ |
| ਭੱਟ ਜਾਲਪ | ੫ |
| ਭੱਟ ਕੀਰਤ | ੮ |
| ਭੱਟ ਭਿੱਖਾ | ੨ |
| ਭੱਟ ਸਲ | ੩ |
| ਭੱਟ ਨਲ | ੧੬ |
| ਭੱਟ ਭਲ | ੧ |
| ਭੱਟ ਗਯੰਦ | ੧੩ |
| ਭੱਟ ਮਥੁਰਾ | ੧੪ |
| ਭੱਟ ਬਲ੍ਯ | ੫ |
| ਭੱਟ ਹਰਬੰਸ | ੨ |
| ਕੁਲ ਜੋੜ | ੧੨੩ |

ਕੁਲ ਬਾਣੀ ਦਾ ਜੋੜ ੫੭੬੩

**ਤਰਤੀਬ :**

ਗੁਰੂ ਗ੍ਰੰਥ ਸਾਹਿਬ ਦੀ ਤਰਤੀਬ ਇਸ ਪ੍ਰਕਾਰ ਰੱਖੀ। ਸਭ ਤੋਂ ਪਹਿਲਾਂ ਗੁਰੂ ਅਰਜਨ ਦੇਵ ਜੀ ਨੇ ਆਪਣੇ ਹੱਥੀਂ ਮੂਲ ਮੰਤ੍ਰ (ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ) ਲਿਖਿਆ ਫਿਰ 'ਜਪੁ' ਦੀ ਬਾਣੀ ਭਾਈ ਗੁਰਦਾਸ ਜੀ ਨੇ ਲਿਖੀ। ਜਪੁ ਦੇ ਬਾਅਦ ਸੋਦਰ ਸਿਰਲੇਖ ਹੇਠ 'ਪੰਜ ਸ਼ਬਦ' ਗੁਰੂ ਗ੍ਰੰਥ ਸਾਹਿਬ ਵਿਚੋਂ ਹੀ ਰਤਾ ਕੁ ਅੰਤਰ ਨਾਲ ਲਿਖੇ। ਉਸ ਉਪਰੰਤ 'ਸੋ ਪੁਰਖ' ਦੇ ਸਿਰਲੇਖ ਹੇਠਾਂ ਚਾਰ ਸ਼ਬਦ। ਫਿਰ 'ਸੋਹਿਲਾ' ਦੇ ਹੈਡਿੰਗ ਹੇਠ ਪੰਜ ਸ਼ਬਦ। ਉਸ ਉਪ੍ਰੰਤ ਇਕੱਤੀ ਰਾਗਾਂ ਵਿਚ ਬਾਣੀ ਵੰਡ ਕੇ ਦਰਜ ਕੀਤੀ। ਪਹਿਲਾਂ ਸਿਰੀ ਰਾਗ ਰੱਖਿਆ। ਇਹ ਵੀ ਪ੍ਰੰਪਰਾ ਨਾਲੋਂ ਹਟ ਕੇ ਸੀ। ਅਖ਼ੀਰ ਤੇ ਪ੍ਰਭਾਤੀ ਤੇ ਸਭ ਤੋਂ ਪਿੱਛੋਂ ਜੈਜਾਵੰਤੀ ਰੱਖਿਆ, ਜਿਸ ਵਿਚ ਨਿਰੋਲ ਗੁਰੂ ਤੇਗ਼ ਬਹਾਦਰ ਜੀ ਦੇ ਸ਼ਬਦ ਹਨ।

ਸਿਰੀ ਰਾਗ ਪਹਿਲਾਂ ਰੱਖਣ ਦਾ ਵੀ ਇਹੀ ਕਾਰਨ ਸੀ ਕਿ ਆਤਮਕ ਪੈਂਡੇ ਪਏ ਜੀਵ ਦਾ ਰਾਹ ਸੁਖਾਲਾ ਹੋ ਜਾਵੇ। 'ਸਿਰੀ' ਸ਼ਾਮ ਦਾ ਰਾਗ ਹੈ ਅਤੇ ਅੱਗੋਂ ਘੁੱਪ ਹਨੇਰਾ ਲੰਮੀ

Sri Satguru Jagjit Singh Ji eLibrary NamdhariElibrary@gmail.com

ਰਾਤ ਹੈ। ਜਦ ਆਤਮ 'ਧਾਤ' ਨੂੰ ਲਿਤਾੜ ਪੂਰੀ ਤਰ੍ਹਾਂ ਲਿਵ ਲਗਾਉਣ ਜੋਗ ਹੋ ਜਾਂਦੀ ਹੈ ਤਾਂ 'ਪ੍ਰਭਾਤ' ਚੜ੍ਹ ਜਾਂਦੀ ਹੈ ਅਤੇ ਸਫ਼ਲਤਾ ਦਾ ਸਿਹਰਾ ਗਲ ਪੈਂਦਾ ਹੈ ਤੇ ਵੱਜਦੀ ਧੁਨੀ (ਜੈਜਾਵੰਤੀ) ਸਵਾਗਤ ਕਰਦੀ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਰਾਗ ਇਸ ਤਰਤੀਬ ਵਿਚ ਰੱਖੇ ਗਏ ਹਨ :

ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲੁ, ਗੋਂਡ, ਰਾਮਕਲੀ, ਨਟ ਨਰਾਇਨ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤੁ, ਸਾਰੰਗ, ਮਲਾਰ, ਕਾਨੜਾ, ਕਲਿਆਨ, ਪ੍ਰਭਾਤੀ ਅਤੇ ਜੈਜਾਵੰਤੀ।

ਰਾਗਾਂ ਪਿਛੋਂ ਸਲੋਕ ਸਹਸਕ੍ਰਿਤੀ ਲਿਖੇ। ਫਿਰ ਗਾਥਾ, ਫੁਨਹੇ ਅਤੇ ਚਉਬੋਲੇ ਦਰਜ ਕੀਤੇ। ਉਸ ਪਿੱਛੋਂ ਭਗਤ ਕਬੀਰ ਜੀ ਅਤੇ ਸ਼ੇਖ ਫ਼ਰੀਦ ਜੀ ਦੇ ਲਿਖੇ। ਫਿਰ ਪਹਿਲਾਂ ਸਵਈਏ ਸ੍ਰੀ ਮੁਖਬਾਕ ਮਹਲਾ ੫ ਭਾਵ ਗੁਰੂ ਅਰਜਨ ਦੇਵ ਜੀ ਦੇ ਅਤੇ ਪਿੱਛੋਂ ਭੱਟਾਂ ਦੇ ਮਹਲੇ ਪਹਿਲੇ, ਦੂਜੇ, ਤੀਜੇ, ਚੌਥੇ ਅਤੇ ਪੰਜਵੇਂ ਦੀ ਉਪਮਾ ਵਿਚ ਉਚਾਰੇ ਅੰਕਿਤ ਕੀਤੇ। ਇਸ ਪਿੱਛੋਂ ਸਲੋਕ ਵਾਰਾਂ ਤੇ ਵਧੀਕ ਦੇ ਸਿਰਲੇਖ ਹੇਠਾਂ ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੇ ਸਲੋਕ ਦਰਜ ਕੀਤੇ।

ਅਖ਼ੀਰ ਤੇ ਮੁੰਦਾਵਣੀ ਮਹਲਾ ੫ ਪਾ ਕੇ ਭੋਗ ਪਾਇਆ ਅਤੇ ਸਲੋਕ ਉਚਾਰ ਕੇ ਸ਼ੁਕਰ ਦੀ ਭਾਵਨਾ ਦਰਸਾਈ। ਅੰਤ ਵਿਚ ਰਾਗ ਮਾਲਾ ਦਰਜ ਕੀਤੀ।

ਹਰ ਰਾਗ ਦੀ ਤਰਤੀਬ ਇਸ ਤਰ੍ਹਾਂ ਰੱਖੀ। ਪਹਿਲਾਂ ਸ਼ਬਦ ਮਹਲੇਵਾਰ, ਫਿਰ ਅਸ਼ਟਪਦੀਆਂ, ਫਿਰ ਛੰਦ, ਛੰਦਾਂ ਉਪਰੰਤ ਉਚੇਚੇ ਸਿਰਲੇਖ ਵਾਲੀਆਂ ਬਾਣੀਆਂ (ਪੱਟੀ, ਬਾਰਹਮਾਹ, ਅਨੰਦ, ਸੁਖਮਨੀ ਆਦਿ), ਫਿਰ ਵਾਰਾਂ, ਇਨ੍ਹਾਂ ਪਿੱਛੋਂ ਭਗਤਾਂ ਦੀ ਬਾਣੀ।

### ਮਜ਼ਮੂਨ

ਗੁਰੂ ਗ੍ਰੰਥ ਸਾਹਿਬ ਦਾ ਮਜ਼ਮੂਨ *'ਗੁਣ ਗੋਬਿੰਦ'* ਤੇ *'ਨਾਮ ਧੁਨਿ'* ਹੈ। ਜਗਤ ਦੇ ਮਾਲਕ ਦੇ ਗੁਣ ਗਾਉਂਦਿਆਂ ਆਤਮਕ ਉੱਚਤਾ ਪ੍ਰਾਪਤ ਹੁੰਦੀ ਹੈ ਅਤੇ ਫਿਰ ਜੋ ਜੀਵਨ ਵਿਹਾਰ ਬਣਦਾ ਹੈ, ਉਸ ਦਾ ਜ਼ਿਕਰ ਹੈ। ਦੂਜੇ ਜਿਨ੍ਹਾਂ 'ਗੁਨ ਗੋਬਿੰਦ ਗਾਇਓ ਨਹੀਂ' ਉਨ੍ਹਾਂ ਦੀ ਦੁਰਦਸ਼ਾ ਹੈ।

'ਨਾਮਧੁਨਿ' ਜਿਨ੍ਹਾਂ ਹਿਰਦਿਆਂ ਵਿਚ ਉਪਜ ਪਈ ਉਨ੍ਹਾਂ ਦੇ ਮਨ ਦਾ ਸੰਜਮ ਐਸਾ ਕਾਇਮ ਹੁੰਦਾ ਹੈ ਕਿ ਉਹ ਆਪਣਾ ਸਾਰਾ ਜੀਵਨ ਹੀ ਮਾਨਵ ਭਗਤੀ ਤੇ ਸਮਾਜ ਭਲਾਈ ਲਈ ਸਰਫ਼ ਕਰ ਦੇਂਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਇਤਨਾ ਜ਼ੋਰ ਮੁਕਤੀ 'ਤੇ ਨਹੀਂ ਜਿਤਨਾ ਜੀਵਨ ਮੁਕਤੀ 'ਤੇ ਹੈ। ਮਨ ਦੇ ਸਹਿਜ ਨੂੰ ਕਾਇਮ ਰੱਖਣ ਲਈ ਹੈ। ਸੱਚ ਦਾ ਸਹੀ ਸਰੂਪ ਗੁਰੂ ਗ੍ਰੰਥ ਸਾਹਿਬ ਵਿਚ ਚਿਤਰਿਆ ਹੈ।

### ਮਹਿਮਾ

ਗੋਸਪਲ ਆਫ਼ ਗੁਰੂ ਗ੍ਰੰਥ ਸਾਹਿਬ ਵਿਚ ਗ੍ਰੀਨ ਲੀਜ਼ ਨੇ ਗੁਰੂ ਗ੍ਰੰਥ ਸਾਹਿਬ ਦੀ ਮਹਿਮਾ ਵਿਚ ਲਿਖਿਆ ਹੈ :

ਪਵਿੱਤਰਤਾ ਅਤੇ ਰੂਹਾਨੀ ਓਜ ਦੇ ਨੁਕਤੇ ਤੋਂ ਗੁਰੂ ਗ੍ਰੰਥ

Sri Satguru Jagjit Singh Ji eLibrary NamdhariElibrary@gmail.com

ਸਾਹਿਬ ਦਾ ਦੁਨੀਆ ਦੇ ਧਰਮਾਂ ਵਿਚ ਉੱਚਾ ਮੁਕਾਮ ਹੈ। ਇਹ ਕਿਸੇ ਦਾ ਭੇਸ ਵਟਾਵਾ ਰੂਪ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਦਾ ਰੁਤਬਾ ਚੋਟੀ ਦਾ ਹੈ। ਇਹ ਗੱਲ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਬਾਣੀ ਧੁਰ ਅੰਦਰੋਂ ਅਨੁਭਵ ਤੋਂ ਪ੍ਰਕਾਸ਼ੀ ਹੈ ਅਤੇ ਇਸ ਦਾ ਪੜ੍ਹੇ ਸੁਣੇ ਨਾਲ ਕੋਈ ਸਬੰਧ ਨਹੀਂ।

'ਦੁਨੀਆ ਦੀਆਂ ਧਰਮ ਪੁਸਤਕਾਂ ਵਿਚੋਂ ਸ਼ਾਇਦ ਹੀ ਕਿਸੇ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤੁਲ ਸਾਹਿਤਕ ਖ਼ੂਬਸੂਰਤੀ ਅਤੇ ਲਗਾਤਾਰ ਅਨੁਭਵੀ ਗਿਆਨ ਦੇ ਤੁਲ ਉਚਿਤਾ ਹੋਵੇ।'

ਮੈਕਾਲਫ਼ ਲਿਖਦਾ ਹੈ ਕਿ ਹੋਰ ਧਰਮਾਂ ਦੇ ਗ੍ਰੰਥਾਂ ਨੂੰ ਪੜ੍ਹਨ ਦੀ ਥਾਵੇਂ ਬਾਣੀ ਦੇ ਕਰਤਿਆਂ ਨੇ ਆਪਣੇ ਕਰਤਾ ਪੁਰਖ, ਆਤਮਾ ਅਤੇ ਕਾਦਰ ਦੀ ਕੁਦਰਤ ਦੇ ਧਿਆਨ ਵਿਚ ਮਗਨ ਹੋ ਕੇ ਉਹ ਸਦੜੇ ਸੁਣੇ ਜੋ ਕਦੇ ਨਹੀਂ ਸਨ ਸੁਣੇ ਗਏ।

ਹੁਨਾਲੇ ਦੀ ਗਰਮੀ, ਸਿਆਲੇ ਦੇ ਕੱਕਰ, ਆਕਾਸ਼ ਦੀ ਜਲਾਲੀ ਸੁੰਦਰਤਾ, ਪਿੰਡਾਂ ਦੇ ਵਸਨੀਕਾਂ ਦੇ ਦੁੱਖਾਂ-ਸੁਖਾਂ ਵਿਚ ਗੁਰੂ ਜੀ ਨੂੰ ਕਰਤਾ ਪੁਰਖ ਦੇ ਨਾਮ ਦਾ ਸੁਨੇਹਾ ਪ੍ਰਤੱਖ ਦਿੱਸਦਾ ਸੀ ਅਤੇ ਉਸ ਦਾ ਚਾਉ ਭਰਿਆ ਵਰਨਣ ਗੁਰੂ ਸਾਹਿਬਾਨ ਨੇ ਕੀਤਾ।

ਨਾਮ ਦੀ ਅਰਾਧਨਾ, ਨਾਮ ਦਾ ਜਾਪ, ਨਾਮ ਦਾ ਧਿਆਨ, ਨਾਮ ਦਾ ਉਪਦੇਸ਼ ਉਨ੍ਹਾਂ ਦੇ ਤੋਰੇ ਧਰਮ ਦਾ ਮੁੱਖ ਅੰਗ ਹੈ।

ਹੋਰ ਗੁਰੂ ਗ੍ਰੰਥ ਸਾਹਿਬ ਇਸ ਕਰਕੇ ਵੀ ਵਿਲੱਖਣ ਹੈ ਕਿ ਦੂਜੇ ਲਗਪਗ ਸਾਰੇ ਵੱਡੇ ਧਰਮਾਂ ਦੇ ਜਿਹੜੇ ਪ੍ਰਚਾਰਕ ਹੋਏ ਉਨ੍ਹਾਂ ਵਿਚੋਂ ਕੋਈ ਇਕ ਵੀ ਆਪਣੀ ਲਿਖੀ ਹੋਈ ਇਕ ਪੰਗਤੀ ਵੀ ਪਿੱਛੇ ਨਹੀਂ ਛੱਡ ਗਿਆ। ਜੋ ਕੁਝ ਪ੍ਰਚਾਰਿਆ ਜਾ ਰਿਹਾ ਹੈ, ਉਸ ਦਾ ਪਤਾ ਸਾਨੂੰ ਜਾਂ ਤਾਂ ਪ੍ਰਚੱਲਤ ਰਵਾਇਤਾਂ ਤੋਂ ਲੱਗਦਾ ਹੈ ਜਾਂ ਹੋਰਨਾਂ ਦੀਆਂ ਲਿਖਤਾਂ ਤੋਂ। ਫੈਸਾਗੋਰਸ ਨੇ ਜੇ ਕੋਈ ਆਪਣਾ ਸਿਧਾਂਤ ਲਿਖਿਆ, ਉਹ ਸਾਡੇ ਤੱਕ ਨਹੀਂ ਪੁੱਜਾ। ਸੁਕਰਾਤ ਦਾ ਪਤਾ ਸਾਨੂੰ ਅਫ਼ਲਾਤੂਨ (ਪਲੈਟੋ) ਅਤੇ ਜ਼ੈਨੋਫ਼ਰ ਦੀਆਂ ਲਿਖਤਾਂ ਤੋਂ ਹੀ ਲੱਗਦਾ ਹੈ। ਬੁੱਧ ਆਪਣੀ ਸਿੱਖਿਆ ਦੀ ਯਾਦ ਆਪਣੀ ਕਿਸੇ ਵੀ ਲਿਖਤ ਵਿਚ ਨਹੀਂ ਛੱਡ ਗਏ। ਪੱਛਮੀ ਲੋਕ, ਜਿਸ ਨੂੰ ਕਨਫ਼ਿਊਸ਼ਸ ਕਹਿੰਦੇ ਹਨ, ਉਹ ਆਪਣੇ ਪਿੱਛੇ ਸਮਾਜਕ ਤੇ ਇਖ਼ਲਾਕੀ ਸਿਧਾਂਤਾਂ ਬਾਰੇ ਕੋਈ ਲਿਖਤ ਨਹੀਂ ਛੱਡ ਗਿਆ। ਈਸਾਈ ਮੱਤ ਦੇ ਬਾਨੀ ਨੇ ਵੀ ਆਪਣੇ ਸਿਧਾਂਤ ਨੂੰ ਕਿਸੇ ਲਿਖਤ ਦੇ ਰੂਪ ਵਿਚ ਪੇਸ਼ ਨਹੀਂ ਕੀਤਾ। ਉਨ੍ਹਾਂ ਸਬੰਧੀ ਵੀ ਮੈਥੀਓ, ਲੂਕਾ, ਜੌਨ ਤੇ ਹੋਰਨਾਂ ਦੀਆਂ ਲਿਖਤਾਂ 'ਤੇ ਹੀ ਭਰੋਸਾ ਕਰਨਾ ਪੈਂਦਾ ਹੈ। ਅਰਬ ਦੇ ਪੈਗੰਬਰ, ਹਜ਼ਰਤ ਮੁਹੰਮਦ ਸਾਹਿਬ ਨੇ ਵੀ ਕੁਰਾਨ ਦੇ ਸਪਾਰਿਆਂ ਨੂੰ ਆਪਣੇ ਕਲਮ ਨਾਲ ਨਹੀਂ ਲਿਖਿਆ ਸਗੋਂ ਉਸ ਨੂੰ ਖ਼ਲੀਫਿਆਂ ਜਾਂ ਉਨ੍ਹਾਂ ਦੇ ਨਾਮ ਲੇਵਿਆਂ ਨੇ ਹੀ ਲਿਖਿਆ ਜਾਂ ਇਕੱਠਿਆਂ ਕੀਤਾ। ਪ੍ਰੰਤੂ ਸਿੱਖ ਗੁਰੂਆਂ ਦੀ ਬਾਣੀ ਉਨ੍ਹਾਂ ਦੇ ਆਪਣੀ ਹੱਥੀਂ ਲਿਖੀ ਤੇ ਸੰਭਾਲੀ ਹੋਈ ਮਿਲਦੀ ਹੈ ਅਤੇ ਜੋ ਕੁਝ ਸਿੱਖਿਆ ਉਨ੍ਹਾਂ ਨੇ ਦਿੱਤੀ ਹੈ ਉਸ ਦਾ ਪਤਾ ਉਨ੍ਹਾਂ ਦੀਆਂ ਆਪਣੀਆਂ ਲਿਖਤਾਂ ਤੋਂ ਹੀ ਲੱਗਦਾ ਹੈ।

ਜਗਤ ਪ੍ਰਸਿੱਧ ਫ਼ਿਲਾਸਫ਼ਰ ਇਤਿਹਾਸਕਾਰ ਆਰਨਲਡ ਟਾਇਨਬੀ ਨੇ ਸੇਕਰਿਡ ਰਾਈਟਿੰਗਜ਼ ਆਫ਼ ਦੀ ਸਿਖਜ਼ ਦੇ ਮੁੱਖ ਬੰਦ ਵਿਚ ਲਿਖਿਆ ਹੈ ਕਿ ਗੁਰੂ ਗ੍ਰੰਥ ਸਾਹਿਬ

Sri Satguru Jagjit Singh Ji eLibrary NamdhariElibrary@gmail.com

ਸਮੁੱਚੀ ਮਨੁੱਖਤਾ ਦਾ ਸਾਂਝਾ ਆਤਮਿਕ ਭੰਡਾਰ (ਮੈਨਕਾਈਂਡਜ਼ ਕਾਮਨ ਸਪ੍ਰਿਚਿਊਲ ਟ੍ਰੇਜਰ) ਹੈ। ਟਾਇਨਬੀ ਦਾ ਕਹਿਣਾ ਹੈ ਕਿ ਕਈ ਹੋਰ ਕਾਰਨਾਂ ਕਰਕੇ ਵੀ ਗੁਰੂ ਗ੍ਰੰਥ ਸਾਹਿਬ ਉੱਤਮ ਹੈ। ਇਕ ਤਾਂ ਜਿਤਨੇ ਅਦਬ ਨਾਲ ਗੁਰੂ ਗ੍ਰੰਥ ਸਾਹਿਬ ਰੱਖੇ ਜਾਂਦੇ ਹਨ ਹੋਰ ਕਿਸੇ ਧਾਰਮਕ ਲਿਖਤ ਨੂੰ ਐਸਾ ਦੇਖਣ ਵਿਚ ਨਹੀਂ ਆਇਆ। ਠੀਕ ਗੱਲ ਤਾਂ ਇਹ ਹੈ ਕਿ ਮੁਸਲਮਾਨਾਂ ਨਾਲੋਂ ਵੀ ਕਿਤੇ ਵੱਧ, ਜਿਤਨਾ ਉਹ ਕੁਰਾਨ ਦਾ ਰੱਖਦੇ ਹਨ ਜਾਂ ਬਾਈਬਲ ਦਾ ਈਸਾਈ ਅਤੇ ਤੋਰੇਤ ਦਾ ਯਹੂਦੀ। ਸਿੱਖਾਂ ਲਈ ਗੁਰੂ ਗ੍ਰੰਥ ਸਾਹਿਬ ਜਾਗਤ ਜੋਤ ਹੈ, ਗੁਰੂ ਹੈ। ਜਿਵੇਂ ਉਹ ਗੁਰੂ ਵਿਅਕਤੀਆਂ ਨੂੰ ਆਦਰ ਦੇਂਦੇ ਸਨ, ਇਵੇਂ ਇਸ ਨੂੰ ਦੇਂਦੇ ਹਨ। ਭਾਵੇਂ ਇਸ ਵਿਚ ਗੁਰੂ ਸਾਹਿਬਾਨ ਦੀ ਬਾਣੀ ਦਾ ਆਕਾਰ ਸਭ ਤੋਂ ਵੱਧ ਹੈ ਪਰ ਦੂਜੇ ਭਗਤਾਂ ਦੀ ਬਾਣੀ ਨੂੰ ਵੀ ਪੂਰਾ ਆਦਰ ਦਿੱਤਾ ਹੈ। ਇਹ ਇਕ ਪ੍ਰਕਾਰ ਦੀ ਸਰਵਲੌਕਿਕ ਬੀੜ (ਕੈਥਾਲਿਕ ਐਂਥਾਲੋਜੀ) ਹੈ। ਭਗਤ ਵੀ ਇਕ ਪ੍ਰਕਾਰ ਦੇ ਸਿੱਖ ਹੀ ਸਨ ਜੋ ਮੂਲਕ ਸੱਚਾਈਆਂ ਨੂੰ ਢੂੰਡ ਲੱਭ ਲਿਆਂਦੇ ਰਹੇ, ਜਿਵੇਂ ਗੁਰੂ ਸਾਹਿਬਾਨ ਕਰਦੇ ਸਨ।

ਟਾਇਨਬੀ ਹੋਰ ਲਿਖਦਾ ਹੈ ਕਿ ਇਸ ਵਿਚ ਰਤਾ ਵੀ ਕੋਈ ਸ਼ੱਕ ਨਹੀਂ ਕਿ ਮਨੁੱਖਤਾ ਦਾ ਭਵਿੱਖ ਧੁੰਦਲਾ ਹੈ ਪਰ ਇਹ ਗੱਲ ਵੀ ਸਹਿਲੇ ਦੇਖੀ ਜਾ ਸਕਦੀ ਹੈ ਕਿ ਕਮਾਈ ਵਾਲੇ ਉਚੇਰੇ ਧਰਮ (ਹਾਇਰ ਰਿਲੀਜਨ) ਨਿਤ ਨਵੇਂ ਵਧ ਰਹੇ ਆਵਾਜਾਈ ਦੇ ਸਾਧਨਾਂ ਕਾਰਨ, ਇਕ ਦੂਜੇ ਤੇ ਪ੍ਰਭਾਵ ਵੀ ਅਵੱਸ਼ ਛੱਡਣਗੇ। ਹੋਵਣ ਵਾਲੀ ਇਸ ਧਾਰਮਕ ਗੋਸ਼ਟੀ ਵਿਚ, ਸਿੱਖ ਧਰਮ ਤੇ ਇਹ ਗੁਰੂ ਗ੍ਰੰਥ, ਰਹਿੰਦੇ ਸੰਸਾਰ ਨੂੰ ਇਕ ਉਚੇਰੀ ਕੀਮਤੀ ਬਾਤ ਕਹਿਣ ਦੀ ਸਮਰੱਥਾ ਰੱਖਦਾ ਹੈ। (ਸਪੈਸ਼ਲ ਵੈਲਯੂ ਟੂ ਸੇ)। ਖਹਿ-ਖਹਿ ਕਰਦੇ ਧਰਮਾਂ ਵਿਚ ਆਤਮਕ ਮਿਲਣੀ ਕਰਾਉਣ ਯੋਗ ਇਸ ਵਿਚ ਬਲ ਵੀ ਹੈ ਅਤੇ ਵੱਲ ਵੀ। ਇਹ ਖ਼ੁਸ਼ਖ਼ਬਰੀ ਹੈ।

ਡਾਕਟਰ ਰਾਧਾ ਕ੍ਰਿਸ਼ਨਨ ਨੇ ਇਸੇ ਪ੍ਰਸੰਗ ਵਿਚ ਵਿਲਿਯਮ ਪੈਨ ਦਾ ਹਵਾਲਾ ਦੇ ਕੇ ਲਿਖਿਆ ਹੈ ਕਿ ਇਲਮ ਤੋਂ ਨੇੜੇ ਸੂਝ ਤੇ ਸ਼ਬਦ ਹੈ ਜਿਸ ਤੋਂ ਸਾਰੀਆਂ ਬਾਣੀਆਂ ਉਪਜਦੀਆਂ ਹਨ। 'ਗੁਰਮੁਖਿ ਨਾਦੰ, ਗੁਰਮੁਖਿ ਵੇਦੰ, ਗੁਰਮੁਖਿ ਰਹਿਆ ਸਮਾਈ।' ਗੁਰੂ ਦੇ ਮੁੱਖ ਤੋਂ ਨਿਕਲਿਆ ਹਰ ਸ਼ਬਦ, ਹਰ ਅੱਖਰ ਸੰਗੀਤਕ ਧੁਨ ਹੈ ਤੇ ਇਲਮਾਂ ਦਾ ਨਿਚੋੜ ਹੈ। ਗੁਰੂ ਸ਼ਬਦ ਨੂੰ ਅੰਦਰ ਵਸਾਇਆਂ ਅਗੰਮੀ ਝਲਕਾਂ ਮਿਲਦੀਆਂ ਹਨ। ਪੋਥੀ ਪਰਮੇਸਰ ਕਾ ਥਾਨ, ਗੁਰੂ ਮਹਾਰਾਜ ਨੇ ਆਪੂੰ ਹੀ ਫ਼ਰਮਾਇਆ ਹੈ।

ਡਾਕਟਰ ਰਾਧਾ ਕ੍ਰਿਸ਼ਨਨ ਅਗਾਂਹ ਲਿਖਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਇਸ ਪੱਖੋਂ ਵੀ ਮਹਾਨ ਹੈ ਕਿ ਇਹ ਸਾਨੂੰ ਸੋਝੀ ਦੇਂਦਾ ਹੈ ਕਿ ਨਿਰੋਲ ਇਕ ਦੂਜੇ ਦੇ ਖ਼ਿਆਲ ਨੂੰ ਸਹਾਰਨ ਸੁਣਨ ਨਾਲ ਹੀ ਸਗਾਲੀ ਤੇ ਸਾਂਝਾਂ ਨਹੀਂ ਬਣਨੀਆਂ, ਦੂਜੇ ਦੇ ਅਕੀਦਿਆਂ ਦਾ ਆਦਰ ਤੇ ਸਾਲਾਹਿ ਕਰਨੀ ਵੀ ਜ਼ਰੂਰੀ ਹੈ। ਗੁਰੂ ਗ੍ਰੰਥ ਸਾਹਿਬ ਇਹ ਵੀ ਦਰਸਾ ਰਿਹਾ ਹੈ ਇਸ ਗੱਲੋਂ ਇਨਕਾਰ ਨਹੀਂ ਕਰਨਾ ਚਾਹੀਦਾ ਕਿ ਹੋਰਨਾਂ ਪਾਸ ਵੀ ਉਹੀ ਆਤਮਕ ਕਮਾਈ ਹੈ ਅਤੇ ਉਨ੍ਹਾਂ ਦੇ ਪੂਰਨਿਆਂ ਤੇ ਟੁਰਨ ਵਾਲਿਆਂ ਵਿਚ ਕੁਰਬਾਨੀ ਦਾ ਜਜ਼ਬਾ ਭਰਨ ਅਤੇ ਚੰਗੀ ਜੀਵਨ ਜਾਚ ਦੀ ਪ੍ਰੇਰਨਾ ਦੇਣ ਯੋਗ ਸ਼ਕਤੀ ਹੈ। ਗੁਰੂ ਸਾਹਿਬਾਨ ਅਤੇ ਜਿਨ੍ਹਾਂ ਹੋਰਨਾਂ ਦੀ ਬਾਣੀ ਇਕ ਥਾਂ ਕਰ ਬੀੜ ਬੱਧੀ ਗਈ ਹੈ ਸਭ ਉਹ ਐਸੀਆਂ ਸਿਫ਼ਤਾਂ ਦੇ

Sri Satguru Jagjit Singh Ji eLibrary NamdhariElibrary@gmail.com

ਮਾਲਕ ਸਨ ਅਤੇ ਦੂਜੇ ਧਰਮਾਂ ਦੀਆਂ ਰਵਾਇਤਾਂ ਦੀ ਕਦਰ ਕਰਦੇ ਸਨ ਜੋ ਜੀਵਨ ਜੀਣ ਲਈ ਪ੍ਰੇਰ ਰਹੀਆਂ ਸਨ। ਗੁਰੂ ਜੀ ਨੇ ਦੱਸਿਆ ਕਿ ਧਰਮ ਨਿਰਾ ਮੰਨਣ ਨਹੀਂ ਸਗੋਂ ਮਾਨਣ ਲਈ ਹੈ। ਅਕੀਦਿਆਂ ਤੇ ਟੁਰਨ ਦਾ ਨਾਮ ਧਰਮ ਹੈ।

ਨੋਬਲ ਪ੍ਰਾਈਜ਼ ਜੇਤੂ ਪਰਲ ਐਸ. ਬੱਕ ਨੇ ਗੁਰੂ ਗ੍ਰੰਥ ਸਾਹਿਬ ਦਾ ਉਲਥਾ ਪੜ੍ਹ ਲਿਖਿਆ ਸੀ :

ਜਦ ਮੈਂ ਇਕੱਲ ਮਹਿਸੂਸ ਕਰਦੀ ਹਾਂ, ਚਿੰਤਾ ਦੀ ਘੜੀ ਸਤਾਂਦੀ ਹੈ ਤਾਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਕਾਂਤ ਬਖ਼ਸ਼ਦੀ ਹੈ, ਤਸੱਲੀ ਦੇਂਦੀ ਹੈ ਅਤੇ ਰੂਹ ਨੂੰ ਨਸ਼ਿਆ ਦੇਂਦੀ ਹੈ। ਪੜ੍ਹਦਿਆਂ ਇਕ ਵਿਸਮਾਦ ਰੰਗ ਛਾ ਜਾਂਦਾ ਹੈ। ਇਹ ਰੰਗ ਹਰ ਉਸੇ ਤੇ ਚੜ੍ਹ ਜਾਏਗਾ ਜੋ ਮਨ ਚਿੱਤ ਇਕ ਕਰਕੇ ਬਾਣੀ ਪੜ੍ਹੇਗਾ।

ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਥਾਲ ਕਿਹਾ ਹੈ ਜਿਸ ਵਿਚ, ਤਿੰਨੋਂ ਵਸਤੂਆਂ, ਸਤੁ ਸੰਤੋਖ ਤੇ ਵੀਚਾਰ ਉਚੇਚੇ ਤੌਰ ਤੇ ਪਰੋਸੀਆਂ ਹਨ ਅਤੇ ਨਾਲ ਇਹ ਵੀ ਦਰਸਾਇਆ ਕਿ ਇਨ੍ਹਾਂ ਤਿੰਨਾਂ (ਸਤੁ, ਸੰਤੋਖ ਤੇ ਵੀਚਾਰ) ਨੂੰ ਕਾਇਮ ਰੱਖਣ ਲਈ 'ਅੰਮ੍ਰਿਤ ਨਾਮ ਠਾਕੁਰ' ਨੂੰ ਆਧਾਰ ਬਣਾਉਣਾ ਲਾਜ਼ਮੀ ਹੈ। ਚੇਤਾਵਨੀ ਵੀ ਦਿੱਤੀ ਕਿ ਇਹ ਵਸਤੂਆਂ ਖਾਣ ਤੇ ਪਚਾਣ (ਖਾਵੈ ਭੁੰਚੈ) ਦਾ ਵੱਲ ਆਉਣਾ ਵੀ ਜ਼ਰੂਰੀ ਹੈ। ਜਿਸ ਨੂੰ ਆ ਗਿਆ ਉਹ ਇਹ ਸੰਸਾਰ ਸਹਿਲੇ ਹੀ ਤਰ ਜਾਏਗਾ।

ਸਮੁੱਚੀ ਬਾਣੀ ਵਿਚ ਜੋ ਰੌ ਦੌੜ ਰਹੀ ਹੈ ਉਸ ਨੂੰ ਗੁਰੂ ਅਰਜਨ ਦੇਵ ਜੀ ਨੇ ਗਉੜੀ ਵਾਰ ਦੀ ਇਕ ਪਉੜੀ ਵਿਚ ਉਜਾਗਰ ਕਰ ਲਿਖਿਆ ਹੈ :

*ਜਿਸੁ ਸਰਬ ਸੁਖਾ ਫਲ ਲੋੜੀਅਹਿ*
*ਸੋ ਸਚੁ ਕਮਾਵਉ।*
*ਨੇੜੈ ਦੇਖਉ ਪਾਰਬ੍ਰਹਮੁ ਇਕੁ ਨਾਮੁ ਧਿਆਵਉ।*
*ਹੋਇ ਸਗਲ ਕੀ ਰੇਣੁਕਾ ਹਰਿ ਸੰਗ ਸਮਾਵਉ॥*
*ਦੂਖੁ ਨ ਦੇਈ ਕਿਸੈ ਜੀਅ, ਪਤਿ ਸਿਉ ਘਰਿ ਜਾਵਉ।*
*ਪਤਿਤ ਪੁਨੀਤ ਕਰਤਾ ਪੁਰਖੁ ਨਾਨਕ ਸੁਣਾਵਉ। ੧੭।*

(ਗਉੜੀ ਕੀ ਵਾਰ, ਮ: ੫, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੨੨)

।◆।

Sri Satguru Jagjit Singh Ji eLibrary NamdhariElibrary@gmail.com

ਸਤਾਰਾਂ

## ਮਹਿਮਾ ਬਾਣੀ ਕੀ

ਇਕ ਵਾਰੀ ਸਿੱਖਾਂ ਨੇ ਗੁਰੂ ਹਰਿ ਰਾਇ ਜੀ ਨੂੰ ਪੁੱਛਿਆ : ਪਾਤਸ਼ਾਹ! ਪਾਠ ਤਾਂ ਨਿਤ ਨੇਮ ਨਾਲ ਕਰਦੇ ਹਾਂ ਪਰ ਕਈ ਤੁਕਾਂ ਦੇ ਅਰਥਾਂ ਦੀ ਸੋਝੀ ਨਹੀਂ ਪੈਂਦੀ। ਕੀ ਐਸੇ ਪਾਠ ਦਾ ਕੋਈ ਲਾਭ ਹੈ ? ਉਸ ਸਮੇਂ ਤਾਂ ਸਤਵੇਂ ਪਾਤਸ਼ਾਹ ਨੇ ਕੋਈ ਉੱਤਰ ਨਾ ਦਿੱਤਾ ਪਰ ਦਿਨ ਚੜ੍ਹੇ ਸਵਾਲ ਕਰਨ ਵਾਲਿਆਂ ਸਮੇਤ ਉਸ ਪਾਸੇ ਨਿਕਲ ਗਏ ਜਿਧਰ ਇਕ ਬੇ-ਚਰਾਗ਼, ਢੱਠਾ ਪਿੰਡ ਸੀ। ਗਲੀਆਂ ਵਿਚੋਂ ਲੰਘਦੇ ਇਕ ਠੀਕਰੀ ਵੱਲ ਇਸ਼ਾਰਾ ਕਰਦੇ ਇਕ ਸਿੱਖ ਨੂੰ ਕਹਿਆ ਕਿ ਉਸ ਠੀਕਰੀ ਵੱਲ ਦੇਖੋ। ਜਦ ਸਿੱਖਾਂ ਨੇ ਧਿਆਨ ਠੀਕਰੀ ਵੱਲ ਕੀਤਾ ਤਾਂ ਆਪ ਜੀ ਨੇ ਫ਼ਰਮਾਇਆ : ਦੇਖੋ ਧੁੱਪ ਪੈਣ ਕਾਰਨ ਠੀਕਰੀ ਅੰਦਰ ਜੋ ਥਿਧਾਈ ਸੀ, ਨਿਕਲ ਬਾਹਰ ਆ ਗਈ ਹੈ।

**ਜਿਉਂ ਤੀਕਰਿ ਮਹਿ ਚਿਕਨਤਾ ਰਹੀ**

*'ਰਵ ਤੇਜ ਚਿਕਨਤਾ ਨਿਕਸਤ ਭਈ'*

ਇਹ ਠੀਕਰੀ ਉਸ ਕੁਨ੍ਹੀ ਦੀ ਹੈ ਜਿਸ ਵਿਚ ਸਵਾਣੀ ਘਿਉ ਸਾਂਭ ਰੱਖਦੀ ਸੀ। ਇਸ ਠੀਕਰੀ ਦੇ ਕਣ-ਕਣ ਵਿਚ ਘਿਉ ਸਮਾ ਗਿਆ ਸੀ। ਜ਼ਰਾ ਕੁ ਧੁੱਪ ਲੱਗੀ ਤਾਂ ਚਿਕਨਾਈ ਬਾਹਰ ਆ ਗਈ ਹੈ ਭਾਵੇਂ ਟੁੱਟੀ ਹੋਈ ਹੈ ਪਰ ਅਸਰ ਫਿਰ ਵੀ ਦਿਖਾ ਰਹੀ ਹੈ।

ਜੋ ਰੋਜ਼ ਪ੍ਰੇਮ ਸ਼ਰਧਾ ਧਾਰ ਪਾਠ ਕਰਦੇ ਹਨ, ਉਨ੍ਹਾਂ ਵਿਚ ਬਾਣੀ ਸਮਾ ਜਾਂਦੀ ਹੈ। ਸਹਿਜੇ-ਸਹਿਜੇ ਬਾਣੀ ਜੋ ਅਗਾਧ ਤੇ ਅਥਾਹ ਹੈ ਉਸ ਦਾ ਹਾਥ ਤਾਂ ਨਹੀਂ ਪਾ ਸਕਦੇ ਪਰ ਪੜ੍ਹਨ ਵਾਲੇ ਦਾ ਜੀਵਨ ਬਾਣੀ ਦੇ ਦੱਸੇ ਰਾਹ ਹੀ ਢਲ ਜਾਂਦਾ ਹੈ। ਅਨੁਭਵ ਖੁਲ੍ਹ ਜਾਂਦਾ ਹੈ। ਸਮਾਂ ਆਉਣ 'ਤੇ ਜਦ ਕਦੇ ਬਿਪਤਾ ਆਏ ਵੀ ਤਾਂ ਬਾਣੀ ਸਹਾਰਾ ਬਣ ਕੇ ਬਾਹਰ ਆ ਖਲੋਂਦੀ ਹੈ, ਸਹਾਇਤਾ ਕਰਦੀ ਹੈ :

*'ਜਿਉਂ ਠੀਕਰਿ ਮਹਿ ਚਿਕਨਤਾ ਰਹੀ।*
*ਤਿਵ ਬਾਨੀ ਕੇ ਗੁਨ ਘਟ ਮੋ ਆਹੀ।*
*ਜੋ ਪਾਠ ਸਾਧਾਰਨ ਮੁਖ ਪੜ੍ਹੇ,*
*ਧਾਰ ਪ੍ਰਣ ਮਨ ਕੋਇ।*
*ਗੁਰਬਾਣੀ ਪਾਠ ਪ੍ਰਤਾਪ ਏ,*
*ਤਾ ਕੀ ਇਹ ਗਤਿ ਹੋਇ।'*



Sri Satguru Jagjit Singh Ji eLibrary NamdhariElibrary@gmail.com

ਗੁਰਬਾਣੀ ਇਸ ਜਗ ਮੇਂ ਚਾਨਣ ਹੈ, ਭਵ ਸਾਗਰ ਨੂੰ ਤਾਰਨ ਲਈ ਜਹਾਜ਼ ਬਣਾਇਆ ਹੈ। ਬਾਣੀ ਤੇ ਵੇਦ ਦਾ ਫ਼ਰਕ ਵੀ ਸਮਝਾਇਆ। ਵੇਦ ਜੋ ਹੈ ਉਹ ਵਿੱਦਿਆ ਤੋਂ ਹੋਇਆ ਹੈ। ਵੇਦ ਦੇ ਬਚਨ ਤੇ ਮਨ ਭਿੱਜਦਾ ਨਹੀਂ। ਤਰਕ ਵਿਚ ਜਾਂਦਾ ਹੈ। ਦਲੀਲ ਢੂੰਡਦਾ ਹੈ। ਬਾਣੀ ਤੇ ਮਨ ਭਿੱਜਦਾ ਹੈ। ਬਾਣੀ ਭਗਤਾਂ ਤੋਂ ਉਤਪਤਿ ਹੋਈ ਹੈ। ਭਗਤ ਤੇ ਪ੍ਰਮੇਸ਼ਰ ਵਿਚ ਭੇਦ ਨਹੀਂ। ਜੋ ਕੁਝ ਭਗਤਾਂ ਬੋਲਿਆ ਉਹ ਪਰਮੇਸ਼ਵਰ ਦੇ ਵਾਕ ਹਨ। ਭਗਤ ਦੀ ਬਿਮਲ ਮਤਿ ਹੈ, ਜੋ ਕੁਝ ਬੋਲਦੇ ਹਨ ਅਗਾਧ ਮਤਿ ਹਨ। ਉਨ੍ਹਾਂ ਦੇ ਵਚਨ ਪਰਮੇਸ਼ਰ ਦੀ ਕ੍ਰਿਪਾ ਹੈ। ਸਤ ਵਚਨ ਤੇ ਮਨ ਭਿੱਜਦਾ ਹੈ। ਉਨ੍ਹਾਂ ਦੇ ਵਚਨ ਪਰਮੇਸ਼ਰ ਨੂੰ ਚੰਗੇ ਲੱਗਦੇ ਹਨ ਅਤੇ ਪਰਮੇਸ਼ਰ ਇਸੇ ਬਾਣੀ ਨਾਲ ਵਸ ਆਉਂਦਾ ਹੈ।

ਹੁਣ ਇਸ ਦਿੱਤੀ ਵਿਚਾਰ ਨਾਲ ਗੁਰੂ ਅੰਗਦ ਦੇਵ ਜੀ ਦਾ ਸਾਰੰਗ ਰਾਗ ਦੀ ਵਾਰ ਵਿਚ ਦਰਜ ਸਲੋਕ :

*ਕਥਾ ਕਹਾਣੀ ਬੇਦੀ ਆਣੀ,*
*ਪਾਪ ਪੁੰਨ ਵੀਚਾਰ।*

ਰਲਾ ਕੇ ਪੜ੍ਹੀਏ ਤਾਂ ਗੁਰਬਾਣੀ ਦੀ ਮਹਿਮਾ ਪ੍ਰਗਟ ਹੋ ਆਏਗੀ। ਵੇਦ ਵਿਚ ਜਾਂ ਤਾਂ ਨਿਰੀ ਕਿੱਸਾ ਕਹਾਣੀ ਹੈ, ਜਾਂ ਪਾਪ ਪੁੰਨ ਦੀ ਵਿਚਾਰ ਹੈ ਜੋ ਮਨੁੱਖ ਨੂੰ ਸਾਰੀ ਉਮਰ ਹੀ ਸਹਮੇ ਵਿਚ ਪਾਈ ਰੱਖਦਾ ਹੈ। ਬਾਣੀ ਅੰਮ੍ਰਿਤ ਭਰਪੂਰ ਹੈ। ਇਸ ਨੂੰ ਪੜ੍ਹਿਆਂ ਸੁਰਤਿ ਉੱਚੀ ਹੁੰਦੀ ਹੈ, ਹਉਮੈ ਦੂਰ ਹੁੰਦੀ ਹੈ ਤੇ ਪੜ੍ਹਨ ਵਾਲਾ ਰੱਬ ਦੀ ਮੂਰਤ ਹੋ ਜਾਂਦਾ ਹੈ।

ਬਾਣੀ ਦਾ ਅਦਬ ਕਿਸ ਹੱਦ ਤਕ ਕਰਨਾ ਹੈ, ਇਸ ਦੀ ਜਾਚ ਵੀ ਸਤਵੇਂ ਪਾਤਸ਼ਾਹ ਸਾਨੂੰ ਸਿਖਾਉਂਦੇ ਰਹਿੰਦੇ ਸਨ।

### ਅਦਬ ਬਾਣੀ ਦਾ

ਇਕ ਸਮੇਂ ਸ਼ਬਦ ਪੜ੍ਹਦੇ, ਰਾਤ ਨੂੰ ਹੀ ਸੰਗਤ ਕੀਰਤਪੁਰ ਦਾਖਲ ਹੋਈ ਤੇ ਸ਼ੀਸ਼ ਮਹੱਲ ਲਾਗਿਉਂ ਜਿੱਥੇ ਗੁਰੂ ਜੀ ਬਿਰਾਜ ਰਹੇ ਸਨ ਹੇਠਾਂ ਖੜੋ ਚਾਅ ਨਾਲ ਉੱਚੀ-ਉੱਚੀ ਸ਼ਬਦ ਪੜ੍ਹਨ ਲੱਗ ਪਏ। ਗੁਰੂ ਮਹਾਰਾਜ ਦੀ ਜਾਗ ਖੁਲ੍ਹੀ, ਉਸੇ ਸਮੇਂ ਮੰਜਾ ਤਿਆਗ ਉਠ ਖੜ੍ਹੇ ਹੋਏ। ਐਸੀ ਕਰਨੀ ਵਿਚ ਮੰਜੀ ਦੀ ਬਾਹੀ ਨਾਲ ਚੋਟ ਲੱਗ ਗਈ। ਲੱਗੀ ਚੋਟ ਨਾਲ ਹੀ ਹੇਠਾਂ ਉਤਰ ਆਏ। ਸੰਗਤਾਂ ਨੇ ਗੁਰੂ ਜੀ ਦੇ ਦਰਸ਼ਨ ਕੀਤੇ। ਲੱਗੀ ਹੋਈ ਚੋਟ ਇਕ ਸਿੱਖ ਨੇ ਦੇਖੀ ਤੇ ਪੁੱਛ ਹੀ ਬੈਠਾ ਕਿ ਸ਼ਬਦ ਵੀ ਤੁਹਾਡੇ ਹਨ, ਬਾਣੀ ਵੀ ਤੁਹਾਡੀ ਹੈ, ਗ੍ਰੰਥ ਵੀ ਆਪ ਜੀ ਦਾ, ਫਿਰ ਇਤਨੀ ਸ਼ੀਘਰਤਾ ਦੀ ਕੀ ਲੋੜ ਸੀ? ਗੁਰੂ ਮਹਾਰਾਜ ਨੇ ਕਿਹਾ, ਤੁਸੀਂ ਠੀਕ ਕਹਿ ਰਹੇ ਹੋ ਪਰ ਇਹ ਯਾਦ ਰੱਖਣਾ ਕਿ ਇਹ ਅਨਭੈ ਬਾਣੀ ਹੈ। ਗੁਰੂ ਦਾ ਅਨੁਭਵ ਬਾਣੀ ਦੇ ਰੂਪ ਵਿਚ ਹੈ। ਇਸ ਦਾ ਅਦਬ ਕਰਨਾ ਅਤਿ ਜ਼ਰੂਰੀ ਹੈ। ਸੰਸਾਰ, ਜੋ ਅੱਗ ਦਾ ਸਮੁੰਦਰ ਹੈ, ਪਾਰ ਕਰਨ ਲਈ ਬਾਣੀ ਹੀ ਬੇੜੀ ਹੈ। ਤ੍ਰਿਸ਼ਨਾ ਰੂਪੀ ਹਿਰਨੀ ਨੂੰ ਮਾਰਨ ਲਈ ਸ਼ੇਰਨੀ ਰੂਪ ਗੁਰਬਾਣੀ ਹੈ। ਇਹ ਕਦੇ ਨਾ ਭੁੱਲਣਾ :

*'ਜੋ ਸਿੱਖ ਗੁਰਬਾਣੀ ਭੈ ਕਰੈ।*
*ਬਿਨ ਪ੍ਰਯਾਸ ਭਵ ਸਾਗਰ ਤਰੈ।*

Sri Satguru Jagjit Singh Ji eLibrary NamdhariElibrary@gmail.com

*ਜਿਨ ਭੈ ਅਦਬ ਨ ਬਾਣੀ ਧਾਰਾ*
*ਜਾਨਹੁ ਸੋ ਸਿੱਖ ਨਹੀਂ ਹਮਾਰਾ।*

ਇਹ ਅਦਬ ਦਾ ਰਾਹ ਹੀ, ਪ੍ਰਭੂ ਤਕ ਪੁਜਾਉਣ ਦਾ ਰਸਤਾ ਹੈ। ਕਾਰਨ ਕਾਰਜ ਦੀ ਇਹ ਸੰਗਲੀ ਹੈ। *ਭੈਅ ਬਿਨਾਂ ਭਗਤੀ ਨਹੀਂ, ਭਗਤੀ ਬਿਨਾਂ ਗਿਆਨ ਨਹੀਂ, ਗਿਆਨ ਬਿਨਾਂ ਮੁਕਤੀ ਨਹੀਂ, ਮੁਕਤੀ ਬਿਨਾਂ ਅਨੰਦ ਨਹੀਂ ਅਤੇ ਅਨੰਦ ਬਿਨਾਂ ਪ੍ਰਭੂ-ਰਸ ਨਹੀਂ।* ਹੁਕਮ ਕੀਤਾ :

*ਜੇਤਾ ਅਦਬ ਕਰੀਏ, ਉਹ ਥੋੜ੍ਹਾ ਹੈ।*
*ਇਹ ਨਿਜ ਸਰੂਪ ਹੈ।*
*ਇਸ ਨੂੰ ਜਾਨਣ ਵਾਲਾ ਮੇਰੇ ਪਦ ਕੋ ਪ੍ਰਾਪਤ ਹੋਵੇਗਾ।*

ਅਠਾਰਾਂ

# ਮਹਿਮਾ ਸ੍ਰੀ ਗੁਰੂ ਗ੍ਰੰਥ ਸਾਹਿਬ

ਹਰ ਕੋਈ ਜਾਣਦਾ ਹੈ ਕਿ ਜਦ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਗੁਰੂ ਅਰਜਨ ਦੇਵ ਜੀ ਨੇ ਆਦਰ ਸਹਿਤ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਕਰ ਦਿੱਤਾ ਤਾਂ ਇਕ ਸਿੱਖ ਨੇ ਹੱਥ ਜੋੜ ਕੇ ਬੇਨਤੀ ਕੀਤੀ ਸੀ ਕਿ ਮਹਾਰਾਜ ਇਸ ਦਾ ਉਲਥਾ ਵੀ ਕਰ ਜਾਓ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਦੇ ਸਮਝ ਗੋਚਰੇ ਹੋ ਜਾਵੇ ਤਾਂ ਪੰਚਮ ਪਾਤਸ਼ਾਹ ਨੇ ਕਿਹਾ ਸੀ ਕਿ ਇਸ ਦਾ ਉਲਥਾ ਅਸਾਂ ਨਹੀਂ ਕਰਨਾ। ਇਸ ਦਾ ਉਲੱਥਾ ਗੁਰਸਿੱਖਾਂ ਦੀ ਰਸਨਾ ਤੇ ਹੋਏਗਾ। ਜਿਤਨੀ ਕਿਸੇ ਦੀ ਉੱਚੀ ਸੁਰਤਿ ਹੋਵੇਗੀ ਉਤਨਾ ਹੀ ਸਪੱਸ਼ਟ ਅਰਥ-ਭਾਵ ਉਹ ਕਰ ਸਕੇਗਾ। ਨਾਲ ਹੀ ਉਨ੍ਹਾਂ ਹੁਕਮ ਕੀਤਾ ਸੀ ਕਿ ਅਰਥ-ਉਲੱਥਾ, ਭਾਵ-ਅਰਥ, ਵਿਸਥਾਰ, ਦੁਨੀਆ ਦੀ ਹਰ ਬੋਲੀ ਵਿਚ ਹੋਵੇਗਾ ਅਤੇ ਇਸ ਦਾ ਉਪਦੇਸ਼ ਇਸ ਤਰ੍ਹਾਂ ਸੰਸਾਰ ਤੇ ਫ਼ੈਲ ਜਾਏਗਾ ਜਿਵੇਂ ਜਲ 'ਤੇ ਤੇਲ ਦਾ ਤੁਪਕਾ।

> **ਸਭ ਉਪਰ ਪਸਰੈ ਇਹ ਧਾਈ ਜਿਮ ਜਲ ਪਰ ਸੁ ਚਿਕਨਤਾ ਪਾਈ**

*ਸੰਸਕ੍ਰਿਤ ਅਰ ਤੁਰਕਨ ਭਾਸ਼ਾ॥*
*ਇਸ ਮੇ ਲਿਖ ਲੇਵਹਿ ਬੁਧਿਰਾਸਾ॥*
*ਸਭ ਉਪਰ ਪਸਰੈ ਇਹ ਧਾਈ॥*
*ਜਿਮ ਜਲ ਪਰ ਸੁ ਚਿਕਨਤਾ ਪਾਈ॥*

ਪੰਜਾਬੀ ਯੂਨੀਵਰਸਿਟੀ ਨੇ ਅੰਗਰੇਜ਼ੀ ਵਿਚ ਕੀਤੇ ਉਲੱਥੇ ਨੂੰ ਚਾਰ ਸੈਂਚੀਆਂ ਵਿਚ ਪਾਠਕਾਂ ਹੱਥੀਂ ਦੇ ਕੇ ਮਹਾਰਾਜ ਦੇ ਵਾਕਾਂ ਤੇ ਹੀ ਫੁੱਲ ਚਾੜ੍ਹਨ ਦਾ ਜਤਨ ਕੀਤਾ ਹੈ। ਇਹ ਗੱਲ ਇਥੇ ਹੀ ਕਹਿਣ ਦਾ ਚਿੱਤ ਕਰਦਾ ਹੈ ਕਿ ਇਹ ਪ੍ਰਤੀਤ ਹੋ ਆਵੇ ਕਿ ਮਹਾਰਾਜ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਕਿਉਂ ਬੰਨ੍ਹੀ ਅਤੇ ਨਾਲ ਹੀ ਪ੍ਰਗਟ ਹੋ ਜਾਏ ਕਿ ਗੁਰੂ ਗ੍ਰੰਥ ਸਾਹਿਬ ਦੇ ਰੂਹਾਨੀ ਥਾਲ ਵਿਚ ਪ੍ਰੇਮੀ ਬਾਣੀ ਤੇ ਭਗਤੀ-ਕਾਵਿ ਦਾ ਕਿਤਨਾ ਕੁ ਅੰਤਰ ਹੈ। *ਭਗਤ ਕੇਵਲ ਨਿਰੀਆਂ ਵਾਹਿਗੁਰੂ ਦੀਆਂ ਗੱਲਾਂ ਕਰਦੇ ਹਨ ਅਤੇ ਗੁਰੂ ਗ੍ਰੰਥ ਸਾਹਿਬ ਨੇ ਸਾਨੂੰ ਵਾਹਿਗੁਰੂ ਨਾਲ ਗੱਲਾਂ ਕਰਨ ਦਾ ਵੱਲ ਸਿਖਾਇਆ ਹੈ।* ਕਿਸੇ ਦੀਆਂ ਗੱਲਾਂ ਕਰਨਾ (Talk of) ਅਤੇ ਕਿਸੇ ਨਾਲ ਗੱਲਾਂ (Talk to) ਕਰਨ ਦਾ ਕਿਤਨਾ ਕੁ ਫ਼ਰਕ ਹੈ, ਇਹ ਸਭ ਜਾਣਦੇ ਹਨ। ਇਹੀ ਕਾਰਨ ਲਗਦਾ ਹੈ ਕਿ ਨੋਬਲ ਪ੍ਰਾਈਜ਼ ਜੇਤੂ,



Sri Satguru Jagjit Singh Ji eLibrary NamdhariElibrary@gmail.com

ਪਰਲ ਐੱਸ. ਬੱਕ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਲੱਥਾ ਪੜ੍ਹ ਕੇ ਲਿਖਿਆ ਸੀ ਜਦ ਮੈਂ ਕਦੇ ਇਕੱਲ ਮਹਿਸੂਸ ਕਰਦੀ ਹਾਂ, ਚਿੰਤਾ ਦੀ ਘੜੀ ਸਤਾਂਦੀ ਹੈ ਤਾਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਕਾਂਤ ਬਖ਼ਸ਼ਦੀ ਹੈ, ਤਸੱਲੀ ਦੇਂਦੀ ਹੈ, ਰੂਹ ਤੇ ਵਿਸਮਾਦੀ ਰੰਗ ਚਾੜ੍ਹ ਦੇਂਦੀ ਹੈ। ਉਹ ਠੀਕ ਲਿਖਦੀ ਹੈ ਕਿ ਇਹ ਰੰਗ ਹਰ ਉਸ 'ਤੇ ਚੜ੍ਹ ਜਾਏਗਾ ਜੋ ਮਨ ਚਿੱਤ ਇੱਕ ਕਰਕੇ ਬਾਣੀ ਨੂੰ ਪੜ੍ਹੇਗਾ।

ਜਗਤ ਪ੍ਰਸਿੱਧ ਇਤਿਹਾਸਕਾਰ ਟਾਇਨਬੀ ਵੀ ਗੁਰੂ ਗ੍ਰੰਥ ਸਾਹਿਬ ਨੂੰ ਸਮੁੱਚੀ ਮਨੁੱਖਤਾ ਦਾ ਸਾਂਝਾ ਆਤਮਕ ਭੰਡਾਰ (Mankind's Common Spiritual Treasure) ਕਹਿੰਦਾ ਸੀ। ਉਸ ਦਾ ਕਹਿਣਾ ਸੀ ਕਿ ਕਦੇ ਖ਼ੁਗਜ਼ ਛੱਡ ਕੇ ਧਰਮਾਂ ਦੀ ਗੋਸ਼ਟੀ ਹੋਈ ਤਾਂ ਜਗਤ ਦੇਖੇਗਾ ਕਿ ਗੁਰੂ ਗ੍ਰੰਥ ਸਾਹਿਬ ਪਾਸ ਖ਼ਾਸ ਬਾਤ ਕਹਿਣ ਦੀ ਸਮਰੱਥਾ ਹੈ (Special Value To Say)

ਖਹਿ-ਖਹਿ ਕਰਦੇ ਧਰਮਾਂ ਵਿਚ ਆਤਮਕ ਮਿਲਣ ਕਰਾਉਣ ਯੋਗ, ਇਸ ਵਿਚ ਬਲ ਵੀ ਹੈ ਤੇ ਵੱਲ ਵੀ। ਇਹ ਸਾਡੇ ਜਗਤ ਦੇ ਜੀਵਾਂ ਲਈ ਖ਼ੁਸ਼ਖ਼ਬਰੀ ਹੈ। ਪਾਠ ਕਰਦਿਆਂ ਇਹ ਪ੍ਰਤੀਤ ਹੋਵੇਗਾ ਕਿ ਵਾਹਿਗੁਰੂ ਹਾਜ਼ਰ-ਹਜ਼ੂਰ ਹੈ। ਵਾਹਿਗੁਰੂ ਕੋਈ ਖ਼ਿਆਲ ਜਾਂ ਛਲਾਵਾ ਨਹੀਂ। ਭਗਤ-ਕਮਾਈ ਤੇ ਬਖ਼ਸ਼ਿਸ਼ਾਂ ਦੁਆਰਾ ਪਾਇਆ ਵੀ ਜਾ ਸਕਦਾ ਹੈ ਅਤੇ ਉਸ ਦੀ ਹਜ਼ੂਰੀ ਦਾ ਅਨੰਦ ਹਰ ਵੇਲੇ ਮਾਣਿਆ ਜਾ ਸਕਦਾ ਹੈ। ਇਸੇ ਨੂੰ 'ਨਾਮੁ ਮਿਲੈ ਤਾਂ ਜੀਵਾਂ, ਤਨੁ ਮਨੁ ਥੀਵੈ ਹਰਿਆ' ਮੁੰਦਾਵਣੀ ਨਾਂ ਦੀ ਬਾਣੀ ਵਿਚ ਮੁਹਰ ਲਗਾਉਣ ਵੇਲੇ ਗੁਰੂ ਅਰਜਨ ਦੇਵ ਜੀ ਨੇ ਕਿਹਾ ਸੀ।

ਗੁਰੂ ਗ੍ਰੰਥ ਸਾਹਿਬ ਵਗਦੀ ਨੈਂ ਹੈ। ਇਸ ਵਹਿੰਦੇ ਦਰਿਆ ਵਿਚ ਬੇਨਤੀ, ਬਿਰਹੋਂ, ਨਿਰਮਲ ਭਉ, ਗਿਆਨ, ਸੇਵਾ, ਸਿਮਰਨ, ਸਰਧਾ, ਪਿਆਰ, ਪ੍ਰੇਮ-ਭਗਤੀ ਦੇ ਅਨਿਕ ਤਰੰਗ ਹਨ। ਇਸ ਦੇ ਹਰ ਸ਼ਬਦ ਵਿਚ ਸੰਗੀਤ ਦੀਆਂ ਤਰਬਾਂ ਉਠਦੀਆਂ ਸੁਣੀਆਂ ਜਾ ਸਕਦੀਆਂ ਹਨ। ਕਾਵਿ-ਰਸ ਘੁਲਿਆ ਮਿਲਦਾ ਹੈ। ਚਾਨਣ ਹੀ ਚਾਨਣ ਪਸਰਿਆ ਪ੍ਰਤੀਤ ਹੁੰਦਾ ਹੈ। ਐਸੀ ਰੋਸ਼ਨੀ ਜੋ ਅੱਖੀਆਂ ਨਹੀਂ ਚੁੰਧਿਆਂਦੀ ਸਗੋਂ ਰਾਹ ਸੁਖਾਲਾ ਕਰੀ ਟੁਰੀ ਜਾਂਦੀ ਹੈ। ਪਾਠ ਕਰਦਿਆਂ ਜਾਂ ਸੁਣਦਿਆਂ ਰਸ ਮਸਤੀ ਛਾ ਜਾਂਦੀ ਹੈ। ਹਿਰਦਾ ਖਿੜਦਾ ਦਿਖਾਈ ਦੇਂਦਾ ਹੈ, ਸਰੂਰ ਚੜ੍ਹਦਾ ਹੈ ਪਰ ਉਸ ਸਰੂਰ ਵਿਚ ਹੋਸ਼ ਗੁੰਮ ਨਹੀਂ ਹੁੰਦੀ। ਅੰਦਰ ਬਾਹਰ ਦੀ ਪੂਰੀ ਖ਼ਬਰ ਰਹਿੰਦੀ ਹੈ। ਇਹ ਹੀ ਤਾਂ ਹੈ ਸੁਰਤਿ ਵਿਚ ਸ਼ਬਦ ਦਾ ਆ ਸਮਾ ਜਾਣਾ।

ਗੁਰੂ ਗ੍ਰੰਥ ਸਾਹਿਬ ਨੂੰ ਸਿਰਜਣ ਵਿਚ ਤਕਰੀਬਨ ਸੱਤ ਸੌ ਸਾਲ ਲੱਗੇ ਹਨ। ਭਗਤ ਜੈ ਦੇਵ ਤੇ ਗੁਰੂ ਤੇਗ ਬਹਾਦਰ ਜੀ ਤੱਕ ਠੀਕ ੬੭੨ ਸਾਲ ਲੱਗੇ।

ਇਹ ਜ਼ਰੂਰ ਆਖਣਾ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਹਾਥ ਜੇ ਕਿਸੇ ਵਿੱਦਿਆ ਦੀ ਚਾਤੁਰੀ ਜਾਂ ਕਲਪਨਾ ਰਾਹੀਂ ਪਾ ਸਕਣ ਦਾ ਜਤਨ ਕੀਤਾ ਤਾਂ ਉਸ ਨੂੰ ਸਿਵਾਇ ਠੇਡੇ ਖਾਣ ਦੇ ਕੁਝ ਨਹੀਂ ਮਿਲਿਆ। ਇਸੇ ਲਈ ਕਿਹਾ ਜਾਂਦਾ ਹੈ ਕਿ ਜੇ ਕਿਸੇ ਗੁਰਬਾਣੀ ਦੇ ਅਰਥ ਕੇਵਲ ਲੁਗਾਤ, ਡਿਕਸ਼ਨਰੀ ਜਾਂ ਕੋਸ਼ ਸਾਹਮਣੇ ਰੱਖ ਕੇ ਕੀਤੇ ਅਤੇ ਅਨੁਭਵ ਦੀ ਸਹਾਇਤਾ ਨਾ ਲਈ ਤਾਂ ਅਰਥ ਦੇ ਅਨਰਥ ਹੋ ਜਾਣਗੇ।

Sri Satguru Jagjit Singh Ji eLibrary NamdhariElibrary@gmail.com

ਇਹ ਮੈਨੂੰ ਕਹਿਣ ਤੇ ਦੱਸਣ ਦੀ ਖ਼ੁਸ਼ੀ ਹੈ ਕਿ ਇਹ ਚਾਰ ਸੈਂਚੀਆਂ ਜਿਨ੍ਹਾਂ ਨੂੰ ਹਿਜ਼ ਹੋਲੀਨੈਸ ਦਲਾਈ ਲਾਮਾ ਪਾਠਕਾਂ ਹੱਥ ਪੜ੍ਹਨ ਹਿਤ ਦੇ ਰਹੇ ਹਨ, ਉਨ੍ਹਾਂ ਵਿਚ ਅਨੁਭਵ ਵੀ ਹੈ, ਪ੍ਰਸੰਗ ਵੀ ਨਹੀਂ ਟੁੱਟਿਆ ਤੇ ਮੂਲ ਅਰਥ ਵੀ ਸਪੱਸ਼ਟ ਹਨ। ਅੰਤ ਵਿਚ ਮੈਂ ਇਹ ਕਹਿਣਾ ਹੈ ਕਿ ਗੁਰੂ ਨਾਨਕ ਦੇਵ ਜੀ, ਜੈਸਾ ਆਦਰਸ਼ਕ ਮਨੁੱਖ ਦੇਖਣਾ ਚਾਹੁੰਦੇ ਸਨ, ਉਸ ਦਾ ਨਕਸ਼ਾ ਉਨ੍ਹਾਂ ਨੇ ਪ੍ਰਭਾਤੀ ਰਾਗ ਵਿਚ ਇਸ ਤਰ੍ਹਾਂ ਖਿੱਚਿਆ ਹੈ।

*ਐਸੇ ਜਨ ਵਿਰਲੇ ਜਗ ਅੰਦਰਿ*
*ਪਰਖਿ ਖਜਾਨੈ ਪਾਇਆ।*
*ਜਾਤਿ ਵਰਨ ਤੇ ਭਏ ਅਤੀਤਾ*
*ਮਮਤਾ ਲੋਭੁ ਚੁਕਾਇਆ॥ ੭॥*
*ਨਾਮ ਰਤੇ ਤੀਰਥ ਸੇ ਨਿਰਮਲ*
*ਦੁਖ ਹਉਮੈ ਮੈਲੁ ਚੁਕਾਇਆ॥*
*ਨਾਨਕੁ ਤਿਨ ਕੇ ਚਰਨ ਪਖਾਲੈ*
*ਜਿਨਾ ਗੁਰਮੁਖਿ ਸਾਚਾ ਭਾਇਆ॥ ੮॥ ੭॥*

I◆I

Sri Satguru Jagjit Singh Ji eLibrary NamdhariElibrary@gmail.com

ਉੱਨੀ

# ਪਹਿਲਾਂ ਜਪੁ ਬਾਰੇ

ਸਾਡੀ ਮੁੱਖ ਬਾਣੀ ਜਪੁ ਹੈ। ਮੁੱਖ ਹੋਣ ਦੇ ਕਈ ਕਾਰਨ ਹਨ। 'ਜਪੁ' ਇਕ ਮਜ਼ਮੂਨ ਹੈ, ਜਿਸ ਨੂੰ ਗੁਰੂ ਗ੍ਰੰਥ ਸਾਹਿਬ ਦੀ ਮਿਥੀ ਤਰਤੀਬ ਮੁਤਾਬਕ ਪਹਿਲਾਂ ਥਾਂ ਦਿੱਤੀ ਗਈ ਹੈ। 'ਜਪੁ' ਇਸ ਲਈ ਵੀ ਮੁੱਖ ਹੈ ਕਿਉਂਕਿ ਇਹ 'ਜਪੁ' ਹੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਧਾਨ ਵਿਸ਼ਾ ਹੈ, ਜੋ ਹਰ ਸ਼ਬਦ, ਹਰ ਤੁਕ ਅਤੇ ਹਰ ਪੰਨੇ ਵਿਚ ਸਮਾਇਆ ਹੋਇਆ ਹੈ।

**ਜਿਤਨੇ ਅੱਖਰ ਉਤਨੀਆਂ ਹੀ ਮਾਤ੍ਰਾਵਾਂ**

'ਜਪੁ' ਇਸ ਲਈ ਵੀ ਮੁੱਖ ਹੈ ਕਿਉਂਕਿ 'ਜਪੁ' ਹੀ ਐਸੀਆਂ ਪਉੜੀਆਂ ਹਨ, ਜਿਨ੍ਹਾਂ ਰਾਹੀਂ ਚੜ੍ਹ ਕੇ, 'ਆਤਮਕ ਮਾਰਗ' ਦਾ ਜਗਿਆਸੂ 'ਇਕੀਸ', ਇਕ-ਮਿਕ ਹੋ ਸਕਦਾ ਹੈ।

ਭਾਈ ਗੁਰਦਾਸ ਜੀ ਨੇ ਤਾਂ ਹੀ ਤਾਂ ਲਿਖਿਆ ਸੀ :

*'ਗੁਰਮੁਖਿ ਪੰਥ ਵਖਾਣੀਐ,*
*ਅਪੜ ਨ ਸਕੈ ਇਕਤੁ ਵਿਖ।'*

ਇਕੋ ਵਾਰ, ਛਾਲ ਮਾਰ ਕੇ ਸਿੱਖੀ ਦੇ ਰਾਹ ਪੁੱਜ ਨਹੀਂ ਸਕੀਦਾ। ਰਸਤੇ ਦੀਆਂ ਪਉੜੀਆਂ ਹਨ, ਜਿਨ੍ਹਾਂ ਤੇ ਇਕ-ਇਕ ਕਰ ਕੇ ਚੜ੍ਹਨਾ ਹੈ ਅਤੇ ਫਿਰ ਮਾਲਕ ਨਾਲ ਇਕ-ਮਿਕ ਹੋ ਜਾਣਾ ਹੈ।

ਜਪੁ ਰਾਹੀਂ ਹੀ ਸਾਡੀ ਜਨਮਾਂ-ਜਨਮਾਂਤ੍ਰਾਂ ਦੀ ਵਿੱਥ ਮਿਟਦੀ ਹੈ।

'ਜਪੁ' ਵਿਚ ਕੋਈ 'ਰਹਾਉ' ਨ ਹੋਣਾ, ਇਹ ਦਰਸਾਉਂਦਾ ਹੈ ਕਿ ਇਸ ਦੀ ਹਰ ਤੁਕ ਹੀ 'ਰਹਾਉ' ਹੈ। ਹਰ ਤੁਕ ਠਹਿਰਾ, ਧਿਆਨ ਅਤੇ ਸਿਮਰਨ ਮੰਗਦੀ ਹੈ। ਦੂਜੇ ਸ਼ਬਦਾਂ ਵਿਚ ਗੁਰੂ ਗ੍ਰੰਥ ਸਾਹਿਬ ਦਾ 'ਰਹਾਉ' ਹੈ।

'ਜਪੁ' ਇਸ ਕਰ ਕੇ ਵੀ ਮੁੱਖ ਹੈ ਕਿ ਸਾਡਾ 'ਨੀਸਾਣੁ' ਹੈ। ਗੁਰੂ ਗ੍ਰੰਥ ਸਾਹਿਬ ਦੇ ਦਿੱਤੇ ਤਤਕਰੇ ਵਿਚ ਜਪੁ ਨੂੰ 'ਜਪੁ ਨੀਸਾਣੁ' ਕਰ ਕੇ ਲਿਖਿਆ ਹੈ। ਨੀਸਾਣੁ ਦੇ ਇਕ ਅਰਥ ਧੌਂਸਾ ਹੈ, ਨਗਾਰਾ ਹੈ, ਝੰਡਾ ਹੈ, ਧਰਮ ਧੁਜਾ ਹੈ। ਇਹ ਐਸਾ ਨਗਾਰਾ ਹੈ ਜਿਸ ਨੂੰ ਸੁਣ ਕੇ ਸਿੱਖ ਵਜਦ ਵਿਚ ਆਉਂਦਾ ਹੈ।

ਕੰਨਾਂ ਵਿਚ ਮੰਤਰ ਦੇਣ ਦਾ ਰਿਵਾਜ ਸਦੀਆਂ ਪੁਰਾਣਾ ਸੀ। ਗੁਰੂ ਜੀ ਦਾ ਕਹਿਣਾ



Sri Satguru Jagjit Singh Ji eLibrary NamdhariElibrary@gmail.com

ਸੀ ਕਿ ਹੁਣ 'ਜਪੁ' ਪ੍ਰਗਟ ਤੌਰ 'ਤੇ ਹੋਵੇਗਾ। ਗੁਰੂ ਨੇ ਮਨੌਤ ਤੋੜੀ ਹੈ। 'ਕਹਿ ਪ੍ਰਗਟ ਆਖਿ ਸੁਣਾਇਆ।' ਜਪੁ ਕਿਸੇ ਦੀ ਨਿਜੀ ਮਲਕੀਅਤ ਨਹੀਂ।

'ਨੀਸਾਣੁ' ਦੇ ਅਰਥ 'ਮੁਹਰ' ਜਾਂ 'ਦਸਤਖ਼ਤ' ਵੀ ਹਨ। ਜਿਸ ਦਾ ਭਾਵ ਹੈ ਕਿ ਅੱਗੇ ਸਿਵਾਇ 'ਜਪੁ' ਦੀ ਮੁਹਰ ਦੇ ਹੋਰ ਕੁਝ ਨਹੀਂ ਟੁਰਨਾ। ਇਹ ਦਸਤਖ਼ਤ ਹੀ ਚੱਲਣਗੇ। ਕਿਸੇ ਵਿਅਕਤੀ, ਪੈਗ਼ੰਬਰ, ਅਵਤਾਰ ਜਾਂ ਗੁਰੂ ਦੀ ਸਿਫ਼ਾਰਸ਼ ਨਹੀਂ ਚੱਲਣੀ।

'ਨੀਸਾਣੁ' ਦੇ ਇਕ ਹੋਰ ਅਰਥ 'ਰਾਹਦਾਰੀ' ਵੀ ਹੈ। 'ਜਪੁ' ਹੀ ਇਕ ਰਾਹਦਾਰੀ ਹੈ ਜੋ ਸਚਿ ਖੰਡ ਵਿਚ ਚੱਲਣੀ ਹੈ। ਇਸ ਰਾਹਦਾਰੀ ਦੇ ਹੁੰਦੇ ਕੋਈ ਦਰਗਾਹ 'ਰੇ ਰੇ' ਨਹੀਂ ਕਹੇਗਾ, ਸਗੋਂ ਸਭ ਜਮ ਸਮੇਤ ਆਦਰ ਦੇਣਗੇ ਅਤੇ ਸਤਿਕਾਰ ਨਾਲ ਬੁਲਾਉਣਗੇ ਅਤੇ ਬਿਠਾਉਣਗੇ।

'ਨੀਸਾਣੁ' ਦੇ ਅਰਥ ਲੇਖ ਵੀ ਹਨ। ਸੋ ਜਦ ਤਕ ਸਵਾਸ ਹਨ, 'ਜਪੁ' ਦਾ ਹੀ ਲੇਖ ਲਿਖਣਾ ਹੈ। ਇਹ ਹੀ ਸਾਡੇ ਸਾਰੇ ਲੇਖ ਬਣਾਏਗਾ। ਇਸ 'ਜਪੁ' ਕਾਰਨ ਹੀ ਵਾਹਿਗੁਰੂ ਦੇ ਨੇੜੇ ਹੋਵਾਂਗੇ ਅਤੇ ਜੇ ਹਿਰਦਾ ਰੂਪ ਕਾਗ਼ਜ਼ ਕੋਰਾ ਰਿਹਾ ਜਾਂ ਗ਼ਲਤ ਲੇਖ ਲਿਖੇ ਹੋਏ ਤਾਂ ਚੋਟਾਂ ਖਾਣੀਆਂ ਪੈਣਗੀਆਂ।

'ਨੀਸਾਣੁ' ਦੇ ਇਕ ਹੋਰ ਅਰਥ ਮਾਪ, ਸਟੈਂਡਰਡ ਵੀ ਹਨ। ਹਰ ਕੋਈ ਜਪੁ ਦੇ ਪੈਮਾਨੇ ਨਾਲ ਹੀ ਮਾਪਿਆ ਜਾਏਗਾ।

'ਜਪੁ ਨੀਸਾਣੁ' ਇਹ ਹੀ ਪ੍ਰਗਟਾਉਂਦਾ ਹੈ ਕਿ ਸਿੱਖ ਹੁਣ ਛੁਪ ਕੇ ਜਾਪ ਨਹੀਂ ਕਰੇਗਾ। ਟਿਕ ਕੇ 'ਜਪੁ ਸਾਹਿਬ' ਪੜ੍ਹਨ ਦੀ ਬੜੀ ਵਡਿਆਈ ਹੈ। ਗੁਰੂ ਹਰਿਗੋਬਿੰਦ ਜੀ ਤਾਂ ਭਾਈ ਗੋਪਾਲ ਨਾਂ ਦੇ ਸਿੱਖ ਨੂੰ ਗੁਰ-ਗੱਦੀ ਸੌਂਪਣ ਤਕ ਚਲੇ ਗਏ ਸਨ। ਇਹ ਵੱਖਰੀ ਗੱਲ ਹੈ ਕਿ ਉਸ ਦਾ ਮਨ 'ਚੀਨੇ' ਘੋੜੇ ਤੇ ਆ ਖਲੋਤਾ ਸੀ।

'ਜਪੁ' ਗੁਰੂ ਫ਼ਲਸਫ਼ੇ ਦਾ ਨਿਚੋੜ ਹੈ। ਇਹ ਖ਼ਿਆਲ ਪੱਕ ਗਿਆ ਹੈ ਕਿ ਜਦ ਵੇਈਂ ਨਦੀ ਵਿਚ ਟੁਭਕੀ ਲਗਾ ਕੇ ਗੁਰੂ ਨਾਨਕ ਜੀ ਰੱਬੀ ਦਰਗਾਹ ਪੁੱਜੇ ਤਾਂ ਆਵਾਜ਼ਾ ਹੋਇਆ : 'ਨਾਨਕ ਮੇਰੇ ਹੁਕਮ ਦੀ ਸਿਫ਼ਤ ਕਰ।' ਬਾਬਾ ਬੋਲਿਆ, ਧੁਨ ਉੱਠੀ ਰਾਗ ਆਸਾ ਜਪੁ ਮਹਲਾ ੧। ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ। ੧। ਜਪੁ ਸੰਪੂਰਨ ਕੀਤਾ।

ਇਕ ਹੋਰ ਵਿਚਾਰ ਇਸੇ ਖ਼ਿਆਲ ਦੀ ਪੁਸ਼ਟੀ ਵਿਚ ਮਿਹਰਬਾਨ ਦੀ ਜਨਮ ਸਾਖੀ ਵਿਚ ਆਉਂਦਾ ਹੈ। ਜਦ ਗੁਰੂ ਨਾਨਕ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਉਪਦੇਸ਼ ਦਿਤਾ ਤਾਂ ਫ਼ਰਮਾਇਆ : 'ਪੁਰਖਾ ! ਪਾਰਬ੍ਰਹਮ ਦਾ ਹੁਕਮ ਹੈ ਕਿ ਸਿਫ਼ਤ ਮੇਰੇ ਨਾਮ ਦੀ ਕਰਨੀ।' ਗੁਰੂ ਨਾਨਕ ਦੇਵ ਜੀ ਨੇ ਸਾਰਾ ਖ਼ਜ਼ਾਨਾ ਗੁਰੂ ਅੰਗਦ ਦੇਵ ਜੀ ਅੱਗੇ ਰੱਖਿਆ ਤੇ ਜੋੜ ਬੰਧਿਆ ਜਪੁ ਕਾ, ਅਠਤੀਸ ਪਉੜੀਆਂ ਸਾਰੀ ਬਾਣੀ ਵਿਚੋਂ ਮੱਥ ਕਰ ਕੱਢੀਆਂ ਹਨ। ਸਾਰੀਆ ਬਾਣੀਆਂ ਦਾ ਤੱਤ ਹੈ, ਇਹ ਜਪੁ ਸਾਹਿਬ।

ਇਹ ਹੀ ਕਾਰਨ ਲੱਗਦਾ ਹੈ ਕਿ ਇਸ ਬਾਣੀ ਤੇ 'ਮਹਲਾ ਪਹਿਲਾ' ਨਹੀਂ ਹੈ। ਜਪੁ ਤੇ ਮਹੱਲਾ ਪਹਿਲਾ ਨਾ ਲਿਖਿਆ ਹੋਣ ਤੇ ਕਈ ਹੋਰ ਵਿਚਾਰ ਵੀ ਸਾਹਮਣੇ ਆਉਂਦੇ ਹਨ।

ਇਕ ਤਾਂ ਇਹ ਕਿ ਨਾਮ ਵਿਚ ਕਿਸੇ ਵਿਅਕਤੀ ਨੂੰ, ਭਾਵੇਂ ਉਹ ਕਿਤਨਾ ਵੱਡਾ ਹੈ

Sri Satguru Jagjit Singh Ji eLibrary NamdhariElibrary@gmail.com

ਕੋਈ ਦਖ਼ਲ ਨਹੀਂ।

ਦੂਜੇ, ਜਦ ਜਪੁ ਪ੍ਰਾਪਤ ਹੋ ਜਾਏ ਤਾਂ ਫਿਰ ਨਾ ਨਾਮ ਰਹਿੰਦਾ ਹੈ ਤੇ ਨਾ ਹੀ ਨਾਮੀ। ਅਸੀਂ ਅਣਜਾਣ-ਪੁਣੇ ਵਿਚ ਆਖ ਦਿੰਦੇ ਹਾਂ ਕਿ ਇਹ ਗੁਰੂ ਨਾਨਕ ਦਾ 'ਜਪੁ' ਹੈ। ਗੁਰੂ ਇਸ ਜਿਲ੍ਹਣ ਵਿਚੋਂ ਤਾਂ ਕੱਢਣ ਆਏ ਸਨ ਕਿ 'ਜਪੁ' ਕਿਸੇ ਵਿਅਕਤੀ ਦਾ ਨਹੀਂ, ਜਪੁ ਨਿਰੋਲ। ੧। ਦਾ ਹੈ। 'ੴ' ਦਾ ਹੈ। 'ਸਤਿ' ਦਾ ਹੈ। 'ਨਾਮੁ' ਦਾ ਹੈ। 'ਕਰਤਾ' ਦਾ ਹੈ। 'ਪੁਰਖੁ' ਦਾ ਹੈ। 'ਨਿਰਭਉ' ਦਾ ਹੈ। 'ਨਿਰਵੈਰੁ' ਦਾ ਹੈ। 'ਅਕਾਲ' ਦਾ ਹੈ। 'ਮੂਰਤਿ' ਦਾ ਹੈ। 'ਅਜੂਨੀ' ਦਾ ਹੈ। 'ਸੈਭੰ' ਦਾ ਹੈ।

'ਜਪੁ' ਰਾਹੀਂ ਹਿਰਦੇ ਵਿਚ 'ਓਹ' ਵਸਾਉਣਾ ਹੈ ਨਾ ਕਿ ਉਸ ਦੇ ਕੀਤੇ ਹੋਇਆਂ ਨੂੰ। ਕਈ ਪੁਰਸ਼ ਇਹ ਕਹਿੰਦੇ ਸੁਣੀਂਦੇ ਹਨ ਕਿ ਗੁਰੂ ਨਾਨਕ ਦਾ ਧਿਆਨ ਧਰੋ। ਐਸੇ ਸੱਜਣਾਂ ਨੇ ਇਕ ਅਖੌਤੀ ਤਸਵੀਰ ਵੀ ਗੁਰੂ ਨਾਨਕ ਜੀ ਦੀ ਬਣਾ ਲਈ ਹੈ, ਜਿਸ ਦੇ ਚਰਨਾਂ ਦਾ ਧਿਆਨ ਧਰਨ ਲਈ ਕਹਿੰਦੇ ਹਨ। ਜੇ ਭਲਾ ਗੁਰੂ ਨਾਨਕ ਧਿਆਨ ਵਿਚ ਆ ਵੀ ਗਏ ਤਾਂ ਫਿਰ ਉਨ੍ਹਾਂ ਨੂੰ ਲਾਂਭੇ ਕਰਨਾ ਬਹੁਤਾ ਕਠਨ ਹੋ ਜਾਏਗਾ। ਬਣਨਾ ਤਾਂ ਅਸਾਂ ਕਰਤਾਰੀ ਹੈ, ਵਾਹਿਗੁਰੂ ਦਾ ਖ਼ਾਲਸਾ ਹੈ, ਰਾਹ ਵਿਚ ਅਟਕਿਆਂ ਨੂੰ 'ਠਉਰ ਨਾ ਠਾਉ'।

ਸਾਡੇ ਇਤਿਹਾਸ ਦੀ ਇਕ ਸਾਖੀ ਵੀ ਹੈ ਕਿ ਗੁਰੂ ਨਾਨਕ ਜੀ ਮੁਲਤਾਨ ਗਏ ਸਨ ਤਾਂ ਉਥੋਂ ਦੇ ਪੀਰ ਬਹਾਵਲ ਹੱਕ ਨੇ ਜਦ ਦਰਸ਼ਨ ਪਾ ਲਏ ਤਾਂ ਬਾਅਦ ਵਿਚ ਗੁਰੂ ਨਾਨਕ ਜੀ ਨੂੰ, ਜੋ ਕਰਤਾਰਪੁਰ ਮੁੜ ਗਏ ਸਨ, ਲਿਖਿਆ ਸੀ ਕਿ 'ਕ੍ਰਿਪਾ ਕਰ ਕੇ ਮੇਰੇ ਅੱਗੋਂ ਹਟੋ ਤਾਂ ਕਿ ਅੱਲਾਹ ਅੱਗੇ ਸਿਜਦਾ ਕਰ ਸਕਾਂ, ਹੁੱਜਰੇ ਵਿਚ ਸਿਵਾਇ ਤੁਹਾਡੇ ਤੋਂ ਕੁਝ ਦਿਖਾਈ ਨਹੀਂ ਦੇਂਦਾ।' ਇਸੇ ਲਈ 'ਜਪੁਜੀ' ਜਿਹੀ ਮਹਾਨ ਰਚਨਾ ਰਚ ਕੇ ਵੀ ਮਹੱਲਾ ਪਹਿਲਾ ਨਾ ਪਾਇਆ ਤਾਂ ਕਿ ਕਦੇ ਵਿਅਕਤੀ ਦਾ ਖ਼ਿਆਲ ਤਕ ਨਾ ਆਵੇ।

*ਜਪੁਜੀ ਦੀਆਂ ੧੨ ਪਉੜੀਆਂ ਹੇਠ ਨਾਨਕ ਛਾਪ ਹੀ ਨਹੀਂ ਹੈ।* ਸਿੱਖ ਦਾ ਜਪੁ ਕੋਈ ਕਿਸੇ ਨਵੇਕਲੀ ਥਾਂ, ਤੱਟ, ਤੀਰਥ, ਕੰਦਰ, ਖੂੰਜੇ ਜਾਂ ਪਰਬਤ ਤੇ ਕਰਨ ਵਾਲਾ ਨਹੀਂ। ਇਹ ਘਰ, ਗ੍ਰਿਹਸਤ, ਕ੍ਰਿਤ ਕਰਦੇ ਕੀਤਾ ਜਾਂਦਾ ਹੈ। ਇਥੇ ਜਪੁਜੀ ਵਿਚ ਵਾਤਾਵਰਨ ਵੀ ਘਰੇਲੂ ਰੱਖਿਆ ਹੈ।

ਕਿਹੜਾ ਜੀਵ ਹੈ ਜਿਸ ਨੇ ਦਾਈ ਦਾ ਸ਼ਬਦ ਨਹੀਂ ਸੁਣਿਆ। ਮਾਂ-ਬਾਪ ਹਰ ਟੱਬਰ ਦੇ ਲਾਜ਼ਮੀ ਜੁਜ਼ ਹਨ। ਖਿਡਾਵੇ ਕਿਸ ਘਰ ਨਹੀਂ ਹਨ? ਖੇਲ੍ਹ ਦੇ ਮੈਦਾਨ ਜਾਣ ਵੇਲੇ ਕੌਣ ਹੈ ਜਿਸ ਨੇ ਰੈਫ਼ਰੀ ਦੀ ਸੀਟੀ ਨਾ ਸੁਣੀ ਹੋਵੇ। ਰੋਜ਼ ਅੱਖਾਂ ਸਾਹਮਣੇ ਮੁਸ਼ੱਕਤਾਂ ਕਰਦੇ ਅਸੀਂ ਦੇਖਦੇ ਹਾਂ।

ਫਿਰ ਹਰ ਗ੍ਰਿਹਿਸਤੀ ਦਾ ਉੱਠਦੇ ਸਾਰ ਵਾਹ ਪਾਣੀ ਨਾਲ ਪੈਂਦਾ ਹੈ। ਉਸ ਨੂੰ ਪਾਣੀ ਸੁੱਚ, ਸੋਚ ਲਈ ਚਾਹੀਦਾ ਹੈ। ਉਹ ਹੱਥ, ਪੈਰ ਮੂੰਹ ਧੋਂਦਾ ਹੈ, ਫਿਰ ਕੱਪੜਾ ਜੋ ਮੈਲ ਲੱਗ ਮੈਲਾ ਹੋ ਚੁੱਕਾ ਹੁੰਦਾ ਹੈ, ਉਸ ਲਈ ਸਾਬਣ ਵੱਲ ਹੱਥ ਵਧਾਉਂਦਾ ਹੈ। ਸਾਬਣ ਵਰਤ ਕੇ ਜਦ ਮੈਲ ਨਸਦੀ ਹੈ ਤਾਂ ਉਸ ਸਮੇਂ ਇਹ ਤੁਕਾਂ :

*"ਭਰੀਐ ਹਥੁ ਪੈਰੁ ਤਨੁ ਦੇਹ।*
*ਪਾਣੀ ਧੋਤੈ ਉਤਰਸੁ ਖੇਹ।*

*ਮੂਤ ਪਲੀਤੀ ਕਪੜੁ ਹੋਇ।*
*ਦੇ ਸਾਬੂਣੁ ਲਈਐ ਓਹੁ ਧੋਇ।*
*ਭਰੀਐ ਮਤਿ ਪਾਪਾ ਕੈ ਸੰਗਿ।*
*ਓਹੁ ਧੋਪੈ ਨਾਵੈ ਕੈ ਰੰਗਿ।"*

ਪੜ੍ਹਨ ਦਾ ਰਸ ਹੀ ਹੋਰ ਹੋ ਜਾਂਦਾ ਹੈ। ਆਪ ਮੁਹਾਰੇ ਚਿੱਤ ਮੈਲੀ ਹੋਈ ਮਤਿ ਨੂੰ ਧੋਣ ਲਈ ਕਰੇਗਾ, ਨਾਮ ਦੀ ਰੰਗਣ ਦੀ ਲੋਚਾ ਕਰੇਗਾ। ਪਿਆਸ ਦਾ ਲੱਗ ਜਾਣਾ ਹੀ ਭਾਲ ਦਾ ਅਰੰਭ ਹੋਣਾ ਹੈ। ਭਾਲ ਲਈ ਟੁਰ ਪੈਣਾ ਅੱਧੀ ਕਾਮਯਾਬੀ ਹੈ।

ਫਿਰ ਗ੍ਰਿਹਿਸਥੀ ਦਾ ਵਾਹ ਨਿੱਤ ਮੰਦੇ ਚੰਗੇ, ਊਚ-ਨੀਚ, ਅਮੀਰ-ਗਰੀਬ, ਸ਼ਾਹ-ਸੁਲਤਾਨ, ਹਾਕਮ-ਮਹਿਕੂਮ ਨਾਲ ਪੈਣਾ ਹੈ। ਉਹ ਇਹਨਾਂ ਨਾਲ ਵਰਤਦਾ ਹੀ, ਸੋ ਦਰ ਜਾ ਪੁੱਜੇਗਾ।

ਫਿਰ ਕਿਹੜਾ ਵੱਸਦਾ ਘਰ ਹੈ ਜਿਥੇ ਕਦੀ ਅਭਿਆਗਤ, ਸਾਧੂ, ਮਾਂਗਤ ਨਹੀਂ ਆਉਂਦੇ। ਉਸ ਵੇਲੇ ਉਸ ਦੀਆਂ ਮੁੰਦਰਾਂ, ਖੱਪਰ, ਝੋਲੀ, ਹੱਥ ਡੰਡਾ, ਤਨ ਤੇ ਮਲੀ ਸੁਆਹ, ਮੁਖੋਂ ਆਦੇਸ-ਆਦੇਸ ਕਹਿੰਦੇ ਕੋਲੋਂ ਸੰਤੋਖ, ਕਿਰਤ, ਧਿਆਨ, ਨਿੱਤ ਮੌਤ ਦੀਆਂ ਪੈਂਦੀਆਂ ਆਵਾਜ਼ਾਂ ਤੇ ਪ੍ਰਭੂ ਦੀ ਗੂੰਜਦੀ ਆਵਾਜ ਨੂੰ ਦ੍ਰਿੜ੍ਹ ਕਰ ਲੈਣ ਦਾ ਖ਼ਿਆਲ ਉਪਜੇਗਾ।

ਫਿਰ ਕਿਹੜੀ ਔਰਤ ਹੈ ਜੋ ਕਦੇ ਸੁਨਿਆਰੇ ਪਾਸ ਗਹਿਣਾ ਘੜਾਉਣ ਨਾ ਗਈ ਹੋਵੇ। ਉਥੇ ਉਹ ਦੇਖਦੀ ਹੈ ਕਿ ਸੋਨੇ ਦੀ ਡਲੀ ਨੂੰ ਕਿਵੇਂ ਸੁਨਿਆਰਾ ਗੱਲਾਂ ਕਰਦਾ ਸਹਿਜੇ ਹੀ ਪਹਿਲਾਂ ਭੱਠੀ ਵਿਚ ਰੱਖ, ਧੌਂਕਣੀ ਰਾਹੀਂ ਹਵਾ ਦੇਂਦਾ, ਅਹਿਰਣ ਤੇ ਸੱਟਾਂ ਮਾਰਦਾ, ਸੂਝ ਨਾਲ ਘੜੀ ਤੁਰੀ ਜਾਂਦਾ ਹੈ। ਦੇਖਦੇ-ਦੇਖਦੇ ਜੀਵ ਇਸਤਰੀ ਵੀ ਆਪਣੀ ਘਾੜਤ ਘੜ ਸਕਦੀ ਹੈ। ਫਿਰ ਹਵਾ, ਪਾਣੀ, ਧਰਤੀ, ਖੇਡਾਂ ਖੇਡਦੇ, ਗੁਰੂ ਕੋਲ ਜਾਂਦੇ, ਪਿਤਾ, ਮਾਂ, ਭਰਾਵਾਂ, ਮਿੱਤ੍ਰਾਂ, ਸੰਬੰਧੀਆਂ, ਖਿਡਾਵਿਆਂ ਦਾ ਪਿਆਰ ਲੈਂਦੇ, ਦੁਨੀਆ ਵਿਚ ਵਿਚਰਦੇ ਨਾਮ ਇਕੱਠਿਆਂ ਕਰੀ ਟੁਰੀ ਜਾਣਾ ਹੈ। ਜਿਵੇਂ ਸਰੀਰ ਦੀ ਪਾਲਣਾ ਕਰਨੀ ਹੈ, ਇਵੇਂ ਹੀ ਮਨ ਤੇ ਮੁੱਖ ਉੱਜਲਾ ਕਰਨਾ ਹੈ। ਇਹ ਸਭ ਵੱਲ ਇਥੇ ਸਹਿਜੇ ਹੀ ਸਿਖਾਏ ਗਏ ਹਨ।

ਜਪੁਜੀ ਵਿਚ ਪ੍ਰਭੂ ਨੂੰ ਸੰਬੋਧਨ ਕਰਨ ਵੇਲੇ ਇਕ ਸੰਭਾਲ ਇਹ ਵਰਤੀ ਹੈ ਕਿ ਉਸ ਨੂੰ ਤੂੰ, ਤੁਧ, ਆਪ, ਆਪੈ ਕਿਹਾ ਹੈ। ਜਪੁਜੀ ਵਿਚ ਉਸ ਦਾ ਕੋਈ ਨਾਮ ਨਹੀਂ ਰੱਖਿਆ। ਜੋ 'ਮੈਂ' ਤੋਂ ਉੱਚਾ ਹੋ ਜਾਏ, ਉਹ 'ਤੁਧ' ਵਿਚ ਸਮਾ ਸਕਦਾ ਹੈ। 'ਮੈਂ' ਹਟਾਉਣੀ ਹੀ 'ਤੁਧ' ਨੂੰ ਪਾਉਣਾ ਹੈ।

'ਜਪੁ' ਦੇ ਇਕ ਅਰਥ ਜਾਣਨਾ ਵੀ ਹੈ। ਉਸ ਨੂੰ ਜਾਣਨ ਦਾ ਰਾਹ ਇਸ ਬਾਣੀ ਵਿਚ ਹੈ। 'ਜਪੁ' ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾਉਣ ਵੇਲੇ ਪਹਿਲੀ ਥਾਂ ਦਿੱਤੀ ਹੈ। ਪ੍ਰੇਮ ਸੁਮਾਰਗ ਦੇ ਕਰਤਾ ਨੇ ਵੀ ਗਵਾਹੀ ਭਰੀ ਹੈ ਅਤੇ ਸਾਡੇ ਰਹਿਤਨਾਮੇ ਇਹ ਹੀ ਲਿਖਦੇ ਹਨ।

ਜਪੁਜੀ ਦੀਆਂ ਮਾਤਰਾਂ ਜੇ ਜੋੜੀਆਂ ਜਾਣ ਤਾਂ ਕੁੱਲ ਜੋੜ ਅੱਖਰਾਂ ਜਿੰਨਾ ਹੀ ਆਉਂਦਾ ਹੈ। '੧' ਨੂੰ ਛੱਡ ਕੇ ਕੁੱਲ ਅੱਖਰ ੪੯੭੭ ਹਨ ਤੇ ਮਾਤਰਾਂ ਤੇ ਮੁਕਤੇ ਵੀ ੪੯੭੭ ਹਨ। ਇਸ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਜਪੁਜੀ ਦਾ ਕੋਈ ਅੱਖਰ ਜਾਂ ਮਾਤਰਾ ਵਧਾਇਆ-

Sri Satguru Jagjit Singh Ji eLibrary NamdhariElibrary@gmail.com

ਘਟਾਇਆ ਨਹੀਂ ਜਾ ਸਕਦਾ। ਇਸ ਲਈ ਜਪੁਜੀ ਨੂੰ ਪੜ੍ਹਨ-ਵਾਚਣ ਵੇਲੇ ਬੜੀ ਇਹਤਿਆਤ ਕਰਨ ਦੀ ਲੋੜ ਹੈ।

ਇਸੇ ਲਈ ਕਹਿੰਦੇ ਹਨ ਕਿ ਲਿਵ ਜੋੜ ਕੇ ਮਿੱਠੀ ਮੱਧਮ ਸੁਰ ਵਿਚ ਹਿਰਦੇ ਵਿਚ ਅਰਥਾਂ ਸਹਿਤ ਪਾਠ ਕਰਨਾ ਹੀ 'ਜਪੁ' ਹੈ। ਜ਼ਰਾ ਧਿਆਨ ਲਾਂਭੇ ਗਿਆ ਨਹੀਂ ਕਿ 'ਜਪੁ ਦੀਆਂ ਪਉੜੀਆਂ ਭੁੱਲੀਆਂ ਨਹੀਂ ਅਤੇ ਰਹਿਰਾਸ ਦੇ ਸ਼ਬਦ ਸ਼ੁਰੂ ਹੋਏ ਨਹੀਂ। ਜਪੁਜੀ ਦੀ ਹਰ ਤੁਕ ਅਜਿਹੀ ਹੈ ਜਿਸ ਵਿਚ ਸ਼ਬਦਾਂ ਰਾਹੀਂ ਕਮਾਲ ਪ੍ਰਬੰਧ ਦੁਆਰਾ ਚਮਤਕਾਰ ਪੈਦਾ ਕੀਤਾ ਹੈ।

ਭਾਈ ਸੰਤੋਖ ਸਿੰਘ ਜੀ ਨੇ ਗਰਬ ਗੰਜਨੀ ਟੀਕਾ ਵਿਚ ਜਪੁ ਦੀ ਮਹਿਮਾ ਦਰਸਾਉਂਦੇ ਹੀ ਇਹ ਆਸ ਪ੍ਰਗਟ ਕੀਤੀ ਸੀ ਕਿ ਹਰ ਗੁਰੂ ਕਾ ਸਿੱਖ ਜਪੁਜੀ ਨੂੰ ਕੰਠ ਕਰੇ ਅਤੇ ਜਿਸ ਨੂੰ ਜਪੁਜੀ ਯਾਦ ਨਹੀਂ ਉਸ ਨੇ ਜੀਵਨ ਹੀ ਜ਼ਾਇਆ ਕਰ ਲਿਆ, ਜਿਵੇਂ, ਜੀਰੀ ਵਿਚ ਚਾਵਲ ਨਾ ਹੋਣ ਤਾਂ ਕਿਸ ਕੰਮ, ਉਹ ਤੁੱਖ ਹੈ :

*'ਸਿੱਖ ਗੁਰੂ ਕਾ ਹੋਇਓ ਗਇਓ,*
*ਜਪੁਜੀ ਕੰਠ ਨ ਕੀਨ।*
*ਤੰਦੁਲ ਬਿਨ ਤੁਖ ਕਾਮ ਕਿਹ,*
*ਤੈਸੇ ਸਿੱਖ ਕੋ ਚੀਨ।'*

ਇਹ ਸਵਾਲ ਵੀ ਕਈ ਉਠਾਂਦੇ ਹਨ ਕਿ ਜਪੁ ਕਿਸ ਦਾ ਕਰੀਏ, ਕਿਸ ਵੇਲੇ ਕਰੀਏ, ਕਿਸ ਨਾਲ ਕਰੀਏ ਅਤੇ ਕਿਉਂ ਕਰੀਏ ? ਸਭ ਦਾ ਸੰਕੁਚਵਾਂ ਉੱਤਰ ਇਸੇ ਜਪੁ ਵਿਚ ਹੈ। ਜਪ ਕਰੀਏ :

*ਆਦਿ ਸਚੁ,*
*ਜੁਗਾਦਿ ਸਚੁ,* ਦਾ।
*ਹੈ ਭੀ ਸਚੁ,*
*ਹੋਸੀ ਭੀ ਸਚੁ,* ਦਾ।

ਵੇਲਾ ਹੋਰ ਕੋਈ ਨਹੀਂ, ਸਿਵਾਇ ਅੰਮ੍ਰਿਤ ਵੇਲੇ ਤੋਂ। ਕਰਨਾ ਹੈ, ਰਸਨਾ ਨਾਲ। ਲਗਾਤਾਰ :

*ਇਕ ਦੂ ਜੀਭੌ ਲਖ ਹੋਹਿ,*
*ਲਖੁ ਹੋਵਹਿ ਲਖ ਵੀਸ।*
*ਲਖੁ ਲਖੁ ਗੇੜਾ ਆਖੀਅਹਿ,*
*ਏਕੁ ਨਾਮੁ ਜਗਦੀਸ।*

ਜਪ ਦਾ ਅਸਰ ਹੁੰਦਾ ਹੈ : ਮੁੱਖ ਉੱਜਲਾ ਅਤੇ ਜੋ ਕਰਮਾਂ ਦੀ ਜਕੜ (ਨਾਲਿ) ਹੁੰਦੀ ਹੈ, ਉਹ ਟੁੱਟ ਜਾਂਦੀ ਹੈ। ਜਪ ਪੜ੍ਹਦਿਆਂ-ਪੜ੍ਹਦਿਆਂ ਨਾਮ ਪ੍ਰਗਟ ਹੋ ਜਾਏਗਾ। 'ਅੱਖਰੀ ਨਾਮ' ਹੈ। ਨਾਮ ਲੈਣਾ ਤਸਕਰੀ ਹੈ। ਨਾਮ ਕਮਾਉਣਾ ਹੈ ਸੱਚੀ ਕਿਰਤ ਵਾਂਗ। ।◆।

Sri Satguru Jagjit Singh Ji eLibrary NamdhariElibrary@gmail.com

ਵੀਹ

# ਸੋ ਦਰ

'ਸੰਝੈ ਸੋਦਰੁ ਗਾਵਣਾ' ਦੀ ਆਗਿਆ ਗੁਰੂ ਨਾਨਕ ਦੇਵ ਜੀ ਨੇ ਕੀਤੀ ਸੀ ਅਤੇ ਜ਼ਿਕਰ ਭਾਈ ਗੁਰਦਾਸ ਜੀ ਨੇ ਵਾਰ ਛੇਵੀਂ ਦੀ ਤੀਜੀ ਪਉੜੀ ਵਿਚ ਕੀਤਾ ਹੈ।

## ਰਹਿਰਾਸ

ਸ਼ਾਮ ਉਦਾਸ ਵੀ ਹੁੰਦੀ ਹੈ ਪਰ ਨਾਲ ਬੰਦਾ ਰਤਾ ਕੁ ਨਿਸਚਿੰਤ ਵੀ ਹੁੰਦਾ ਹੈ। ਨਾ ਕਿਸੇ ਦੇ ਮੰਗਾਲੀ ਪਾਉਣ ਦਾ ਡਰ ਤੇ ਨਾ ਕਿਸੇ ਨੂੰ ਕੁਝ ਦੇਣ ਦੀ ਚਿੰਤਾ। ਘਰ ਆ ਕੇ, ਨਿਸਲ ਹੋ ਕੇ, ਟੰਗ ਤੇ ਟੰਗ ਧਰ, ਆਪਣੇ ਨਿੱਜੀ ਕੱਪੜਿਆਂ ਵਿਚ ਆਮ ਮਨੁੱਖ ਵੀ ਤਾਜ਼ਗੀ ਮਹਿਸੂਸ ਕਰਦਾ ਹੈ। ਮਨ ਸੁਣਨ ਦਾ ਚਾਹਵਾਨ ਹੁੰਦਾ ਹੈ ਅਤੇ ਕੁਝ ਗ੍ਰਹਿਣ ਕਰਨ ਲਈ ਉਤਾਵਲਾ ਵੀ ਹੁੰਦਾ ਹੈ।

ਦਿਹਾੜੇ ਕਿਰਤ ਦਾ ਧਕਿਆ ਦੁਆਰੇ-ਦੁਆਰੇ ਵੀ ਜਾਣਾ ਪੈਂਦਾ ਹੈ, ਹੁਣ ਗੁਰੂ ਜੀ ਉਸ ਨੂੰ ਸੋ ਦਰ ਜਾਣ ਲਈ ਪ੍ਰੇਰਦੇ ਹਨ। *ਸੋ ਦਰ* ਦੀ ਬਾਣੀ ਦੇ *ਪੰਜ ਸ਼ਬਦ* ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਬਣਾਉਣ ਸਮੇਂ ਇਕ ਥਾਂ ਕੀਤੇ ਸਨ। ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਨੇ *ਸੋ ਪੁਰਖ* ਦੇ ਚਾਰ ਸ਼ਬਦ ਅੰਕਿਤ ਕੀਤੇ। ਮਿਥੀ ਤਰਤੀਬ ਦੇ ਉਲਟ। ਸੋ ਪੁਰਖ ਵਿਚ ਪਹਿਲਾਂ ਗੁਰੂ ਰਾਮਦਾਸ ਜੀ ਦੇ ਦੋ ਸ਼ਬਦ ਰੱਖ, ਫਿਰ ਗੁਰੂ ਨਾਨਕ ਦੇਵ ਜੀ ਦਾ ਇਕ ਕਿਉਂਕਿ ਪਹਿਲਾਂ ਸੋ ਪੁਰਖ ਦਾ ਦੀਦਾਰ ਜ਼ਰੂਰੀ ਸੀ ਅਤੇ ਪਿੱਛੋਂ ਗੁਰੂ ਅਰਜਨ ਦੇਵ ਜੀ ਦਾ ਇਕ 'ਭਈ ਪਰਾਪਤਿ ਮਾਨੁਖ ਦੇਹੁਰੀਆ' ਲਿਖ 'ਸੋ ਪੁਰਖ' ਦੀ ਬਾਣੀ ਮੁਕੰਮਲ ਕੀਤੀ।

ਇਹ ਵੀ ਯਾਦ ਰਵ੍ਹੇ, ਕਿ ਰਹਿਰਾਸ ਦੀ ਤਰਤੀਬ ਆਪੂੰ ਗੁਰੂ ਗੋਬਿੰਦ ਸਿੰਘ ਜੀ ਨੇ ਬੰਨ੍ਹੀ। ਇਹ ਤਰਤੀਬ ਹੀ ਦੱਸਦੀ ਹੈ ਕਿ ਜੀਵਨ ਭਰ ਦਾ ਮਕਸਦ ਕੀ ਹੈ? ਪਹਿਲਾਂ *ਸੋ ਦਰ* ਜਾਂ ਸਿਮਰਨ ਨਾਲ ਦਰਵਾਜ਼ਾ ਖਟ-ਖਟਾਇਆ ਅਤੇ ਘਰ ਪ੍ਰਵੇਸ਼ ਕੀਤਿਆਂ ਅੰਦਰ ਹੀ, ਸੋ ਪੁਰਖ ਦਾ ਦੀਦਾਰ ਹੋਆ। ਸੋ ਪੁਰਖ ਦੇਖਦੇ ਸਾਰ ਵਿਸਮਾਦ ਤਾਰੀ ਹੋਆ। ਉਸ ਅੱਗੇ 'ਬੇਨਤੀ' ਕੀਤੀ ਜੋ ਚੌਪਈ ਛੰਦ ਵਿਚ ਲਿਖੀ ਹੈ। ਸੋ ਪੁਰਖ ਨੂੰ ਇਹ ਯਕੀਨ ਕਰਵਾਇਆ ਕਿ ਕਿਸੇ ਹੋਰ ਦਰ ਮੈਂ ਗਿਆ ਨਹੀਂ ਤੇ ਤੇਰਾ ਦਰ ਛੱਡਣਾ ਨਹੀਂ ਭਾਵੇਂ ਕੁਝ ਹੋ ਜਾਏ। ਤੁਹਾਡੇ ਪੈਰ ਪਕੜੇ ਹਨ, ਹੁਣ ਬੇਪ੍ਰਵਾਹ ਵਿਚਰ ਰਿਹਾ ਹਾਂ। ਕਿਸੇ ਨੂੰ ਅੱਖ ਥੱਲੇ ਨਹੀਂ ਲਿਆਂਦਾ। ਸੋ ਪੁਰਖ ਦੀ ਪ੍ਰਾਪਤੀ ਹੀ ਅਨੰਦ ਹੈ ਅਤੇ ਇਸ ਅਨੰਦ ਦਾ ਸਦਕਾ ਹੀ ਸਦਾ ਅਨੰਦ (ਮੁੰਦਾਵਣੀ) ਹੈ। ਇਸ ਸਦ-ਖ਼ੁਸ਼ੀ ਪ੍ਰਾਪਤ ਦਾ ਨੁਸਖ਼ਾ ਹੈ ਕਿ *ਸੱਚ ਭਰਿਆ*



Sri Satguru Jagjit Singh Ji eLibrary NamdhariElibrary@gmail.com

ਜੀਵਨ, ਤਸੱਲੀ ਭਰੀ ਜ਼ਿੰਦਗੀ ਅਤੇ ਖ਼ਿਆਲਾਂ ਵਿਚ ਨਹੀਂ ਵਿਚਾਰ ਵਿਚ ਰਹਿਣਾ। ਪਰ ਧਿਆਨ ਰਵ੍ਹੇ ਕਿ ਸਤੁ, ਸੰਤੋਖੁ ਤੇ ਵਿਚਾਰ ਦੀ ਬੁਨਿਆਦ ਹੈ : ਨਾਮ। 'ਅੰਮ੍ਰਿਤ ਨਾਮੁ ਠਾਕੁਰ ਕਾ ਪਇਓ, ਜਿਸ ਕਾ ਸਭਸੁ ਅਧਾਰੋ।' ਸ਼ਰਤ ਇਕ ਹੀ ਹੈ ਕਿ ਨਾਮ 'ਪਚਾਉਣ' 'ਬੁੰਚੇ' ਦੀ ਸ਼ਕਤੀ ਵੀ ਹੋਵੇ। ਪਚ ਜਾਂਦਾ ਹੈ ਨਾਮ ਜੇ ਨਿੰਮ੍ਰਤਾ ਹੈ। ਅਹੰਕਾਰ ਦਾ ਦਾਅ ਨਹੀਂ ਪੈਂਦਾ ਜੇ ਇਹ ਕਹਿੰਦੇ ਰਹੀਏ :

*ਮੈਂ ਨਿਰਗੁਣਿਆਰੇ ਕੋ ਗੁਣੁ ਨਾਹੀ*
*ਆਪੇ ਤਰਸ ਪਇਓਈ।*

ਗੁਰੂ ਪਾਤਸ਼ਾਹਾਂ ਦੀ ਬਾਣੀ ਨੂੰ ਮੱਥ ਕੇ ਹੀ ਗੁਟਕਾ ਬਣਾਇਆ ਗਿਆ ਹੈ। ਗੁਟਕੇ ਦੇ ਅਰਥ ਹੀ ਹੀਰੇ ਜਵਾਹਰਾਤ ਰੱਖਣ ਦੀ ਸੰਦੂਕੜੀ ਹੈ। ਚੋਣਵੇਂ ਖਾਣੇ ਨੂੰ ਵੀ 'ਗੁਟਕਾ' ਕਹਿੰਦੇ ਹਨ। ਖੜਕਦੇ ਹਿਲਦੇ ਬਾਰ ਨੂੰ ਟਿਕਵਾਂ ਬਣਾਉਣ ਹਿਤ 'ਗੁਟਕਾ' ਹੀ ਧਰਿਆ ਜਾਂਦਾ ਹੈ।

ਸੋ ਦਰ ਦਾ ਭਾਵ ਹੈ ਕਿ ਮੈਂ ਹੋਰ ਕਿਸੇ ਦਰ ਨਹੀਂ ਜਾਵਾਂਗਾ, ਜਾ ਕੇ ਦੇਖ ਲਿਆ ਹੈ, ਧੱਕੇ ਧੋੜੇ ਹਨ। 'ਤੁਧ ਨੂੰ ਛੋਡਿ ਜਾਈਐ ਪ੍ਰਭ ਕੈ ਧਰ' ਦੀ ਹੀ ਵਿਆਖਿਆ ਹੈ। ਇਸ ਕਾਰਨ ਵੀ ਸੋ ਦਰ ਜਾਣਾ ਲਾਜ਼ਮੀ ਹੈ ਕਿ ਉਥੋਂ ਸਭ ਕੁਝ ਮਿਲ ਜਾਂਦਾ ਹੈ। 'ਸਭ ਸਤਿ, ਸਭ ਤਪੁ, ਸਭ ਚੰਗਿਆਈਆਂ', ਉਥੋਂ ਹੀ ਮਿਲਦੀਆਂ ਹਨ। ਸਭ ਭੁੱਖਾਂ ਮਿਟਦੀਆਂ ਹਨ ਅਤੇ ਸ਼ਰਧਾ ਪੱਕੀ ਹੁੰਦੀ ਹੈ ਅਤੇ ਐਸਾ ਪਿਆਰ ਮਿਲਦਾ ਹੈ ਜਿਸ ਨਾਲ ਪ੍ਰਭੂ ਦੇ ਦੀਦਾਰ ਹੁੰਦੇ ਹਨ। 'ਦਰ ਦਰਸਨ ਕਾ ਪ੍ਰੀਤਮ ਹੋਵੈ, ਮੁਕਤਿ ਬੈਕੁੰਠੈ ਕਰੈ ਕਿਆ।' ਸਭ ਤੋਂ ਵੱਡੀ ਗੱਲ, ਨਿੱਤ ਨਿੱਤ ਤੇ ਰੋਜ਼-ਰੋਜ਼ ਦੀ ਚਿੰਤਾ ਮੁੱਕ ਜਾਂਦੀ ਹੈ। ਇਹ ਸੋਝੀ ਮਿਲ ਜਾਂਦੀ ਹੈ ਕਿ ਬੇਸ਼ਕ ਚਲਾਓ ਨਾਵ ਰੂਪੀ ਸਰੀਰ ਨੂੰ ਸੰਸਾਰ ਸਮੁੰਦਰ ਵਿਚ ਪਰ ਇਹ ਸੰਭਾਲ ਰੱਖਣੀ ਕਿ ਬੇੜੀ ਵਿਚ ਪਾਣੀ ਨਾ ਪਵੇ।

ਫਿਰ ਜਿਨ੍ਹਾਂ ਕਦੇ ਜਪੁਜੀ ਵਿਚ ਆਈ ਸੋ ਦਰ ਦੀ ਪਉੜੀ ਅਤੇ ਰਹਿਰਾਸ ਦੀ ਸੋ ਦਰ ਦੀ ਪਉੜੀ ਧਿਆਨ ਨਾਲ ਪੜ੍ਹੀ ਹੈ ਉਹ ਜਾਣਦੇ ਹਨ ਕਿ ਇਥੇ ਰਹਿਰਾਸ ਵਿਚ 'ਤੁਧਨੋ' ਦੀ ਧੁਨੀ ਹੈ। ਤਕਰੀਬਨ ੩੭ ਵਾਰੀ ਤੁਧਨੋ ਅਤੇ ਤੇਰੇ ਆਇਆ ਹੈ। ਸਾਰੀ ਦਿਹਾੜੀ ਤਾਂ ਮੈਂ, ਮੇਰੀ, ਆਪਣਾ, ਸਾਡਾ ਹੀ ਕਰਦਾ ਰਿਹਾ। ਹੁਣ ਤੂੰ ਤੂੰ ਕਹਿਣ ਨਾਲ ਮੈਂ ਦੀ ਮੈਲ ਧੋਤੀ ਜਾਵੇਗੀ। ਇਹ ਤੁਧ ਨੋ, ਵਾਰ-ਵਾਰ ਕਹਿਣਾ ਹੀ ਸਾਬੂਣ ਹੈ ਜੋ ਮਤਿ ਤੇ ਲੱਗੀ ਮੈਲ ਨੂੰ ਧੋਵਣ ਲਈ ਲਗਾਉਣਾ ਹੈ। ਹੋਵੇਗਾ ਇਹ ਕਿ :

*ਤੂੰ ਤੂੰ ਕਰਤਾ ਤੂੰ ਹੂਆ*
*ਮੁਝ ਮਹਿ ਰਹਾ ਨ ਹੂੰ।*
*ਜਬ ਆਪਾ ਪਰ ਕਾ ਮਿਟਿ ਗਇਆ*
*ਜਤ ਦੇਖਉ ਤਤ ਤੂੰ।੨੦੫।* (ਸਲੋਕ ਕਬੀਰ ਜੀ)

ਰਹਿਰਾਸ ਦੀ ਸੋ ਦਰੁ ਦੇ ਸ਼ਬਦ ਵਿਚ ਇਕ ਹੋਰ ਅੰਤਰ ਵੀ ਹੈ। ਜਪੁਜੀ ਦੀ ਸੋਦਰ ਦੀ ਪਉੜੀ ਨਾਲ 'ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ' ਦੀ ਥਾਂ ਸੋਦਰ ਵਿਚ : 'ਸੋ

Sri Satguru Jagjit Singh Ji eLibrary NamdhariElibrary@gmail.com

ਪਾਤਿਸਾਹੁ, ਸਾਹਾ ਪਤਿ ਸਾਹਿਬ' ਹੈ। ਪਾਤਿਸਾਹਿਬੁ ਦੀ ਥਾਂ ਇਸੇ 'ਪਤਿਸਾਹਿਬ' ਪਾਉਣ ਦਾ ਕਾਰਨ ਇਹ ਹੀ ਲੱਗਦਾ ਹੈ ਕਿ ਪਾਤਿਸਾਹਿਬ ਨੇ ਹੀ ਪਤਿ ਰੱਖਣੀ ਹੈ ਕਿਸੇ ਹੋਰ ਨੇ 'ਪਤਿ' ਨਹੀਂ ਬਚਾਉਣੀ। ਦਿਹਾੜੀ ਕਿਤਨੀ ਵਾਰੀ ਪਤਿ ਚੱਲੀ ਸੀ ਉਸਨੇ ਨੇ ਹੱਥ ਦੇ ਰੱਖੀ। 'ਜਿਸ ਪਤਿ ਰਖੈ ਸਚਾ ਸਾਹਿਬ ਮੇਟਿ ਨ ਸਕੈ ਕੋਈ।'

ਫਿਰ ਸੋ ਦਰ ਦੀ ਪਉੜੀ ਗਾਂਦੇ ਆਤਮਕ ਜਿਊੜਾ ਦੇਖੇਗਾ ਕਿ ਉਹ ਕੋਈ ਇਕੱਲਾ ਉਸਨੂੰ ਯਾਦ ਨਹੀਂ ਕਰ ਰਿਹਾ। ਸਿੱਧ, ਸੁਰਨਾਥ, ਪੀਰ ਪੈਗੰਬਰ ਰਾਜੇ, ਦੇਵਤੇ, ਖੰਡ, ਬ੍ਰਹਿਮੰਡ, ਖਾਣੀਆਂ ਉਸ ਦੀ ਸਿਫ਼ਤ ਵਿਚ ਲੱਗੇ ਹੋਏ ਹਨ। ਹੋਰ ਸਿਫ਼ਤਿ ਸਾਲਾਹ ਕਰਨ ਦਾ ਚਾਅ ਪੈਦਾ ਹੋਵੇਗਾ।

ਦਰ ਦਰ ਭਟਕਣ ਦੀ ਰੁਚੀ ਮੁੱਕੇਗੀ। ਨਿਰੋਲ ਵਾਹਿਗੁਰੂ ਜੀ ਦਾ ਖ਼ਾਲਸਾ ਹੋਣ ਲਈ ਜਤਨ ਕਰੇਗਾ।

*'ਦੁਆਰੈ ਦੁਆਰੈ ਸੁਆਨਿ ਜਿਉ ਡੋਲਤ',*

*ਵਾਲਾ ਵਤੀਰਾ ਹਟੇਗਾ।*

*'ਸੁਧ ਰਾਮ ਭਜਨ ਕੀ' ਅਰੰਭ ਹੋਵੇਗੀ।*

ਰਹਿਰਾਸ ਨੂੰ 'ਰਾਹਿ-ਰਾਸਤ', ਤੋਂ ਨਿਕਲਿਆ ਸ਼ਬਦ ਵੀ ਕਈ ਵਿਦਵਾਨ ਕਹਿੰਦੇ ਹਨ। 'ਸਹੀ ਰਾਹ ਹੈ ਕਿਹੜਾ', ਇਸੇ ਰਹਿਰਾਸ ਤੋਂ ਹੀ ਪਤਾ ਲਗਦਾ ਹੈ ਜਿਵੇਂ ਸਵੇਰ ਦਾ ਭੁੱਲਾ ਸ਼ਾਮ ਨੂੰ ਘਰ ਆ ਜਾਏ ਤਾਂ ਭੁੱਲਿਆ ਨਹੀਂ ਕਹਿੰਦੇ। ਇਸੇ ਤਰ੍ਹਾਂ ਜਿਨ੍ਹਾਂ ਰਹਿਰਾਸ ਕਮਾ ਲਈ ਉਹ ਰਾਹਿ-ਰਾਸਤ ਤੇ ਹਨ। ਭੁੱਲੇ ਜ਼ਰੂਰ ਸਨ ਪਰ ਸਿਫ਼ਤ ਸਾਲਾਹ ਵਾਲਾ ਸਹੀ ਰਾਹ ਉਨ੍ਹਾਂ ਨੂੰ ਮਿਲ ਗਿਆ। ਸਹੀ ਰਾਹ ਹੈ :

*ਉਸ ਦਾ ਦਰ ਕਦੇ ਨ ਛੋਡਣਾ 'ਭਾਵੈ ਲੋਕ ਹਸੈ।'*

*ਸੋ ਪੁਰਖ ਤੋਂ ਇਲਾਵਾ ਕਿਸੇ ਅੱਗੇ ਬੇਨਤੀ ਨਹੀਂ ਕਰਨੀ।*

ਭਾਵੇਂ ਕਿਤਨੇ ਹੀ ਦੁਖੜੇ ਸਹਾਰਨੇ ਪੈਣ ਜਾਂ ਕਿਤਨੇ ਹੀ ਕੋਈ ਲਾਲਚ ਦੇਵੇ। ਅਨੰਦ ਕਾਇਮ ਰਹਿੰਦਾ ਹੈ, ਗੁਰੂ ਦੀ ਸਿੱਖਿਆ ਸੁਣਿਆਂ, ਸਹਿਜ ਵਿਚ ਰਹਿਣ ਨਾਲ ਹਰ ਬੋਲ ਕਰਮ ਵਿਚ ਸੁਹਜ ਤੇ ਸੁਆਦ, 'ਚਜ-ਆਚਾਰ' ਅਤੇ ਵਾਹਿਗੁਰੂ ਤੇ ਆਪਣੇ ਦਰਮਿਆਨ ਸਿਵਾਇ ਸ਼ਬਦ ਦੇ ਕਿਸੇ ਨੂੰ ਨਾ ਆਉਣ ਦੇਵੇ ਭਾਵੇਂ ਉਹ ਕਿਤਨਾ ਵੀ ਵੱਡਾ ਵਿਅਕਤੀ ਹੈ। ਤੱਕਦੇ ਰਹਿਣਾ ਕਿ ਮਨ ਮੁਰਝਾਇਆ ਤੇ ਨਹੀਂ। ਮਾਯੂਸੀ ਨੇ ਘੇਰਿਆ ਤਾਂ ਨਹੀਂ। ਤਨ ਆਲਸੀ ਤਾਂ ਨਹੀਂ ਹੋਣ ਲੱਗਾ।

ਰਹਿਤਨਾਮਿਆਂ ਵਿਚ ਇਹ ਵੀ ਆਇਆ ਹੈ ਕਿ ਜਿਨ੍ਹਾਂ ਪਰਿਵਾਰਾਂ ਨੇ ਰਹਿਰਾਸ ਇਕੱਠੀ ਕੀਤੀ, ਉਨ੍ਹਾਂ ਦੀ ਰਾਸਿ ਕਦੇ ਮੁੱਕੇਗੀ ਨਹੀਂ। (Family who prays together, stays together)। ਰਹਿਰਾਸ ਰਾਹੀਂ ਇਹ ਚੇਤਾਵਨੀ ਵੀ ਦਿੱਤੀ ਜਾ ਰਹੀ ਹੈ ਕਿ ਨਿਰੀ ਰਾਸਿ ਹੀ ਨਾ ਇਕੱਠੀ ਕਰਦਾ ਰਵ੍ਹੀਂ, ਰਹਿਰਾਸ ਵੀ ਇਕੱਠੀ ਕਰ ਜੋ ਆਤਮਕ ਰਾਹ ਦਾ ਤੋਸ਼ਾ ਹੈ।

।◆।

Sri Satguru Jagjit Singh Ji eLibrary NamdhariElibrary@gmail.com

ਇੱਕੀ

# ਸੋ ਪੁਰਖ

**ਸੋ ਪੁਰਖ ਦਾ ਦੀਦਾਰ ਕਿਵੇਂ ਹੋਵੇ**

ਪਹਿਲਾਂ ਸੋ ਪੁਰਖ ਦੀ ਬਾਣੀ ਵਿਚ ਵਾਹਿਗੁਰੂ ਦੇ ਗੁਣ ਦਰਸਾਏ ਹਨ। ਉਸ ਦੀ ਉਪਮਾ ਦੱਸੀ ਹੈ। ਫਿਰ ਉਸ ਅੱਗੇ ਬੇਨਤੀ ਕੀ ਕਰਨੀ ਹੈ ਅਤੇ ਕਿਵੇਂ ਕਰਨੀ ਹੈ, ਉਸ ਦੀ ਜਾਚ ਸਿਖਲਾਈ ਹੈ। ਵਾਹਿਗੁਰੂ ਦੇ ਗੁਣਾਂ ਵਿਚੋਂ ਕੁਝ ਹੀ ਦੱਸੇ ਹਨ ਜਿਵੇਂ ਉਹ ਨਿਰੰਜਨ ਹੈ, ਮਾਇਆ-ਰਹਿਤ ਹੈ। ਉਸ ਤੇ ਮਾਇਆ ਪ੍ਰਭਾਵ ਨਹੀਂ ਪਾ ਸਕਦੀ। ਪਹੁੰਚ ਤੋਂ ਪਰ੍ਹੇ ਹੈ ਪਰ ਸਿਰਜਨਹਾਰ ਹੈ। ਦਾਤਾਰ ਹੈ। ਦੁਖ ਵਿਸਾਰਣਹਾਰ ਹੈ। ਹਰ ਇਕ ਅੰਦਰ ਜੋ ਬੀਤ ਰਹੀ ਹੈ ਉਸ ਨੂੰ ਜਾਣਦਾ ਹੈ। ਉਸ ਦੀ ਖੇਡ ਚਾਰੇ ਪਾਸੇ ਵਰਤ ਰਹੀ ਹੈ। ਇਹ ਜੋ ਕੋਈ ਦਾਤਾ ਤੇ ਕੋਈ ਭਿਖਾਰੀ ਦਿਸਦੇ ਹਨ ਅਸਲ ਵਿਚ ਉਸ ਦੀ ਖੇਡ ਹੀ ਹੈ। ਉਹ ਨਿਰਭਉ ਹੈ। ਆਦਿ ਪੁਰਖ ਹੈ, ਸਦਾ ਸਦਾ ਹੈ। ਨਿਹਚਲ ਹੈ। ਉਸ ਵਿਚ ਹੀ ਸ਼ਕਤੀ ਹੈ ਢਾਹੁਣ ਤੇ ਉਸਾਰਨ ਦੀ। ਐਸੇ ਪੁਰਸ਼ ਅੱਗੇ ਅਰਦਾਸ ਕਰਨ ਵੇਲੇ ਪਹਿਲਾਂ ਨਿਮਰਤਾ ਧਾਰਨ ਦੀ ਲੋੜ ਹੈ। ਭਿਖਾਰੀ ਦੇਖ ਘਿਰਣਾ ਨਹੀਂ ਕਰਨੀ ਅਤੇ ਦਾਤਾ ਹੋਣ ਵਜੋਂ ਆਫਰਨਾ ਨਹੀਂ। ਜਾਚ ਕੁਰਬਾਨ ਹੋਣ ਦੀ ਚਾਹੀਦੀ ਹੈ। ਉਸ ਨੂੰ ਧਿਆਉਣ ਨਾਲ ਹੀ ਕੇਵਲ ਛੁੱਟ ਸਕਾਂਗੇ। ਧਿਆਉਂਦਿਆਂ ਡਰ ਦੂਰ ਹੋਣਗੇ। ਧਿਆਉਂਦਿਆਂ ਵੀ ਕਦੇ ਅਹੰਕਾਰ ਨਹੀਂ ਕਰਨਾ ਕਿਉਂਕਿ ਕਿਤਨੇ ਹੋਰ ਅਨੇਕਾਂ ਉਸ ਨੂੰ ਧਿਆ ਰਹੇ ਹਨ। ਕਈ ਸਿਮ੍ਰਤੀਆਂ ਦਾ ਪਾਠ ਕਰ ਰਹੇ ਹਨ। ਕਈ ਪੂਜਾ ਕਰ ਰਹੇ ਹਨ ਪਰ ਅਸਲ ਗੱਲ ਉਸ ਨੂੰ ਭਾ ਜਾਣਾ ਹੈ। ਮੁੱਖ ਵਿਚੋਂ ਤੂੰ ਨਿਕਲੇ ''ਮੈ ਮੈ'' ਮੇਰੀ, ਮੇਰੀ, ਮੁੱਕੇ। ਜੀ ਜੀ ਕੀਤਾ ਜਾਏ। ਮਿਠਾਸ ਹੋਵੇ। ਇਕੋ ਇਸ ਸ਼ਬਦ ਦੇ ਹਿੱਸੇ ਵਿਚ ਨੌਂ ਵਾਰੀ ਤੂੰ ਤੇ ੧੭ ਵਾਰੀ ਜੀ ਜੀ ਆਉਣਾ ਭਾ ਜਾਣ ਦਾ ਨੁਸਖਾ ਲਿਖਣ ਲਈ ਹੈ।

ਇਹ ਯਕੀਨ ਵੀ ਰਹਿਣਾ ਚਾਹੀਦਾ ਹੈ ਕਿ ਉਹ ਮੈਂਡਾ ਸਾਈਂ ਹੈ। ਮੇਰਾ ਮਾਲਕ ਹੈ। ਉਸ ਦੀ ਕ੍ਰਿਪਾ ਦੇ ਪਾਤਰ ਮਨਮੁੱਖ ਕਦੇ ਨਹੀਂ ਹੋਏ। ਗੁਰਮੁਖ ਹੀ ਹੁੰਦੇ ਹਨ। ਗੁਰਮੁਖ ਨੂੰ ਸੋਝੀ ਹੋ ਜਾਂਦੀ ਹੈ ਕਿ ਸਾਰਾ ਪਸਾਰਾ ਵਿਜੋਗ ਤੇ ਸੰਜੋਗ ਦਾ ਹੈ।

ਉਸ ਨੇ ਇਹ ਸੰਸਾਰ ਜੋ ਉਪਾਇਆ ਹੈ ਇਸ ਵਿਚ ਪਾਣੀ ਅਤੇ ਅਗਨੀ ਹੈ। ਕੋਈ ਵਿਰਲਾ ਇਸ ਮਨ ਦੀਆਂ ਉਠਦੀਆਂ ਤਰੰਗਾਂ ਨੂੰ ਉਖੇੜ ਅਤੇ ਤ੍ਰਿਸ਼ਨਾ ਦੀ ਅੱਗ ਤੋਂ ਬਚ ਸਕਦਾ ਹੈ। ਬਚ ਉਹ ਹੀ ਸਕਦਾ ਹੈ ਜਿਸ ਨੇ ਪਕੜ, ਮੋਹ ਗਵਾਇਆ ਹੈ। ਖ਼ਾਮ ਖ਼ਿਆਲੀ ਹੈ ਕਿ ਕੋਈ ਜਤ, ਸਤ, ਰੀਤ, ਰਸਮ, ਪੂਜਾ ਤੇ ਫੋਕੇ ਕਰਮਾਂ ਨਾਲ ਪਕੜ ਗਵਾ ਸਕਦਾ



Sri Satguru Jagjit Singh Ji eLibrary NamdhariElibrary@gmail.com

ਹੈ। ਬਸ ਇਕ ਹੀ ਰਾਹ ਹੈ, ਪਕੜ ਗਵਾਉਣ ਦਾ ਕਿ ਸਤਿਸੰਗਤ ਵਿਚ ਜਾਏ। ਸਾਧ ਸੰਗਤ ਹੀ ਸਭ ਮੈਲ ਹਰੇਗੀ। ਪ੍ਰਭੂ ਪ੍ਰਾਪਤੀ ਦਾ ਸਮਾਂ ਇਹ 'ਜਬ ਲਗ ਘਟ ਮਹਿ ਸਾਸੁ ਹੀ ਹੈ ਇਹ ਸੁਆਸ ਕਦੇ ਜਪ, ਤਪ ਸੰਜਮ ਕਰਕੇ ਜ਼ਾਇਆ ਨਹੀਂ ਕਰ ਲੈਣੇ। ਪ੍ਰਭੂ-ਪ੍ਰਾਪਤੀ ਦੀ ਦਲ੍ਹੀਜ਼ ਦੇਹੁਰੀਆ ਇਹ ਸਰੀਰ ਹੈ। ਇਸ ਦਲ੍ਹੀਜ਼ ਥਾਣੀਂ ਅੰਦਰ ਗਿਆਂ ਭਾਵ ਮਿਲੇ ਸਵਾਸਾਂ ਨੂੰ ਸਿਮਰਨ ਵਿਚ ਲਗਾਇਆਂ ਤੇ ਸਤਿਸੰਗਤ ਸਰਨ ਗਿਆਂ, ਸੋ ਪੁਰਖ ਦੇ ਦੀਦਾਰ ਵੀ ਹੁੰਦੇ ਹਨ ਅਤੇ ਕ੍ਰਿਪਾ ਵੀ ਮਿਲਦੀ ਹੈ। ।◆।

Sri Satguru Jagjit Singh Ji eLibrary NamdhariElibrary@gmail.com

## ਬਾਣੀ

## ਸੋਹਿਲਾ

ਨਿਤਨੇਮ ਦੀਆਂ ਬਾਣੀਆਂ ਵਿਚ ਇਕ ਬਾਣੀ ਸੋਹਿਲਾ ਹੈ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚੋਂ ਪੰਜ ਸ਼ਬਦ ਚੁਣ ਕੇ 'ਸੋਹਿਲਾ' ਹੇਠ ਦਰਜ ਕੀਤੇ ਹਨ। ਇਸ ਬਾਣੀ ਵਿਚ ਤਿੰਨ ਸ਼ਬਦ ਗੁਰੂ ਨਾਨਕ ਦੇਵ ਜੀ ਦੇ, ਇਕ ਗੁਰੂ ਰਾਮਦਾਸ ਜੀ ਦਾ ਤੇ ਇਕ ਪੰਜਮ ਪਿਤਾ ਦਾ ਆਪਣਾ ਹੈ। ਸੋਹਿਲਾ ਰਾਤ ਨੂੰ ਸੌਣ ਵੇਲੇ ਵੀ ਪੜ੍ਹਿਆ ਜਾਂਦਾ ਹੈ ਅਤੇ ਜਦ ਪ੍ਰਾਣੀ ਦਾ ਦਾਹ ਸੰਸਕਾਰ ਕਰਦੇ ਹਨ ਉਸ ਵੇਲੇ ਵੀ ਸੋਹਿਲਾ ਪੜ੍ਹਦੇ ਹਨ। ਇਸ ਤੋਂ ਇਕ ਤਾਂ ਨੀਂਦ ਤੇ ਮੌਤ ਦੀ ਸਾਂਝ ਦਾ ਪਤਾ ਲੱਗਦਾ ਹੈ। *ਨੀਂਦ ਇਕ ਛੋਟੀ ਮੌਤ ਹੈ ਅਤੇ ਮੌਤ ਇਕ ਲੰਮੀ ਨੀਂਦ।* ਨੀਂਦ ਚੰਗੀ ਉਸ ਨੂੰ ਆਵੇਗੀ ਜਿਸ ਨੇ ਸਾਰੀ ਦਿਹਾੜੀ ਸ਼ੁਕਰ ਸ਼ੁਕਰ ਕਰਦਿਆਂ ਕੱਟੀ ਹੈ, ਵਢੂੰ-ਵਢੂੰ ਨਹੀਂ ਕਰਦਾ ਰਿਹਾ, ਸੁੱਚੀ ਕਿਰਤ ਕੀਤੀ ਹੈ, ਦੂਜੇ ਦਾ ਹੱਕ ਨਹੀਂ ਮਾਰਿਆ ਅਤੇ ਕਿਸੇ ਨੇ ਉਸ ਦਾ ਵੀ ਹੱਕ ਖੋਹਿਆ ਨਹੀਂ। ਬਹੁਤ ਖੁਸ਼ੀ ਵੀ ਨਹੀਂ ਆਈ ਤੇ ਜ਼ਿਆਦਾ ਗ਼ਮੀ ਨੇ ਵੀ ਨਹੀਂ ਗ੍ਰਸਿਆ, ਨਾ ਸਰੀਰ ਥੱਕ ਚੂਰ ਹੋਆ ਹੈ ਅਤੇ ਨਾ ਹੀ ਖੇਚਲ-ਰਹਿਤ ਰਿਹਾ ਹੈ, ਨਾ ਬਹੁਤਾ ਖ਼ੁਸ਼ ਰਹਿਣ ਵਾਲੇ ਤੇ ਨਾ ਹੀ ਅਤਿ ਗ਼ਮਗੀਨ ਨੂੰ ਕਦੀ ਨੀਂਦ ਸੁਹੇਲੀ ਆਈ ਹੈ। ਇਸੇ ਤਰ੍ਹਾਂ ਦੇਖਣ ਵਿਚ ਇਹ ਵੀ ਆਇਆ ਹੈ ਕਿ ਬਹੁਤੀ ਥਕਾਨ ਵਾਲੇ ਨੂੰ ਕਦੇ ਨੀਂਦ ਨਹੀਂ ਆਈ। ਨੀਂਦ ਸਹਿਜ ਵਿਚ ਦਿਹਾੜੀ ਬਿਤਾਉਣ ਵਾਲੇ ਨੂੰ ਹੀ ਠੀਕ ਆਉਂਦੀ ਹੈ। ਸੋਚਾਂ ਸੋਚਦੇ, ਸਾਜ਼ਿਸ਼ ਰਚਦੇ, ਗੋਂਦਾਂ ਗੁੰਦਦੇ, ਨਿੰਦਾ ਤੇ ਵਧੀਕੀ ਕਰਨ ਵਾਲੇ ਨੂੰ ਕਿਸੇ ਓਪਰੀ ਚੀਜ਼, ਨਸ਼ੇ ਮਦ ਜਾਂ ਗੋਲੀ ਦਾ ਹੀ ਸਹਾਰਾ ਲੈਣਾ ਪੈਂਦਾ ਹੈ, ਨੀਂਦ ਲਿਆਉਣ ਲਈ। ਫਿਰ ਜੇ ਦਿਹਾੜੀ ਹਉਮੈ ਨੂੰ ਕਿਧਰੇ ਠੇਸ ਲੱਗ ਗਈ ਹੈ ਤਾਂ ਵੀ ਉਸ ਨੂੰ ਨੀਂਦ ਨਹੀਂ; ਓਪਰੇ ਘਰ ਵੀ ਛੇਤੀ ਕਰ ਨੀਂਦ ਨਹੀਂ ਆਉਂਦੀ। ਇਸੇ ਤਰ੍ਹਾਂ ਮੌਤ ਵੀ ਉਸ ਨੂੰ ਸੁਹਣੀ ਅਤੇ ਖ਼ੂਬਸੂਰਤ ਆਵੇਗੀ ਜਿਸ ਨੇ ਸਾਰੀ ਜ਼ਿੰਦਗੀ ਸਹਿਜ ਵਿਚ ਗੁਜ਼ਾਰੀ ਹੈ। ਮੱਲਾਂ ਨਹੀਂ ਮਾਰੀਆਂ। ਹਿਰਦੇ ਨਹੀਂ ਦੁਖਾਏ। ਹੱਕ ਨਹੀਂ ਮਾਰੇ। ਹਉਮੈ ਨੂੰ ਸਦਾ ਪੱਠੇ ਨਹੀਂ ਪਾਏ। ਇਹ ਸੋਹਿਲਾ ਜਿੱਥੇ ਰੋਜ਼ ਨੀਂਦ ਸੁਹੇਲੀ ਲੈਣ ਦਾ ਨੁਸਖ਼ਾ ਹੈ ਉਥੇ ਸੋਹਿਲਾ ਮਰਨ ਦਾ ਲਗਾਤਾਰ ਉਦਮ ਕਰਨ ਦੀ ਪ੍ਰੇਰਨਾ ਹੈ। ਜੀਵਨ ਨੂੰ ਸਹੀ ਸੜਕ ਤੇ ਰੱਖਣ ਦਾ ਜੇ ਜਪ, ਤਪ ਸਵੱਈਏ ਅਤੇ ਸੋਦਰ ਦੀ ਬਾਣੀ ਹੈ ਤਾਂ ਨਾਲ ਹੀ ਸੋਹਿਲਾ ਪੜ੍ਹਨ ਦਾ ਹੁਕਮ ਕੀਤਾ ਤਾਂ ਕਿ ਮੌਤ ਦਾ ਭੈ ਨਾ ਰਵ੍ਹੇ। ਹੱਸ ਕੇ ਮੌਤ ਦੀ ਜੱਫੀ ਵਿਚ ਜਾਇਆ ਜਾਏ।

ਨੀਂਦ ਇਕ ਛੋਟੀ ਮੌਤ,
ਮੌਤ ਇਕ ਲੰਮੀ ਨੀਂਦ



Sri Satguru Jagjit Singh Ji eLibrary NamdhariElibrary@gmail.com

ਸੋਹਿਲਾ ਨੂੰ ਟਿਕ ਕੇ ਪੜ੍ਹਨ ਦਾ ਹੁਕਮ ਹੈ। ਸਾਖੀ ਵੀ ਆਉਂਦੀ ਹੈ ਕਿ ਇਕ ਵਾਰੀ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਨੂੰ ਬਿਸ੍ਰਾਮ ਕਰਦੇ ਪੈਰਾਂ ਵਿਚੋਂ ਲਹੂ ਸਿੰਮਦਾ ਤੇ ਜਾਮਾ ਲੀਰੋ ਲੀਰ ਹੁੰਦਾ ਡਿੱਠਾ ਤੇ ਸਰੀਰ 'ਤੇ ਝਰੀਟਾਂ ਦੇ ਨਿਸ਼ਾਨ ਪਏ ਨਜ਼ਰੀਂ ਆਏ। ਜਦ ਗੁਰੂ ਨਾਨਕ ਦੇਵ ਜੀ ਦੀ ਜਾਗ ਖੁਲ੍ਹੀ ਤਾਂ ਗੁਰੂ ਅੰਗਦ ਦੇਵ ਜੀ ਨੇ ਪੁੱਛਿਆ : ਗੁਰ ਪਿਤਾ ! ਇਹ ਦੱਸਣ ਦੀ ਕ੍ਰਿਪਾ ਕਰੋ ਕਿ ਇਹ ਸਰੀਰ ਇਤਨੀ ਖੇਚਲ ਕਿਉਂ ਸਹਾਰ ਰਿਹਾ ਸੀ ਤਾਂ ਮਹਾਰਾਜ ਨੇ ਕਿਹਾ : ਕੋਈ ਅਜਾਲੀ ਭੇਡਾਂ ਚਾਰਦਾ, ਕੰਡੇਦਾਰ ਝਾੜੀਆਂ ਵਿਚੋਂ ਟੱਪ ਲੰਘਦਾ ਸੋਹਿਲਾ ਦਾ ਪਾਠ ਕਰ ਰਿਹਾ ਸੀ। ਉਂਜ ਤਾਂ ਸਾਰੀ ਬਾਣੀ ਹੀ ਟਿਕ ਕੇ ਪੜ੍ਹਨੀ ਹੈ ਪਰ ਸੋਹਿਲਾ ਪੜ੍ਹਨ ਵੇਲੇ ਖਾਸ ਇਹਤਿਆਤ ਕਰਨੀ ਹੈ ਕਿ ਟਿਕ ਕੇ ਪੜ੍ਹਿਆ ਜਾਏ। ਇੰਦਰੀਆਂ ਪੜ੍ਹਦੇ-ਪੜ੍ਹਦੇ ਹੀ ਸ਼ਾਂਤ ਹੋ ਜਾਂਦੀਆਂ ਹਨ। ਗੁਰੂ ਅੰਗਦ ਦੇਵ ਜੀ ਨੇ ਉਸ ਅਜਾਲੀ ਨੂੰ ਬੁਲਾ ਆਗਿਆ ਕੀਤੀ ਕਿ ਸੋਹਿਲਾ ਰਾਤ ਨੂੰ ਸੌਣ ਲੱਗਿਆਂ ਹੀ ਪੜ੍ਹਿਆ ਕਰ। ਤੇਰੇ ਚਲਦਿਆਂ ਫਿਰਦਿਆਂ ਪੜ੍ਹਨ ਨਾਲ ਗੁਰੂ ਜੀ ਨੂੰ ਬੜੀ ਖੇਚਲ ਹੋਈ। ਗੁਰੂ ਅੰਗਦ ਦੇਵ ਜੀ ਨੇ ਪਿੱਛੋਂ ਹਦਾਇਤ ਵੀ ਜਾਰੀ ਕੀਤੀ ਕਿ ਜੋ ਸਿੱਖ ਚਿਤ ਜੋੜ ਸੋਹਿਲਾ ਦਾ ਪਾਠ ਕਰੇਗਾ, ਉਸ ਦੀ ਰਾਤ ਸੁਖਾਂ ਵਿਚ ਗੁਜ਼ਰੇਗੀ। ਸੂਰਜ ਪ੍ਰਕਾਸ਼ ਦੇ ਸ਼ਬਦਾਂ ਵਿਚ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਦੀ ਪੁੱਛ ਦੇ ਉੱਤਰ ਵਿਚ ਕਿਹਾ :

*"ਏਕ ਅਜਾਲੀ ਅਜਾ ਚਰਾਈ।"*

ਦੋਹਿਰਾ : *ਮਨ ਇਕਾਂਤ ਹੈ ਪ੍ਰੀਤ ਜੁਤ*
*ਪਢਹਿ ਸੋਹਿਲਾ ਸੋਇ।*
*ਕੰਟਕ ਝਾਰ ਅਪਾਰ ਜਹਿ,*
*ਫਿਰਤ ਪ੍ਰੇਮ ਮਹਿ ਹੋਇ।*

ਚੌਪਈ : *ਹੈ ਸਮੀਪ ਬਿਚਰੋ ਤਿਹ ਸੰਗਾ।*
*ਲਗਨੈ ਦੇਊ ਨ ਕੰਟਕ ਅੰਗਾ।*
*ਤਹਾਂ ਝਰੀਟ ਲਗੀ ਇਹ ਜਾਨਹੁ।*
*ਲਹਣੇ, ਸਾਚ ਬਚਨ ਮਮ ਮਾਨਹੁ।*
*ਪਢਹਿ ਸੋਹਿਲਾ ਜੋ ਕਿਤ ਕੋਊ।*
*ਤਿਹ ਸਮੀਪ ਨਿਸਚੈ ਮੈ ਹੋਊ।*

ਸੋਹਿਲਾ ਦਾ ਪਹਿਲਾ ਸ਼ਬਦ *ਗਉੜੀ ਦੀਪਕੀ ਮਹਲਾ ਪਹਿਲਾ ਦਾ ਹੈ।* ਗਉੜੀ ਨਾਲ ਦੀਪਕੀ ਰਲਾ ਲਿਖਿਆ ਹੈ। ਗਉੜੀ ਗੰਭੀਰ ਹੈ ਪਰ ਨਾਲ ਤਿੱਖੀ ਦੀਪਕੀ ਰਲਾਈ ਹੈ। ਦੇਖਣ ਨੂੰ ਬੰਦਾ ਸੁੱਤਾ ਹੈ, ਆਰਾਮ ਕਰ ਰਹਿਆ ਹੈ ਪਰ ਮਨ ਦੀ ਦੌੜ-ਭੱਜ ਉਸੇ ਤਰ੍ਹਾਂ ਕਾਇਮ ਹੈ। ਬੁੱਧੀ ਦਾ ਖਿਲਾਰਾ ਜਾਗਣ ਨਾਲੋਂ ਵੀ ਵੱਧ ਹੈ। ਸੋਹਿਲਾ ਕਿਉਂਕਿ ਰਾਤ ਨੂੰ ਸੌਣ ਵੇਲੇ ਪੜ੍ਹਿਆ ਜਾਂਦਾ ਹੈ। ਅੱਖਾਂ ਤਸਵੀਰਾਂ ਦੇਖਣਾ ਚਾਹੁੰਦੀਆਂ ਹਨ। ਕਹਾਣੀ ਸੁਣਨ ਲਈ ਮਨ ਲੋਚਦਾ ਹੈ ਅਤੇ ਬੁੱਧੀ ਖ਼ਿਆਲ ਨਹੀਂ, ਪ੍ਰਤੱਖ ਪ੍ਰਮਾਣ ਚਾਹੁੰਦੀ ਹੈ। ਸੋਹਿਲਾ ਵੀ ਇਸ ਤਰ੍ਹਾਂ ਹੀ ਕੀਤਾ ਜਾ ਰਿਹਾ ਹੈ। ਕਿਧਰੇ ਘਰ ਦਾ ਨਕਸ਼ਾ, ਕਿਧਰੇ ਸੁਆਣੀਆਂ

Sri Satguru Jagjit Singh Ji eLibrary NamdhariElibrary@gmail.com

ਸ਼ਗਨਾਂ ਦੇ ਠੂਠੇ ਪਹੁੰਚਾਂਦੀਆਂ, ਕਿਧਰੇ ਚਿੱਠੀ ਰਸਾਇਣ ਚਿੱਠੀਆਂ ਵਰਤਾਂਦਾ, ਕਿਧਰੇ ਸੂਰਜ ਦਾ ਅਲੋਪ ਹੋਣਾ ਤੇ ਚੰਦ ਦਾ ਚੜ੍ਹਨਾ, ਤਾਰਿਆਂ ਦੀ ਝਿਲਮਿਲ, ਲੋਕੀਂ ਘਰਾਂ ਨੂੰ ਮੁੜਦੇ, ਰਾਤ ਦੀ ਭਿੰਨੀ ਭਿੰਨੀ ਖੁਸ਼ਬੂ ਜੋ ਸਵੇਰ ਦੇ ਆਲੂਦ ਵਾਤਾਵਰਨ ਵਿਚ ਗੁੰਮ ਸੀ, ਮਾਨਣ ਨੂੰ ਮਿਲਦੀ ਹੈ। ਪੈਰਾਂ ਵਿਚ ਚੁੱਭ ਗਏ ਕੰਡੇ ਦੀ ਲਗਾਦਾਰ ਦਰਦ ਪਰ ਮੰਜੇ ਤੇ ਆਰਾਮ ਨਾਲ ਬੈਠਿਆਂ ਸੂਈ ਨਾਲ ਕੱਢਦੇ ਸਾਰ ਆਰਾਮ ਪਰ ਨਾਲ ਚੇਤਾ ਕਿ ਜ਼ਿੰਦਗੀ ਦਾ ਇਕ ਕੀਮਤੀ ਦਿਨ ਘਟ ਗਿਆ ਪਰ ਫੱਟ ਨੀਂਦ ਆ ਗਈ ਜੋ ਨਾਲ ਯਕੀਨ ਹੋਆ ਕਿ ਸਮਾਂ ਅਜਾਈਂ ਨਹੀਂ ਗਵਾਇਆ। ਜਿਸ ਮਕਸਦ ਲਈ ਆਏ ਸਾਂ ਕਦਮ ਉਸ ਵੱਲ ਵਧਿਆ ਹੈ। 'ਜਾ ਕਉ ਆਏ ਸੋਈ ਬਿਹਾਝਿਆ ਹੈ।'

ਸੋਹਿਲਾ ਦਾ ਅਰਥ ਖ਼ੁਸ਼ੀ ਵੀ ਹੈ। ਪ੍ਰਸੰਨ ਚਿੱਤ ਉਹ ਹੀ ਹੈ ਜਿਸ ਨੂੰ ਮੌਤ ਨਹੀਂ ਭੁੱਲੀ, ਦ੍ਰਿਸ਼ਟੀ ਵਿਸ਼ਾਲ ਰੱਖੀ। ਬ੍ਰਹਿਮੰਡ ਦਾ ਸ਼ਹਿਰੀ ਬਣਿਆ। ਹਉਮੈ ਦੇ ਤਿੱਖੇ ਕੰਡੇ ਚੁੱਭਣ ਨਹੀਂ ਦਿੱਤੇ ਅਤੇ ਨਿਮਰਤਾ ਭਾਵ ਵਿਚ ਜੀਆ ਹੈ।

ਟੈਗੋਰ ਨੇ ਸੁਹਣਾ ਕਿਹਾ ਸੀ ਕਿ ਜੇ ਕਦੇ ਸੰਸਾਰ ਭਰ ਦਾ ਕੋਈ ਬ੍ਰਹਿਮੰਡ ਗਾਣ (ਕਾਸਮਿਕ ਐਂਥਮ) ਅਪਣਾਇਆ ਤਾਂ ਇਹ ਸੋਹਿਲੇ ਦੀ ਆਰਤੀ ਵਾਲਾ ਸ਼ਬਦ 'ਗਗਨ ਮੈ ਥਾਲ, ਰਵਿ ਚੰਦ ਦੀਪਕ ਬਨੇ, ਤਾਰਿਕਾ ਮੰਡਲ ਜਨਕ ਮੋਤੀ' ਹੀ ਹੋਵੇਗਾ।

ਫਿਰ ਸੋਹਿਲੇ ਵਿਚ ਹਮੇਸ਼ਾ ਮਿਲਣ ਭਾਵ ਹੁੰਦਾ ਹੈ। ਸੋਹਿਲੜੇ ਆਮ ਤੌਰ ਤੇ ਉਸ ਸਮੇਂ ਗਾਏ ਜਾਂਦੇ ਹਨ ਜਦ ਲੜਕੀ ਨੂੰ ਸਹੁਰੇ ਘਰ ਜਾਣ ਲਈ ਤਿਆਰ ਕੀਤਾ ਜਾ ਰਹਿਆ ਹੁੰਦਾ ਹੈ। ਉਸ ਵੇਲੇ ਇਕ ਤਾਂ ਵਿਛੋੜੇ ਦੀ ਪੀੜ ਹੁੰਦੀ ਹੈ ਕਿ ਜਿਨ੍ਹਾਂ ਮਾਪਿਆਂ ਪਾਸ ਪਲੀ, ਸਹੇਲੀਆਂ ਨਾਲ ਖੇਡੀ, ਜਿਸ ਵਿਹੜੇ ਵਿਚ ਪ੍ਰਵਾਨ ਚੜ੍ਹੀ, ਉਹ ਛੱਡ ਕੇ ਜਾ ਰਹੀ ਹਾਂ ਪਰ ਨਾਲ ਚਾਅ ਵੀ ਹੁੰਦਾ ਹੈ ਕਿ ਮਿਲਾਪ ਵੀ ਹੋਵੇਗਾ, ਪਤੀ ਵੀ ਮਿਲੇਗਾ। ਇਸੇ ਤਰ੍ਹਾਂ ਜੋ ਨੀਂਦ ਦੀ ਗੋਦ ਵਿਚ ਜਾਂਦੇ ਹਨ ਉਹ ਸੰਸਾਰ ਨਾਲੋਂ ਵਿਛੜ ਵੀ ਰਹੇ ਹੁੰਦੇ ਹਨ ਅਤੇ ਕਲ੍ਹ ਨਵੇਂ ਸੂਰਜ ਦੀ ਆਸ ਵੀ ਹੁੰਦੀ ਹੈ। ਬਹੁਤ ਸੁਹਣਾ ਕਿਹਾ ਸੀ ਭਾਈ ਨੰਦ ਲਾਲ ਜੀ ਨੇ ਕਿ ਬੰਦੇ ਦੇ ਸੁੱਤਿਆਂ ਹੀ ਪਾਪ, ਪੁੰਨ, ਕਰਮ, ਗੁੱਸਾ ਨਾਲ ਹੀ ਸੌਂ ਜਾਂਦੇ ਹਨ। ਸੋ ਸੋਹਿਲਾ ਵੱਲ ਹੈ ਸਭ ਇੰਦਰੀਆਂ ਨੂੰ ਸ਼ਾਂਤ ਕਰ ਨਿਜ ਘਰ ਮਹਲ ਪਾ, ਸੁਖ ਸਹਿਜ ਪਾ ਲੈਣ ਦਾ, ਭਟਕਣਾ ਮੂਲੋਂ ਮੁਕਾਉਣ ਦਾ।

*"ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ,*
*ਬਹੁਰਿ ਨ ਹੋਇਗੋ ਫੇਰਾ।"*

ਤੇਈ

## ਸੁਖਮਨੀ ਸਾਹਿਬ

ਸੁਖਮਨੀ ਪੜ੍ਹਦਿਆਂ ਦੁੱਖ ਨਹੀਂ ਸਤਾਂਦੇ, ਰੋਗ ਨਹੀਂ ਰਹਿੰਦੇ

ਕਾਰਨ ਰਚਨਾ : ਗੁਰੂ ਗ੍ਰੰਥ ਸਾਹਿਬ ਦੀ ਬੀੜ ਬੰਨ੍ਹਣ ਦਾ ਨਿਰਣਾ ਸਾਹਿਬ ਗੁਰੂ ਅਰਜਨ ਦੇਵ ਜੀ ਲੈ ਚੁੱਕੇ ਸਨ। ਉਸ ਲਈ ਉਚੇਚੀ ਥਾਂ ਰਾਮਸਰ ਚੁਣੀ ਸੀ ਤੇ ਭਾਈ ਗੁਰਦਾਸ ਜੀ ਬੀੜ ਨੂੰ ਲਿਖਣ ਦਾ ਕਾਰਜ ਸਰੰਜਾਮ ਦੇ ਰਹੇ ਸਨ।

ਗੁਰਬਿਲਾਸ ਪਾਤਸ਼ਾਹੀ ਛੇਵੀਂ ਦਾ ਕਹਿਣਾ ਹੈ ਕਿ ਇਕ ਦਿਨ ਗੁਰੂ ਅਰਜਨ ਦੇਵ ਜੀ ਨਿੱਤ ਕਰਮ ਅਨੁਸਾਰ ਇਸ਼ਨਾਨ ਕਰ ਰਾਮਸਰ ਤੋਂ ਬਾਹਰ ਆਏ ਹੀ ਸਨ ਕਿ ਭਾਈ ਗੁਰਦਾਸ ਜੀ ਨੂੰ ਕਹਿਣ ਲੱਗੇ ਕਿ ਘੋਰ ਕਲਿਯੁਗ ਆ ਰਿਹਾ ਹੈ। ਭਾਈ ਗੁਰਦਾਸ ਜੀ ਨੇ ਕਿਹਾ : ਮਹਾਰਾਜ ਕ੍ਰਿਪਾ ਕਰਕੇ ਕੋਈ ਉਪਾਅ ਵੀ ਦੱਸ ਜਾਓ ਤਾਂਕਿ ਜੀਵ ਕਲਯੁਗ ਵਿਚ ਫਸ ਭਟਕਦੇ ਨਾ ਰਹਿਣ। ਇਤਨਾ ਸੁਣ ਕੇ ਗੁਰੂ ਪਾਤਸ਼ਾਹ ਨੇ ਗਉੜੀ ਰਾਗ ਵਿਚ ਸੁਖਮਨੀ ਸਾਹਿਬ ਉਚਾਰਨੀ ਅਰੰਭ ਕਰ ਦਿੱਤੀ। ਇੰਜ ਜਾਨੋ ਜਿਵੇਂ ਹਿਰਦੇ ਤੋਂ ਮਾਣਕ ਮਾਲਾ ਲੈ ਕੇ ਸਾਡੇ ਜੀਵਾਂ ਲਈ ਪ੍ਰੋ ਧਰ ਰਹੇ ਹੋਣ।

*"ਮਾਣਿਕ ਮਾਲ ਮਨੋ ਉਰਿਧਾਰੀ।"*

ਭਾਈ ਸਾਹਿਬ ਪਵਨ ਸਮ ਕਲਮ ਨਾਲ ਲਿਖਦੇ ਜਾ ਰਹੇ ਸਨ। ਦਸਦੇ ਹਨ ਕਿ ਸਿਹਤਯਾਬ ਮਨੁੱਖ ਆਮ ਤੌਰ ਤੇ ਰੋਜ਼ ਚਵ੍ਹੀ ਹਜ਼ਾਰ ਸਵਾਸ ਲੈਂਦਾ ਹੈ ਅਤੇ ਗਹੁ ਨਾਲ ਸੁਖਮਨੀ ਸਾਹਿਬ ਪੜ੍ਹਨ ਵਾਲਾ ਜਾਣਦਾ ਹੈ ਕਿ ਸੁਖਮਨੀ ਸਾਹਿਬ ਦੇ ਵੀ ੨੪੦੦੦ ਹੀ ਅੱਖਰ ਹਨ। ਇਕ ਵਾਰੀ ਜਿਸ ਮਨ ਚਿੱਤ ਇਹ ਬਾਣੀ ਅੰਮ੍ਰਿਤ ਵੇਲੇ ਪੜ੍ਹ ਲਈ ਉਸ ਦਾ ਹਰ ਸੁਆਸ ਸਫ਼ਲ ਹੋ ਗਿਆ, ਮੁਅੱਤਰ ਹੋ ਗਿਆ, ਕਿਉਂਕਿ ਇਹ ਬਾਣੀ ਉਸ ਦੇ ਹਿਰਦੇ ਤੋਂ ਨਿਕਲੀ ਹੈ ਜੋ ਆਪ੍ਰੂ ਪਰਤਖਿ ਹਰਿ ਸਨ :

*ਚਵ੍ਹੀ ਹਜ਼ਾਰ ਅੱਛਰ ਇਹ ਧਰੇ।*
*ਯਾਕੀ ਉਪਮਾ ਸ੍ਰੀ ਮੁਖ ਕਰੇ।* (ਗੁਰਬਿਲਾਸ ਪਾਤਸ਼ਾਹੀ ਛੇਵੀਂ)

ਸੂਰਜ ਪ੍ਰਕਾਸ਼ ਨੇ ਰਤਾ ਕੁ ਹੋਰ ਵਿਆਖਿਆ ਕਰ ਕੇ ਲਿਖਿਆ ਹੈ ਕਿ ਪੰਚਮ ਪਿਤਾ ਰਾਮਸਰ ਸਰੋਵਰ ਦੇ ਪੂਰਬ-ਉੱਤਰ ਦੀ ਵਿਚਕਾਰਲੀ ਕੋਣ ਜਿੱਥੇ ਬੇਰੀ ਸੀ, ਇਸ਼ਨਾਨ ਕਰ ਹੇਠਾਂ ਆ ਕੇ ਬੈਠੇ ਤੇ ਭਾਈ ਗੁਰਦਾਸ ਜੀ ਨੂੰ ਕਿਹਾ :



Sri Satguru Jagjit Singh Ji eLibrary NamdhariElibrary@gmail.com

"ਸਮਾਂ ਘੋਰ ਕਲਿਜੁਗ ਕੋ ਆਯੋ।
ਕਟਕ ਬਿਕਾਰਨਿ ਕੋ ਜੁਗ ਛਾਯੋ।੧।
ਤਿਨ ਕੋ ਪਾਇ, ਪਾਪ ਨਰ ਕਰਿਈਂ।
ਅੰਤ ਕਾਲ ਬਿਚ ਨਰਕ ਸੁ ਪਰਿਈਂ।"

ਭਾਈ ਜੀ ਨੇ ਬੇਨਤੀ ਕੀਤੀ ਕਿ ਮਿਹਰ ਕਰਕੇ ਉਪਰਾਲਾ ਵੀ ਦੱਸ ਜਾਓ। ਵਿਚਾਰਾਂ ਕਰਦੇ ਪਏ ਸਨ ਕਿ ਪਹੁ ਫੁੱਟ ਪਈ ਤੇ ਚਿੜੀ ਚਹਿਕੀ। ਆਪ ਜੀ ਨੇ ਉਸੇ ਹੀ ਬੇਰੀ ਹੇਠਾਂ ਰਾਮਸਰ ਕਿਨਾਰੇ ਸੁਖਮਨੀ ਉਚਾਰਨੀ ਅਰੰਭੀ।

"ਇਤਨੈ ਮਹਿ ਪ੍ਰਭਾਤਿ ਹੁਇ ਆਈ।
ਭਯੋ ਪ੍ਰਕਾਸ਼ ਚਿਰੀ ਚੁਹਕਾਈ।" ੫੦।

ਦੋਹਰਾ : ਰਾਮ ਤਾਲ ਈਸਾਨ ਦਿਸ਼ ਬੈਠੇ ਗੁਰ ਕ੍ਰਿਪਾਲ।
ਰਚਨ ਲਗੇ ਤਬ ਸੁਖਮਨੀ ਦੇ ਸੁਖ ਕਰਤਿ ਨਿਹਾਲ ।੧।

ਚੌਪਈ : ਪ੍ਰਥਮ ਸਲੋਕ ਗੁਰੂ ਪਗ ਬੰਦੇ।
ਕੀਨ ਮੰਗਲਾ ਚਰਨ ਬਿਲੰਦੇ।
ਪ੍ਰਭੁ ਸਿਮਰਨ ਕੀ ਮਹਿਮਾ ਫੇਰ।
ਅਸ਼ਟਪਦੀ ਮਹਿ ਰਚੀ ਬਡੇਰ।੨।
ਨਾਮ ਮਹਾਤਮ ਮਹਦ ਮਹਾਨਾ।
ਬਹੁ ਬਿਧਿ ਸੋ ਸਤਿਗੁਰੂ ਬਖਾਨਾ।
ਬ੍ਰਹਮ ਗਯਾਨੀ ਉਰ ਭਗਤ ਵਿਰਾਗੀ।
ਸਾਧ ਸੰਗਤਿ ਜਿਨ ਕੀ ਲਿਵ ਲਾਗੀ।੩।
ਕਹਯੋ ਮਹਾਤਮ ਅਤਿ ਤਿਨ ਨੇਰਾ।
ਸੰਤਨ ਰਿਪੁ ਕੋ ਕਸ਼ਟ ਬਡੇਰਾ।
ਨਿਰਗੁਨ ਆਪਿ ਸਰਗੁਨ ਭੀ ਓਹੀ।
ਕਲਾਧਾਰਿ ਜਿਨਿ ਸਗਲੀ ਮੋਹੀ।੪।

ਸਮੁੱਚੀ ਬਾਣੀ ਇਕ ਥਾਂ, ਇਕੋ ਸਮੇਂ, ਇਕ ਟਿਕ ਉਚਾਰੀ। ਸੋ ਇਹ ਭੁਲੇਖਾ ਨਹੀਂ ਰਹਿਣਾ ਚਾਹੀਦਾ ਕਿ ਗੁਰੂ ਅਰਜਨ ਜੀ ਸੁਖਮਨੀ ਸਾਹਿਬ ਉਚਾਰਦੇ ਸਤਾਰ੍ਹਵੇਂ ਸਲੋਕ 'ਤੇ ਆ ਕੇ ਅਟਕ ਗਏ ਤੇ ਫਿਰ ਕਿਸੇ (ਬਾਬਾ ਸ੍ਰੀ ਚੰਦ ਜੀ) ਨੇ ਅੱਗੋਂ 'ਆਦਿ ਸਚੁ, ਜੁਗਾਦਿ ਸਚੁ। ਹੈਭਿ ਸਚੁ ਨਾਨਕ ਹੋਸੀ ਭਿ ਸਚੁ' ਦਾ ਸਲੋਕ ਬੋਲ ਅਟਕ ਤੋੜੀ।

ਸੁਖਮਨੀ ਸਾਹਿਬ ਇਕ ਐਸੀ ਬਾਣੀ ਹੈ ਜੋ ਇਕੋ ਵੇਲੇ ਦਿਲ ਨੂੰ ਢਾਰਸ ਦੇਂਦੀ, ਦਿਮਾਗ ਟੁੰਬਦੀ, ਸੁਰਤਿ ਜਗਾਂਦੀ ਤੇ 'ਸੁੰਨ ਸਮਾਧਿ' ਵਿਚ ਲੈ ਜਾਂਦੀ ਹੈ। ਹੁਣ ਤਾਂ ਤਜਰਬੇ ਵੀ ਹੋ ਗਏ ਹਨ ਕਿ ਸੁਖਮਨੀ ਸਾਹਿਬ ਦਾ ਨਿੱਤ ਪਾਠ ਪੜ੍ਹਨ ਵਾਲੇ ਦਾ "ਖ਼ੂਨ ਦਾ ਦਬਾਉ" (ਬਲੱਡ

**ਮਹਿਮਾ**

ਪ੍ਰੈਸ਼ਰ) ਨਹੀਂ ਵਧਦਾ। ਉਤੇਜਤਤਾ ਨਹੀਂ ਰਹਿੰਦੀ। ਇਤਨਾ ਹੀ ਨਹੀਂ, ਦੁਨੀਆ ਦੀ ਚੋਟ ਖਾਧਾ ਜੀਵ ਜਦ ਇਸ ਨੂੰ ਲਗਾਤਾਰ ਪੜ੍ਹਦਾ ਹੈ ਤਾਂ ਹੋਸ਼ ਟਿਕਾਣੇ ਆ ਜਾਂਦੀ ਹੈ। ਹੱਥੋਂ ਨਿਕਲੇ ਨੌਜਵਾਨ ਅਤੇ ਲਾਂਭੇ ਚਾਂਭੇ ਝਾਕਦੇ ਵਿਦਿਆਰਥੀਆਂ ਦੇ ਪਾਠਕਰਮ ਵਿਚ ਸੁਖਮਨੀ ਸਾਹਿਬ ਪਾਠ ਪੁਸਤਕ ਲਗਾ ਦਿੱਤੀ ਜਾਏ ਤਾਂ ਉਹ ਜੀਵਨ ਮਕਸਦ ਪਾ, ਰਾਹੇ ਪੈ ਜਾਣ। 'ਮਹਿਮਾ ਪ੍ਰਕਾਸ਼' ਦੇ ਕਰਤਾ ਨੇ ਸੁਖਮਨੀ ਸਾਹਿਬ ਦੀ ਮਹਿਮਾ ਗਾਂਦੇ ਦੋ ਸਦੀਆਂ ਪਹਿਲਾਂ ਲਿਖਿਆ :

*"ਸੁਖਮਨੀ ਨਾਮ ਗਿਆਨ ਪ੍ਰਵਾਹ।*
*ਤਿਸ ਪ੍ਰਾਪਤ ਜਿਸ ਹੋਇ ਮਥਾਹ।*
*ਤਾ ਕੇ ਗੁਨ ਮੁੱਖ ਕਹੇ ਨ ਬਨੇ।*
*ਵਡਭਾਗੀ ਜੋ ਪਾਠ ਮੁੱਖ ਭਨੇ।੧੦।*
*ਜਬ ਪਹਰ ਰਾਤ ਪਿਛਲੀ ਰਹੇ*
*ਤਬ ਕਰ ਇਸ਼ਨਾਨ ਉਚਾਰ।*
*ਸਰਬ ਪਦਾਰਥ ਤਿਸ ਮਿਲੇ*
*ਸਭ ਕਿਛ ਕਰੇ ਉਧਾਰ।੧੧।*

ਇਹ ਸੁਖਮਨੀ ਇਕ ਐਸਾ 'ਰਤਨ' ਹੈ ਜਿਸ ਦੀਆਂ ਕਿਰਨਾਂ ਅੰਦਰਲਾ ਰੁਸ਼ਨਾ ਦੇਂਦੀਆਂ ਹਨ। ਬਾਣੀ ਦੀਆਂ ਪਉੜੀਆਂ ਅੰਮ੍ਰਿਤ ਦੇ ਐਸੇ ਚਸ਼ਮੇ ਹਨ ਜੋ ਪੜ੍ਹਨ ਵਾਲੇ ਦੇ ਅੰਦਰ ਵਹਿ ਤੁਰਦੇ ਹਨ।

*"ਸੁਖਮਨੀ ਰਤਨ ਦਿਵ ਅਸਥੂਲਾ।*
*ਤਾ ਮੈ ਚਲੇ ਅੰਮ੍ਰਿਤ ਕੇ ਕੂਲਾ।"*

ਸਾਡਾ ਇਤਿਹਾਸ ਕਹਿੰਦਾ ਹੈ ਕਿ ਸ਼ਾਹਜਹਾਨ ਦਾ ਵਜ਼ੀਰੇ ਆਜ਼ਮ, ਵਜ਼ੀਰ ਖ਼ਾਨ ਰੋਜ਼ ਭਾਈ ਭਾਰੂ ਦੇ ਮੁਖੋਂ ਸੁਖਮਨੀ ਸਾਹਿਬ ਦਾ ਪਾਠ ਸੁਣ ਕੇ ਹੀ ਅੰਨ ਮੂੰਹ ਪਾਂਦਾ ਸੀ।

ਸੁਖਮਨੀ ਸੁਤੇ ਸਿੱਧ ਹੀ ਜੀਵਨ ਘੜੀ ਤੁਰੀ ਜਾਂਦੀ ਹੈ। ਪ੍ਰੋਫੈਸਰ ਪੂਰਨ ਸਿੰਘ ਨੇ ਲਿਖਿਆ ਸੀ ਕਿ ਸੁਖਮਨੀ ਸਾਹਿਬ ਦਾ ਪਾਠ ਕੀਤਿਆਂ ਮਨ ਸੁਹਾਵਣੀ ਉਚਿਆਈ ਨੂੰ ਜਾ ਛੂੰਹਦਾ ਹੈ ਅਤੇ ਸਰੀਰ ਵੀ ਹੌਲਾ ਫੁੱਲ ਹੋ, ਨਾਲੋ ਨਾਲ ਆਤਮਕ ਉਚਿਆਈਆਂ ਹਾਸਲ ਕਰ ਲੈਂਦਾ ਹੈ :

"When we read Sukhmani Sahib the mind mounts to some delectable height and the body becomes light and etheral and soars with it."

ਪ੍ਰਿੰਸੀਪਲ ਤੇਜਾ ਸਿੰਘ ਨੇ 'ਸਾਮ ਔਫ਼ ਪੀਸ' ਵਿਚ ਲਿਖਿਆ ਸੀ ਕਿ ਸੁਖਮਨੀ ਦੀ ਤਰਤੀਬ ਹੀ ਰਚਨਹਾਰ ਨੇ ਐਸੀ ਰੱਖੀ ਹੈ ਕਿ ਧੁਰ ਅੰਦਰਲੇ ਨੂੰ ਝੰਜੋੜ ਕੇ ਰੱਖ ਦੇਂਦੀ ਹੈ ਤੇ ਐਸੀ ਰੂਹਾਨੀ ਰੌ ਚੱਲ ਪੈਂਦੀ ਹੈ ਕਿ ਅੰਦਰ ਦੀ ਮੈਲ ਹਰ ਕੇ ਨਿਮਾਣੇ ਜਿਹੇ ਜੀਵ ਵਿਚ ਇਤਨਾ ਉਤਸ਼ਾਹ ਭਰ ਦੇਂਦੀ ਹੈ ਕਿ ਸਿਰਜਨਹਾਰ ਨੂੰ ਜਾ ਮਿਲਦਾ ਹੈ। (It is designed to stir the deeps of human nature and to start a current of religious emotion that will cleanse and invigorate our tiny selves and unite

Sri Satguru Jagjit Singh Ji eLibrary NamdhariElibrary@gmail.com

them with the source of all existences.)। ਸੁਖਮਨੀ ਸਾਹਿਬ ਐਸੀ ਬਾਣੀ ਹੈ ਕਿ ਪੜ੍ਹਦੇ ਪੜ੍ਹਦੇ ਹੀ ਨਾਲੋ-ਨਾਲ ਦੁੱਖ ਮਿਟਾਈ ਚਲੀ ਜਾਂਦੀ ਹੈ ਅਤੇ ਸੁਖ ਭਰੀ ਜਾਂਦੀ ਹੈ। ਸਭ ਤੋਂ ਅਨੋਖੀ ਬਾਤ ਸੁਖਮਨੀ ਵਿਚ ਇਹ ਹੈ ਕਿ ਜਗਤ ਦੇ ਧੰਦਿਆਂ ਵਿਚ ਉਲਝੇ ਇਨਸਾਨ ਦੀਆਂ ਨਸਾਂ ਤਣਦੀਆਂ ਨਹੀਂ। ਤਣਾਉ (Stress) ਕਦੇ ਘੇਰਦਾ ਨਹੀਂ। ਇਥੇ ਹੀ ਬੱਸ ਨਹੀਂ, ਨਾਮ ਦੀ ਬੁਨਿਆਦ ਰੱਖੀ ਜਾਂਦੀ ਹੈ ਤੇ ਨਾਮ ਦੀ ਨੀਂਹ ਉਤੇ ਪ੍ਰੇਮ ਦੀਆਂ ਦੀਵਾਰਾਂ ਐਸੀਆਂ ਉਸਰਦੀਆਂ ਹਨ ਕਿ ਆਚਰਣ ਦੀ ਮਜ਼ਬੂਤ ਛੱਤ ਪੈ ਜਾਂਦੀ ਹੈ। ਫਿਰ ਆਪ ਮੁਹਾਰੇ ਦਿਲ ਕਰਦਾ ਹੈ ਸੇਵਾ ਕਰਨ ਨੂੰ। ਹਉਮੈ ਦਾ ਦਾਅ ਨਾ ਪਵੇ, ਦਾਗ ਨਾ ਲੱਗੇ, ਢੂੰਡ ਕੇ ਵੀ ਗੁਰਮੁਖਾਂ ਦੀ ਸੰਗਤ ਕਰਦਾ ਹੈ, ਸ਼ਬਦ ਸੋਹਿਲਾ ਗਾਂਦਾ ਰਹਿੰਦਾ ਹੈ ਤਾਂ ਕਿ ਨਾਮ ਦੀ ਨੀਂਹ ਟਿਕੀ ਰਹੇ। ਇਸ ਤਰ੍ਹਾਂ ਸੁਖਮਨੀ ਸਾਹਿਬ ਦਾ ਪਾਠ ਪੜ੍ਹਨ ਵਾਲਾ ਸਰਬਗੁਣ ਸੰਪੰਨ ਹੋ ਜਾਂਦਾ ਹੈ।

ਨਿਕੋਲਸ ਰੋਰਿਕ ਨੇ 'ਸਾਮ ਔਫ਼ ਪੀਸ' ਦੇ ਮੁੱਖ ਬੰਦ ਵਿਚ ਸੁਖਮਨੀ ਸਾਹਿਬ ਨੂੰ 'ਦਿਲ ਟਟੋਲਣ ਦਾ ਆਲਾ' ਕਹਿਆ ਸੀ। ਉਸ ਖ਼ਾਹਿਸ਼ ਵੀ ਪ੍ਰਗਟ ਕੀਤੀ ਕਿ ਉਸ ਨੂੰ ਦਫ਼ਨਾਣ ਵੇਲੇ ਸੁਖਮਨੀ ਸਾਹਿਬ ਦਾ ਗੁਟਕਾ ਉਸ ਦੇ ਕਫ਼ਨ ਵਿਚ ਰੱਖਿਆ ਜਾਵੇ। ਹਿੰਦੁਸਤਾਨ ਵਿਚ ਪਾਰਸਮਨੀ, ਚਿੰਤਾਮਨੀ, ਨਾਗਮਨੀ ਲਈ ਤਰਲੇ ਲੈਣ ਦੀਆਂ ਕਈ ਕਹਾਣੀਆਂ ਪ੍ਰਸਿੱਧ ਹਨ। ਮਣੀਆਂ ਪ੍ਰਾਪਤ ਕਰਨ ਉਪਰੰਤ ਉਸ ਦੀ ਲਾਲਸਾ ਮੁੱਕਦੀ ਨਹੀਂ, ਸਗੋਂ ਇਤਨੀ ਵਧਦੀ ਹੈ ਕਿ ਮਨ ਹੋਰ ਭਟਕਣ ਲੱਗ ਪੈਂਦਾ ਹੈ। ਗੁਰੂ ਅਰਜਨ ਦੇਵ ਜੀ ਨੇ ਦੁਨਿਆਵੀ ਲਾਲਸਾਵਾਂ ਦੇ ਟਾਕਰੇ ਐਸੀ 'ਸੁਖਮਨੀ' ਨੂੰ ਪਾਉਣ ਦੀ ਪ੍ਰੇਰਨਾ ਕੀਤੀ ਜਿਸ ਨੂੰ ਪਾਂਦੇ ਹੀ ਮਨ ਟਿਕ ਜਾਏ। ਆਪ ਜੀ ਨੇ ਇਸੇ ਲਈ 'ਰਹਾਉ' ਦੀ ਤੁਕ ਵਿਚ 'ਮਨਿ ਬਿਸ੍ਰਾਮ' ਕਿਹਾ ਤੇ ਫਿਰ ਅੰਤਲੀ ਅਸ਼ਟਪਦੀ ਦੀਆਂ ਅੰਤਲੀਆਂ ਤੁਕਾਂ ਵਿਚ ਇਹ ਹੀ ਫ਼ਰਮਾਇਆ ਹੈ ਕਿ ਸਾਰੀਆਂ ਅਕਲਾਂ, ਸਿਆਣਪਾਂ ਤੇ ਮਤਾਂ ਦਾ ਕੇਵਲ ਨਿਚੋੜ ਇਹ ਹੈ ਕਿ ਪ੍ਰਭੂ ਦੀ ਹਜ਼ੂਰੀ (ਨਾਮ) ਮਿਲੇ ਤੇ ਪ੍ਰਭੂ ਦੇ ਭਗਤ ਜਦ ਹਜ਼ੂਰੀ ਪ੍ਰਾਪਤ ਕਰ ਲੈਂਦੇ ਹਨ ਤਾਂ ਉਨ੍ਹਾਂ ਦਾ ਮਨ ਨੱਠ ਹੋਰ ਕਿਧਰੇ ਜਾਂਦਾ ਹੀ ਨਹੀਂ ਤੇ ਸਦਾ ਲਈ ਟਿਕ ਜਾਂਦਾ ਹੈ।

### ਨਾਂ ਦੇ ਭਾਵ-ਅਰਥ

*"ਸਗਲ ਮਤਾਂਤ ਕੇਵਲ ਹਰਿ ਨਾਮ॥*
*ਗੋਬਿੰਦ ਭਗਤ ਕੈ ਮਨਿ ਬਿਸ੍ਰਾਮ॥"*

ਸੁਖਮਨੀ ਨੂੰ ਜੋ ਸੁਖਮਨਾ ਨਾਲ ਜੋੜਨ ਦੀ ਕੋਸ਼ਿਸ਼ ਕਰਦੇ ਹਨ ਉਹ ਇਹ ਨਹੀਂ ਜਾਣਦੇ ਕਿ 'ਸੁਖਮਨਾ' ਤਾਂ ਜੀਵ ਨੂੰ ਨਿਸਲ ਕਰ ਦੇਂਦਾ ਹੈ ਪਰ ਸੁਖਮਨੀ ਜੀਵੰਤ (ਡਾਇਨਮੈਕ) ਬਣਾ ਦੇਂਦੀ ਹੈ। ਸੁਖਮਨਾ ਦਾ ਤਾਂ ਭਾਵ ਹੀ ਹੈ : ਸੁੱਤਾ ਹੋਇਆ'। *'ਇੜਾ' ਦਾ ਭਾਵ 'ਅਟਕਿਆ' ਤੇ 'ਪਿੰਗਲਾ' ਦੇ ਅਰਥ ਅਪਾਹਜ ਹਨ।* 'ਸੁਖਮਨੀ' ਤਾਂ ਪ੍ਰਭੂ ਦੀ ਸਦੀਵੀ ਹਜ਼ੂਰੀ ਦਾ ਐਸਾ ਅਨੰਦ ਦੇਂਦੀ ਹੈ ਕਿ ਪ੍ਰਾਪਤ ਕੀਤੇ ਭਗਤਾਂ ਦਾ ਮਨ ਟਿਕਿਆ ਰਹਿੰਦਾ ਹੈ। ਸਹੀ ਤੇ ਵੱਡਾ ਸੁਖ ਮਨ ਦਾ ਟਿਕਾਉ ਹੀ ਹੈ। ਮਨ ਦੀ ਸ਼ਕਤੀ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ। ਇਹ ਬੜਾ ਤਾਕਤਵਰ (ਤੁਆਨਾ) ਹੈ ਕਿਉਂਕਿ ਕੁਦਰਤੀ ਆਇਆ

Sri Satguru Jagjit Singh Ji eLibrary NamdhariElibrary@gmail.com

ਹੈ ਪਰ ਜਦੋਂ ਸੁੰਦਰ ਪੁਰਖ 'ਬਿਰਾਜਤ ਪੇਖਿ' ਲਵੇ ਤਾਂ ਫਿਰ ਇਸ ਦਾ ਜ਼ੋਰ ਨਹੀਂ ਪੈਂਦਾ। ਸ਼ਕਤੀ ਖੋਹਣ ਦੀ ਥਾਂ, ਸ਼ਕਤੀ ਦੇਣ ਵਾਲਾ ਹੋ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਪੁੱਛਦੇ ਹਨ ਕਿ ਮਨ ਤੂੰ ਕਿਤਨਾ ਚੰਚਲ ਸੈਂ ਪਰ ਹੁਣ ਕੀ ਹੋਆ ਈ ਜਦ ਵਾਹਿਗੁਰੂ ਦੇ ਸੁਹਣੇ, ਸੁਹਾਵਣੇ ਸਰਬ ਵਿਆਪੀ ਰੂਪ ਨੂੰ ਮਨ ਵਿਚ ਬੈਠਾ ਦੇਖ ਲਿਆ ਈ।

*'ਸੁੰਦਰ ਪੁਰਖੁ ਬਿਰਾਜ ਪੇਖਿ, ਮਨੁ ਬੰਚਲਾ।'*

ਸੁਖਮਨੀ ਨੂੰ ਚਵ੍ਹੀ (੨੪) ਸਲੋਕਾਂ ਤੇ ਚਵ੍ਹੀ (੨੪) ਹੀ ਅਸ਼ਟਪਦੀਆਂ ਵਿਚ ਰਚਣਹਾਰ ਨੇ ਵੰਡਿਆ ਹੈ। ਰਹਾਉ ਦੀ ਤੁਕ ਵਿਚ ਸਮੁੱਚਾ ਭਾਵ ਦੇਂਦੇ ਕਿਹਾ ਹੈ ਕਿ ਪ੍ਰਭੂ ਦਾ ਅਮਰ ਕਰਨ ਵਾਲਾ ਨਾਂ ਸੁਖਾਂ ਦੀ ਮਨੀ (ਮੋਹਰ, ਜਵਾਹਰ, ਹੀਰਾ) ਹੈ। ਉਸ ਦੀ ਯਾਦ ਪੱਕੀ ਤਰ੍ਹਾਂ ਜਿਸ ਵਿਚ ਟਿਕ ਜਾਏ, ਐਸੇ ਭਗਤਾਂ ਦਾ ਮਨ ਫਿਰ ਸਦਾ ਲਈ ਇਕਾਗਰ ਹੋ ਜਾਂਦਾ ਹੈ।

**ਸਮੁੱਚਾ ਭਾਵ**

ਸਿਮਰਨ ਕੀਤਿਆਂ ਜੋ ਬਰਕਤਾਂ ਮਿਲਦੀਆਂ ਹਨ ਉਨ੍ਹਾਂ ਦਾ ਵਰਨਣ ਪਹਿਲੀਆਂ ਤਿੰਨ ਅਸ਼ਟਪਦੀਆਂ ਵਿਚ ਕੀਤਾ ਤੇ ਯਾਦ ਨੂੰ ਜਦ ਫਲ (ਨਾਮ ਦਾ) ਲੱਗੇ ਤਾਂ ਰੰਗ ਕੀ ਚੜ੍ਹਦਾ ਹੈ, ਉਸ ਦੀ ਵਿਆਖਿਆ ਕੀਤੀ ਹੈ। ਕਮਾਲ ਇਹ ਹੈ ਕਿ ਸਿਮਰਨ ਦੀ ਵਿਆਖਿਆ ਕਿਧਰੇ ਵੀ ਨਹੀਂ ਕੀਤੀ। ਵਿਆਖਿਆ ਉਸ ਦੀ ਕਰੀਏ ਜਿਸ ਦੀ ਸਮਝ ਨਾ ਹੋਵੇ। ਕਿਉਂਕਿ ਸਿਮਰਨ ਹਰ ਇਕ ਕੋਲ ਹੈ। ਸੋ ਇਸ ਦੀ ਵਿਆਖਿਆ ਦੀ ਨਹੀਂ ਪ੍ਰੇਰਨਾ ਦੀ ਲੋੜ ਹੈ ਕਿ ਲਗਾਤਾਰ ਹੋ ਜਾਏ। ਯਾਦ ਪੱਕ ਜਾਵੇ। ਸਿਮਰਨ ਲਗਾਤਾਰ ਹੁੰਦਾ ਹੈ। ਜਦ ਮਨ ਤਨ ਆਤਮਾ ਦਾ ਪੂਰਾ ਬਲ ਲਗਾ ਕੇ ਪਰਮ-ਆਤਮਾ ਵਿਚ ਲੀਨ ਕਰ ਦੇਈਏ, ਫਿਰ ਐਸਾ ਹੁੰਦਾ ਹੈ ਕਿ ਇਹ ਲਗਾਤਾਰ ਹੋ ਜਾਂਦਾ ਹੈ। *'ਸਾਸਨਿ ਸਾਸਿ ਸਾਸਿ ਬਲੁ ਪਾਈ ਹੈ, ਨਿਹ ਸਾਸਨਿ ਨਾਮੁ ਧਿਆਵੈਗੋ'।* ਸਾਧਨ : ਗੁਰੂ ਪਾਤਸ਼ਾਹ ਸਾਧ ਦੀ ਸ਼ਰਨ, ਸਨੇਹ ਤੇ ਭਗਤੀ ਦਸਦੇ ਹਨ। ਇਸ ਦਾ ਪ੍ਰਗਟਾਵਾ ਨਿਰਮਲ ਕਰਮਾਂ ਵਿਚ ਹੁੰਦਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ''ਸਿਮਰਨ ਭਰਪੂਰ ਜ਼ਿੰਦਗੀ'' ਇਕ ਦਾਤ ਹੈ ਜੋ ਉਸ ਨੂੰ ਮਿਲਦੀ ਹੈ ਜਿਸ *'ਲਿਖਿਆ ਧੁਰ ਕਰਮ'*। ਪਰ ਜਿਸ ਨੇ ਇਹ ਦਾਤ ਪਾਉਣੀ ਹੈ ਉਸ ਨੂੰ ਉੱਦਮ ਨਹੀਂ ਛੱਡ ਬੈਠਣਾ ਚਾਹੀਦਾ। ਪੂਰੀ ਵਾਹ ਲਗਾਉਂਦੇ ਰਹਿਣਾ ਹੈ। ਤਾਂਕਿ ਜਦ ਬਖ਼ਸ਼ਿਸ਼ ਹੋਵੇ ਤਾਂ ਅਸੀਂ ਅਵੇਸਲੇ ਕਿਤੇ ਸੁੱਤੇ ਨਾ ਰਹੀਏ, ਤਿਆਰ ਹੋਈਏ।

ਤਿਆਰ ਹੋਣਾ ਹੈ ਕਿ ਇਹ ਚੇਤਾ ਰਵ੍ਹੇ ਕਿ ਸਭ ਕੁਝ ਚੱਲਣਹਾਰ ਹੈ। ਤ੍ਰਿਸ਼ਨਾ, ਭੁੱਖ, ਲਾਲਸਾ, ਪਦ ਪਦਵੀ, ਰਾਜ ਅਭਿਮਾਨ ਹੀ ਜਗਤ ਦੇ ਦੁੱਖਾਂ ਦਾ ਕਾਰਨ ਹਨ। ਇਨ੍ਹਾਂ ਤੋਂ ਬਚ ਨਿਕਲ ਜਾਣ ਦਾ ਰਾਹ ਸਾਧ ਦਾ ਸੰਗ, ਸੰਤ ਦੀ ਸੇਵਾ, ਭਗਤ ਦੇ ਰੰਗ ਤੇ ਬ੍ਰਹਮ ਗਿਆਨੀ ਦੀ ਅਵਸਥਾ ਨੂੰ ਪਾਉਣਾ ਹੈ। ਕਿਤਨਾ ਵੀ ਕੋਈ ਗਿਆਨਵਾਨ ਹੋ ਜਾਏ, ਦਸਵੀਂ ਅਸ਼ਟਪਦੀ ਵਿਚ ਕਹਿੰਦੇ ਹਨ ਕਿ ਉਹ ਉਸ ਪ੍ਰਭੂ ਅਥਾਹ ਨੂੰ ਨਹੀਂ ਪਾ ਸਕਦਾ ਕਿਉਂਕਿ ਸਾਡੀ ਧਰਤੀ ਹੀ ਨਹੀਂ ਕਿਤਨੇ ਹੀ ਹੋਰ ਕਰੋੜਾਂ ਚੰਦ, ਸੂਰਜ, ਸਿਤਾਰੇ, ਰੂਪ, ਸ੍ਰਿਸ਼ਟੀਆਂ, ਆਕਾਸ਼ ਤੇ ਅਵਤਾਰ ਹਨ।

ਸੱਚ ਤਾਂ ਇਹ ਹੈ ਕਿ 'ਕਈ ਬਾਰ ਪਸਰਿਓ ਪਾਸਾਰ ਹੈ।' ਸੋ ਪ੍ਰਾਪਤੀ ਦਾ ਕਦੇ ਹੰਕਾਰ ਨਾ ਕਰਨਾ ਕਿਉਂਕਿ ਮਸਕੀਨੀ ਵਿਚ ਕਦੇ ਦੁੱਖ ਜਾਂ ਤਣਾਉ ਨਹੀਂ ('ਸੁਖੀ ਬਸੈ

Sri Satguru Jagjit Singh Ji eLibrary NamdhariElibrary@gmail.com

ਮਸਕੀਨੀਆਂ')। ਚੇਤਾਵਨੀ ਦੇਂਦੇ ਹਨ ਕਿ ਕਦੇ ਫ਼ਜ਼ੂਲ ਬਹਿਸਾਂ, ਨਿੰਦਿਆ, ਸ੍ਰਿਸ਼ਟੀ ਨੂੰ ਜਾਣਨ ਦੀ ਚੇਸ਼ਟਾ ਦੇ ਟੋਇਆਂ ਵਿਚ ਨਹੀਂ ਪੈਣਾ। ਮਨੁੱਖੀ ਕਮਜ਼ੋਰੀ ਦਾ ਅਹਿਸਾਸ ਹਰ ਵੇਲੇ ਸਾਹਮਣੇ ਰੱਖਣਾ ਹੈ। ਐਸਾ ਕੀਤਿਆਂ ਸਿਮਰਨ ਕਰਨ ਦਾ ਚਿੱਤ ਸਦਾ ਕਰਦਾ ਰਵ੍ਹੇਗਾ।

ਆਖ਼ਰੀ ਚਾਰ ਅਸ਼ਟਪਦੀਆਂ ਵਿਚ ਨਿਰਗੁਣ-ਸਰਗੁਣ, ਪਾਪ-ਪੁੰਨ, ਦੁੱਖ-ਸੁਖ, ਬੰਧਨ-ਮੁਕਤ, ਮਨ-ਮਾਦਾ ਤੇ ਵਿਚਾਰ ਕਰ ਕੇ ਕਿਹਾ ਹੈ ਕਿ ਉਹ ਹੀ ਹਿਰਦੇ ਅੰਦਰ ਹੈ ਤੇ ਉਹ ਹੀ ਬਾਹਰ ਹੈ। 'ਸੋ ਅੰਤਰਿ ਸੋ ਬਾਹਰਿ ਅਨੰਤ'। ਜਦ ਅਨੰਤ ਅੰਦਰ ਆ ਜਾਵੇ ਤਾਂ ਅਨੰਦ ਵੀ ਅਨੰਤ ਹੁੰਦਾ ਹੈ ਤੇ ਉਸ ਜੀਵ ਦੀ ਸ਼ੋਭਾ ਸਭ ਤੋਂ ਉੱਚੀ ਹੋ ਜਾਂਦੀ ਹੈ।

ਬਸ ਸੁਖਮਨੀ ਐਸੀ ਹੈ ਕਿ *ਰੂਹ ਝੰਜੋੜਦੀ, ਸੋਚ ਉਚਿਆਂਦੀ, ਮਨ ਟਿਕਾਂਦੀ ਹੈ।* ਨਿਰਾ ਪੜ੍ਹਦੇ ਜਾਇਆਂ ਹੀ ਐਸੀ ਧੁਨ ਉਠ ਖਲੋਂਦੀ ਹੈ ਕਿ ਧਿਆਨ ਲਾਂਭੇ ਨਹੀਂ ਜਾਂਦਾ ਤੇ ਐਸਾ ਗਿਆਨ ਉਪਜ ਖੜੋਂਦਾ ਹੈ ਕਿ ਆਪੇ ਦੀ ਅਣਹੋਂਦ ਹੋ ਜਾਂਦੀ ਹੈ। ਨਾਮ ਵਿਚ ਲੀਨ ਹੋ ਜਾਈਦਾ ਹੈ। ਚਾਰੇ ਪਾਸੇ ਸ਼ੋਭਾ ਆਪੇ ਹੀ ਫੈਲ ਜਾਂਦੀ ਹੈ। ਇਹ ਹੈ ਕਰਾਮਾਤ ਸੁਖਮਨੀ ਦੀ।

*"ਸਭ ਤੇ ਊਚ ਤਾਕੀ ਸੋਭਾ ਬਨੀ॥*
*ਨਾਨਕ ਇਹ ਗੁਣਿ ਨਾਮੁ ਸੁਖਮਨੀ॥"*

Sri Satguru Jagjit Singh Ji eLibrary NamdhariElibrary@gmail.com

ਚੌਵੀ

# ਧਰਮ, ਕਰਮ, ਕਿਰਿਆ

### ਸਿੱਖ ਧਰਮ ਦੀ ਵਿਲੱਖਣਤਾ

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਸੁਖਮਨੀ ਸਾਹਿਬ ਦੀ ਤੀਜੀ ਅਸ਼ਟਪਦੀ ਵਿਚ ਬੜੀ ਭਾਵਪੂਰਕ ਬਾਤ ਕਹਿੰਦੇ ਹਨ ਕਿ ਸ਼ਾਸਤਰਾਂ, ਸਿਮ੍ਰਤੀਆਂ ਤੇ ਹੋਰ ਰਚੀਆਂ ਪੁਸਤਕਾਂ ਵਿਚ ਸਾਰਾ ਜ਼ੋਰ ਸਰੀਰ ਸਾਧਨ, ਸਰੀਰ ਲਈ ਸਾਧਨ ਜੁਟਾਉਣ, ਸ਼ੋਭਾ ਲਈ ਪੁੰਨ ਦਾਨ ਕਰਨ ਅਤੇ ਆਪਣੀ ਹਉਂ ਨੂੰ ਇਤਨਾ ਉੱਚਾ ਲੈ ਜਾਣਾ ਕਿ ਲੋਕੀਂ ਪਏ ਵਾਹ-ਵਾਹ ਕਰਨ, ਤੋਂ ਸਿਵਾ ਕੁਝ ਨਹੀਂ। ਇਨ੍ਹਾਂ ਨੂੰ ਪੜ੍ਹਨ ਨਾਲ ਤਾਂ ਅੰਦਰਲਾ ਡਰ ਘਟਣ ਦੀ ਬਜਾਏ ਵਧਦਾ ਹੈ। ਪਕੜ ਹਟਣ ਦੀ ਥਾਂ ਜਕੜ ਪੀਡੀ ਹੁੰਦੀ ਹੈ।

ਸੋ ਰਾਹ ਹੈ : ਪਹਿਲਾਂ ਸਾਧ ਸੰਗਤ। ਸਾਧ ਸੰਗਤ ਕੀਤਿਆਂ ਹਉਂ ਦਾ ਅਭਾਵ ਹੁੰਦਾ ਹੈ ਅਤੇ ਹਉਮੈ ਦੀ ਮੈਲ ਹਟਿਆਂ ਹੀ ਦਿੱਸਣ ਲੱਗ ਪੈਂਦਾ ਹੈ ਕਿ ਸਾਰਿਆਂ ਦਾ ਮਾਲਕ ਇਕੋ ਵਾਹਿਗੁਰੂ ਹੈ। ਸੋਝੀ ਪੈਂਦੀ ਹੈ ਕਿ ਸਹੀ ਧਰਮ ਹੈ : ਨਿਰਮਲ ਕਰਮ। ਕ੍ਰਿਆ ਹੈ : *ਸਾਧ ਸੰਗਤ ਕਰਨੀ।* ਉਦਮ (ਇਸ਼ਨਾਨ ਆਦਿ) ਹੈ : *ਉਸ ਦੀ ਯਾਦ ਨਾ ਵਿਸਰਨ ਦੇਣਾ।* ਬਾਣੀ ਉਹ ਹੈ ਜਿਸ ਨੂੰ ਸੁਣਦੇ ਸਾਰ ਹੀ ਜ਼ਬਾਨ ਉਸ ਦੇ ਗੁਣ ਗਾਉਣ ਲੱਗ ਪਵੇ ਅਤੇ ਥਾਂ (ਤੀਰਥ, ਧਰਮ ਅਸਥਾਨ) ਉਹ ਹੈ : ਜਿਥੇ ਹਿਰਦੇ ਵਿਚ ਹਜ਼ੂਰੀ ਦਾ ਪ੍ਰਕਾਸ਼ ਹੋ ਜਾਵੇ। ਅਰੰਭ ਵਿਚ ਕਿਹਾ ਸੀ ਕਿ ਲੋਕੀਂ ਧਰਮ ਸਮਝਦੇ ਹਨ, ਜਾਪ ਤਾਪ ਗਿਆਨ ਤੇ ਕਰਮ ਜੋਗ ਅਭਿਆਸ। ਅਸੀਂ ਧਰਮ ਸਮਝਦੇ ਹਾਂ ਸਿਮਰਨ ਤੇ ਕਰਮ ਭਲਾ। ਲੋਕੀਂ ਕ੍ਰਿਆ ਗਿਣਦੇ ਹਨ, ਘਰ ਬਾਹਰ ਛੱਡ ਜਾਣਾ, ਅਸੀਂ ਕ੍ਰਿਆ, ਸਾਧ ਸੰਗਤ ਕਰਨੀ ਸਮਝਦੇ ਹਾਂ। ਸਾਧ ਸੰਗਤ ਕਰਦਿਆਂ ਦੁਰਮਤਿ ਆਪੇ ਛੁੱਟ ਜਾਏਗੀ। ਲੋਕੀਂ ਜਤਨ ਦਾਨ, ਪੁੰਨ ਕਰਨਾ ਹੀ ਗਿਣਦੇ ਹਨ ਅਤੇ ਕਹਿੰਦੇ ਹਨ ਕਿ ਸਿੱਟੇ ਵਜੋਂ ਮਿਲੇਗਾ, ਸਰੀਰ ਦਾ ਨਿਸਲ ਹੋ ਜਾਣਾ। ਅਸੀਂ ਉੱਦਮ ਜਾਣਦੇ ਹਾਂ ਸਿਮਰਨ ਕਰ ਸਦਾ ਉਸ ਦੀ ਹਜ਼ੂਰੀ ਵਿਚ ਰਹਿਣਾ। ਲੋਕੀਂ ਵੇਦ ਪਾਠ ਕਰ ਲੈਣਾ, ਰਮਾਇਣ, ਮਹਾਂਭਾਰਤ ਸੁਣਨਾ, ਰਾਮ ਲੀਲਾ ਦੇਖਣੀ ਹੀ ਬਾਣੀ ਮੰਨਦੇ ਹਨ ਪਰ ਬਾਣੀ ਉਹ ਹੈ ਜਿਸ ਨੂੰ ਸੁਣਦੇ ਹੀ ਰਸਨਾ ਵਾਹਿਗੁਰੂ ਦੇ ਗੁਣ ਗਾਉਣ ਲੱਗ ਪਵੇ। ਲੋਕੀਂ ਤੀਰਥਾਂ ਤੇ ਜਾ ਇਸ਼ਨਾਨ ਕਰ ਆਉਣਾ ਹੀ ਵੱਡਾ ਕਾਰਜ ਮਿੱਥਦੇ ਹਨ ਪਰ ਪਾਵਨ ਤੀਰਥ ਉਹ ਹੀ ਹੈ ਜਿਸ ਹਿਰਦੇ ਨਾਮ ਵਸੇ।

ਅਸ਼ਟਪਦੀ ਦੀ ਅੰਤਿਮ ਪਉੜੀ ਵਿਚ ਸਾਨੂੰ ਸਮਝਾਂਦੇ ਹਨ ਕਿ ਸੰਸਾਰ ਜੋ ਧਰਮ, ਕਰਮ, ਕਿਰਿਆ, ਜਤਨ, ਉੱਦਮ ਬਾਣੀ ਤੇ ਪਾਵਨ ਅਸਥਾਨ ਸਮਝਦੇ ਸਨ, ਉਨ੍ਹਾਂ ਦਾ



Sri Satguru Jagjit Singh Ji eLibrary NamdhariElibrary@gmail.com

ਜ਼ਿਕਰ ਕੀਤਾ ਸੀ। ਦੱਸਿਆ ਸੀ ਕਿ ਲੋਕੀਂ ਧਰਮ ਸਮਝਦੇ ਹਨ : *ਜਾਪ, ਤਾਪ ਗਿਆਨ।* ਕਰਮ ਜਾਣਦੇ ਹਨ : ਜੋਗ ਅਭਿਆਸ। ਕਿਰਿਆ ਮਿਥਦੇ ਹਨ : ਘਰ, ਬਾਹਰ ਛੱਡ ਬੈਠਣਾ।

ਜਤਨ ਬਣਾ ਲਿਆ ਸੀ : ਵਰਤ, ਹੋਮ ਯਗ ਜਾਂ ਸਰੀਰ ਨਸ਼ਟ ਕਰਨਾ।

ਉੱਦਮ ਗਿਣ ਲਿਆ : ਇਸ਼ਨਾਨ ਤੇ ਤੀਰਥ ਯਾਤਰਾ।

ਬਾਣੀ ਮੰਨ ਲਈ : ਰਮਾਇਣ ਤੇ ਮਹਾਂਭਾਰਤ।

ਥਾਂ ਮਿਥ ਲਏ : ਅਠਾਹਠ ਤੀਰਥ।

ਹੁਣ ਗੁਰੂ ਜੀ ਦੱਸਦੇ ਹਨ ਕਿ ਉਹ ਕਿਸ ਨੂੰ ਧਰਮ, ਕਰਮ, ਕਿਰਿਆ, ਜਤਨ, ਉੱਦਮ ਬਾਣੀ ਤੇ ਪਾਵਨ ਅਸਥਾਨ ਗਿਣਦੇ ਹਨ।

ਸਭ ਤੋਂ ਉੱਚਾ ਧਰਮ ਤੇ ਜੀਵਨ ਜਾਚ ਇਹ ਹੈ ਕਿ ਸਿਮਰਨ ਤੇ ਸ਼ੁੱਧ ਆਚਰਨ ਰਾਹੀਂ ਵਾਹਿਗੁਰੂ ਦੀ ਪਾਈ ਹਜ਼ੂਰੀ ਨੂੰ ਸਦਾ ਕਾਇਮ ਰੱਖਣ ਲਈ ਸਿਮਰਨ ਦੀ ਘਾਲ ਕਰੀ ਜਾਣੀ। ਸਭ ਬਾਣੀਆਂ ਵਿਚ ਉਹ ਹੀ ਸਦਾ ਰਹਿਣ ਵਾਲੀ ਮਿੱਠੀ ਬਾਣੀ ਹੈ ਜਿਸ ਨੂੰ ਸੁਣਦੇ ਹੀ ਰਸਨਾ ਵਾਹਿਗੁਰੂ ਦੇ ਗੁਣ ਗਾਣ ਲੱਗ ਪਵੇ। ਗੁਰੂ ਅਰਜਨ ਦੇਵ ਜੀ ਨਾਨਕ ਨਾਂ ਦੀ ਛਾਪ ਲਗਾ ਕੇ ਕਹਿੰਦੇ ਹਨ ਕਿ ਸਭ ਥਾਵਾਂ ਤੋਂ ਪਾਵਨ ਥਾਂ ਉਹ ਹਿਰਦਾ ਹੈ ਜਿਥੇ ਵਾਹਿਗੁਰੂ ਦੀ ਹੋਂਦ ਦਾ ਪ੍ਰਕਾਸ਼ ਹੋ ਗਿਆ ਹੈ। ਕਿਸ ਸਹਿਜਤਾ ਨਾਲ ਸਿੱਖ ਆਸ਼ੇ ਦੀ ਵਿਲੱਖਣਤਾ ਵੀ ਦੱਸ ਗਏ ਅਤੇ ਸਿੱਖ ਨੂੰ ਧਰਮ, ਕਰਮ, ਕਿਰਿਆ, ਜਤਨ, ਉੱਦਮ, ਇਸ਼ਨਾਨ ਤੇ ਤੀਰਥਾਂ ਤੋਂ ਵੀ ਉੱਚਾ ਕਰ ਗਏ। I◆I

Sri Satguru Jagjit Singh Ji eLibrary NamdhariElibrary@gmail.com

ਪੰਞੀ

# ਬੰਧਨ

ਵਿਚਾਰਵਾਨਾਂ ਨੇ ਨੌਂ ਪਕੜਾਂ ਗਿਣੀਆਂ ਹਨ। ਗੁਰੂ ਨਾਨਕ ਸਾਹਿਬ ਨੇ ਆਸਾ ਰਾਗ ਵਿਚ ਵੱਖ-ਵੱਖ ਬੰਧਨਾਂ ਦਾ ਜ਼ਿਕਰ ਕਰਦੇ ਹੋਏ ਲਿਖਿਆ ਹੈ ਕਿ *ਪਹਿਲਾ ਬੰਧਨ : ਮਾਤ ਪਿਤਾ* ਦਾ ਹੈ। ਦੂਜਾ : *ਸੰਤਾਨ ਤੇ ਸੁਪਤਨੀ* ਦਾ। ਤੀਜੇ : ਉਹ ਕਰਮ ਤੇ ਧਰਮ ਜੋ ਹਉਂ ਅਧੀਨ ਕੀਤੇ ਜਾਂਦੇ ਹਨ। *ਬੰਧਨ, ਧਰਮ, ਹਉ ਕੀਆ। ਚੌਥਾ ਬੰਧਨ* : 'ਮਨ' ਹੈ। ਜੋ ਭਟਕਦਾ ਹੀ ਰਹਿੰਦਾ ਹੈ। *ਪੰਜਵਾਂ* : ਧਰਤੀ ਦੀ ਪਕੜ ਹੈ 'ਬੰਧਨ ਕਿਰਖੀ ਕਰਹਿ ਕਿਰਸਾਨਾ।' *ਛੇਵਾਂ* : ਕੋਈ ਵਪਾਰ ਜੋ ਬਗ਼ੈਰ ਸਮਝੇ ਕਰ ਦਿੱਤਾ ਜਾਏ।

**ਪਕੜਾਂ ਨੌ ਪ੍ਰਕਾਰ ਦੀਆਂ**

*'ਬੰਧਨ ਸਉਦਾ ਅਣ-ਵੀਚਾਰੀ'।*

*ਸਤਵਾਂ* : ਮਾਇਆ ਇਕੱਠਾ ਕਰਨ ਦੀ ਰੁਚੀ ਹੈ ਕਿਉਂਕਿ ਹਰ ਸਮੇਂ ਇਹ ਹੀ ਖ਼ਤਰਾ ਖਾਈ ਜਾਂਦਾ ਹੈ ਕਿ ਪ੍ਰਾਪਤ ਮਾਇਆ ਹੱਥੋਂ ਹੀ ਨਾ ਖਿਸਕ ਜਾਏ। *ਅਠਵਾਂ* : ਆਪਣੇ ਆਪ ਨੂੰ ਗਿਆਨ ਦਾ ਗਿਆਤਾ ਤੇ ਵਿਖਿਆਤਾ ਦੇ ਅਹੰਕਾਰ ਵਿਚ ਫਿਰਦੇ ਰਹਿਣਾ। *'ਬੰਧਨ ਬੇਦ ਬਾਦ ਅਹੰਕਾਰ'। ਨੌਂਵਾਂ* : ਵਿਕਾਰੀ ਰੁਚੀ ਹੈ। ਬੰਧਨ ਉਸ ਦੇ ਹੀ ਟੁੱਟਦੇ ਹਨ ਜੋ ਗੁਰੂ ਦੀ ਸ਼ਰਨ ਚਲਾ ਜਾਏ ਅਤੇ ਅੰਦਰ ਚਾਨਣ ਕਰ ਲਵੇ।

*ਨਾਨਕ ਰਾਮ ਨਾਮ ਸਰਣਾਈ।*
*ਸਤਿਗੁਰ ਰਾਖੇ ਬੰਧ ਨ ਪਾਈ।*

'ਮੁਕਤ ਬਿਬੇਕ' ਪੁਸਤਕ ਦੇ ਕਰਤਾ ਨੇ ਬੰਧਨਾਂ ਨੂੰ ਇਨ੍ਹਾਂ ਸਿਰਲੇਖਾਂ ਹੇਠਾਂ ਲਿਖਿਆ ਹੈ :

(੧) *ਅਵਿਦਯਾ*–(ਸਵੈ ਸਰੂਪ ਦੀ ਅਗਿਆਨਤਾ)

(੨) *ਜੀਵ ਭਾਵ*–(ਆਤਮ ਦੀ ਸਾਰ ਨਾ ਹੋਣਾ)

(੩) *ਹਿਰਦੇ ਦੀ ਗੰਢ*–ਜੋ ਹਉਮੈ ਕਰ ਪੀਡੀ ਹੁੰਦੀ ਹੈ। 'ਹਉ ਹਉ ਕਰਤ ਬੰਧਨ ਮਹਿ ਪਰਿਆ।'

(੪) *ਸ਼ੰਕਾ*–ਗਿਆਨ ਦੀਆਂ ਗੱਲਾਂ ਸੁਣ ਕੇ ਸ਼ੰਕਾ ਵਧੀ ਜਾਣਾ। ਜਿਵੇਂ ਇਹ ਵਿਚਾਰ ਉਠ ਖਲੋਣਾ ਕਿ ਆਤਮ ਹੈ ਜਾਂ ਅਕਰਤਾ ਜਾਂ ਸਾਖ਼ੀ ਰੂਪ 'ਕਰਮ ਅਕਰਮ ਬੀਚਾਰੀਐ ਸੰਕਾ ਸੁਨ ਬੇਦ ਪਰਾਨ।'



Sri Satguru Jagjit Singh Ji eLibrary NamdhariElibrary@gmail.com

(੫) *ਕਰਮ :* ਕੋਟ ਕਰਮ ਬੰਧਨ ਕਾ ਮੂਲੁ।

(੬) *ਕਾਮਨਾ*–ਆਸਾ ਹੋਵੇ ਤਾਂ ਅੰਦੇਸਾ ਖੜ੍ਹਾ ਹੋ ਜਾਂਦਾ ਹੈ ਕਿ ਪੂਰੀ ਹੁੰਦੀ ਹੈ ਕਿ ਨਹੀਂ। ਇਥੋਂ ਤਕ ਕਿ ਬੈਕੁੰਠ ਦੀ ਆਸ ਵੀ ਬੰਧਨ ਹੈ।

*'ਜਬ ਲਗ ਮਨਿ ਬੈਕੁੰਠ ਕੀ ਆਸ।*
*ਤਬ ਲਗੁ ਹੋਇ ਨ ਚਰਨ ਨਿਵਾਸ।'*

(੭) *ਜਨਮ*–

*ਕਈ ਜਨਮ ਭਏ ਕੀਟ ਪਤੰਗਾ।*
*ਕਈ ਜਨਮ ਗਜ ਮੀਨ ਕੁਰੰਗਾ।*

(੮) ਮਰਣ।

(੯) ਸਰੀਰ ਰੂਪੀ ਬੰਧਨ। ਹਰ ਗੱਲ ਸਰੀਰ ਲਈ ਹੀ ਸੋਚੀ ਜਾਣੀ। ।◆।

Sri Satguru Jagjit Singh Ji eLibrary NamdhariElibrary@gmail.com

ਛੱਬੀ

# ਅਪਰਸ

ਬੇਲਾਗ ਸ਼ਖਸੀਅਤ

ਅਪਰਸ ਉਹ ਤਬਕਾ ਹੁੰਦਾ ਸੀ ਜੋ ਦੂਜੇ ਨੂੰ ਇਸ ਕਰਕੇ ਛੂੰਹਦਾ ਨਹੀਂ ਸੀ ਕਿ ਉਹ ਆਪਣੇ ਆਪ ਨੂੰ ਤਾਂ ਕਰਮ ਕਰ ਪਵਿਤਰ ਹੋ ਗਿਆ ਜਾਣਦਾ ਸੀ ਅਤੇ ਦੂਜੇ ਨੂੰ ਅਪਵਿਤਰ। ਗੁਰੂ ਅਰਜਨ ਦੇਵ ਜੀ ਇਸ ਤਰ੍ਹਾਂ ਦੇ ਕਈ ਅਖੌਤੀ ਅਪਰਸਾਂ ਦਾ ਵਰਨਣ ਸੁਖਮਨੀ ਸਾਹਿਬ ਦੀ ਨੌਵੀਂ ਅਸ਼ਟਪਦੀ ਵਿਚ ਕਰਦੇ ਹਨ। ਇਕ ਬੈਸਨੋ ਹਨ ਜੋ ਖ਼ਾਸ ਖ਼ਾਸ ਚੀਜ਼ਾਂ ਹੀ ਖਾਂਦੇ ਹਨ ਅਤੇ ਕਈਆਂ ਹੋਰ ਸ਼ੈਆਂ ਨੂੰ ਹੱਥ ਤਕ ਨਹੀਂ ਲਗਾਂਦੇ ਕਿ ਉਹ ਵਿਸ਼ਨੂੰ ਦੀਆਂ ਹਨ। ਦੂਜੇ ਉਹ ਵੀ ਆਪਣੇ ਆਪ ਨੂੰ ਅਪਰਸ (ਭਗਉਤੀ) ਅਖਵਾਂਦੇ ਹਨ ਜੋ ਜਗਤ ਛੱਡ ਨਿਰੀ ਪੂਜਾ ਵਿਚ ਲੱਗ ਜਾਂਦੇ ਹਨ। ਇਕ ਹੋਰ ਤਰ੍ਹਾਂ ਦੇ ਵੀ ਅਪਰਸ ਪੰਡਤ ਲੋਕ ਹਨ ਜੋ ਸਿਵਾਇ ਵੇਦਾਂ ਦੇ ਪਾਠ ਤੋਂ ਹੋਰ ਕੋਈ ਵਿੱਦਿਆ ਗ੍ਰਹਿਣ ਕਰਨਾ ਉਚਿਤ ਨਹੀਂ ਸਮਝਦੇ। ਐਸੇ ਵੀ ਅਪਰਸ ਹਨ ਜੋ ਵਰਣਆਸ਼ਰਮ ਵਿਚ ਪੈ ਗਏ ਹਨ ਅਤੇ 'ਕਰਮ, ਧਰਮ, ਕ੍ਰਿਆ' ਵਿਚ ਹੀ ਗ਼ਲਤਾਨ ਰਹਿੰਦੇ ਹਨ। ਉਹ ਵੀ ਇਕ ਪ੍ਰਕਾਰ ਦੇ ਅਪਰਸ ਹਨ ਜਿਨ੍ਹਾਂ ਆਪਣਾ ਨਾਉਂ 'ਧਰਮੀ' ਰਖਵਾ ਲਿਆ ਹੁੰਦਾ ਹੈ। ਇਕ ਹੋਰ ਕਿਸਮ ਦੇ ਅਪਰਸ (ਰਾਮਦਾਸਾ) ਹਨ ਜੋ ਘੁੰਗਰੂ ਬੰਨ੍ਹ ਮੂਰਤੀਆਂ ਅੱਗੇ ਨੱਚ ਨੱਚ ਪਰਗਟ ਕਰਦੇ ਹਨ ਕਿ ਉਨ੍ਹਾਂ ਦਾ ਸਿਵਾਇ ਸ਼ਿਵ ਦੇ ਹੋਰ ਕਿਸੇ ਸ਼ੈ ਨਾਲ ਲਗਾਉ ਨਹੀਂ। ਇਕ ਹੋਰ ਐਸੇ ਅਪਰਸ ਹਨ ਜੋ ਇਹ ਧੁਮਾਈ ਫਿਰਦੇ ਹਨ ਕਿ ਉਨ੍ਹਾਂ ਬੰਧਨਾਂ ਤੋਂ ਛੁਟਕਾਰਾ ਪਾ ਲਿਆ ਹੈ।

ਪਰ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਇਹ ਅਪਰਸ ਨਹੀਂ ਇਹ ਤਾਂ ਸਭ ਅਟਕੇ ਹੋਏ ਲੋਕ ਹਨ। ਸਹੀ 'ਅਪਰਸ' ਪਾਵਨ, ਪਵਿਤਰ, ਅਛੋਹ, ਨਿਰਲੇਪ ਉਹ ਵਿਰਲੇ ਹਨ, ਜਿਨ੍ਹਾਂ ਨੇ ਸਹੀ ਅਰਥਾਂ ਵਿਚ ਉਸ ਦੀ ਹੋਂਦ ਦਾ ਪ੍ਰਕਾਸ਼ ਹਿਰਦੇ ਕਰ ਲਿਆ ਹੈ। ਸਿਮਰਨ ਟੁੱਟਣ ਨਹੀਂ ਦੇਂਦੇ। ਐਸੇ 'ਅਪਰਸ' ਨਾ ਝੂਠ ਦਾ ਸਹਾਰਾ ਲੈਂਦੇ ਹਨ ਅਤੇ ਨਾ ਹੀ ਨਿੰਦਾ ਕਰਨ ਵਿਚ ਰੁਚੀ ਰੱਖਦੇ ਹਨ। ਨਾ ਉਹ ਵਿਭਚਾਰਾਂ ਵਿਚ ਪੈਂਦੇ ਹਨ। ਇਥੋਂ ਤਕ ਕਿ ਮਾੜੇ ਮੰਦੇ ਫੁਰਨੇ ਉਠਣ ਨਹੀਂ ਦੇਂਦੇ। *'ਮਨ ਕੀ ਬਾਸਨਾ ਮਨ ਤੇ ਟਰੈ'।*

ਗੁਰੂ ਜੀ ਸਮਝਾਂਦੇ ਹਨ ਕਿ ਵੈਸ਼ਨੋ *'ਅਪਰਸ'* ਉਹ ਹੈ ਜਿਸ ਜਗਤ ਦੇ ਸੁਖਾਂ ਦੀ ਇੱਛਾ ਮੁਕਾ ਲਈ ਹੁੰਦੀ ਹੈ ਤੇ ਚਿੱਤ ਸਦਾ ਉਸ ਦਾ ਪ੍ਰਭੂ ਦੇ ਗੁਣ ਗਾਉਣ ਨੂੰ ਕਰਦਾ ਹੈ। *'ਭਗਉਤੀ' ਅਪਰਸ* ਉਹ ਹੀ ਹੈ ਜਿਸ ਦੁਸ਼ਟ ਦਾ ਸੰਗ ਛੱਡਿਆ ਹੈ। ਵਹਿਮ ਤਿਆਗੇ ਹਨ ਤੇ ਬਨ-ਖੰਡ ਨਹੀਂ ਫਿਰਦਾ ਸਗੋਂ ਭਾਲ ਕੇ ਸੰਗਤ ਕਰਦਾ ਹੈ। *ਅਪਰਸ 'ਪੰਡਿਤ'*



Sri Satguru Jagjit Singh Ji eLibrary NamdhariElibrary@gmail.com

ਉਹ ਹੈ ਜੋ ਫ਼ਜ਼ੂਲ ਚਰਚਾ ਦੀ ਥਾਂ ਆਤਮਾ ਵਿਚੋਂ ਪ੍ਰਭੂ ਨੂੰ ਭਾਲਦਾ ਹੈ। ਅੰਦਰੋਂ ਹੀ ਸੁਆਦ ਪੈਦਾ ਕਰ ਲੈਂਦਾ ਹੈ ਅਤੇ ਜੋ ਉਪਦੇਸ਼ਦਾ ਹੈ, ਉਹ ਕਮਾਂਦਾ ਵੀ ਹੈ। *'ਕਥਾ ਹਿਰਦੈ ਬਸਾਵੈ'।* ਸਾਰੇ ਜਗਤ ਦਾ ਮੂਲ ਪ੍ਰਭੂ ਨੂੰ ਜਾਣ ਸਭ ਨੂੰ ਸਮਾਨ ਅੱਖ ਨਾਲ ਵੇਖਦਾ ਹੈ। ਧਰਮੀ 'ਅਪਰਸ' ਉਹ ਹੈ ਜਿਸ ਮੁਢਲੀ ਗਿਆਨ ਦੀ ਬਾਤ (ਸਰਬ ਕੋ ਗਿਆਨ) ਜਾਣ ਲਈ ਹੈ ਕਿ ਸਿਮਰਨ ਰਾਹੀਂ ਹੀ ਹਜ਼ੂਰੀ ਦਾ ਪ੍ਰਕਾਸ਼ ਹੋਣਾ ਹੈ ਅਤੇ ਸਿਮਰਨ ਕਰ ਉਸ ਹਜ਼ੂਰੀ ਦਾ ਅਨੰਦ ਪ੍ਰਾਪਤ ਕਰ ਲਿਆ ਹੈ ਅਤੇ ਫਿਰ ਸਾਧ ਸੰਗਤ ਕਦੇ ਨਹੀਂ ਖੁੰਝਾਈ। ਐਸੇ ਨੇ ਮਾਨੋ ਸਭ ਧਰਮ ਕਮਾ ਲਏ।

'ਰਾਮਦਾਸ' ਅਪਰਸ ਉਹ ਹੀ ਹੈ ਜਿਸ ਨੱਚ ਨੱਚ ਪ੍ਰਚੰਡ ਭਗਤੀ (Violent Meditation) ਨਹੀਂ ਕੀਤੀ। ਢੰਡੋਰਾ ਨਹੀਂ ਦੇਈ ਫਿਰਦਾ ਸਗੋਂ ਸੁਆਦ ਨੂੰ ਅੰਦਰ ਮਾਣਿਆ ਹੈ ਅਤੇ ਨਿਮਰਤਾ ਧਾਰੀ ਹੈ। ਰਹਿੰਦਾ ਉਹ ਦੁਨੀਆ ਵਿਚ ਹੀ ਹੈ ਪਰ ਦੁਨੀਆ ਤੋਂ ਉਤਾਂਹ *'ਸਗਲ ਸੰਗਿ, ਆਤਮ ਉਦਾਸ'।*

'ਜੀਵਨ ਮੁਕਤਿ' ਅਪਰਸ ਉਹ ਹਨ ਜੋ ਆਦਰ ਪਾ ਫੁਲ ਫੁਲ ਨਹੀਂ ਪੈਂਦੇ ਅਤੇ ਨਾ ਨਿਰਾਦਰ ਹੋਣ ਤੇ ਨਿੰਮੋਝੂਣੇ ਹੁੰਦੇ ਹਨ। *'ਤੈਸਾ ਮਾਨ, ਤੈਸਾ ਅਭਿਮਾਨ'।* ਆਤਮ ਅਵਸਥਾ ਕਿਸੇ ਦੀ ਮਾਪਣੀ ਹੋਵੇ ਤਾਂ ਸਹੀ ਮਾਪ ਹੈ ਕਿ ਪ੍ਰਭੂ ਨਾਲ ਉਸ ਦਾ ਕਿਤਨਾ ਪਿਆਰ ਹੈ। ਸਿਰਫ਼ ਨਾਂ (ਅਪਰਸ, ਭਗਉਤੀ, ਧਰਮੀ, ਪੰਡਿਤ) ਧਰਾਉਣ ਨਾਲ ਕਿਸੇ ਪ੍ਰਭੂ ਦੀ ਨਜ਼ਰ ਵਿਚ ਵੱਡਾ ਨਹੀਂ ਹੋ ਜਾਣਾ। I◆I

Sri Satguru Jagjit Singh Ji eLibrary NamdhariElibrary@gmail.com

ਸਤਾਈ

# ਪ੍ਰਭੂ ਪਾਉਣ ਦੇ ਰਾਹ

ਕਈਆਂ ਵਿਚੋਂ ਚਾਰ ਮੁੱਖ

ਇਹ ਗੁਰੂ ਅਰਜਨ ਦੇਵ ਜੀ ਦਾ ਹੀ ਕਮਾਲ ਹੈ ਕਿ ਉਹ ਸਹਿਜੇ ਹੀ ਸਾਨੂੰ ਪ੍ਰਭੂ ਪਾਉਣ ਦੇ ਰਾਹ ਦਰਸਾ ਗਏ ਹਨ। ਸੁਖਮਨੀ ਸਾਹਿਬ ਦੀ ਦਸਵੀਂ ਅਸ਼ਟਪਦੀ ਦੀ ਛੇਵੀਂ ਪਉੜੀ ਵਿਚ ਚਾਰ ਰਾਹ ਦਰਸਾ ਕੇ ਨਾਲ ਚਿਤਾਵਨੀ ਦਿੱਤੀ ਹੈ ਕਿ ਕਦੀ ਘਾਲ ਕਮਾਈ ਦਾ ਦਾਅਵਾ ਜਾਂ ਹੰਕਾਰ ਨਹੀਂ ਕਰਨਾ। ਜੋ ਹੰਕਾਰ ਨਾ ਕਰਨ ਤੇ ਦਾਅਵਾ ਤਕ ਪੇਸ਼ ਨਾ ਕਰਨ ਉਨ੍ਹਾਂ ਤੇ ਇਤਨੀ ਮਿਹਰ ਹੁੰਦੀ ਹੈ ਕਿ ਮਾਯੂਸੀ ਦਾ ਮੂੰਹ ਕਦੇ ਤੱਕਣਾ ਨਹੀਂ ਪੈਂਦਾ। ਸਦਾ ਖੇੜਾ ਬਣਿਆ ਰਹਿੰਦਾ ਹੈ :

*ਜਿਨ ਕਉ ਹੋਏ ਆਪਿ ਸੁਪ੍ਰਸੰਨ॥*
*ਨਾਨਕ ਤੇ ਜਨ ਸਦਾ ਧਨਿ ਧੰਨਿ॥*

ਪੰਚਮ ਪਿਤਾ ਨੇ ਇਹ ਚਾਰ ਰਾਹ ਪ੍ਰਭੂ ਪਾਉਣ ਦੇ ਦਰਸਾਏ ਹਨ :

*ਇਕ ਹੈ* : ਮਾਇਆ ਦਾ ਪ੍ਰਭਾਵ ਆਪਣੇ 'ਤੇ ਨਾ ਪੈਣ ਦੇਣਾ। ਇਸ ਨਾਲ ਭਟਕਣਾ ਮੁਕਦੀ ਹੈ ਤੇ ਮਨ ਇਕਾਗਰ ਹੁੰਦਾ ਹੈ ਤੇ ਹਿਰਦੇ ਵਿਚ ਹਜ਼ੂਰੀ ਦਾ ਪ੍ਰਕਾਸ਼ ਹੁੰਦਾ ਹੈ।

*'ਰਾਮ ਨਾਮ ਸੰਗਿ ਤਿਨਿ ਲਿਵ ਲਾਗੀ।'*

*ਦੂਜਾ ਹੈ* : ਹਿਰਦੇ ਵਿਚ ਹੀ ਪ੍ਰਭੂ ਨੂੰ ਪਾਉਣਾ। ਮਨ ਨੂੰ ਬਾਹਰ ਜਾਣ ਤੋਂ ਰੋਕਣਾ। ਮਨ ਟਿਕਿਆਂ ਪ੍ਰਭੂ ਅੰਦਰੋਂ ਹੀ ਦਿੱਸ ਪੈਂਦਾ ਹੈ।

*"ਆਤਮ ਮਹਿ ਪਾਰਬ੍ਰਹਮ ਲਹੰਤੇ।'*

*ਤੀਜਾ ਹੈ* : ਹੋਰ ਸਭ ਭੁੱਖਾਂ ਤ੍ਰਿਸ਼ਨਾਵਾਂ ਮੁਕਾ ਕੇ ਕੇਵਲ ਪ੍ਰਭੂ ਦੇ ਦਰਸ਼ਨਾਂ ਦੀ ਤ੍ਰੇਹ ਲੱਗ ਜਾਣੀ। ਹੋਰ ਤ੍ਰਿਸ਼ਨਾਵਾਂ ਦਾ ਜ਼ੋਰ ਨਾ ਪੈਣ ਦੇਣਾ।

ਇਸ ਤਰ੍ਹਾਂ ਪ੍ਰਭੂ ਆ ਕੇ ਆਪੂੰ ਦਰਸ਼ਨ ਦੇਂਦਾ ਹੈ।

*'ਕਈ ਕੋਟ ਦਰਸਨ ਪ੍ਰਭ ਪਿਆਸ॥*
*ਤਿਨ ਕਉ ਮਿਲਿਓ ਪ੍ਰਭੁ ਅਬਿਨਾਸ਼॥*

*ਚੌਥਾ ਹੈ* : ਸਤਿਸੰਗ ਕਰਨਾ। ਇਸ ਨਾਲ ਹਿਰਦਾ ਪ੍ਰਭੂ ਦੇ ਪਿਆਰ ਵਿਚ ਰੰਗਿਆ ਜਾਂਦਾ ਹੈ। ਪ੍ਰਭੂ ਦੇ ਗੁਣ ਸੁਣ-ਸੁਣ ਹਿਰਦਾ ਗੁਣਾਂ ਵਾਲਾ ਹੀ ਹੋ ਜਾਂਦਾ ਹੈ। ਪੁੱਗਿਆਂ ਦੀ ਸੰਗਤ ਪ੍ਰਭੂ ਨਾਲ ਮਿਲਾਪ ਕਰਾਉਣ ਜੋਗ ਹੈ।



Sri Satguru Jagjit Singh Ji eLibrary NamdhariElibrary@gmail.com

*ਕਈ ਕੋਟਿ ਮਾਗਹਿ ਸਤ ਸੰਗੁ।*
*ਪਾਰਬ੍ਰਹਮ ਤਿਨ ਲਾਗਾ ਰੰਗੁ।*

ਪਰ ਸਭ ਤੋਂ ਉੱਤਮ ਰਾਹ ਹੈ ਜਿਸ ਤੇ ਵਿਰਲੇ ਹੀ ਟੁਰਦੇ ਹਨ ਕਿ ਆਪਣੀ ਕਿਸੇ ਘਾਲ ਕਮਾਈ ਦਾ ਅਹੰਕਾਰ ਜਾਂ ਦਾਅਵਾ ਨਾ ਕਰਨਾ। ਉਨ੍ਹਾਂ ਤੇ ਪ੍ਰਭੂ ਆਪੂੰ ਖ਼ੁਸ਼ ਹੋ ਕੇ ਮਿਹਰਾਂ ਕਰਦਾ ਹੈ। ਇਹ ਮਿਹਰ ਫਿਰ ਖੁਸਦੀ ਵੀ ਨਹੀਂ। ਸਦਾ ਅਨੰਦ ਬਣਿਆ ਰਹਿੰਦਾ ਹੈ। ।◆।

Sri Satguru Jagjit Singh Ji eLibrary NamdhariElibrary@gmail.com

# ਅਠਾਈ

# ਸਨਮੁਖਿ ਤੇ ਮਨਮੁਖਿ

ਭਾਈ ਗੁਰਦਾਸ ਜੀ ਦੇ ਸਾਡੇ ਤੇ ਕਿਤਨੇ ਹੀ ਪਰਉਪਕਾਰ ਹਨ। ਇਕ ਹੈ : ਆਪ ਜੀ ਨੇ ਗੁਰੂ ਅਰਜਨ ਦੇਵ ਜੀ ਦੀ ਆਗਿਆ ਨਾਲ ਸਾਹਿਬ ਗੁਰੂ ਗ੍ਰੰਥ ਸਾਹਿਬ ਹੱਥੀਂ ਲਿਖਿਆ। ਦੂਜਾ : ਭਾਈ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਗੁੱਝੇ ਭੇਦਾਂ ਨੂੰ ਖੋਲ੍ਹਣ ਲਈ ਵਾਰਾਂ ਰੂਪੀ ਚਾਬੀ ਤਿਆਰ ਕੀਤੀ ਅਤੇ ਤੀਜਾ : ਇਤਿਹਾਸ ਨੂੰ ਆਪਣੀ ਹੱਥੀਂ ਕਲਮਬੰਦ ਕਰਕੇ ਸਾਨੂੰ ਸੰਭਾਲਣ ਦੀ ਜਾਚ ਸਿਖਲਾਈ। ਗੁਰੂ ਨਾਨਕ ਦੇਵ ਜੀ ਤੇ ਗੁਰੂ ਹਰਿਗੋਬਿੰਦ ਜੀ ਤਕ ਸਭ ਉੱਘੇ ਸਿੱਖਾਂ ਬਾਰੇ ਗਿਆਰਵੀਂ ਵਾਰ ਲਿਖੀ।

**ਫ਼ਰਕ**

ਗੁਰੂ ਨਾਨਕ ਦੇਵ ਜੀ ਵਾਲੀ ਸਿੱਖਾਂ ਦੀ ਸੂਚੀ ਵਿਚ ਭਾਈ ਗੁਰਦਾਸ ਜੀ ਨੇ ਭਾਈ ਕਾਲੂ, ਭਾਈ ਭਗਤਾ, ਜਾਪੂ ਅਤੇ ਭਾਈ ਬਿਧੀ ਚੰਦ ਦਾ ਜ਼ਿਕਰ ਕੀਤਾ ਹੈ। ਭਾਈ ਕਾਲੂ ਜੀ ਬਾਰੇ ਲਿਖਿਆ ਕਿ ਕਾਲੂ ਖੱਤਰੀ ਗੁਰੂ ਜੀ ਦੀ ਅਸੀਸ ਲੈ ਕੇ ਸਨਮੁਖਿ ਹੋਏ ਅਤੇ ਗੁਰਬਾਣੀ ਦੇ ਦੱਸੇ ਰਾਹ ਟੁਰ ਦਰਗਾਹ ਵਿਚ ਸ਼ਾਬਾਸ਼ ਲਈ।

*'ਸਨਮੁਖਿ ਕਾਲੂ ਆਸ ਧਾਰ,*
*ਗੁਰਬਾਣੀ ਦਰਬਾਰ ਸਾਬਾਸੀ'।*

ਭਾਈ ਕਾਲੂ ਜੀ ਨੇ ਪੁੱਛਿਆ : ਮਹਾਰਾਜ ! ਸਨਮੁਖ ਤੇ ਮਨਮੁਖ ਦਾ ਅੰਤਰ ਸਮਝਾਵੋ। ਤਾਂ ਬਚਨ ਹੋਇਆ : ਜੋ ਪਾਪਾਂ ਨੂੰ ਪਿੱਠ ਦਿੰਦੇ ਹੈਨਿ ਤੇ ਪੁੰਨਾਂ ਦੇ ਸਾਹਮਣੇ ਹੁੰਦੇ ਹਨ ਸੋ ਸਨਮੁਖ ਹੈਨਿ। ਫਿਰ ਵਿਆਖਿਆ ਕਰਦੇ ਮਹਾਰਾਜ ਨੇ ਕਹਿਆ ਕਿ ਸਨਮੁਖਾਂ ਦੀਆਂ ਖ਼ਾਹਿਸ਼ਾਂ ਪਾਵਨ ਤੇ ਨੇਕ ਹੁੰਦੀਆਂ ਹਨ।

*ਦੂਜੇ,* ਉਹ ਦੂਜਿਆਂ ਦੀ ਉਪਮਾ ਸੁਣ ਕੇ ਪ੍ਰਸੰਨ ਹੁੰਦੇ ਹਨ।

*ਤੀਜੇ,* ਉਹ ਸੇਵਾ ਕਰਕੇ ਖ਼ੁਸ਼ ਹੁੰਦੇ ਹਨ।

*ਚੌਥੇ,* ਜਿਹੜੇ ਉਨ੍ਹਾਂ ਨੂੰ ਵਿੱਦਿਆ ਅਤੇ ਨੇਕ ਸਲਾਹ ਦੇ ਸਕਦੇ ਹਨ, ਉਨ੍ਹਾਂ ਦਾ ਮਾਣ ਕਰਦੇ ਹਨ।

*ਪੰਜਵੇਂ,* ਜਿਵੇਂ ਕੁਝ ਸਮੇਂ ਬਾਅਦ ਫਿਰ ਰੋਟੀ ਖਾਣ ਦੀ ਲਾਲਸਾ ਤੇ ਨਸ਼ੇ ਦੀ ਤੋਟ ਮਹਿਸੂਸ ਹੁੰਦੀ ਹੈ, ਇਸੇ ਤਰ੍ਹਾਂ ਸਨਮੁਖਾਂ ਨੂੰ ਗੁਰਬਾਣੀ ਤੇ ਬ੍ਰਹਮ ਗਿਆਨ ਦੀ ਲਾਲਸਾ ਹੁੰਦੀ ਹੈ।

*ਛੇਵੇਂ,* ਸਨਮੁਖ ਨਿਜ-ਨਾਰੀ ਨਾਲ ਸਨੇਹ ਕਰਦੇ ਹਨ ਅਤੇ ਪਰ-ਇਸਤਰੀ ਦਾ ਤਿਆਗ



Sri Satguru Jagjit Singh Ji eLibrary NamdhariElibrary@gmail.com

ਕਰਦੇ ਹਨ।

*ਸਤਵੇਂ* ਜਿਨ੍ਹਾਂ ਗੱਲਾਂ ਤੇ ਝਗੜੇ ਉਤਪੰਨ ਹੋਣ ਦਾ ਡਰ ਹੋਵੇ ਉਨ੍ਹਾਂ ਤੋਂ ਲਾਂਭੇ ਰਹਿੰਦੇ ਹਨ।

*ਅਠਵੇਂ.* ਸਨਮੁਖ ਉਨ੍ਹਾਂ ਦੀ ਸੇਵਾ ਕਰਦੇ ਹਨ, ਜੋ ਭਗਤੀ ਵਿਚ ਉੱਚੇ ਹਨ।

*ਨੌਵੇਂ.* ਸਨਮੁਖ ਭਾਵੇਂ ਉੱਚੀ ਥਾਂ ਬੈਠੇ ਹੋਣ ਤਾਂ ਵੀ ਅਭਿਮਾਨੀ ਨਹੀਂ ਹੁੰਦੇ, ਦੂਜਿਆਂ ਨਾਲ ਧੱਕਾ ਨਹੀਂ ਕਰਦੇ।

*ਦਸਵੇਂ* ਸਨਮੁਖ ਖੋਟੀ ਸੰਗਤ ਨੂੰ ਛੱਡ ਕੇ ਸੰਤਾਂ ਦੀ ਸੰਗਤ ਕਰਦੇ ਹਨ। ਭਾਈ ਕਾਲੂ ਨੇ ਸਾਰੀ ਸਿੱਖਿਆ ਪੱਲੇ ਬੰਨ੍ਹ ਲਈ ਤੇ ਇਸੇ ਪ੍ਰਕਾਰ ਵਰਤਣ ਲੱਗਾ।

ਫਿਰ ਅਗਲੀ ਪਉੜੀ ਵਿਚ ਭਾਈ ਗੁਰਦਾਸ ਜੀ ਨੇ ਓਹਰੀ ਜਾਤ ਦੇ ਭਾਈ ਭਗਤਾ, ਜਾਪੂ ਤੇ ਵੰਸੀ ਜੀ ਨੂੰ ਥਾਂ ਦਿੱਤੀ ਹੈ :

*'ਭਗਤੁ ਜੋ ਭਗਤਾ ਓਹਰੀ ਜਾਪੂ, ਵੰਸ ਸੇਵ ਕਮਾਵੈ।'*

ਇਹ ਦੋਵੇਂ ਹੀ ਗੁਰੂ ਨਾਨਕ ਜੀ ਪਾਸ ਆਏ ਤੇ ਅਰਦਾਸ ਕੀਤੀ, ਮਹਾਰਾਜ ਜਿਹੜੇ ਅਧਿਕਾਰੀ ਹੈਨਿ ਉਨ੍ਹਾਂ ਦਾ ਤਾਂ ਵਿੱਦਿਆ ਕਰ ਕੇ, ਗਿਆਨ ਕਰਕੇ ਉਧਾਰ ਹੋਇਆ ਪਰ ਜੋ ਅਸੀਂ ਪੜ੍ਹ ਸੁਣ ਕੁਝ ਨਹੀਂ ਜਾਣਦੇ, ਅਸਾਡਾ ਉਧਾਰ ਕਿਉਂ ਕਰ ਹੋਵੇ? ਬਚਨ ਹੋਇਆ : ਜੇ ਤੁਸੀਂ ਮਨਮੁਖਾਂ ਦੇ ਕਰਮਾਂ ਦਾ ਤਿਆਗ ਕਰੋ ਤੇ ਸਿੱਖਾਂ ਦੀ ਟਹਿਲ ਕਰੋ, ਤਾਂ ਤੁਹਾਡਾ ਵੀ ਕਲਿਆਣ ਹੋਵੇਗਾ। ਜਦ ਉਨ੍ਹਾਂ ਮਨਮੁਖਾਂ ਦੇ ਕਰਮ ਪੁੱਛੇ ਤਾਂ ਬਾਬਾ ਬੋਲਿਆ ਚਾਰ ਸਾਖੀਆਂ ਮਨਮੁਖਾਂ ਦੀਆਂ ਹੈਨਿ।

*ਪ੍ਰਥਮੇ* ਈਰਖਾ। ਇਹ ਖ਼ਾਹਿਸ਼ ਕਰਨੀ ਕਿ ਦੁਨੀਆ ਦਾ ਸਾਰਾ ਧਨ ਅਤੇ ਸਾਰੇ ਸੁਖ ਦੂਜਿਆਂ ਨੂੰ ਨਾ ਮਿਲ ਕੇ ਮੈਨੂੰ ਮਿਲ ਜਾਣ। ਦੂਜਿਆਂ ਦੀ ਜਾਇਦਾਦ, ਸੁਹਣੇ ਮਕਾਨਾਂ ਨੂੰ ਵੇਖ ਕੇ ਦਿਲ ਵਿਚ ਸੜਨਾ ਤੇ ਦੁੱਖ ਮਨਾਉਣਾ। ਸਭ ਨੂੰ ਆਪਣਾ ਵੈਰੀ ਸਮਝਣਾ ਅਤੇ ਕਿਸੇ ਨਾਲ ਨੇਕੀ ਨਾ ਕਰਨੀ। ਸਦਾ ਬੁਰਾਈ ਕੱਢਣੀ।

*ਦੂਜੇ,* ਅਕੜਣਾ, ਆਕੜਨਾ। ਹਉਮੈ ਕਰਨੀ: ਮਨਮੁਖ ਦੀ ਨਿਸ਼ਾਨੀ ਹੈ। ਮਨਮੁਖ ਹੰਕਾਰੀ ਅਤੇ ਨਿਰਦਈ ਹੁੰਦਾ ਹੈ। ਜਦ ਮਨਮੁਖ ਦੇਖਦਾ ਹੈ ਕਿ ਕੋਈ ਆਦਮੀ ਉਸ ਨਾਲੋਂ ਘੱਟ ਸਮਝ ਰੱਖਦਾ ਹੈ ਤਾਂ ਉਸ ਨੂੰ ਸਮਝਾਉਂਦਾ ਨਹੀਂ ਸਗੋਂ ਉਸ ਤੇ ਹੱਸਦਾ ਤੇ ਉਸ ਨਾਲ ਘ੍ਰਿਣਾ ਵਾਲਾ ਵਰਤਾਉ ਕਰਦਾ ਹੈ ਤੇ ਕਹਿੰਦਾ ਹੈ : *'ਉਹ ਮੇਰੀ ਉੱਚੀ ਅਕਲ ਦੇ ਬਰਾਬਰ ਦਾ ਨਹੀਂ।'*

*ਤੀਜੇ,* ਮਨਮੁਖ ਦਾ ਸੁਭਾਉ ਨਿੰਦਾ ਹੈ। ਜੇ ਕਦੇ ਕੋਈ ਆਦਮੀ ਆਪਣੇ ਤੋਂ ਵੱਡੇ ਦੀ ਉਪਮਾ ਕਰੇ ਤਾਂ ਮਨਮੁਖ ਨਹੀਂ ਸਹਾਰ ਸਕਦਾ, ਸਗੋਂ ਕ੍ਰੋਧ ਵਿਚ ਆ ਕੇ ਆਖਦਾ ਹੈ : 'ਜੀ ਹਾਂ, ਮੈਂ ਉਸ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ।'

ਚੌਥੇ, ਮਨਮੁਖ ਦਾ ਲੱਛਣ ਹੈ ਹੱਠ ਬ੍ਰਿਤੀ। ਕੋਈ ਉਪਦੇਸ਼ ਮਨਮੁਖ ਨੂੰ ਦੇਵੋ ਤਾਂ ਉਹ ਸੁਣੇਗਾ ਹੀ ਨਹੀਂ। ਇਹ ਮੰਦ ਕਰਮ, ਈਰਖਾ, ਹੰਕਾਰ, ਨਿੰਦਾ, ਹਠ ਧਰਮ ਮਨਮੁਖ ਵਿਚ ਹੁੰਦੇ ਹਨ। ਇਨ੍ਹਾਂ ਬੁਰਿਆਈਆਂ ਨੂੰ ਇਸ ਤਰ੍ਹਾਂ ਤਿਆਗ ਦੇਵੇ ਜਿਵੇਂ ਪੱਤਝੜ ਦੀ ਰੁੱਤ ਵਿਚ ਬ੍ਰਿਛ ਆਪਣੇ ਪੱਤਿਆਂ ਨੂੰ ਤਿਆਗ ਦੇਂਦੇ ਹਨ। **।◆।**

Sri Satguru Jagjit Singh Ji eLibrary NamdhariElibrary@gmail.com

ਉਨੱਤੀ

# ਅਸਲ ਜੋਗ

ਕੁਡਾਪਾ ਤੋਂ ਗੁਰੂ ਨਾਨਕ ਦੇਵ ਜੀ ਪਾਲੀਪੁਰ ਪੁੱਜੇ ਜਿਥੇ ਜੋਗੀਆਂ ਦਾ ਪ੍ਰਸਿੱਧ ਮੱਠ ਹੈ।

**ਸਤਿ, ਸੰਤੋਖ, ਸਤਿਸੰਗ ਅਤੇ ਮਨ 'ਤੇ ਕਾਬੂ**

ਕੰਨਪਾਟੇ ਜੋਗੀ ਉਥੇ ਰਹਿੰਦੇ ਸਨ। ਉਹਨਾਂ ਨੇ ਗੁਰੂ ਨਾਨਕ ਜੀ ਨੂੰ ਗੋਰਖ ਦਾ ਭੇਖ ਧਾਰਨ ਲਈ ਕਿਹਾ ਤਾਂ ਗੁਰੂ ਜੀ ਨੇ ਬਿਬੇਕ, ਬੈਰਾਗ, ਖ਼ਿਮਾ, ਗਿਆਨ, ਵਹਿਮ, ਸਿਮਰਨ, ਧਿਆਨ, ਦ੍ਰਿੜ੍ਹ ਵਿਚਾਰ ਤੇ ਏਕੰਕਾਰ ਤੇ ਯਕੀਨ ਰੱਖਣ ਲਈ ਬਚਨ ਕੀਤੇ। ਐਸਾ ਪ੍ਰਭਾਵ ਪਾਇਆ ਉਹਨਾਂ 'ਤੇ ਕਿ ਸਿੰਗੀ, ਸੇਲੀ ਛੱਡ ਕੇ ਗੁਰੂ ਸ਼ਬਦ ਗਾਉਣ ਲੱਗੇ।

ਇਹ ਸੁਣ ਤੇ ਦੇਖ ਸਿੱਧਾਂ ਦੇ ਆਗੂ ਮੰਗਲ ਨਾਥ ਨੇ ਆ ਬੇਨਤੀ ਕੀਤੀ ਕਿ ਸਿੱਧਾਂ ਦਾ ਬਲ ਸਭਨਾਂ ਤੇ ਰਿਹਾ ਹੈ। ਤੁਧ ਸਿੱਧਾਂ 'ਤੇ ਵੀ ਆਪਣਾ ਬਲ ਪਾਇਆ ਹੈ। ਤੁਸੀਂ ਵੱਡੇ ਸਚਿਆਰ ਪੁਰਖ ਹੋ। ਕ੍ਰਿਪਾ ਕਰਕੇ ਇਹ ਦੱਸੋ ਕਿ ਮਨ ਗਿਆਨ ਰਾਹੀਂ ਕਾਬੂ ਆ ਸਕਦਾ ਹੈ ਜਾਂ ਜੋਗ ਰਾਹੀਂ। ਗੁਰੂ ਨਾਨਕ ਜੀ ਨੇ ਫ਼ਰਮਾਇਆ :

'ਆਤਮਕ ਦ੍ਰਿਸ਼ਟਾ ਇਕ ਐਸਾ ਪੰਖੀ ਹੈ ਜੋ ਦੋ ਖੰਭਾਂ ਦੀ ਸਹਾਇਤਾ ਨਾਲ ਉਡਾਰੀ ਲਗਾ ਸਕਦਾ ਹੈ। ਇਕ ਖੰਭ ਪ੍ਰੇਮ ਦਾ ਹੈ ਅਤੇ ਦੂਜਾ ਆਤਮਾ-ਸਾਧਨਾ ਦਾ। ਇਕ ਖੰਭ ਨਾਲ ਆਤਮਕ ਉਡਾਰੀ ਨਹੀਂ ਲੱਗਦੀ। ਜੋਗੀ ਜੋਗ ਸਾਧਨਾ ਰਾਹੀਂ ਪ੍ਰੇਮ-ਤਪੱਸਿਆ ਕਰਦੇ ਹਨ ਪਰ ਲਾਭ ਕੋਈ ਨਹੀਂ। ਗ੍ਰਿਹਸਤੀ ਸੇਵਾ ਤੇ ਉਪਾਸਨਾ ਰਾਹੀਂ। ਮਨ ਸੱਚੇ ਸ਼ਬਦ ਗਿਆਨ ਵਿਚ ਇਸ਼ਨਾਨ ਕਰ ਕੇ ਹੀ ਨਿਰਮਲ ਹੋ ਸਕਦਾ ਹੈ, ਇਹ ਹੈ ਸੱਚਾ ਜੋਗ ਜਿਸ ਦੇ ਚਾਰ ਅੰਗ ਹਨ :

ਸਤਿ, ਸੰਤੋਖ ਸਤਿਸੰਗ ਤੇ ਹਸਬਦਮ (ਮਨ 'ਤੇ ਕਾਬੂ)

ਆਪ ਜੀ ਜਿਥੇ ਦੱਖਣ ਦੇ ਲੋਕਾਂ ਨੂੰ 'ਪਤਿ ਵਿਣ ਪੂਜਾ, ਸਤਿ ਵਿਣ ਸੰਜਮ, ਜਤ ਵਿਣੁ ਕਾਹੇ ਜਨੇਊ', ਅਤੇ 'ਨਾਵਹੁ, ਧੋਵਹੁ, ਤਿਲਕ ਚੜਾਵਹੁ, ਸਚ ਬਿਨ ਸੋਚ ਨਾ ਹੋਈ' ਦਾ ਉਪਦੇਸ਼ ਦੇ ਰਹੇ ਸਨ, ਉਥੇ ਕਿਰਤ ਕਰਨ ਤੇ ਵੰਡ ਕੇ ਛਕਣ ਦਾ ਵੀ ਪ੍ਰਚਾਰ ਕਰਦੇ ਰਹੇ। ।◆।



Sri Satguru Jagjit Singh Ji eLibrary NamdhariElibrary@gmail.com

## ਤੀਹ

# ਵਿਸ਼ਾਲ ਹਿਰਦੇ ਵਾਲਾ ਸੰਤ ਅਤੇ ਥੋੜ੍ਹ-ਚਿੱਤਾ ਹੰਕਾਰੀ

### ਟਾਕਰਾ

ਹਉਂ ਦਾ ਇਕ ਹੋਰ ਰੂਪ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਦੀ ਤੇਰ੍ਹਵੀਂ ਅਸ਼ਟਪਦੀ ਵਿਚ ਚਿਤ੍ਰਦੇ ਦੱਸਿਆ ਹੈ ਕਿ *ਹੰਕਾਰੀ ਨਿੰਦਿਆ ਵਿਚ ਜੀਂਦਾ ਹੈ।* ਨਿੰਦਾ ਤਾਂ ਕਿਸੇ ਦੀ ਵੀ ਚੰਗੀ ਨਹੀਂ ਹੁੰਦੀ ਪਰ ਹੰਕਾਰੀ ਤਾਂ ਨਿੰਦਿਆ ਕਰਨ ਨੂੰ ਸੇਵਾ ਹੀ ਬਣਾ ਲੈਂਦਾ ਹੈ ਅਤੇ ਅਥਾ-ਤਥਾ ਬੋਲੀ ਜਾਂਦਾ ਹੈ ਤੇ ਜਿਸ ਪੁੱਗ-ਪੁੱਜੇ ਪਾਰਸ ਦੇ ਪਾਸ ਬੈਠਿਆਂ, ਸੰਗ ਕੀਤਿਆਂ ਹਉਂ ਹਟਣੀ ਹੈ, ਉਸੇ ਦੀ ਨਿੰਦਿਆ ਕਰਨੀ ਅਰੰਭ ਕਰ ਦੇਂਦਾ ਹੈ। ਹੰਕਾਰੀ-ਨਿੰਦਕ ਭੁੱਲ ਹੀ ਜਾਂਦਾ ਹੈ ਕਿ ਭਲੇ ਪੁਰਸ਼ਾਂ ਦੀ ਨਿੰਦਾ ਦਾ ਸਿੱਟਾ ਇਹ ਨਿਕਲ ਰਿਹਾ ਹੈ ਕਿ ਆਪਣੀ ਮੌਤ ਨੂੰ ਆਵਾਜ਼ਾਂ ਪਿਆ ਮਾਰਦਾ ਹੈ। *'ਆਰਜਾ ਘਟੈ'*।ਪਲ ਪਲ ਮਰਦਾ ਹੈ। *'ਜਮ ਤੇ ਨਹੀ ਛੁਟੈ'*। ਸੋਚ ਮਾੜੀ ਅਤੇ ਹਿਰਦਾ ਮੈਲਾ ਕਰ ਲੈਂਦਾ ਹੈ। ਆਪਣੀ ਸ਼ਕਲ ਹੀ ਵਿਗਾੜ ਲੈਂਦਾ ਹੈ। ਮੁੱਖ ਦਾ ਤੇਜ ਹੀ ਅਲੋਪ ਹੋ ਜਾਂਦਾ ਸੂ। ਹਰ ਵੇਲੇ ਤ੍ਰਿਸ਼ਨਾ ਵਿਚ ਪਏ ਹੋਣ ਕਾਰਨ 'ਲਉਂ ਲਉਂ' ਹੀ ਕਰਦਾ ਰਹਿੰਦਾ ਹੈ।

ਵਤੀਰਾ ਵੀ ਘਟੀਆ ਹੋ ਜਾਂਦਾ ਹੈ। ਅੱਤ ਹੀ ਚੁੱਕੀ ਰੱਖਦਾ ਹੈ। ਰੋਗ-ਗ੍ਰਸਤ ਹੀ ਰਹਿੰਦਾ ਹੈ। ਸਭ ਉਸ ਤੋਂ ਦੂਰ ਭੱਜਦੇ ਹਨ ਕਿਉਂਕਿ ਉਹ ਕਿਸੇ ਦਾ ਦੋਸਤ ਤਾਂ ਹੋ ਹੀ ਨਹੀਂ ਸਕਦਾ। ਆਪਣੇ ਹੀ ਹੰਕਾਰ ਵਿਚ ਸੜਦਾ ਰਹਿੰਦਾ ਹੈ। ਇਤਨੀ ਦੌੜ-ਭੱਜ ਕਰਨ ਦੇ ਬਾਵਜੂਦ ਕੰਮ ਪੂਰਾ ਹੋਣਾ ਤਾਂ ਇਕ ਪਾਸੇ, ਅਰੰਭ ਹੀ ਨਹੀਂ ਹੁੰਦਾ। *'ਜਣ ਕਿਛੁ ਨਾਹਿ'*। ਹੰਕਾਰੀ ਅੰਦਰੋਂ ਖੋਖਲਾ ਹੁੰਦਾ ਹੈ। ਰਾਹੋਂ ਕੁਰਾਹੇ ਪਿਆ ਰਹਿੰਦਾ ਹੈ। *'ਉਝੜਿ ਪਾਈਐ'*। ਤੜਫਦਾ, ਤਰਸਦਾ ਤੇ ਸਿਸਕੀਆਂ ਹੀ ਲੈਂਦਾ ਰਹਿੰਦਾ ਹੈ। ਇਕੱਲਾ ਹੀ ਰਹਿ ਜਾਂਦਾ ਹੈ। ਸ਼ਾਂਤੀ ਹੀ ਨਹੀਂ ਮਿਲਦੀ ਸੂ।

ਸਵਾਲ ਉਠਦਾ ਹੈ ਐਸਾ ਕਿਉਂ ਹੋਆ ? ਇਸ ਬਾਰੇ ਵੀ ਕੋਈ ਕਹਿ ਨਹੀਂ ਸਕਦਾ ਕਿਉਂਕਿ ਨਿੰਦਕ ਦੀ ਕਿਰਤ ਵੀ ਧੁਰੋਂ ਹੀ ਮਿਲੀ ਹੈ ਜੋ ਵਾਹਿਗੁਰੂ ਦੀ ਆਪਣੀ ਖੇਡ ਦਾ ਹਿੱਸਾ ਹੈ ਜਿਸ ਵਿਚ ਸਾਡੇ ਜੀਵਾਂ ਦਾ ਕੋਈ ਦਖ਼ਲ ਨਹੀਂ। *'ਦੂਸਰ ਕਉਨ ਕਰੈ ਬੀਚਾਰ'*।ਪਰ ਪੁੱਗੇ-ਪੁੱਜੇ ਤੱਤ-ਪਾਏ ਪੁਰਸ਼ ਦੀ ਵਡਿਆਈ ਇਹ ਹੈ ਕਿ ਐਸੇ ਸੋਚ ਮਾੜੀ, ਮੰਦੇ ਸੁਭਾਅ, ਵਤੀਰੇ ਘਟੀਆ, ਸ਼ਕਲੋਂ ਵਿਗੜੇ, ਅੰਦਰੋਂ ਖੋਖਲੇ, ਤ੍ਰਿਸ਼ਨਾਲੂ, ਤੜਫਦੇ ਤੇ ਹਉਕਾ ਭਰਦੇ ਨੂੰ ਵੀ ਖ਼ਿਮਾ ਬਖ਼ਸ਼ ਕੇ, ਸਹੀ ਰਾਹੇ ਪਾ ਜੀਵਨ ਦਾ ਮਨੋਰਥ ਸਮਝਾ ਦੇਂਦਾ ਹੈ ਅਤੇ ਹਉਮੈ ਦਾ ਅਭਾਵ ਕਰਕੇ ਨਿੰਦਿਆ ਤੋਂ ਛੁਟਕਾਰਾ ਦਿਲਵਾ, ਗੁਣ ਗਾਉਣ ਵਲ ਲਗਾ ਦੇਂਦਾ ਹੈ ਤੇ ਹਜ਼ੂਰੀ ਦਾ ਅਨੰਦ ਮਾਣਨ ਯੋਗ ਬਣਾ ਦੇਂਦਾ ਹੈ। ਕੈਸਾ ਟਾਕਰਾ ਕੀਤਾ ਨੇ ਵਿਸ਼ਾਲ ਹਿਰਦੇ ਵਾਲੇ ਸੰਤ ਤੇ ਥੋੜ੍ਹ-ਚਿੱਤੇ ਹੰਕਾਰੀ ਨਿੰਦਕ ਦਾ। ।◆।



Sri Satguru Jagjit Singh Ji eLibrary NamdhariElibrary@gmail.com

# ਇਕੱਤੀ

# ਪ੍ਰਭ ਹਰਿਮੰਦਰ ਸੋਹਣਾ

ਗੁਰੂ ਪਾਤਸ਼ਾਹ ਮਹਾਨ ਨਿਰਮਾਤਾ ਤੇ ਉੱਚ ਕੋਟੀ ਦੇ ਉਸਰੱਈਏ ਸਨ। ਗੁਰੂ ਨਾਨਕ ਨੇ

### ਹਰਿਮੰਦਰ ਸਾਹਿਬ ਇਕ ਇਮਾਰਤ ਨਹੀਂ

ਕਰਤਾਰਪੁਰ ਉਸਾਰਿਆ, ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਵਸਾਇਆ, ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਦੀ ਉਸਾਰੀ ਕੀਤੀ ਤੇ ਗੁਰੂ ਰਾਮਦਾਸ ਜੀ ਨੇ ਸ੍ਰੀ ਅੰਮ੍ਰਿਤਸਰ ਦੀ ਅਸਥਾਪਨਾ ਕੀਤੀ। ਗੁਰੂ ਅਰਜਨ ਦੇਵ ਜੀ ਤਾਂ ਹਰ ਸਮੇਂ ਉਸਾਰੀ ਦੇ ਕਾਰਜਾਂ ਵਿਚ ਹੀ ਜੁਟੇ ਰਹੇ। ਸ੍ਰੀ ਅੰਮ੍ਰਿਤਸਰ ਨੂੰ ਵਧਾਉਣਾ, ਤਰਨਤਾਰਨ, ਕਰਤਾਰਪੁਰ (ਜਲੰਧਰ) ਦੇ ਨਗਰ ਹੱਥੀਂ ਉਸਾਰ ਵਸਾਉਣੇ, ਅੰਮ੍ਰਿਤਸਰ ਪੱਕਿਆਂ ਕਰਨਾ, ਸੰਤੋਖਸਰ, ਰਾਮਸਰ, ਲਾਹੌਰ ਦੀ ਬਾਉਲੀ, ਬੀਬੀ ਭਾਨੀ ਦਾ ਖੂਹ ਅਤੇ ਗੁਰੂ ਦਾ ਖੂਹ ਤਰਨ ਤਾਰਨ ਲਾਗੇ, ਛੇਹਰਟਾ ਖੂਹ ਵਡਾਲੀ ਲਾਗੇ, ਗੰਗਸਰ ਕੂਆਂ (ਕਰਤਾਰਪੁਰ), ਦੀਵਾਨ ਖਾਨੇ ਲਾਹੌਰ, ਅੰਮ੍ਰਿਤਸਰ ਅਤੇ ਕਰਤਾਰਪੁਰ, ਗੁਰੂ ਕਾ ਮਹਲ ਅੰਮ੍ਰਿਤਸਰ, ਸ਼ੀਸ਼ ਮਹਲ ਕਰਤਾਰਪੁਰ ਤੇ ਕੀਰਤਪੁਰ ਗੁਰੂ ਕਾ ਬਾਗ, ਘੁੱਕੇ ਵਾਲੀ ਅਤੇ ਅੰਮ੍ਰਿਤਸਰ, ਦਵਾਖਾਨੇ, ਕੋਹੜੀ ਘਰ ਤੇ ਹੋਰ ਅਨੇਕਾਂ ਅਸਥਾਨ ਬਣਾਉਣਾ, ਇਕ ਅਸਚਰਜ ਜਿਹਾ ਲਗਦਾ ਹੈ। ਪਰ ਸਭ ਤੋਂ ਵੱਧ ਜਿਸ ਨੂੰ ਸਾਜ ਪੰਥ 'ਤੇ ਰਹਿਮਤ ਦੀ ਬਾਰਸ਼ ਕੀਤੀ, ਉਹ ਸ੍ਰੀ ਦਰਬਾਰ ਸਾਹਿਬ, ਹਰਿਮੰਦਰ ਸਾਹਿਬ ਹੈ। 'ਮੰਨੋ ਭਾਵੇਂ ਨਾ' (Believe it or not) ਵਿਚ ਰਿਪਲੇ ਨੇ ਲਿਖਿਆ ਹੈ ਕਿ ਨਿਰੋਲ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਲਈ ਐਸਾ ਭਵਨ ਉਸਾਰਨਾ ਇਕ ਕਰਾਮਾਤ ਤੋਂ ਘੱਟ ਨਹੀਂ। ਦਰਬਾਰ ਸਾਹਿਬ ਮਾਨੋ ਗੁਰੂ ਗ੍ਰੰਥ ਸਾਹਿਬ ਦੀ ਜਿਲਦ (Cover) ਹੈ ਜਿਸ ਤੋਂ ਵੱਧ ਕੀਮਤੀ ਜਿਲਦ ਕਿਸੇ ਪੁਸਤਕ ਦੀ ਨਹੀਂ ਕਹੀ ਜਾ ਸਕਦੀ। ਪ੍ਰੋਫੈਸਰ ਪੂਰਨ ਸਿੰਘ ਨੇ ਢੁਕਵੀਂ ਗੱਲ ਕਹੀ ਕਿ ਦੇਖੋ ਤਾਜ ਮਹੱਲ ਦੀ ਉਸਾਰੀ ਤੇ ਨੌਂ ਸਾਲ ਬਾਈ ਹਜ਼ਾਰ ਮਜ਼ਦੂਰ ਦਿਨ ਰਾਤ ਕੰਮ ਕਰਦੇ ਰਹੇ ਪਰ ਇਥੇ ਸ੍ਰੀ ਅੰਮ੍ਰਿਤਸਰ ਇਕ ਸ਼ਰਧਾ ਸੀ ਜੋ ਅਣਗਿਣਤ ਸਿੱਖਾਂ, ਸ਼ਰਧਾਲੂਆਂ ਨੂੰ ਉਸਾਰੀ ਲਈ ਖਿੱਚੀ ਲਿਆਂਦੀ ਸੀ। ਇਸ ਦੀਆਂ ਨੀਹਾਂ, ਪ੍ਰੇਮ, ਸ਼ਰਧਾ ਤੇ ਸੰਤੋਖ ਤੇ ਖੜ੍ਹੀਆਂ ਹਨ। ਗਵਾਹੀ ਵੀ ਹੈ ਕਿ ਸੰਤੋਖਸਰ ਦੀ ਕਾਰ ਇਸ ਹਰਿਮੰਦਰ ਸਾਹਿਬ ਦੀਆਂ ਨੀਹਾਂ ਵਿਚ ਪਈ ਸੀ। ਇਕ ਤਾਂ ਪ੍ਰਭੂ ਹਰੀ ਪਾਸ ਜਾਣ ਲਈ ਸੰਤੋਖ ਦੀ ਨੀਂਹ ਜ਼ਰੂਰੀ ਹੈ ਤਾਂ ਕਿ ਤ੍ਰਿਸ਼ਨਾ ਜਲ ਪ੍ਰਹ ਨ ਸਕੇ। ਦੂਜੇ, ਕਾਰੀਗਰੀ ਦੇ ਹਿਸਾਬ ਨਾਲ ਵੀ ਰੇਤਲੇ ਤਲ ਕਰਕੇ ਜ਼ਮੀਨਾਂ ਜਲ ਛੇਤੀ ਹੀ ਪੀ ਜਾਂਦੀਆਂ ਹਨ। ਸੰਤੋਖਸਰ ਦੀ ਮਿੱਟੀ ਚੀਕਨੀ ਵੀ ਸੀ। ਸੋ ਅੰਮ੍ਰਿਤਸਰ ਦਾ



Sri Satguru Jagjit Singh Ji eLibrary NamdhariElibrary@gmail.com

ਰੇਤਾ ਕੱਢ ਕੇ ਚੰਗੀ ਚੋਖੀ ਡੂੰਘਿਆਨ ਤੱਕ ਇਸ ਵਿਚ ਪਉੜੀਆਂ ਦੇ ਧੋ ਕੇ ਮਹੱਲ ਤਕ ਸੰਤੋਖਸਰ ਦੀ ਮਿੱਟੀ ਭਰ ਦਿੱਤੀ ਗਈ ਸੀ। ਫਿਰ ਜਲ ਖੜੋ ਗਿਆ ਸੀ :

*ਸਰ ਸੰਤੋਖਥਾਨ ਜਿਸ ਪਾਵਨਿ।*
*ਤਹਿ ਕੀ ਕਰਹੁ ਕਾਰ ਇਤ ਲਯਾਵਨਿ।*
*ਤਿਸ ਮ੍ਰਿਤਕਾ ਤੇ ਹੋਇ ਸੰਤੋਸ਼।*
*ਸਕਲ ਬਿਨਾਸਹਿ ਤ੍ਰਿਸ਼ਨਾ ਦੋਸ।*

ਸ੍ਰੀ ਅੰਮ੍ਰਿਤਸਰ ਦੇ ਸੰਪੂਰਨ ਹੋ ਜਾਣ ਤੇ ਇਕ ਪੁਲ, ਸੁਰਗ ਦੁਆਰੀਆਂ ਤੇ ਬਣਾ ਦਿੱਤਾ ਸੀ ਅਤੇ ਇਕ ਥੜ੍ਹਾ ਵੀ ਉਸਾਰ ਦਿੱਤਾ ਸੀ ਜਿਥੇ ਅੰਮ੍ਰਿਤ ਵੇਲੇ ਦਾ ਦੀਵਾਨ ਲੱਗਣ ਲੱਗ ਪਿਆ ਸੀ। ਭਾਈ ਗੁਰਦਾਸ ਜੀ ਨੇ ਇਸੇ ਲਈ *'ਜਗ ਮਗ ਜੋਤ'* ਜਗਣ ਦਾ ਜ਼ਿਕਰ ਪਹਿਲੀ ਵਾਰ ਦੀ ੪੭ਵੀਂ ਪਉੜੀ ਵਿਚ ਕੀਤਾ ਹੈ।

ਗੁਰੂ ਅਰਜਨ ਦੇਵ ਜੀ ਨੇ ਇਸ ਥੜ੍ਹੇ ਵਾਲੀ ਥਾਂ ਹਰਿਮੰਦਰ ਸਾਹਿਬ ਉਸਾਰਨ ਦਾ ਫ਼ੈਸਲਾ ਕੀਤਾ। ਗੁਰੂ ਪਾਤਸ਼ਾਹ ਦਾ ਕਹਿਣਾ ਸੀ ਕਿ ਮੰਦਰ ਤਾਂ ਬਹੁਤੇਰੇ ਹਨ, ਹਰਿਮੰਦਰ ਕੋਈ ਨਹੀਂ। ਸੋ ਐਸਾ ਹਰਿਮੰਦਰ ਸਾਜਿਆ ਜਾਵੇ ਜੋ ਸਰਬ ਸਾਂਝਾ ਹੋਵੇ। ਜਿਥੋਂ ਵਾਹਿਗੁਰੂ ਦੀ ਸਰਬ ਵਿਆਪਕਤਾ ਦਾ ਝਲਕਾਰਾ ਵੱਜੇ। ਸਿੱਖਾਂ ਦੀ ਭਗਤ ਮਾਲਾ ਵਿਚ ਵਰਨਣ ਵੀ ਹੈ ਕਿ ਗੁਰੂ ਅਮਰਦਾਸ ਜੀ ਇਹ ਹੁਕਮ ਕਰ ਗਏ ਸਨ ਕਿ ਅੰਮ੍ਰਿਤਸਰ ਵਿਚ ਹੀ ਹਰਿਮੰਦਰ ਰਚਣਾ ਤੇ ਉਸ ਵਿਚ ਪ੍ਰਕਾਸ਼ (ਗੁਰੂ) ਗ੍ਰੰਥ ਦਾ ਕਰਨਾ। ਇਹ ਵੀ ਸਾਖੀ ਮਿਲਦੀ ਹੈ ਕਿ ਜਦ ਸ੍ਰੀ ਅੰਮ੍ਰਿਤਸਰ ਦਾ ਤਾਲ ਬਣ ਰਿਹਾ ਸੀ ਤਾਂ ਬਹੁਤਿਆਂ ਨੇ ਅਨੁਭਵ ਕੀਤਾ ਸੀ ਕਿ 'ਹਰਿ (ਆਪੂੰ) ਕੰਮ ਕਰਾਵਣਿ ਆਇਆ'। ਵਾਹਿਗੁਰੂ ਨੇ ਇਹ ਬਚਨ ਕੀਤੇ ਸਨ ਕਿ ਐਸਾ ਮੇਰਾ ਮੰਦਰ ਬਣਾਉਣਾ ਜਿਸ ਸਮ ਹੋਰ ਕੋਈ ਨਾ ਹੋਵੇ। ਜਿਥੇ ਨਿਤ ਕੀਰਤਨ ਤੋਂ ਬਗ਼ੈਰ ਹੋਰ ਕੁਝ ਨਾ ਹੋਵੇ। ਸਿਮਰਨ ਹੀ ਸਿਮਰਨ ਹੋਵੇ। ਬੰਧਨ ਮੁਕਤ ਹੋ ਜਾਣ। ਸੂਰਜ ਪ੍ਰਕਾਸ਼ ਦੇ ਸ਼ਬਦਾਂ ਵਿਚ :

*ਇਹ ਮੇਰੇ ਮੰਦਰ ਬਰੁ ਹੋਇ।*
*ਜਿਸ ਕੀ ਸਮਤਾ ਕਰਹਿ ਨਾ ਕੋਇ। ੨੬।*

ਸ੍ਰੀ ਹਰਿਮੰਦਰ ਸਾਹਿਬ ਦੀ ਸਾਜਨਾ ਦੀ ਜੋ ਵਿਧੀ ਤੇ ਵਿਉਂਤ ਗੁਰੂ ਜੀ ਨੇ ਬਣਾਈ ਅਤੇ ਇਹਤਿਆਤਾਂ ਕੀਤੀਆਂ ਉਨ੍ਹਾਂ ਨੂੰ ਇਸ ਤਰ੍ਹਾਂ ਬਿਆਨ ਕੀਤਾ ਜਾ ਸਕਦਾ ਹੈ। ਪਹਿਲੀ : ਇਸ ਹਰਿਮੰਦਰ ਦੇ ਚਾਰ ਦਰਵਾਜ਼ੇ ਹੋਣ, ਤਾਂ ਕਿ ਮਨੁੱਖਤਾ ਦਾ ਪ੍ਰਤੀਕ ਦਿੱਸੇ। ਫਿਰ ਦਰਵਾਜ਼ੇ ਕਿਸੇ ਖਾਸ ਕੂੰਟ ਵਿਚ ਨਾ ਹੋਣ ਸਗੋਂ ਦੋ-ਦੋ ਕੂੰਟਾਂ ਵਿਚਕਾਰ ਇਕ-ਇਕ ਦਰਵਾਜ਼ਾ ਹੋਵੇ।

ਜ਼ਰਾ ਕੁ ਗਹੁ ਨਾਲ ਦੇਖਿਆਂ ਇਹ ਪ੍ਰਗਟ ਹੋ ਜਾਵੇਗਾ। ਹਰਿ ਕੀ ਪਉੜੀ ਵਾਲਾ ਦਰਵਾਜ਼ਾ ਪੂਰਬ-ਦੱਖਣ ਵਿਚਕਾਰ ਹੈ। ਸਿੱਖ ਰੈਫਰੈਂਸ ਲਾਇਬ੍ਰੇਰੀ (ਸ਼ਹੀਦ ਬੁੰਗਾ) ਵਾਲਾ ਦਰਵਾਜ਼ਾ ਦੱਖਣ-ਪੱਛਮ ਵਿਚਕਾਰ ਹੈ। ਦਰਸ਼ਨੀ ਦਰਵਾਜ਼ਾ ਪੱਛਮ-ਉੱਤਰ ਵੱਲ ਹੈ ਅਤੇ

Sri Satguru Jagjit Singh Ji eLibrary NamdhariElibrary@gmail.com

ਘੰਟਾ ਘਰ (ਅਜਾਇਬ ਘਰ) ਦੀ ਬਾਹੀ ਵਾਲਾ ਦਰਵਾਜ਼ਾ ਉੱਤਰ-ਪੂਰਬ ਵਿਚਾਲੇ ਹੈ। ਇਹ ਤਾਂ ਕੀਤਾ ਗਿਆ ਕਿ ਕੋਈ ਪੂਰਬ ਨੂੰ ਪੂਜਦਾ ਸੀ ਤੇ ਕੋਈ ਪੱਛਮ ਨੂੰ। ਪੂਰਬ ਪੱਛਮ ਦੀ ਵਿੱਥ ਹੀ ਮਿਟਾ ਦਿੱਤੀ ਗਈ। ਫਿਰ ਸੂਰਜ ਦੀ ਪਹਿਲੀ ਕਿਰਨ ਸ੍ਰੀ ਦਰਬਾਰ ਸਾਹਿਬ ਅੰਦਰ ਜਾ ਹੀ ਨਹੀਂ ਸਕਦੀ। 'ਨਮੋ ਸੂਰਜ ਸੂਰਜੇ' ਦੇ ਸਿਧਾਂਤ ਦੀ ਨੀਂਹ ਰੱਖੀ ਜਾ ਰਹੀ ਸੀ।

ਫਿਰ ਚਾਰ ਪ੍ਰਤੀਕ ਸੀ, ਚਾਰੇ ਵਰਨਾਂ ਦਾ। ਹਰ ਪ੍ਰਕਾਰ ਦੇ ਰੰਗ ਦਾ। ਚਾਰ ਚੱਕਾਂ ਦਾ, ਚਾਰੇ ਮੁਕਤੀਆਂ ਦਾ, ਚਾਂਰ ਆਸ਼ਰਮਾਂ ਦਾ ਤੇ ਚਾਰੇ ਵੇਦਾਂ ਦੇ ਤੱਤ ਦਾ :

*ਚਾਰ ਬਰਨ ਜਹਿ ਬੰਦਨ ਸਾਰਿ।*
*ਚਾਰ ਬਚਨ ਦਿਪਤਹਿ ਦੁਤਿ ਵਾਰ।*
*ਚਾਰ ਚਕ੍ਰ ਮਹਿ ਖਿਦਤ ਉਦਾਰ।*
*ਚਾਰ ਮੋਖ ਠਾਂਢੀ ਦਰਬਾਰ। ੧੬।*

ਗਿਆਨੀ ਗਿਆਨ ਸਿੰਘ ਜੀ ਨੇ ਇਸੇ ਖ਼ਿਆਲ ਦੀ ਵਿਆਖਿਆ ਕਰਦੇ ਲਿਖਿਆ ਹੈ ਕਿ ਚੌਹਾਂ ਤਰਫਾਂ ਤੋਂ ਚਾਰੇ ਦਰਵਾਜ਼ਿਆਂ ਰਾਹੀਂ ਸੰਗਤਾਂ ਆਉਂਦੀਆਂ ਹਨ। ਚਾਰੇ ਫਲ ਮਿਲਦੇ ਹਨ ਅਤੇ ਚਾਰ ਪਹਿਰ ਚਾਰ ਅੱਖਰਾਂ (ਵਾ-ਹਿ-ਗੁ-ਰੂ) ਦਾ ਉਚਾਰਨ ਹੁੰਦਾ ਰਹਿੰਦਾ ਹੈ। ਚਾਰੇ ਆਸ਼ਰਮ, ਹਰੀ ਦੇ ਧਿਆਨ ਵਿਚ ਜੁੜਦੇ ਹਨ। ਚਾਰੇ ਸੰਪਰਦਾਵਾਂ, ਸੰਨਿਆਸੀ, ਉਦਾਸੀ, ਵੈਰਾਗੀ ਤੇ ਨਿਰਮਲੇ ਸ੍ਰੀ ਹਰਿਮੰਦਰ ਸਾਹਿਬ ਆ ਕੇ ਸਿਰ ਝੁਕਾਂਦੀਆਂ ਹਨ। ਚਾਰ ਪਦਾਰਥ ਤੇ ਬਿਭੂਤੀ ਦੀ ਤ੍ਰਿਪਤੀ ਇਥੋਂ ਹੁੰਦੀ ਹੈ। ਚਹੁੰਆਂ ਸਾਧਨਾਂ ਬਿਬੇਕ, ਵੈਰਾਗ, ਖਟ ਸੰਪਤੀ, ਮੁਕਤੀ ਇੱਛਾ ਦੀ ਪੂਰਤੀ ਸੁਤੇ ਸਿੱਧ ਉਥੇ ਹੀ ਹੋ ਜਾਂਦੀ ਹੈ।

*ਦੂਜੀ :* ਹਰਿਮੰਦਰ ਸਾਹਿਬ ਬਿਲਕੁਲ ਪਾਣੀ ਦੀ ਸਤਹ ਤੇ ਹੀ ਬਿਠਾਇਆ ਗਿਆ ਹੈ। ਦੇਖਣ ਵਾਲੇ ਨੂੰ ਇੰਜ ਪ੍ਰਤੀਤ ਹੋਵੇ ਕਿ ਜਿਵੇਂ ਕੰਵਲ ਫੁੱਲ ਖਿੜਿਆ ਹੈ। ਹਰਿ ਜੀ ਦੇ ਅੰਦਰ ਆ ਜਾਣ ਨਾਲ ਹਿਰਦੇ ਦਾ ਕੰਵਲ ਫੁੱਲ ਖਿੜਦਾ ਹੈ।

*ਤੀਜੀ :* ਇਹ ਜਾਣ ਬੁੱਝ ਕੇ ਨੀਵੀਂ ਥਾਂ ਬਣਾਇਆ ਗਿਆ। ਪਉੜੀਆਂ ਉਤਰ ਕੇ ਸ੍ਰੀ ਹਰਿਮੰਦਰ ਸਾਹਿਬ ਜਾ ਸਕੀਦਾ ਹੈ। ਹਰਿ ਦਾ ਦਰ ਬਗ਼ੈਰ ਨਿਮਰਤਾ ਦੇ ਪਾਇਆ ਹੀ ਨਹੀਂ ਜਾ ਸਕਦਾ। ਫਿਰ ਗੁੰਬਦ ਵੀ ਬੈਠਵਾਂ ਰੱਖਿਆ। ਇਸ ਦੀ ਮਹੱਤਤਾ ਦੀ ਸੂਝ ਪਵੇਗੀ ਕਿ ਜੇ ਧਿਆਨ ਨਾਲ ਅਕਾਲ ਤਖ਼ਤ ਦੇ ਗੁੰਬਦ ਵੱਲ ਤੱਕੀਏ ਅਕਾਲ ਤਖ਼ਤ ਦਾ ਗੁੰਬਦ ਖੜ੍ਹਾ ਹੈ, ਸਿੱਧਾ ਹੈ ਜੋ ਅਣਖ ਤੇ ਜੁਰਅੱਤ ਦਾ ਪ੍ਰਤੀਕ ਹੈ। ਹਰਿਮੰਦਰ ਸਾਹਿਬ ਦਾ ਗੁੰਬਦ ਬੈਠਵਾਂ ਤੇ ਸਹਿਜ ਵਾਲਾ ਹੈ। ਹਰਿਮੰਦਰ ਸਾਹਿਬ ਦੇ ਗੁੰਬਦ ਤੇ ਕੰਵਲ ਫੁੱਲ ਪੁੱਠਾ ਰੱਖਿਆ ਹੈ। ਦੁਨੀਆ ਕੰਵਲ ਵਿਚ ਲਕਸ਼ਮੀ ਦਿਖਾਂਦੀ ਸੀ, ਇਥੇ ਕੰਵਲ ਉਲਟਾਇਆ ਹੈ। ਜੋ ਇਕ ਤਾਂ ਇਹ ਦਰਸਾਂਦਾ ਹੈ ਕਿ ਅੰਮ੍ਰਿਤ ਝਰ-ਝਰ ਕਰ ਰਿਹਾ ਹੈ, ਦੂਜੇ ਜਿਥੇ ਹਰੀ ਦਾ ਵਾਸਾ ਹੈ, ਉਥੇ ਮਾਇਆ ਪਿੱਛੇ ਲੱਗ ਫਿਰੇਗੀ। ਕੰਵਲ ਨੂੰ ਉਲਟਾਉਣਾ ਹੀ ਹਰੀ ਨੂੰ ਪਾਉਣਾ ਹੈ।

Sri Satguru Jagjit Singh Ji eLibrary NamdhariElibrary@gmail.com

*ਚੌਥੀ* : ਹਰਿਮੰਦਰ ਸਾਹਿਬ ਜੀਵਨ, ਹਰਕਤ ਦਾ ਲਖਾਇਕ ਹੈ। ਇਸ ਤੇ ਜੋ ਪਚੀਕਾਰੀ, ਗਿੱਲੇ ਪਲੱਸਤਰ ਤੇ ਮੀਨਾਕਾਰੀ ਤੇ ਚਿੱਤਰਕਾਰੀ (ਫਰੈਸਕੋ ਪੇਂਟਿੰਗ) ਕੀਤੀ ਗਈ ਉਸ ਵਿਚ ਜ਼ਿੰਦਗੀ ਭਰੀ ਗਈ। ਮਹਾਰਾਜ ਦਾ ਇਹ ਵੀ ਭਾਵ ਸੀ ਕਿ ਜਿਵੇਂ ਪਚੀਕਾਰੀ ਕੀਤੀ ਜਾਂਦੀ ਹੈ, ਜੀਵਨ ਵੀ ਉਸ ਪ੍ਰਕਾਰ ਜੀਵਿਆ ਜਾਵੇ। ਪਚੀਕਾਰੀ ਦੇ ਕੰਮ ਵਿਚ ਹਰ ਇਕ ਛੋਟੇ ਤੋਂ ਛੋਟੇ ਫੁੱਲ, ਟੁਕੜੇ ਨੂੰ ਬੜੇ ਹੁਨਰ ਨਾਲ ਤਰਾਸ਼, ਬਣਾ ਕੇ ਜੜਿਆ ਜਾਂਦਾ ਹੈ। ਪਹਿਲਾਂ ਇਕ, ਫਿਰ ਦੂਜਾ, ਇਸੇ ਤਰ੍ਹਾਂ ਜੀਵਨ ਵੀ ਪਚੀਕਾਰੀ ਵਾਂਗ ਸਹਿਜੇ ਸਹਿਜੇ ਤਰਾਸ਼, ਜੜ ਕੇ ਸੁਹਾਵਣਾ ਬਣਾਇਆ ਜਾ ਸਕਦਾ ਹੈ। ਪਿਛੋਂ ਜੋ ਤਾਜ ਮਹੱਲ ਬਣਿਆ ਉਸ ਵਿਚ ਕਿਸੇ ਜਾਨਦਾਰ ਦੀ ਸ਼ਕਲ ਨਹੀਂ ਉਤਾਰੀ ਗਈ। ਇਹ ਦੇਖ ਕੇ ਹੀ ਜੇ. ਐਲ. ਕਿਪਲਿੰਗ ਨੇ ਕਿਹਾ ਸੀ : *ਬੜਾ ਭਾਰੀ ਫ਼ਰਕ ਹੈ ਤਾਜ ਦੇ ਦਰਬਾਰ ਸਾਹਿਬ ਵਿਚ। ਉਥੇ ਮੌਤ ਹੈ ਇਥੇ ਜ਼ਿੰਦਗੀ ਹੈ।* ਜਿਨ੍ਹਾਂ ਵਿਚ ਉਡਦੇ ਪੰਛੀ, ਦੌੜਦੇ ਜਾਨਵਰ ਤੇ ਤੈਰਦੀਆਂ ਮੱਛੀਆਂ ਤੇ ਸਮਾਧੀ ਸਥਿਤ ਜੋਗੀ ਦਿਖਾਏ ਹਨ।

ਕਦੀ ਕੋਈ ਕੋਮਲ ਹੁਨਰਾਂ ਦਾ ਪਾਰਖੂ, ਧਿਆਨ ਦੁਆਰਾ ਦੇਖੇ ਅਤੇ ਆਪਣੀ ਰੂਹ ਦੀ ਸੁਰਤਿ ਵਿਚ ਲੀਨ ਹੋ ਕੇ ਕੁਝ ਦਿਨ ਚਿਤੋਂ ਹਰਿਮੰਦਰ ਦੇ ਰੂਪ ਅਰੂਪ ਨੂੰ ਦੇਖਣ ਵਿਚ ਖਰਚ ਕਰੇ ਤਦ ਉਹ ਜਾਣ ਜਾਵੇਗਾ ਕਿ ਇਥੇ ਇਕ ਦੀ ਪੂਜਾ ਕਿਵੇਂ ਹੁੰਦੀ ਹੈ। ਕਿਧਰੇ ਸਾਰੀ ਸੁਖਮਨੀ ਦੇ ਸਲੋਕ ਉੱਕਰੇ ਹੋਏ ਹਨ। ਕਿਧਰੇ ਜਪੁਜੀ ਦੇ ਪੱਤਰੇ ਲੱਗੇ ਹੋਏ ਹਨ। ਕਿਧਰੇ ਪ੍ਰਭੂ ਦੀ ਯਾਦ ਵਿਚ ਸਾਧੂ ਜੁਟੇ ਹੋਏ ਹਨ। ਚਿੱਤਰਾਂ ਵਿਚ ਹੇਠਾਂ ਸਮੁੰਦਰ ਵਿਚ ਮੱਛ ਕੱਛ ਹਨ। ਫਿਰ ਜਾਨਵਰ ਹਾਥੀ-ਸੱਪ ਧਰਤੀ ਤੇ ਫਿਰ ਰਹੇ ਹਨ। ਬੱਚੇ ਨੂੰ ਸੱਪ ਲਪੇਟੀ ਬੈਠੇ ਹਨ। ਮੋਰ ਪੈਲਾਂ ਪਾਉਂਦੇ ਹਨ ਤੇ ਪੰਛੀ ਉਡ ਰਹੇ ਹਨ। ਇਹ ਦਰਸਾ ਰਿਹਾ ਹੈ ਕਿ ਵਾਹਿਗੁਰੂ ਦੀ ਹਜ਼ੂਰੀ ਦਾ ਅਨੰਦ ਕਿਵੇਂ ਮਾਣਨਾ ਹੈ ਤੇ ਮਾਣਨ ਵਾਲੇ ਦੀ ਦਸ਼ਾ ਕੀ ਹੁੰਦੀ ਹੈ।

ਜੀਵ ਨੂੰ ਮਾਇਆ ਦੀ ਲੋੜ ਹੈ। ਨਿਰਬਾਹ ਮਾਇਆ ਬਗ਼ੈਰ ਨਹੀਂ। ਹਾਥੀ ਵਿਚ ਬੜੀ ਸ਼ਕਤੀ ਹੈ ਪਰ ਮਾਇਆ ਦਾ ਮਾਰਿਆ ਸ਼ਕਤੀ ਗਵਾ ਲੈਂਦਾ ਹੈ। ਹਾਥੀ ਨੂੰ ਸੱਪ ਘੇਰੀ ਖਲੋਤੇ ਹਨ ਤੇ ਉਸ ਨੂੰ ਹਿਲਣ ਜੁਲਣ ਨਹੀਂ ਦੇਂਦੇ। ਹਾਥੀ ਨੂੰ ਕਾਬੂ ਕਰਨ ਲਈ ਬਾਣੀ, ਨਾਮ ਸਿਮਰਨ ਦੀ ਲੋੜ ਹੈ।

ਕੋਲ ਹੀ ਇਕ ਬੱਚਾ ਦਿਖਲਾਇਆ ਹੈ ਜਿਸ ਨੂੰ ਸੱਪ ਨੇ ਲਪੇਟਿਆ ਹੋਇਆ ਹੈ। ਉਸ ਦੇ ਉੱਤੇ ਹੀ ਪੰਛੀ ਉਡਾਰੀਆਂ ਮਾਰ ਰਹੇ ਹਨ ਅਤੇ ਮੋਰ ਪੈਲਾਂ ਪਾ ਰਹੇ ਹਨ। ਜਦ ਜੀਵ ਆਤਮਾ ਮਾਇਆ ਦੇ ਚੁੰਗਲ ਵਿਚੋਂ ਨਿਕਲ ਜਾਵੇਗੀ ਤਾਂ ਪੰਛੀਆਂ ਵਾਂਗ ਉਡਾਰੀਆਂ ਲਗਾਏਗੀ ਤੇ ਮੋਰਾਂ ਵਾਂਗ ਪੈਲਾਂ ਪਾਏਗੀ। ਮੋਰ ਆਤਮ ਗਿਆਨ ਦਾ ਚਿੰਨ੍ਹ ਹੀ ਦਿਖਲਾਇਆ ਹੈ। ਉਡਦੇ ਕਬੂਤਰ ਸ਼ਾਂਤੀ ਦੇ।

ਪੈਨਲਾਂ ਵਿਚ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਹੁੰਦੇ ਹਨ। ਨਨਕਾਣਾ ਸਾਹਿਬ,

Sri Satguru Jagjit Singh Ji eLibrary NamdhariElibrary@gmail.com

ਹਜ਼ੂਰ ਸਾਹਿਬ, ਗਵਾਲੀਅਰ ਆਦਿ। ਚੌਦਾਂ ਕਿਸਮਾਂ ਅਤੇ ਰੰਗਾਂ ਦੇ ਤਾਂ ਪੱਥਰ ਹੀ ਵਰਤੇ ਹਨ। ਇਨ੍ਹਾਂ ਦਾ ਮੇਲ ਇਕ ਰੂਹਾਨੀ ਲਹਿਰ ਤਾਰੀ ਕਰ ਦੇਂਦਾ ਹੈ। ਚੌਦਾਂ ਕਿਸਮਾਂ ਇਹ ਹਨ : ਹਲਕਾ ਕਾਲਾ (ਅਰਬੀ ਸਮੁੱਕ), ਗੂੜ੍ਹਾ ਕਾਲਾ (ਕਾਲਾ ਸੰਗ), ਲਾਲ ਗੁਲਾਬੀ ਭਾਅ ਮਾਰਦਾ (ਅਕੀਕ), ਪੀਲਾ ਸੰਗਤ੍ਰੀ (ਖੱਟਾ) ਸਮੁੰਦਰੀ-ਅਕਾਸ਼ੀ ਇਕੱਠਾ (ਲਾਜਵਰਦ), ਨੀਲੀ ਭਾਅ (ਨੀਲਮ), ਗੂੜ੍ਹਾ ਹਰਾ (ਸਬਜ਼ ਪੱਥਰ), ਨਿਰੋਲ ਹਰਾ (ਨਰਗਸ ਸਬਜ਼ ਪੱਥਰ), ਹਲਕਾ ਹਰਾ (ਸੰਗ-ਪਸ਼ਮ) ਚਿੱਟੇ, ਨੀਲੇ, ਹਰੇ ਤੇ ਹਲਕੇ ਜਿਹੇ ਦਾ ਮੇਲ (ਸੰਗ ਬ ਸ਼ੱਬ) ਚਿੱਟਾ ਦੁੱਧ (ਸਿਪ) ਆਪਣੇ ਅਸਲ ਰੰਗ ਵਿਚ (ਅਬਰੀ) ਗੂੜ੍ਹਾ ਲਾਲ (ਸੁਰਖ) ਅਤੇ ਹਰੇ ਵਿਚ ਕਾਲਾ ਭਾਅ ਮਾਰਦਾ (ਜ਼ਹਿਰ ਮੁਹਰਾ)।

ਗੁਰੂ ਪਾਸ ਜੋ ਅਨੰਤ ਸਮੱਗਰੀ ਸੀ, ਉਸ ਨਾਲ ਬਣਾਇਆ ਇਹ ਹਰਿਮੰਦਰ ਸਾਹਿਬ। ਅਨੰਤ ਸੁੰਦਰਤਾ ਨਾਲ ਇਕ ਛੋਟਾ ਜਿਹਾ ਧਰਤੀ ਦਾ ਟੁਕੜਾ ਸਜਾਣਾ ਹੀ ਕੇਵਲ ਹੁਨਰ ਦੀ ਅਮੀਰੀ, ਪੂਰਣਤਾ ਹੈ।

*ਪੰਜਵੀਂ* : ਬਾਰੀਆਂ ਐਸੇ ਢੰਗ ਦੀਆਂ ਰੱਖੀਆਂ ਹੋਈਆਂ ਕਿ ਠੰਢੀ ਠੰਢੀ ਹਵਾ ਰੁਮਕਦੀ ਰਹੇ ਹੁੱਮਸ ਕਦੇ ਨਾ ਹੋਵੇ। *ਬਰਖਾ ਮਹਿ ਬਡ ਹੋਤ ਬਹਾਰ। ਛੇ ਹੀ ਰੁੱਤਾਂ ਸੁਹਾਣੀਆਂ ਹੋਣ।* ਚਾਰੇ ਪਾਸੇ ਪਾਣੀ ਤੇ ਨਜ਼ਰ ਰਹੇ। ਐਸਾ ਬਣਾਇਆ ਹਰਿਮੰਦਰ ਸਾਹਿਬ ਕਿ ਗਰਮੀ ਵਿਚ ਮੁੜ੍ਹਕਾ ਨਾ ਆਵੇ ਤੇ ਸਰਦੀਆਂ ਵਿਚ ਪਾਲਾ ਨਾ ਲੱਗੇ।

*ਜਹਿ ਗ੍ਰੀਖਮ ਮਹਿ ਸਵੈਦ ਨਾ ਹੋਵੇ।*
*ਹਿਮ ਰੁਤ ਮਾਹਿ ਪਾਲ ਨਹਿ ਹੋਵੇ।*

ਪਰਸੀ ਬਰਾਊਨ ਨੇ ਇਨ੍ਹਾਂ ਬਾਹਰ ਨਿਕਲਦੀਆਂ ਬਾਰੀਆਂ, ਜੋ ਮੋੜਵੀਆਂ ਬ੍ਰੈਕਟਾਂ ਤੇ ਬੈਠਵੇਂ ਗੁੰਬਦਾਂ ਤੇ ਵਧਦੀਆਂ ਮਹਿਰਾਬਾਂ ਤੇ ਸੁਰੰਗ ਨਿਆਈਂ ਫਾੜੀਆਂ ਦੀ ਸ਼ਕਲ ਦੀਆਂ ਬਣਾਈਆਂ ਹਨ, ਉਚੇਚਾ ਜ਼ਿਕਰ ਕੀਤਾ ਹੈ।[1]

*ਛੇਵੀਂ* : ਇਸ ਦਾ ਪੁਲ ਵੀ ਪ੍ਰਤੀਕ ਸੀ। ਹਰਿ ਕੀ ਪਉੜੀ ਵੀ ਸੂਚਕ ਸੀ। ਦਰਸ਼ਨੀ ਡਿਉੜੀ ਤੋਂ ਹਰਿਮੰਦਰ ਸਾਹਿਬ ਤੱਕ ਦੇ ਪੁਲ ਦਾ ਫ਼ਾਸਲਾ ਚੌਰਾਸੀ (੮੪) ਕਦਮ ਹੈ ਜੋ ਇਹ ਦਰਸਾਂਦਾ ਹੈ ਕਿ ਨਿਮਰਤਾ ਧਾਰੇ :

*ਸਤਿਗੁਰੂ ਸ਼ਬਦ ਸੁਰਵਨ ਕੋ ਕਰੈ।*
*ਸਰਬ ਓਰ ਤੇ ਮਨ ਕੋ ਘਿਰੈ।*

ਤਾਂ ਜਨਮ-ਮਰਨ ਦੀ ਚੁਰਾਸੀ ਕੱਟੀ ਜਾਵੇਗੀ। ਗਿਆਨੀ ਗਿਆਨ ਸਿੰਘ ਦੇ ਸ਼ਬਦਾਂ ਵਿਚ :

---

1. Special Feature of the central structure of the Harmandar are the balconies windows thrown out on curved brackets, low fluted domes & ogee arches ellipical caves with much toil soffics (INDIAN ARCHITECTURE-pp. 115)

Sri Satguru Jagjit Singh Ji eLibrary NamdhariElibrary@gmail.com

*ਕਦਮ ਚੁਰਾਸੀ ਵਾਹਿ ਸਦਮ ਲੌ ਹੋਤਿ ਯਾਹਿ।*

*ਕਦਮ ਚੁਰਾਸੀ ਲਾਖ ਜੋਨਿ ਹੋਇ ਭਾਵਨੋ।*

(ਪੰਥ ਪ੍ਰਕਾਸ਼, ਪੰਨਾ ੯੪੧)

ਪ੍ਰੇਮ ਨਾਲ ਇਸ 'ਤੇ ਟੁਰਿਆਂ ਪੁਰਸਲਾਤ ਦੀ ਫਾਹੀ ਵੀ ਮੁੱਕ ਜਾਵੇਗੀ। ਹਰਿ ਕੀ ਪਉੜੀ ਦਾ ਭਾਵ ਵੀ ਇਹ ਹੀ ਸੀ ਕਿ ਹੋਰਨਾਂ ਤੀਰਥਾਂ 'ਤੇ ਜਾਣ ਦਾ ਖ਼ਿਆਲ ਹਟ ਜਾਵੇ। ਪਹਿਲਾਂ ਇਸ਼ਨਾਨ, ਫਿਰ ਜਲ ਪੀਣ ਤੋਂ ਦੂਈ ਮਿਟ ਜਾਵੇ। ਅੱਠ ਪਹਿਰ ਕੀਰਤਨ, ਅਰਾਧਨਾ ਤੇ ਸਿਮਰਨ ਹੋਣ ਨਾਲ ਟੁੱਟੀਆਂ ਸੁਰਤਾਂ ਆਪਣੇ ਆਪ ਜੁੜ ਜਾਣ। ਗੁਰੂ ਅਰਜਨ ਦੇਵ ਜੀ ਦਾ ਆਪਣਾ ਹੀ ਫ਼ੁਰਮਾਨ ਹੈ : ਅੰਮ੍ਰਿਤਸਰ ਮਾਨ ਸਰੋਵਰ ਕੀਤਾ ਹੈ ਅਤੇ ਹਰਿਮੰਦਰ ਜੀ ਜਹਾਜ਼ ਬਣਾਇਆ ਹੈ, ਜਿਸ ਦਾ ਬਾਦਬਾਨ ਵਾਹਿਗੁਰੂ ਹੈ ਅਤੇ ਮਲਾਹ ਸ਼ਬਦ ਗੁਰੂ।

ਸੱਚਮੁੱਚ ਹੀ ਮਾਨ ਸਰੋਵਰ ਹੈ ਜਿਥੇ ਕਦੇ ਕਿਸੇ ਬਗਲਾ ਨਹੀਂ ਡਿੱਠਾ ਤੇ ਨਾ ਹੀ ਕਦੇ ਡੱਡੂ ਬੋਲਦੇ ਹਨ।

ਸਰੋਵਰ ਵਿਚ ਹਰਿਮੰਦਰ ਸਾਹਿਬ ਦਾ ਵਿਦਮਾਨ ਤੇ ਫਿਰ ਹਰਿਮੰਦਰ ਦੀ ਬਨਾਵਟ ਹੀ ਕੁਝ ਅਜਿਹੀ ਹੈ ਕਿ ਦੇਖਣ ਵਾਲੇ ਤੇ ਸਹਿਜੇ ਹੀ ਵਿਸਮਾਦੀ ਪ੍ਰਭਾਵ ਪੈਂਦਾ ਹੈ। ਬਲੌਰੀ ਜਲ ਨਾਲ ਅੱਡ ਕੀਤਾ ਹੋਇਆ, ਇਕੋ ਪੁਲ ਨਾਲ ਜੁੜੇ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤਿਆਂ ਇਕ ਵਾਰ ਦੁਨੀਆ ਦੀ ਦੌੜ-ਧੂਪ ਮੁਕਦੀ ਲਗਦੀ ਹੈ।

ਇਸ ਹਰਿਮੰਦਰ ਸਾਹਿਬ ਦੀ ਨੀਂਹ ਜਨਵਰੀ ਦੀ ਤਿੰਨ, ਸੰਨ ੧੫੮੮ ਈ: ਨੂੰ ਗੁਰੂ ਮਹਾਰਾਜ ਨੇ ਗਿਆਨੀ ਗਿਆਨ ਸਿੰਘ ਜੀ ਦੇ ਕਥਨ ਅਨੁਸਾਰ ਪ੍ਰਸਿੱਧ ਸੂਫ਼ੀ ਫ਼ਕੀਰ ਮੀਆਂ ਮੀਰ ਜੀ ਕੋਲੋਂ ਰਖਵਾਈ। ਕਾਰੀਗਰ ਨੇ ਪਲਟ ਕੇ ਫਿਰ ਲਗਾਈ ਸੀ :

*ਮੀਆਂ ਮੀਰ ਤੇ ਨੀਉਂ ਰਖਾਈ।*

*ਕਾਰੀਗਰ ਪਲਟਿ ਕਰਿ ਲਾਈ।* (ਪੰਥ ਪ੍ਰਕਾਸ਼, ਪੰਨਾ ੯੪੧)

ਗ਼ੁਲਾਮ ਮਈਯੁਦੀਨ, ਜਿਸ ਨੂੰ ਬੂਟੇਸ਼ਾਹ ਵੀ ਕਹਿੰਦੇ ਹਨ, ਨੇ ਤਵਾਰੀਖ਼-ਏ-ਪੰਜਾਬ ਦੇ ਪੰਨਾ ੧੩੯ ਤੇ ਲਿਖਿਆ ਹੈ :

ਸ਼ਾਹ ਮੀਆਂ ਮੀਰ ਅੰਮ੍ਰਿਤਸਰ ਗੁਰੂ ਅਰਜਨ ਦੇਵ ਜੀ ਦੀ ਬਿਨੇ-ਕਰਨ ਤੇ ਆਏ ਤੇ ਆਪਣੇ ਪਾਵਨ ਹੱਥ ਨਾਲ ਚਾਰ ਇੱਟਾਂ ਚਾਰ ਦਿਸ਼ਾਵਾਂ ਵਿਚ ਤੇ ਇਕ ਚਾਰਾਂ ਦੇ ਵਿਚਕਾਰ ਨੀਂਹ ਦੇ ਤੱਟ ਤੇ ਰੱਖੀ।

ਪੂਰਾ ਬ੍ਰਿਤਾਂਤ ਇਸ ਤਰ੍ਹਾਂ ਹੈ ਕਿ ਗੁਰੂ ਅਰਜਨ ਜੀ ਆਪੂੰ ਲਾਹੌਰ ਮੀਆਂ ਮੀਰ ਪਾਸ ਗਏ। ਉਥੇ ਟਾਟ ਤੇ ਬੋਰੀਆਂ ਵਿਛੀਆਂ ਹੋਈਆਂ ਸਨ। ਗੁਰੂ ਅਰਜਨ ਜੀ ਬੈਠ ਗਏ। ਇਤਨੇ ਨੂੰ ਅਕਬਰ ਵੀ ਉਥੇ ਆਇਆ, ਉਹ ਨਾ ਬੈਠਾ ਤੇ ਖੜ੍ਹੇ-ਖੜ੍ਹੇ ਗੱਲ ਕਰ ਚਲਾ ਗਿਆ। ਉਸ ਵਕਤ ਮੀਆਂ ਮੀਰ ਜੀ ਨੇ ਸੁਭਾਵਕ ਕਿਹਾ : ਗੁਰੂ ਅਰਜਨ ਦੇਵ ਜੀ ਤੁਹਾਡੀ ਉਮਤ ਰਾਜ ਕਰੇਗੀ। ਨਿਮਰਤਾ ਨੂੰ ਹੀ ਫਲ ਲਗਦਾ ਹੈ। ਜੋ ਕੌਮਾਂ ਹੈਂਕੜਬਾਜ਼ ਜਾਂ ਨਿਰੀ ਧੌਂਸ ਦੇ ਸਹਾਰੇ ਟੁਰਦੀਆਂ ਹਨ, ਉਹ ਛੇਤੀ ਆਪਣਾ ਨਾਮਣਾ ਗਵਾ ਬੈਠਦੀਆਂ ਹਨ।

Sri Satguru Jagjit Singh Ji eLibrary NamdhariElibrary@gmail.com

ਸੋਹਨ ਲਾਲ ਸੂਰੀ ਨੇ ਵੀ ਆਪਣੀ ਕ੍ਰਿਤ ਉਮਦਾਤ ਤਵਾਰੀਖ਼ ਦੀ ਪਹਿਲੀ ਜਿਲਦ ਵਿਚ ਇਸੇ ਭਾਵ ਦਾ ਲਿਖਿਆ ਹੈ ਕਿ ਗੁਰੂ ਅਰਜਨ ਦੇਵ ਜੀ ਆਪੂੰ ਲਾਹੌਰ ਗਏ ਤੇ ਮੀਆਂ ਮੀਰ ਨੂੰ ਅੰਮ੍ਰਿਤਸਰ ਵਿਚ ਆ ਕੇ ਹਰਿਮੰਦਰ ਦੀ ਨੀਂਹ ਰੱਖਣ ਲਈ ਕਿਹਾ।

ਕਾਰੀਗਰਾਂ ਨੂੰ ਬੁਲਾ ਕੇ ਸਾਰੀ ਵਿਉਂਤ ਗੁਰੂ ਜੀ ਨੇ ਸਮਝਾ ਦਿੱਤੀ। ਹੁਕਮ ਕੀਤਾ ਕਿ ਹਰਿਮੰਦਰ ਸਾਹਿਬ ਦੀਆਂ ਨੁੱਕਰਾਂ ਚਾਰ ਦਿਸ਼ਾਂ ਵੱਲ ਰੱਖੋ ਤੇ ਚਾਰ ਦਰਵਾਜ਼ੇ ਚਾਰ ਕੋਨਿਆਂ 'ਤੇ। ਹਰਿਮੰਦਰ ਸਾਹਿਬ ਦੀ ਕੁਰਸੀ ਤਾਲ ਦੇ ਤੀਰ ਤੋਂ ਉੱਚੀ ਕਰਕੇ ਹੇਠਾਂ ਮਹਿਰਾਬਾਂ ਉਸਾਰੋ। ਪੂਰਬ ਵੱਲ ਹਰਿ ਕੀ ਪੌੜੀ, ਚਾਰੇ ਪਾਸੇ ਪਰਕਰਮਾ ਦੇ ਛੱਤ ਹੋਣ ਤੇ ਵਿਚਕਾਰ ਗੁੰਬਦ ਬੈਠਵਾਂ।

ਹਰਿਮੰਦਰ ਦੀ ਉਸਾਰੀ ਲਈ ਗੁਰੂ ਜੀ ਆਪੂੰ ਕੋਲ ਖੜ੍ਹੇ ਰਹਿੰਦੇ ਸਨ। ਗਾਰਾ ਅਣਗੁੰਨ੍ਹਿਆ ਤੇ ਇੱਟ ਪਿੱਲੀ ਨਹੀਂ ਲੱਗਣ ਦਿੱਤੀ। ਵਧੇਰੇ ਪ੍ਰਬੰਧ ਲਈ ਅਤੇ ਆਈਆਂ ਸੰਗਤਾਂ ਦੇ ਸੁਖ ਆਰਾਮ ਲਈ ਆਪ ਜੀ ਨੇ ਭਾਈ ਉਮਰਾ ਸ਼ਾਹ, ਭਾਈ ਜੇਠਾ ਤੇ ਭਾਈ ਪਿਰਾਣਾ ਨੂੰ ਨਿਯੁਕਤ ਕੀਤਾ। ਭਾਈ ਕਲਿਆਣਾ ਜੀ ਨੂੰ ਮੰਡੀ, ਭਾਈ ਆਦਮ ਨੂੰ ਮਾਲਵਾ, ਭਾਈ ਲੰਘਾਹ ਨੂੰ ਮਾਝੇ, ਭਾਈ ਭੱਟੜ, ਭਾਈ ਧਾਰੋ ਨੂੰ ਦੂਰ ਪੂਰਬ ਵੱਲ ਭੇਜਿਆ ਕਿ ਜਾ ਕੇ ਸੰਗਤਾਂ ਨੂੰ ਸੁਚੇਤ ਵੀ ਕਰਨ, ਨਾਮ ਦੇ ਛੱਟੇ ਵੀ ਮਾਰਨ ਤੇ ਬੱਝਵੀਂ ਦਸਵੰਧ ਦੀ ਰਕਮ ਵੀ ਭਿਜਵਾਉਣ। ਦਸਵੰਧ ਦੀ ਮਰਯਾਦਾ ਆਪ ਜੀ ਨੇ ਬੰਨ੍ਹ ਦਿੱਤੀ ਸੀ। ਇਸ ਨਾਲ ਬੱਝਵੀਂ ਭੇਟਾ ਗੁਰੂ ਦਰਬਾਰ ਪੁੱਜਣ ਲੱਗ ਪਈ ਸੀ। ਮੁਹਸਨ ਫ਼ਾਨੀ ਨੇ ਲਿਖਿਆ ਹੈ ਕਿ ਮੁਗ਼ਲਾਂ ਦਾ ਮਾਲੀਆ ਇਕੱਠਾ ਹੋਇਆ ਜਾਂ ਨਹੀਂ ਪਰ ਦਸਵੰਧ ਦੀ ਰਕਮ ਨੇਮ ਨਾਲ ਗੁਰੂ ਜੀ ਪਾਸ ਅੰਮ੍ਰਿਤਸਰ ਪੁੱਜਦੀ। ਬਾਬਾ ਬੁੱਢਾ ਜੀ ਪਰਕਰਮਾ ਦੀ ਸੇਵਾ ਦੇਖਦੇ ਗੁਰੂ ਅਰਜਨ ਦੇਵ ਜੀ ਆਪੂੰ ਇਲਾਚੀ ਬੇਰੀ ਹੇਠਾਂ ਬੈਠ ਪੂਰੀ ਨਿਗਰਾਨੀ ਰੱਖਦੇ।

ਸਿੱਖਾਂ ਨੂੰ ਨਿਸ਼ਕਾਮ, ਹੱਥੀਂ ਸੇਵਾ ਕਰਦੇ ਦੇਖ ਸਰੀਰਾਂ ਤੇ ਸੱਟਾਂ ਚੋਟਾਂ ਨੂੰ ਪ੍ਰਵਾਹ ਨਾ ਕਰਦੇ ਦਿਨ ਰਾਤ ਜੁਟੇ ਦੇਖ, ਗੁਰੂ ਜੀ ਗਦ ਗਦ ਹੁੰਦੇ। ਇਥੇ ਹੀ ਪਿੱਛੋਂ ਹਜ਼ਾਰਾਂ ਗੁਰਸਿੱਖਾਂ ਦੇ ਸੀਸ ਚੜ੍ਹੇ। ਇੱਟ ਇੱਟ, ਪੱਤਾ ਪੱਤਾ, ਜ਼ੱਰਾ ਜ਼ੱਰਾ, ਭਾਵਾਂ ਨਾਲ ਭਰਿਆ ਹੋਇਆ ਹੈ।

ਪਰਸੀ ਬ੍ਰਾਊਨ ਨੇ ਦਰਬਾਰ ਸਾਹਿਬ ਦੇਖ ਇਸੇ ਲਈ ਕਿਹਾ ਸੀ ਕਿ ਕਿਸੇ ਕੌਮ ਦੇ ਧਾਰਮਕ ਵਲਵਲਿਆਂ ਨੂੰ ਜੇ ਕਿਸੇ ਸੰਗਮਰਮਰ ਸ਼ੀਸ਼ੇ, ਰੰਗ ਤੇ ਧਾਤ ਵਿਚ ਮੂਰਤੀਮਾਨ ਹੋਇਆ ਦੇਖਣਾ ਹੈ ਤਾਂ ਦਰਬਾਰ ਸਾਹਿਬ ਦੇਖੇ।[1]

ਇਹ ਜੋ ਸੁੰਦਰੀਕਰਨ ਦੀਆਂ ਵਿਉਂਤਾਂ ਬਣ ਰਹੀਆਂ ਹਨ ਇਹ ਦਰਬਾਰ ਸਾਹਿਬ ਦੀ ਮੁੱਢਲੀ ਬਣਤਰ ਦੀ ਹੋਂਦ 'ਤੇ ਹੀ ਸੱਟ ਹੈ। ਸਾਰੇ ਕਲਾਕਾਰ ਜਗਤ ਨੇ ਇਸ ਗੱਲ ਤੇ ਰੋਸ ਕੀਤਾ ਕਿ ਇੰਡੀਆ ਗੇਟ ਦਿੱਲੀ ਦੇ ਨਾਲ ਲਗਿਆ ਛਤਰ ਹਟਾ ਕੇ ਉੱਥੇ ਗਾਂਧੀ ਦਾ ਬੁੱਤ ਨਿੱਠ ਕੇ ਬੈਠੇ ਦਾ ਕਿਉਂ ਲਗਾਉਣਾ ਚਾਹੁੰਦੇ ਹਨ। ਉਹਨਾਂ ਮੈਮੋਰੰਡਮ ਘੱਲੇ ਸਨ

---

1. As an example of religious emotion materialized in marble, glass, colours were the Golden Temple at Amritsar (Indian Architecture pp. 115)

Sri Satguru Jagjit Singh Ji eLibrary NamdhariElibrary@gmail.com

ਤੇ ਭਾਰਤ ਸਰਕਾਰ ਨੇ ਐਲਾਨ ਕੀਤਾ ਹੈ ਕਿ ਛਤਰ ਨਹੀਂ ਹਟਾਇਆ ਜਾਵੇਗਾ। ਛਤਰ (canopy) ਉਸ ਸੰਪੂਰਨ ਢਾਂਚੇ ਦਾ ਹਿੱਸਾ ਹੈ ਜਿਸ ਅਨੁਸਾਰ ਇੰਡੀਆ ਗੇਟ ਤੇ ਰਾਸ਼ਟਰਪਤੀ ਭਵਨ ਬਣਿਆ। ਗਾਂਧੀ ਦਾ ਬੁੱਤ ਅੱਟਾ ਪਟਾ ਲੱਗੇਗਾ।

ਇਹ ਕਦੇ ਨਾ ਭੁੱਲਣਾ ਕਿ ਉੱਚੇ ਵੱਡੇ ਦਰਬਾਰ (Highest Seat) ਤੇ ਸਿੱਧੀ ਨਜ਼ਰ ਕਿਸੇ ਦੀ ਨਾ ਪੈਣ ਦੇਣੀ ਰਾਜਗਿਰੀ ਦਾ ਪਹਿਲਾ ਮੁੱਖ ਸਿਧਾਂਤ ਹੁੰਦਾ ਹੈ। ਵੱਡੇ ਦਰਬਾਰ ਨੂੰ ਓਹਲੇ ਰੱਖਣ ਲਈ ਜਾਂ ਹੰਪ ਬਣਾ ਦੇਂਦੇ ਹਨ ਜਾਂ ਰਾਹਾਂ ਤੇ ਮੋੜ ਦੇ ਦਿੰਦੇ ਹਨ। ਇਹ ਹੀ ਹੈ ਸਭ ਤੋਂ ਵੱਡੀ ਸੁੰਦਰਤਾ ਦਰਬਾਰ ਸਾਹਿਬ ਦੀ। ਦਰਬਾਰ ਸਾਹਿਬ ਨੂੰ ਲੁਗਾ (Expose) ਕਰ ਦੇਣਾ ਭਵਨ ਨਿਰਮਾਣ ਦੇ ਅਸੂਲ ਨੂੰ ਮੂਲੋਂ ਹੀ ਭੰਨ ਦੇਵੇਗਾ। ਸੇਮ ਹੋ ਜਾਣ ਦਾ ਡਰ ਹੈ। ਕਿਧਰੇ ਦਰਬਾਰ ਸਾਹਿਬ ਜੜ੍ਹੋਂ ਹੀ ਨਾ ਹਿੱਲ ਜਾਵੇ। ਬਾਹਰਲੀ ਦੂਸ਼ਤ ਹਵਾ ਇਸਦੇ ਸੁਨਹਿਰੀ-ਪੁਣੇ ਨੂੰ ਹੀ ਨਾ ਨਾਸ ਕਰ ਦੇਵੇ। ਚੌਗਿਰਦੇ ਸੜਕ ਤਾਂ ਕਦਾਚਿਤ ਨਾ ਬਣਾਉਣ ਦੇਣੀ। ਇਹ ਕੋਈ ਡਰਾਈਵ-ਇਨ ਨਹੀਂ ਹੈ। ਇਥੇ ਤਾਂ ਟੁੱਟਿਆਂ ਦੀ ਸੁਰਤਿ ਜੁੜਦੀ ਹੈ। ਸੈਰਗਾਹ ਨਹੀਂ ਹੈ। ਇਹ ਤਾਂ ਚਿੱਤ ਜੋੜਨ ਦੀ ਥਾਂ ਹੈ। ਹਾਰਨ ਦੀਆਂ ਆਵਾਜ਼ਾਂ, ਮੋਟਰਾਂ ਦੀ ਘੂੰ ਘੂੰ ਦੂਰ ਹੀ ਰੱਖਣੀ ਲੋੜਦੀ ਹੈ। ਵਿਲੀਅਮ ਮਾਨੀਅਰ ਦੇ ਖ਼ਿਆਲ ਵਿਚ ਦਰਬਾਰ ਸਾਹਿਬ ਤਾਂ ਰੂਹ ਨੂੰ ਹੁਲਾਰਾ ਦੇਣ ਵਾਲਾ ਆਲਾ ਹੈ। ਫਰਗੂਸਨ ਇੰਡੀਅਨ ਐਂਡ ਈਸਟਰਨ ਆਰਕੀਟੈਕਚਰ ਦੀ ਪੁਸਤਕ ਵਿਚ ਯਾਦ ਦਿਲਾਂਦਾ ਹੈ ਕਿ ਹਰਿਮੰਦਰ ਸਾਹਿਬ ਨੂੰ ਬੁੱਤ-ਖ਼ਾਨਾ ਨਾ ਸਮਝ ਲਿਆ ਜੇ। ਇਹ ਤਾਂ ਇਕ ਪ੍ਰਭੂ ਦੀ ਯਾਦ ਵਿਚ ਜੁੜਨ ਦਾ ਸਾਧਨਾ ਅਸਥਾਨ ਹੈ। ਮਾਈਕਲ ਐਡਵਰਡਜ਼ ਨੇ ਇੰਡੀਅਨ ਟੈਂਪਲਜ਼ ਐਂਡ ਪੈਲੇਸਿਜ਼ ਵਿਚ ਸਖ਼ਤ ਵਾਰਨਿੰਗ ਦਿੱਤੀ ਹੈ ਕਿ ਹਰਿਮੰਦਰ ਸਾਹਿਬ ਕੋਈ ਅਜਾਇਬ ਘਰ ਨਹੀਂ। ਇਹ ਤਾਂ ਸਗੋਂ ਪੂਜਣਯੋਗ ਥਾਂ ਹੈ ਜੋ ਜਿਊਂਦੇ ਜਾਗਦੇ ਧਰਮ ਦੀ ਮੂਲਕ ਮਸ਼ੀਨਰੀ ਦਾ ਅਨਿੱਖੜਵਾਂ ਅੰਗ ਹੈ।[1]

ਗੁਰੂ ਅਰਜਨ ਦੇਵ ਜੀ ਇੰਜੇ ਨਹੀਂ ਸੀ ਦਰਬਾਰ ਸਾਹਿਬ ਨੂੰ *'ਡਿਠੇ ਸਭੇ ਥਾਵ ਨਹੀਂ ਤੁਧੁ ਜੇਹਿਆ'* ਕਹਿੰਦੇ।

ਪਾਕਿਸਤਾਨੀ ਸ਼ਾਇਰ ਮਾਸ਼ਦ ਮਨੱਵਰ ਨੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰ ਕਿਹਾ ਸੀ :

*ਹਾਜੀਆ ਮੱਕੇ ਕੀ ਜਾਣਾ,*
*ਰੱਬ ਨੂੰ ਏਥੇ ਵੇਖਿ ਲੈ।*
*ਤੂਰ ਦੀ ਅੱਗ ਜਲ ਰਹੀ ਹੈ*
*ਅੱਖੀਆਂ ਨੂੰ ਸੇਕ ਲੈ।*

---

1. Harmandar Sahib is not a Museum. On the contrary it is a Shrine, part of the essential Machinery of a living faith.

Sri Satguru Jagjit Singh Ji eLibrary NamdhariElibrary@gmail.com

ਭਾਈ ਵੀਰ ਸਿੰਘ ਨੇ ਖ਼ੂਬ ਕਿਹਾ ਸੀ :

*ਮਣੀ ਗੁਆਚਿਆ ਸੱਪ ਜਿਉਂ ਦੁਖ ਪਾਂਵਦਾ।*
*ਪੁਤ ਗਵਾਚਿਆ ਮਾਂ, ਜਗ ਨਹੀਂ ਭਾਂਵਦਾ।*
*ਹਰਿ ਰਸ ਦੀ ਜਦ ਟੋਟ ਪਵੇ ਫ਼ਕੀਰ ਨੂੰ*
*ਪਰਲੋ ਮਚੇ ਚੁਫੇਰ ਤਿਉਂ ਘਬਰਾਂਵਦਾ।*
*ਟੁਟੀ ਡੋਰ ਜਿ ਦੁਆਰ ਤੇ ਆਂਵਦਾ*
*ਲਹਰ ਫਿਰੇ ਇਕ ਵਾਰ ਜੋ ਮੁੜ ਧਾਂਵਦਾ।*
*ਕੀਹ ਅਗੰਮੀ ਖੇਡ ਏਥੇ ਲਹਿਰ ਦੀ*
*ਅਰਸ਼ ਉਤਰਿਆ ਆਣ ਰਸੀਆ ਬਚਾਂਵਦਾ।*

I◆I

Sri Satguru Jagjit Singh Ji eLibrary NamdhariElibrary@gmail.com

ਬੱਤੀ

# ਸ੍ਰੀ ਅਕਾਲ ਤਖ਼ਤ ਸਾਹਿਬ

ਸੰਕਲਪ ਤੇ ਸਿਰਜਣਾ

ਗੁਰ ਬਿਲਾਸ ਪਾਤਸ਼ਾਹੀ ਛੇਵੀਂ ਦਾ ਕਥਨ ਹੈ ਕਿ ਜਦ ਸ੍ਰੀ ਦਰਬਾਰ ਸਾਹਿਬ ਉਸਾਰਨ ਦਾ ਮਨ ਗੁਰੂ ਅਰਜਨ ਦੇਵ ਜੀ ਨੇ ਬਣਾਇਆ ਤਾਂ ਵਾਹਿਗੁਰੂ ਨੇ ਆਪੂੰ ਸ੍ਰੀ ਦਰਬਾਰ ਸਾਹਿਬ ਦਾ ਨਕਸ਼ਾ ਉਲੀਕ ਕੇ ਦਿੱਤਾ। ਪ੍ਰਭੂ ਨੇ ਇਹ ਵੀ ਕਿਹਾ ਕਿ ਇਥੇ ਦਰਬਾਰ ਸਾਹਿਬ ਵਿਖੇ ਹਰ ਵੇਲੇ ਰਿਧੀ ਸਿੱਧੀ ਦਾ ਮੀਂਹ ਵਰ੍ਹਦਾ ਰਹੇਗਾ।

*"ਇਹ ਮੰਦਰ ਮਮਰੂਪ ਹੈ*
*ਹਰਿਮੰਦਰ ਇਹ ਨਾਮ।*
*ਰਿਧਿ ਸਿਧਿ ਇਹ ਠਾਂ ਰਹੈ*
*ਨਿਸ ਦਿਨ ਆਠੋਂ ਜਾਮ।* (ਅਧਿਆਇ ਪੰਜਵਾਂ)

ਵਾਹਿਗੁਰੂ ਨੇ ਗੁਰੂ ਅਰਜਨ ਦੇਵ ਜੀ ਨੂੰ ਇਹ ਵੀ ਕਿਹਾ ਕਿ ਜਿਥੇ ਗੁਰੂ ਗ੍ਰੰਥ ਸਾਹਿਬ ਨੂੰ ਰਾਤੀਂ (ਕੋਠਾ ਸਾਹਿਬ) ਬਿਸ੍ਰਾਮ ਕਰਾਉਣਾ ਹੈ ਉਥੇ ਹੀ ਆਪ ਜੀ ਦਾ ਸਪੁੱਤਰ ਇਸ ਦੇ ਪਾਸ ਹੀ ਮੇਰਾ ਤਖ਼ਤ (ਅਕਾਲ) ਰਚੇਗਾ। ਦੋਹਰਾ :

*ਨਿਸ ਦਿਨ ਤੁਮ ਇਹ ਥਾਂ ਰਹੋ*
*ਸਨਮੁਖ ਮੋਹਿ ਸੁਹਾਇ।*
*ਤੁਮਰੋ ਸੁਤ ਤੁਮ ਨਿਕਟ ਹੀ*
*ਮੇਰੇ ਤਖ਼ਤ ਬਨਾਇ। ੨੯।*

ਇਤਿਹਾਸ ਦੀ ਗਵਾਹੀ ਹੈ ਕਿ ਜਦ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੀ ਖ਼ਬਰ ਪੁੱਜੀ ਤਾਂ ਗੁਰੂ ਹਰਿਗੋਬਿੰਦ ਜੀ ਉਸ ਸਮੇਂ ਗੁਰੂ ਗ੍ਰੰਥ ਸਾਹਿਬ ਦੇ ਬਿਸ੍ਰਾਮ ਅਸਥਾਨ (ਕੋਠਾ ਸਾਹਿਬ) ਚਲੇ ਗਏ। ਕੋਠਾ ਸਾਹਿਬ ਪ੍ਰਵੇਸ਼ ਕਰਦੇ ਦੇਖ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਤੇ ਭਾਈ ਬਿਧੀ ਚੰਦ ਜੀ ਵੀ ਅੰਦਰ ਆ ਗਏ। ਅੰਦਰ ਗਏ ਹੀ ਸਨ ਕਿ ਵਾਹਿਗੁਰੂ ਨੇ ਪ੍ਰਤੱਖ ਦਰਸ਼ਨ ਦਿੱਤੇ ਤੇ ਬਚਨ ਕੀਤੇ ਕਿ ਗੁਰੂ ਅਰਜਨ ਦੇਵ ਜੀ ਸੱਚੀ ਆਤਮਾ ਵਾਲੇ ਸਨ ਉਨ੍ਹਾਂ ਨੂੰ ਕੌਣ ਸ਼ਹੀਦ ਕਰ ਸਕਦਾ ਹੈ। ਦਰਸ਼ਨ ਕਰਦਿਆਂ ਹੀ ਸਭ ਨੂੰ ਧੀਰਜ ਆਇਆ।

ਵਾਹਿਗੁਰੂ ਨੇ ਹਰਿਗੋਬਿੰਦ ਜੀ ਨੂੰ ਕਿਹਾ :



Sri Satguru Jagjit Singh Ji eLibrary NamdhariElibrary@gmail.com

ਤੁਹਾਡੇ ਮੇਰੇ ਵਿਚ ਰਤਾ ਭਰ ਭੇਦ ਨਹੀਂ ਹੈ। ਮੈਂ ਪਹਿਲਾਂ ਹੀ ਤੁਹਾਡੇ ਪਿਤਾ ਗੁਰੂ ਅਰਜਨ ਦੇਵ ਜੀ ਨੂੰ ਕਿਹਾ ਸੀ ਕਿ ਤੁਹਾਡਾ ਬੇਟਾ ਦਰਬਾਰ ਸਾਹਿਬ ਦੇ ਪਾਸ ਅਕਾਲ ਤਖ਼ਤ ਦੀ ਰਚਨਾ ਕਰੇਗਾ। ਇਥੇ ਪਹਿਲਾਂ ਤਖ਼ਤ ਉਸਾਰੋ ਤੇ ਫਿਰ ਦੋ ਕ੍ਰਿਪਾਨਾਂ 'ਮੀਰੀ ਪੀਰੀ' ਦੀਆਂ ਧਾਰਨ ਕਰੋ।

*"ਤੋਰ ਪਿਤਾ ਕੋ ਬਚ ਕਹੈ*
*ਪਾਛੈ ਮੋਹਿ ਇਹ ਭਾਇ।*
*ਸੁਤ ਤੁਮਾਰਾ ਤੁਮਰੇ ਨਿਕਟ*
*ਮੇਰੋ ਤਖ਼ਤ ਬਨਾਇ। ੩੫੨।*
*ਪ੍ਰਿਥਮੈ ਇਹ ਥਾਂ ਤਖ਼ਤ ਸਵਾਰੋ।*
*ਮੀਰੀ ਅਸਿ (ਕ੍ਰਿਪਾਨ) ਕੋ ਧਾਰੋ। ੩੫੩।*
*ਤਖ਼ਤ ਅਕਾਲ ਨਾਮ ਤਿਹ ਕੀਜੈ।*
*ਤਾਹਿ ਬੈਠ ਪਿਤਾ ਬਦਲਾ ਲੀਜੈ।*
*ਰਾਮ ਕ੍ਰਿਸ਼ਨ ਤੇ ਆਦਿ ਨ ਪਾਛੇ ਜੋ ਅਵਤਾਰ।*
*ਜੈਸੇ ਉਨ ਰਾਕਸ ਹਨੇ, ਤੈਸੇ ਤੁਮ ਇਨ ਮਾਰ। ੩੫੫।*
*ਮੀਰੀ ਪੀਰੀ ਦੋਊ ਧਾਰੋ।*
*ਧਰਾ ਭਾਰ ਸਭ ਦੂਰ ਨਿਵਾਰੋ। ੩੫੭।*

ਗੁਰੂ ਹਰਿਗੋਬਿੰਦ ਜੀ ਨੇ ਸਿਰ ਨਿਵਾ ਕਿਹਾ ਕਿ ਆਪਣੇ ਨਾਮ ਦੀ ਆਪ ਹੀ ਲਾਜ ਰੱਖਣੀ।

*ਨਾਮ ਲਾਜ ਪ੍ਰਭੂ ਤੁਮੈ ਬਨਾਏ।*

ਮਹਾਰਾਜ ਨੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਰਖਵਾ ਦਿੱਤਾ ਤਾਂ ਕਿ ਜੋ ਆਵੇ ਗੁਰਬਾਣੀ ਨੂੰ ਸੁਣੇ। ਬਾਰਾਂ ਦਿਨ ਬਾਅਦ ਜਿਥੇ ਕੋਠਾ ਸਾਹਿਬ ਹੈ, ਉਥੇ ਹੀ ਦੀਵਾਨ ਸਜਾਇਆ। ਭੋਗ ਉਪਰੰਤ ਮਸੰਦ ਕਾਲੀ ਉੱਨ ਦੀ ਰੱਸੀ ਤੇ ਪੋਥੀ ਲੈ ਆਏ ਤਾਂ ਮਹਾਰਾਜ ਨੇ ਬੁੱਢਾ ਜੀ ਨੂੰ ਕਿਹਾ ਕਿ ਤੁਸੀਂ ਦੱਸੋ ਕਿ ਇਹ ਰੀਤ ਨਿਭਾਉਣੀ ਹੈ ਜਾਂ ਉਹ ਜੋ ਅਕਾਲ ਪੁਰਖ ਨੇ ਬਚਨ ਕੀਤਾ ਹੈ, ਤੇ ਫੁਲ ਚਾੜ੍ਹਨੇ ਹਨ।

ਬਾਬਾ ਬੁੱਢਾ ਜੀ ਇਹ ਬਚਨ ਸੁਣ ਕੇ ਖ਼ੁਸ਼ ਹੋਏ ਤੇ ਪੁੱਛਿਆ ਕਿ ਇਹਨਾਂ ਵਸਤਾਂ ਦਾ ਕੀ ਕਰਨਾ ਹੈ ਤਾਂ ਮਹਾਰਾਜ ਨੇ ਕਿਹਾ ਕਿ ਇਹ ਤੋਸ਼ੇਖਾਨੇ ਰੱਖ ਦਿਓ। ਵਸਤਾਂ ਤੋਸ਼ੇਖਾਨੇ ਪਹੁੰਚਾ ਦਿੱਤੀਆਂ ਤੇ ਆਪ ਜੀ ਨੇ ਸਿਰ ਤੇ ਦਸਤਾਰ ਸਜਾਈ ਤੇ ਜਦ ਸੀਸ ਦਸਤਾਰ ਸਜਾਈ ਤਾਂ ਇੰਜ ਪ੍ਰਤੀਤ ਹੋਵੇ ਜਿਵੇਂ ਪ੍ਰਮਾਤਮਾ ਦਾ ਰੂਪ ਹੀ ਸਾਹਮਣੇ ਬੈਠਾ ਹੈ।

*ਸ੍ਰੀ ਗੁਰੂ ਪਗ ਬਧੀ ਨਿਜ ਸੀਸ।*
*ਦਿਖ ਸਭ ਹੀ ਜਾਨ ਨਿਜ ਈਸ। ੨੭।*

(ਅਧਿਆਇ ਅੱਠਵਾਂ)

Sri Satguru Jagjit Singh Ji eLibrary NamdhariElibrary@gmail.com

*ਰਾਗੀ ਸਿੱਖਾਂ ਨੇ ਅਨੰਦ ਪੜ੍ਹ ਕੜਾਹ ਦੀਓ ਵਰਤਾਇ।*

ਮਸੰਦਾਂ ਨੂੰ ਬਹੁਤ ਪੀੜਾ ਹੋਈ। ਉਹ ਮਾਤਾ ਜੀ ਪਾਸ ਗਏ। ਮਾਤਾ ਜੀ ਨੂੰ ਜਾ ਕੇ ਕਿਹਾ : ਦੇਖੋ ਤੁਹਾਡੇ ਪੁੱਤਰ ਕੀ ਕੀਤਾ ਹੈ। ਸ਼ਸਤਰ ਪਹਿਨ ਲਏ ਹਨ। ਨਾ ਕੋਲ ਫ਼ੌਜ ਤੇ ਨਾ ਹੀ ਕੋਈ ਮੁਲਕ ਹੈ। ਮਾਤਾ ਜੀ ਨੇ ਕਿਹਾ : ਤੁਸੀਂ ਕਿਹੜੀ ਸੋਚ ਵਿਚ ਪੈ ਗਏ ਹੋ।

*ਹਰਿਗੋਬਿੰਦ ਕੋ ਨਰ ਨਹੀਂ ਜਾਨੋ।*
*ਸੱਤ ਪਰਮੇਸ਼ਵਰ ਨਿਸ਼ਚੈ ਮਾਨੋ।*

ਅਕਾਲ ਪੁਰਖ ਦੇ ਹੁਕਮ ਨਾਲ ਹੀ ਇਹ ਪ੍ਰਗਟ ਹੋਏ ਹਨ ਅਤੇ ਇਹ ਅਕਾਲ ਪੁਰਖ ਦੇ ਹੁਕਮ ਨਾਲ ਹੀ ਕਾਰ ਨਿਭਾ ਰਹੇ ਹਨ।

ਮਾਤਾ ਜੀ ਦੇ ਬਚਨਾਂ ਨਾਲ ਸਭ ਨੂੰ ਧੀਰਜ ਆਇਆ। ਉਸ ਦਿਨ ਸ਼ੁਕਰਵਾਰ ਸੀ। ਦੈਂਤਾਂ ਦਾ ਗੁਰੂ ਸ਼ੁੱਕਰ ਹੈ। ਉਸ ਦਿਨ ਪੱਗ ਬੰਨ੍ਹੀ ਤਾਂ ਕਿ ਦੈਂਤਾਂ ਨੂੰ ਖ਼ਬਰ ਹੋ ਜਾਵੇ ਕਿ ਉਨ੍ਹਾਂ ਦੀ ਹੁਣ ਇਸ ਸੰਸਾਰ ਵਿਚ ਇਕ ਨਹੀਂ ਚੱਲਣੀ। ਦੂਜੇ ਦਿਨ ਹੁਕਮਨਾਮੇ ਭੇਜੇ ਕਿ ਮੇਰੀ ਪਿਆਰੀ ਭੇਟਾ ਸ਼ਸਤਰ ਤੇ ਚੰਗੀ ਜਵਾਨੀ ਹੈ। ਢਿੱਲ ਨਹੀਂ ਕਰਨੀ। ਚੌਦਾਂ ਦਿਨ ਵਿਚ ਹੀ ਪੁੱਜਣਾ। ਤੀਜੇ ਦਿਨ ਨੀਂਹ ਰੱਖੀ।

*ਹਾੜ ਪੰਜਵੀਂ ਕੋ ਦਿਨ ਜਾਨ।*
*ਸ੍ਰੀ ਗੁਰ ਉਦਮ ਕੀਨ ਮਹਾਨ। ੩੫।* (ਅਧਿਆਇ ਅਠਵਾਂ)
*ਗੁਰਦਾਸ ਬੁਢੇ ਕੋ ਲੈ ਨਿਜ ਸਾਥ।*
*ਤਖ਼ਤ ਅਰੰਭ ਕਰ ਦੀਨਾ ਨਾਥ।*
*ਜਹ ਭਗਵੰਤ ਜੀ ਆਗਿਆ ਦਈ।*
*ਤਹਾਂ ਆਰੰਭ ਗੁਰੂ ਜੀ ਕਈ। ੩੬।* (ਅਧਿਆਇ ਅਠਵਾਂ)

ਐਤਵਾਰ ਦਾ ਦਿਨ ਸੀ। ਅਰਦਾਸ ਆਪੂੰ ਗੁਰੂ ਹਰਿਗੋਬਿੰਦ ਜੀ ਨੇ ਕੀਤੀ ਤੇ ਫਿਰ ਸੰਗਤਾਂ ਨੂੰ ਕੜਾਹ ਪ੍ਰਸ਼ਾਦ ਵਰਤਾਇਆ ਗਿਆ। ਪਹਿਲੀ ਇਕ ਇੱਟ ਆਪੂੰ ਗੁਰੂ ਹਰਿਗੋਬਿੰਦ ਜੀ ਨੇ ਰੱਖੀ ਤੇ ਇਹਤਿਆਤ ਇਹ ਵਰਤੀ ਕਿ ਕਿਸੇ ਮਿਸਤਰੀ ਮਜ਼ਦੂਰ ਦਾ ਹੱਥ ਨਾ ਲੱਗੇ।

*"ਕਰ ਅਰਦਾਸ ਸ੍ਰੀ ਸਤਿਗੁਰੂ ਪੁਨ ਪ੍ਰਸ਼ਾਦਿ ਵਰਤਾਇਆ"।*

ਦੋਹਰਾ : *ਪ੍ਰਿਥਮ ਨੀਂਵ ਸ੍ਰੀ ਗੁਰੂ ਰੱਖੀ*
*ਅਚਲ ਤਖ਼ਤ ਸੁਹਾਇ। ੩੮।*
ਚੌਪਈ : *ਕਿਸੀ ਰਾਜ ਨਹਿ ਹਾਥ ਲਗਾਯੋ।*
*ਬੁਢੇ ਔਰ ਗੁਰਦਾਸ ਬਨਾਯੋ। ੩੯।*

ਗੁਰੂ ਜੀ ਨੇ ਆਪ ਹੀ ਨਕਸ਼ਾ ਉਲੀਕਿਆ ਤੇ ਕਿਤਨਾ ਉੱਚਾ ਰੱਖਣਾ ਹੈ ਦੱਸ ਦਿੱਤਾ। ਇਹ ਵੀ ਭਵਿੱਖਬਾਣੀ ਕੀਤੀ ਕਿ ਸਮਾਂ ਪਾ ਕੇ ਇਤਨਾ ਸੁੰਦਰ ਬਣ ਜਾਵੇਗਾ ਕਿ ਸਵਰਗ

Sri Satguru Jagjit Singh Ji eLibrary NamdhariElibrary@gmail.com

ਵੀ ਮਾਤ ਲੱਗੇਗਾ।

ਦੇਸ਼ਾਂ ਦੇਸ਼ਾਂ ਤੋਂ ਸੰਗਤਾਂ ਸ਼ਸਤਰ ਘੋੜੇ ਲੈ ਕੇ ਇਥੇ ਪੁੱਜਣ ਲੱਗੀਆਂ। ਹਾਥੀ ਵੀ ਇਕ ਨੇ ਭੇਟ ਕੀਤਾ। ਉਹ ਆਪ ਜੀ ਨੇ ਢਾਡੀਆਂ ਨੂੰ ਦੇ ਦਿੱਤਾ। ਨਗਾਰਾ ਵੀ ਅਸਥਾਪਣ ਕਰ ਦਿੱਤਾ ਅਤੇ ਢਾਡੀ ਵੀ ਮੰਗਵਾ ਲਏ। ਅਬਦੁੱਲਾ ਪ੍ਰਸਿੱਧ ਢਾਡੀ ਸੀ ਪਰ ਨਗਾਰਾ ਬੜਾ ਸੁੰਦਰ ਵਜਾਉਂਦਾ ਸੀ। ਵੀਹ ਦਿਨਾਂ ਵਿਚ ਤਖ਼ਤ ਬਣ ਗਿਆ ਤੇ ਛੱਬੀਵੇਂ ਦਿਨ ਤਖ਼ਤ ਤੇ ਬਿਰਾਜੇ।

ਚਾਰੇ ਪਾਸੇ ਹੁਕਮਨਾਮੇ ਭੇਜ ਦਿੱਤੇ ਗਏ ਸਨ ਕਿ ਤਖ਼ਤ-ਨਸ਼ੀਨੀ ਵਾਲੇ ਦਿਨ ਸੰਗਤਾਂ ਹੁੰਮ ਹੁਮਾ ਕੇ ਪੁੱਜਣ। ਛੇਵੇਂ ਪਾਤਸ਼ਾਹ ਜੀ ਨੇ ਕੇਸਰੀ ਬਾਣਾ ਸਜਾਇਆ। ਦਸਤਾਰ ਤੇ ਕਲਗੀ ਸਜਾਈ। ਬਾਂਹ ਤੇ ਬਾਜ਼ੂਬੰਦ ਸੀ। ਢਾਲ ਵੀ ਪਿੱਛੇ ਸੋਭ ਰਹੀ ਸੀ। ਦੋ ਤਲਵਾਰਾਂ ਪਹਿਨੀਆਂ ਹੋਈਆਂ ਸਨ।

## ਤਖ਼ਤ 'ਤੇ ਬਿਰਾਜਨਾ

ਅਕਾਲ ਪੁਰਖ ਨੇ ਫਿਰ ਆਗਿਆ ਕੀਤੀ ਕਿ ਤਖ਼ਤ ਤੇ ਬੈਠ ਕੇ ਦੁਸ਼ਟਾਂ ਦਾ ਨਾਸ਼ ਕਰੋ।

ਮਹਾਰਾਜ ਨੇ ਵੀ ਹੱਥ ਜੋੜ ਨਿਮਰਤਾ ਵਿਚ ਕਿਹਾ ਕਿ *ਅਸੀਂ ਤਾਂ ਵਾਹਿਗੁਰੂ ਦੇ ਦਾਸ ਹਾਂ ਤੇ ਸਾਡਾ ਕੰਮ ਨਿਰੋਲ ਅਰਦਾਸ ਕਰਨਾ ਹੈ। ਕਾਰਜ ਵਾਹਿਗੁਰੂ ਨੇ ਹੀ ਸਵਾਰਨੇ ਹਨ। ਵਾਹਿਗੁਰੂ ਨੇ ਕਿਹਾ ਕਿ ਤੁਸਾਂ ਨੇ ਜੋ ਇਸ ਦਾ ਨਾਂ ਅਕਾਲ ਤਖ਼ਤ ਰੱਖਿਆ ਹੈ ਇਹ ਹੀ ਦੱਸ ਰਿਹਾ ਹੈ ਕਿ ਤੁਹਾਡੇ ਵਿਚ ਕਿਤਨੀ ਨਿਰਮਾਣਤਾ ਹੈ। ਆਪਣੇ ਨਾਂ ਤੇ ਤਖ਼ਤ ਨਹੀਂ ਕੀਤਾ।*

*ਅਕਾਲ ਤਖ਼ਤ ਇਹ ਨਾਮ ਕਰ*
*ਤੋਹਿ ਨਾਮ ਨਾ ਕੀਨ।੫੦।*

ਅਕਾਲ ਪੁਰਖ ਬਾਚ ਸੀ ਕਿ ਤੁਸੀਂ ਹੁਣ ਤਖ਼ਤ 'ਤੇ ਬੈਠ ਕੇ ਸੋਭਾ ਪਾਓ ਅਤੇ ਆਪ ਜੀ ਬਾਅਦ ਸ਼ਸਤਰ ਇਥੇ ਟਿਕਾ ਦਿੱਤੇ ਜਾਣ। ਸ਼ਸਤਰ ਦਾ ਆਦਰ ਮੇਰੀ ਹੀ ਪੂਜਾ ਸਮਾਨ ਹੈ।

*ਪਾਛੇ ਸ਼ਸਤਰ ਰੂਪ ਮਹਿ ਜਾਨੋ।*
*ਮਮ ਪੂਜਾ ਕੀ ਇਹ ਤਾਂ ਮਾਨੋ।*

*ਗੁਰੂ ਹਰਿਗੋਬਿੰਦ ਜੀ ਤਖ਼ਤ ਤੇ ਬੀਰ ਆਸਨ ਲਗਾ ਕੇ ਬੈਠੇ। ਚੌਂਕੜਾ ਨਹੀਂ ਮਾਰਿਆ। ਬਾਬਾ ਬੁੱਢਾ ਜੀ ਨੇ ਤਿਲਕ ਲਗਾ ਦਿੱਤਾ।* ਅਸਲ ਵਿਚ ਸਭ ਵਾਹਿਗੁਰੂ ਦੇ ਹੁਕਮ ਨਾਲ ਹੀ ਹੋ ਰਿਹਾ ਸੀ। ਢਾਡੀ ਅਬਦੁੱਲਾ ਤੇ ਨੱਥ ਮੱਲ ਨੇ ਵਾਰ ਪੜ੍ਹੀ :

*ਸਚਾ ਤਖਤ ਸੁਹਾਯੋ*
*ਸ੍ਰੀ ਗੁਰ ਪਾਇ ਕੈ।*
*ਛਬ ਬਰਨੀ ਨਹਿ ਜਾਇ*
*ਕਹੋ ਕਿਆ ਗਾਇ ਕੈ।*
*ਰਵਿ ਸਸਿ ਭਏ ਮਲੀਨ*

Sri Satguru Jagjit Singh Ji eLibrary NamdhariElibrary@gmail.com

*ਸੁ ਦਰਸ ਦਿਖਾਇ ਕੈ।*
*ਸ੍ਰੀ ਗੁਰੂ ਤਖ਼ਤ ਬਿਰਾਜੇ*
*ਪ੍ਰਭੂ ਧਿਆਇ ਕੈ।*
*ਮੀਰ ਅਬਦੁਲਾ ਐ ਨਥਾ*
*ਜਸ ਕਹੇ ਬਨਾਇ ਕੈ। ੬੨।*
*ਫਿਰ ਗਾਇਆ :*
*ਦੋ ਤਲਵਾਰੀਂ ਬਧੀਆਂ*
*ਇਕ ਮੀਰੀ ਦੀ ਇਕ ਪੀਰ ਦੀ।*
*ਇਕ ਅਜ਼ਮਤ ਦੀ ਇਕ ਰਾਜ ਦੀ*
*ਇਕ ਰਾਖੀ ਕਰੇ ਵਜ਼ੀਰ ਦੀ।*
*ਹਿੰਮਤ ਬਾਹਾ ਕੋਟ ਗੜ੍ਹ*
*ਦਰਵਾਜ਼ਾ ਬਲਖ ਬਖੀਰ ਦੀ।*
*ਨਾਲ ਸਿਪਾਹੀ ਨੀਲ ਨਲ*
*ਮਾਰ ਦੁਸ਼ਟਾਂ ਕਰੇ ਤਗੀਰ ਜੀ।*
*ਪਗ ਤੇਰੀ ਕੀ ਜਹਾਂਗੀਰ ਦੀ।*

ਵਾਰਾਂ ਸੁਣ ਕੇ ਗੁਰੂ ਜੀ ਨੇ ਢਾਡੀਆਂ ਨੂੰ ਕਿਹਾ ਕਿ ਤੁਸੀਂ ਹੁਣ ਇਥੇ ਸਾਡੇ ਪਾਸ ਹੀ ਰਹੋ ਤੇ ਖੜ੍ਹੇ ਹੋ ਕੇ ਹਮੇਸ਼ਾ *ਸੂਰਮਿਆਂ ਦੀਆਂ ਵਾਰਾਂ ਸੁਣਾਵੋ।*

*"ਵਾਰ ਸਭੀ ਸੂਰਨ ਕੀ ਗਾਵੋ।*
*ਠਾਢੇ* (ਖੜੇ ਹੋ ਕੇ) *ਆਗੇ ਨਿੱਤ ਸੁਨਾਵੋ। ੬੪।*

ਗੁਰੂ ਜੀ ਬੀਰ ਆਸਨ ਲਗਾ ਕੇ ਸ਼ਾਂਤ ਚਿੱਤ ਬਿਰਾਜ ਰਹੇ ਸਨ ਅਤੇ *ਕਮਲ ਵਰਗੇ ਹੱਥ ਨਾਲ ਤੀਰ ਵੀ ਨਾਲੋ-ਨਾਲ ਘੁਮਾ ਰਹੇ ਸਨ।*

ਗਲੇ ਦੋ ਕ੍ਰਿਪਾਨਾਂ ਸਨ। ਪਿੱਠ ਪਿੱਛੇ ਢਾਲ ਸੀ। ਖੱਬੇ ਮੋਢੇ 'ਤੇ ਕਮਾਨ ਸਜਾਈ ਹੋਈ ਸੀ ਜਿਸ ਦੀ ਸ਼ੋਭਾ ਬ੍ਰਹਮਾ ਦੇ ਧਨੁਖ ਨੂੰ ਵੀ ਮਾਤ ਪਾ ਰਹੀ ਸੀ। ਸਦਕੇ ਜਾਣ ਨੂੰ ਚਿੱਤ ਕਰਦਾ ਸੀ।

*ਬੀਰ ਬਰਾਸਨਿ*
*ਸੋਹ ਨਿਧਾਸਨ,* (ਪੂਰਨ ਇਕਾਗਰਤਾ)
*ਪੰਕਜ ਹਾਥ ਸੁ ਬਾਨ ਫਿਰਾਵੈ।*
*ਕੰਠ ਬਿਖੈ ਅਸਿ ਦੋਇ* (ਗਲੇ ਦੋ ਕ੍ਰਿਪਾਨਾਂ) *ਬਿਰਾਜਤ*
*ਚਰਮ* (ਢਾਲ) *ਸੋ ਸੁੰਦਰ ਪੀਠ ਸੁਹਾਵੈ।*
*ਬਾਵੇਂ ਹੀ ਹਾਥ ਬਿਖੈ ਧਨ ਰਾਜਤ,*

Sri Satguru Jagjit Singh Ji eLibrary NamdhariElibrary@gmail.com

*ਦੇਖ ਗਾਂਡੀਵ ਮਨ ਸੁਕਰਾਵੈ।*
*ਸੁੰਦਰ ਐਸੇ ਸਰੂਪ ਕੇ ਊਪਰ*
*ਦਾਸ ਕਵੀ ਪਿਖਕੈ ਬਲ ਜਾਵੈ। ੫੬।*

ਸੰਗਤਾਂ ਨੇ ਸ਼ਸਤਰ ਤੇ ਘੋੜੇ ਭੇਟਾ ਕੀਤੇ। *ਆਪ ਜੀ ਦੀ ਆਵਾਜ਼ ਤੇ ੫੨ ਸੂਰਮਿਆਂ ਨੇ ਜਵਾਨੀਆਂ ਭੇਟ ਕੀਤੀਆਂ।* ਦ੍ਰਿਸ਼ਟੀ ਐਸੀ ਉਨ੍ਹਾਂ ਸੂਰਮਿਆਂ ਤੇ ਪਾਈ ਕਿ ਉਨ੍ਹਾਂ ਦੀ ਕਾਇਆ ਕਲਪ ਹੋ ਗਈ। ਇਹ ਬਚਨ ਵੀ ਕਹੇ : ਇਹ ਨਾ ਖ਼ਿਆਲ ਕਰਿਓ ਤੁਸੀਂ ਥੋੜ੍ਹੇ ਹੋ। ਸਭ ਦਰਿਆ ਸੋਮਿਆਂ ਵਿਚੋਂ ਹੀ ਨਿਕਲੇ ਹਨ। ਲੱਕੜ ਦੀ ਇਕ ਨਿਮਾਣੀ ਤੀਲੀ ਜੰਗਲ ਨੂੰ ਅੱਗ ਲਗਾ ਸਕਦੀ ਹੈ ਤੁਸੀਂ ਤਾਂ ਭਲਾ ਗੁਰਸਿੱਖ ਹੋ ਤੇ ਗੁਰਸਿੱਖ ਵੀ ਉਹ ਜਿਨ੍ਹਾਂ ਦਾ ਕਲੇਜਾ ਹੁਣੇ ਹੀ ਤੱਤੀ ਤਵੀ ਤੇ ਸਾੜਿਆ ਗਿਆ ਹੈ। ਮਾਝਾ, ਦੁਆਬਾ ਤੇ ਕੁਝ ਮਾਲਵਾ ਵਿਚੋਂ ਆਏ ਸਨ। ਉਨ੍ਹਾਂ ਵਿਚ ਹਰ ਜਾਤ ਵਰਨ ਦੇ ਲੋਕੀਂ ਸਨ।

*ਬਵੰਜਾ ਬੀਰ ਬਪੁ ਧਰੇ ਨਵੀਨੇ।*
*ਛੀਂਬੇ, ਝੀਵਰ ਔਰ ਤਰਖਾਨ।*
*ਨਾਈ ਗ੍ਰਿਹਿ ਉਤਰੇ ਆਣ। ੬੭।*

ਦੇਖਦੇ-ਹੀ-ਦੇਖਦੇ ਚਾਰ ਸੌ ਹੋਰਾਂ ਸੂਰਮਿਆਂ ਨੇ ਵੀ ਆਪਾ ਭੇਟ ਕੀਤਾ। ਉਨ੍ਹਾਂ ਸੂਰਮਿਆਂ ਸਿਰਫ਼ ਇਤਨਾ ਕਿਹਾ ਕਿ ਹੋਰ ਤਾਂ ਸਾਡੇ ਕੋਲ ਭੇਟ ਕਰਨ ਲਈ ਕੁਝ ਨਹੀਂ ਸਿਰਫ਼ ਸੀਸ ਹੈ, ਉਹ ਹਾਜ਼ਰ ਹੈ।

*ਨਹਿ ਢਿਗ ਦਰਬ ਜੋ ਪੂਜ ਚੜਾਵੈਂ*
*ਹਮ ਅਨਾਥ ਸਿਰ ਭੇਟਾ ਕੀਨੇ।*
*ਦੀਨ ਹੇਤ ਸਿਰ ਦੇਹਿੰਗੇ ਐਸ ਬਾਤ ਦ੍ਰਿੜ ਕੀਨ।*

ਮਹਾਰਾਜ ਇਹ ਸੁਣ ਕੇ ਬਹੁਤ ਪ੍ਰਸੰਨ ਹੋਏ।
ਪਹਿਲੇ ਚਾਰ ਸਿਪਾਹ ਸਾਲਾਰ ਗੁਰੂ ਜੀ ਨੇ ਥਾਪੇ ਤੇ ਹਰ ਇਕ ਹੇਠ ਸੌ ਸੌ ਸਵਾਰ ਰੱਖੇ।

**ਚਾਰ ਸੈਨਾਪਤੀ**

*ਬਿਧੀਆ ਪੈੜਾ ਔਰ ਪਿਰਾਣਾ।*
*ਚੌਥਾ ਜੇਠਾ ਕਹੋ ਬਖਾਣਾ।*
*ਸਹਸ ਸਹਸ ਤਾਬਿਆ ਇਨ ਦੀਏ।*
*ਚਾਰੋਂ ਸਿੱਖ ਸੈਨਾਪਤਿ ਕੀਏ। ੭੬।*

।◆।

## ਤੇਤੀ

# ਸ੍ਰੀ ਦਰਬਾਰ ਸਾਹਿਬ

### ਦਿਨ ਚਰਯਾ

''ਮੰਨੋ ਭਾਵੇਂ ਨਾ'' (Believe it or not) ਦੀ ਨੌਵੀਂ ਜਿਲਦ ਵਿਚ ਰਿਪਲੇ ਨੇ ਲਿਖਿਆ ਹੈ ਕਿ ਸ੍ਰੀ ਦਰਬਾਰ ਸਾਹਿਬ ਦੁਨੀਆ ਭਰ ਵਿਚ ਇਕ ਪੁਸਤਕ ਦੀ ਸਭ ਤੋਂ ਕੀਮਤੀ ਜਿਲਦ ਹੈ ਕਿਉਂਕਿ ਦਰਬਾਰ ਸਾਹਿਬ ਦੀ ਉਸਾਰੀ ਇਸ ਲਈ ਹੀ ਕੀਤੀ ਗਈ ਕਿ ਉਥੇ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਅਸਥਾਪਨ ਕੀਤੀ ਜਾ ਸਕੇ। ਗਵਾਹੀ ਵੀ ਹੈ ਕਿ ਜਦ ਆਦਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਹੋ ਗਈ ਤਾਂ ਗੁਰੂ ਅਰਜਨ ਦੇਵ ਜੀ ਨੇ ਬਾਬਾ ਬੁੱਢਾ ਜੀ ਕੋਲੋਂ ਪੁੱਛਿਆ ਕਿ ਤੁਹਾਡੀ ਰਾਏ ਵਿਚ ਇਸ ਨੂੰ ਅਸਥਾਪਣ ਕਿਥੇ ਕੀਤਾ ਜਾਵੇ ਤਾਂ ਉਨ੍ਹਾਂ ਕਿਹਾ : ਤੁਸੀਂ ਸਮਰੱਥ ਹੋ ਪਰ ਨਾ-ਚੀਜ਼ ਦੀ ਰਾਏ ਵਿਚ ਇਸ ਨੂੰ ਟਿਕਾਣ ਦਾ ਸਹੀ ਟਿਕਾਣਾ ਸ੍ਰੀ ਦਰਬਾਰ ਸਾਹਿਬ ਹੈ।

*ਸ੍ਰੀ ਗ੍ਰੰਥ ਲਾਇਕ ਦਰਬਾਰਾ।*
*ਔਰ ਅਸਥਾਨ ਨ ਕੋਈ ਮੁਰਾਰਾ।*
*ਇਹ ਸੁਨ ਸ੍ਰੀ ਗੁਰੂ ਭਯੋ ਅਨੰਦਾ।*
*ਮਾਨੋ ਦਿਖਯੋ ਦੂਜ ਕੋ ਚੰਦਾ।''*

(ਰਾਸ ਤੀਜੀ ਅੰਸ ੪੯ ਸੂਰਜ ਪ੍ਰਕਾਸ਼)

ਜਿਵੇਂ ਗੁਰੂ ਗ੍ਰੰਥ ਸਾਹਿਬ ਦੀ ਪਵਿਤ੍ਰਤਾ ਤੇ ਰੂਹਾਨੀਅਤ ਦੇ ਨੁਕਤੇ ਤੋਂ ਸੰਸਾਰ ਭਰ ਵਿਚ ਕੋਈ ਸਾਨੀ ਨਹੀਂ ਤਿਵੇਂ ਹੀ ਦਰਬਾਰ ਸਾਹਿਬ ਹੀ ਇਕ ਐਸਾ ਹਰਿਮੰਦਰ ਹੈ ਜਿਸ ਦੇ ਚਾਰ ਦਰਵਾਜ਼ੇ ਮਨੁੱਖਤਾ ਦੇ ਵਖਰੇਵੇਂ ਮਿਟਾਉਣ ਦੇ ਪ੍ਰਤੀਕ ਹਨ। ਫਿਰ ਇਹ ਦਰਵਾਜ਼ੇ ਕਿਸੇ ਖ਼ਾਸ ਕੁੰਟ ਵਿਚ ਨਾ ਹੋ ਕੇ ਸਗੋਂ ਦੋ ਦੋ ਕੂੰਟਾਂ ਵਿਚਕਾਰ ਇਕ ਦਰਵਾਜ਼ਾ ਹੈ। ਹਰਿ ਕੀ ਪੌੜੀ ਵਾਲਾ ਦਰਵਾਜ਼ਾ ਪੂਰਬ-ਦੱਖਣ ਵਿਚਕਾਰ ਹੈ। ਸ਼ਹੀਦ-ਬੁੰਗਾ ਵਾਲਾਂ ਦਰਵਾਜ਼ਾ, ਦੱਖਣ-ਪੱਛਮ ਵਿਚਕਾਰ ਹੈ। ਦਰਸ਼ਨੀ ਦਰਵਾਜ਼ਾ ਪੱਛਮ-ਉੱਤਰ ਵੱਲ ਅਤੇ ਘੰਟਾ ਘਰ (ਅਜਾਇਬ ਘਰ) ਦੀ ਬਾਹੀ ਵਾਲਾ ਦਰਵਾਜ਼ਾ ਉੱਤਰ-ਪੂਰਬ ਵਿਚਾਲੇ ਹੈ। ਇਹ ਇਸ ਲਈ ਕੀਤਾ ਕਿ ਪੂਰਬ-ਪੱਛਮ ਦੀ ਵਿੱਥ ਵੀ ਮਿਟ ਜਾਵੇ। ਗਿਆਨੀ ਗਿਆਨ ਸਿੰਘ ਜੀ ਦਾ ਇਸ ਸਿਲਸਿਲੇ ਵਿਚ ਕਹਿਣਾ ਠੀਕ ਹੈ ਕਿ ਚੌਹਾਂ ਤਰਫਾਂ ਤੋਂ ਚਾਰੇ ਦਰਵਾਜ਼ਿਆਂ ਰਾਹੀਂ ਸੰਗਤਾਂ ਆਉਂਦੀਆਂ ਹਨ। ਚਾਰੇ ਫਲ ਮਿਲਦੇ ਹਨ, ਅਤੇ ਚਾਰੇ ਪਹਿਰ, ਹਰ ਵੇਲੇ ਚਾਰ ਅੱਖਰਾਂ



Sri Satguru Jagjit Singh Ji eLibrary NamdhariElibrary@gmail.com

(ਵਾ-ਹਿ-ਗੁ-ਰੂ) ਦਾ ਉਚਾਰਨ ਹੁੰਦਾ ਰਹਿੰਦਾ ਹੈ। ਚਾਰੇ ਆਸ਼ਰਮ ਹਰੀ ਦੇ ਧਿਆਨ ਵਿਚ ਜੁੜਦੇ ਹਨ। ਚਾਰੇ ਸੰਪਰਦਾਵਾਂ, ਸੰਨਿਆਸੀ, ਉਦਾਸੀ, ਵੈਰਾਗੀ ਤੇ ਨਿਰਮਲੇ ਆ ਕੇ ਇਥੇ ਸਿਰ ਝੁਕਾਉਂਦੇ ਹਨ।

ਫੇਰ ਹਰਿਮੰਦਰ ਸਾਹਿਬ ਬਿਲਕੁਲ ਪਾਣੀ ਦੀ ਸਤਹ 'ਤੇ ਹੀ ਬਿਠਾਇਆ ਗਿਆ ਹੈ। ਉੱਚਾ ਹੋ ਦੇਖਣ ਵਾਲੇ ਨੂੰ ਇੰਜ ਪ੍ਰਤੀਤ ਹੋਵੇਗਾ ਕਿ ਜਿਵੇਂ ਕੰਵਲ ਫੁੱਲ ਖਿੜਿਆ ਹੈ।

ਦਰਬਾਰ ਸਾਹਿਬ ਨੂੰ ਜਾਣ ਬੁੱਝ ਕੇ ਨੀਵੀਂ ਥਾਂ ਬਣਾਇਆ ਗਿਆ। ਪਉੜੀਆਂ ਉਤਰ ਕੇ ਹੀ ਦਰਬਾਰ ਸਾਹਿਬ ਦੀਆਂ ਪਰਕਰਮਾ ਵਿਚ ਪੈਰ ਰਖੀਦਾ ਹੈ। ਇਹ ਨਿਮਰਤਾ ਦਾ ਪ੍ਰਤੀਕ ਹੈ। ਦਰਬਾਰ ਸਾਹਿਬ ਦਾ ਗੁੰਬਦ ਬੈਠਵਾਂ ਹੈ ਅਤੇ ਅਕਾਲ ਤਖ਼ਤ ਦਾ ਖੜ੍ਹਾ ਜੋ ਅਣਖ ਦਾ ਚਿੰਨ੍ਹ ਹੈ।

ਦਰਬਾਰ ਸਾਹਿਬ ਜੀਵਨ ਤੇ ਹਰਕਤ ਦਾ ਲਖਾਇਕ ਹੈ। ਜੋ ਇਸ ਦੀ ਤੁਲਨਾ ਤਾਜ ਮਹੱਲ ਨਾਲ ਕਰਦੇ ਹਨ, ਉਹ ਮੁਢੋਂ ਹੀ ਘੁੱਥੇ ਹਨ। ਇਥੇ ਚਿਤਰਕਾਰੀ, ਪਚੀਕਾਰੀ ਤੇ ਮੁਹਰਾਕਸ਼ੀ ਵਿਚ ਜ਼ਿੰਦਗੀ ਦਿਖਾਈ ਹੈ। ਪੰਛੀ ਉੱਡਦੇ, ਸਾਧੂ ਤਪੱਸਿਆ ਕਰਦੇ, ਹਾਥੀ ਝੂਲਦੇ ਅਤੇ ਮੋਰ ਪੈਲਾਂ ਪਾਉਂਦੇ ਤੱਕੇ ਜਾ ਸਕਦੇ ਹਨ। ਉਥੇ ਤਾਜ ਮਹੱਲ ਵਿਚ ਕਿਸੇ ਜਾਨਦਾਰ ਜੀਵ ਦਾ ਚਿਤਰ ਨਹੀਂ ਬਣਾਇਆ ਗਿਆ। *ਇਥੇ ਜ਼ਿੰਦਗੀ ਹੈ ਤੇ ਉਥੇ ਤਾਜ ਮਹੱਲ ਮੌਤ। ਸ਼ਾਇਦ ਇਹ ਹੀ ਕਾਰਨ ਹੈ ਕਿ ਸ੍ਰੀ ਦਰਬਾਰ ਸਾਹਿਬ ਵਿਚ ਕਿਸੇ ਮ੍ਰਿਤਕ ਦੀ ਯਾਦ ਵਿਚ ਅਰਦਾਸ ਤੇ ਅਖੰਡ ਪਾਠ ਵੀ ਨਹੀਂ ਹੋ ਸਕਦਾ।*

ਦਰਬਾਰ ਸਾਹਿਬ ਦੀਆਂ ਵਧਵੀਆਂ ਬਾਰੀਆਂ ਇਸ ਢੰਗ ਨਾਲ ਬਣਾਈਆਂ ਹਨ ਕਿ ਛੇ ਰੁੱਤਾਂ ਹੀ ਸੁਹਾਵਣੀਆਂ ਹੋਣ। ਗਰਮੀਆਂ ਵਿਚ ਪਸੀਨਾ ਨਾ ਆਵੇ ਤੇ ਸਰਦੀਆਂ ਵਿਚ ਪਾਲਾ ਨਾ ਲੱਗੇ।

*ਜਹਿ ਗ੍ਰੀਖਮ ਮਹਿ ਸਵੇਦ ਨਾ ਜੋਵੈ।*
*ਹਿਮ ਰੁਤ ਮਾਹਿ ਪਾਲ ਨਹਿ ਹੋਵੈ।*

ਧਰਮਾਂ ਦੀ ਸਾਂਝ ਦ੍ਰਿੜ੍ਹਾਉਣ ਲਈ ਗੁਰੂ ਅਰਜਨ ਜੀ ਨੇ 'ਮੀਆਂ ਮੀਰ ਤੇ ਨੀਉ ਰਖਾਈ' ਅਤੇ ਗ਼ੁਲਾਮ ਮੁਹੀਉਦੀਨ ਦੇ ਤਵਾਰੀਖ਼-ਇ-ਪੰਜਾਬ ਵਿਚ ਲਿਖੇ ਅਨੁਸਾਰ :

ਸ਼ਾਹ ਮੀਆਂ ਮੀਰ, ਅੰਮ੍ਰਿਤਸਰ ਗੁਰੂ ਅਰਜਨ ਦੇਵ ਜੀ ਦੀ ਬਿਨੈ ਕਰਨ 'ਤੇ ਆਏ ਤੇ ਆਪਣੇ ਪਾਵਨ ਹੱਥਾਂ ਨਾਲ ਚਾਰ ਇੱਟਾਂ ਚਾਰ ਦਿਸ਼ਾਵਾਂ ਵਿਚ ਤੇ ਇਕ ਚਾਰਾਂ ਦੇ ਵਿਚਕਾਰ ਨੀਂਹ ਦੇ ਤੱਟ ਤੇ ਰੱਖੀ।

ਸੋ ਠੀਕ ਰਵ੍ਹੇਗਾ ਕਿ ਸ੍ਰੀ ਦਰਬਾਰ ਸਾਹਿਬ ਦੀ ਦਿਨਚਰਜਾ (ਕਵਾੜ ਖੁਲ੍ਹਣ ਤੋਂ ਬੰਦ ਹੋਣ ਤਕ) ਜਿਸ ਨੂੰ ਭਾਈ ਮਨੀ ਸਿੰਘ ਜੀ ਨੇ ਬੰਨ੍ਹਿਆ ਤੇ ਜੋ ਰਤਾ ਕੁ ਅੰਤਰ ਨਾਲ ਅੱਜ ਤਕ ਉਵੇਂ ਹੀ ਚੱਲ ਰਹੀ ਹੈ, ਨੂੰ ਤੱਕਿਆ ਜਾਵੇ। ਇਕ ਅੰਤਰ ਤਾਂ ਪਿਆ ਹੈ ਕਿ ੧੯੪੭ ਤੋਂ ਪਹਿਲਾਂ ਸੱਤ ਰਬਾਬੀ ਤੇ ਅੱਠ ਰਾਗੀ ਕੀਰਤਨ ਕਰਦੇ ਸਨ ਪਰ ਹੁਣ ਰਬਾਬੀ ਨਾ ਮਿਲਣ ਕਾਰਨ ਉਨ੍ਹਾਂ ਦੀ ਥਾਂ ਵੀ ਰਾਗੀ ਸਿੰਘਾਂ ਨੇ ਲੈ ਲਈ ਹੈ। ਇਤਨੀ ਕਰੜਾਈ ਨਾਲ ਮਰਯਾਦਾ ਨਿਭਾਈ ਜਾ ਰਹੀ ਹੈ ਕਿ ਬੋਲੇ *ਸੋ ਨਿਹਾਲ-ਸਤਿ ਸ੍ਰੀ ਅਕਾਲ ਦਾ ਜੈਕਾਰਾ ਵੀ*

Sri Satguru Jagjit Singh Ji eLibrary NamdhariElibrary@gmail.com

*ਦਰਬਾਰ ਸਾਹਿਬ ਨਹੀਂ ਹੁੰਦਾ ਤਾਂ ਕਿ ਕੋਈ ਖੁਲ੍ਹ ਨਾ ਲੈ ਲਵੇ।*

ਪਹਿਲਾਂ ਭਾਈ ਮਨੀ ਸਿੰਘ ਜੀ ਨੇ ਦਰਬਾਰ ਸਾਹਿਬ ਦੀ ਸੇਵਾ ਲਈ ਛੇ ਪੱਤੀਆਂ ਵਿਚ ਸੇਵਾਦਾਰ ਲਗਾਏ :

੧. ਗ੍ਰੰਥੀ

੨. ਗਿਆਨੀ

੩. ਸ਼ਬਦ ਕੀਰਤਨ ਕਰਨ ਵਾਲੇ ਕੀਰਤਨੀਏ ਅਤੇ ਰਬਾਬੀ

੪. ਅਰਦਾਸੀਏ, ਮਸੰਦੀ ਤੇ ਲਾਂਗਰੀ ਜੋ ਨਿਰੋਲ ਕੜਾਹ ਪ੍ਰਸ਼ਾਦ ਤਿਆਰ ਕਰਨ ਲਈ ਹੁੰਦੇ ਸਨ।

੫. ਧੂਪੀਏ, ਚਰਾਗੀਏ ਅਤੇ ਦੀਵਾਨ ਸਜਾਉਣ ਵਾਲੇ

੬. ਫਰਾਸ਼।

ਦਿਨ ਦੀ ਪੂਰੀ ਮਰਯਾਦਾ ਇਸ ਤਰ੍ਹਾਂ ਬੰਨ੍ਹੀ ਕਿ ਰਾਤ ਨੂੰ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਅਕਾਲ ਤਖ਼ਤ ਕੋਠਾ ਸਾਹਿਬ, ਬਿਸਰਾਮ ਕਰਨ ਜਾਣ ਉਪਰੰਤ ਦਰਬਾਰ ਸਾਹਿਬ ਦੇ ਕਵਾੜ, ਦੀਵਾਨ ਨਵੇਂ ਸਿਰਿਉਂ ਸਜਾਉਣ ਲਈ ਅੰਦਰੋਂ ਬੰਦ ਕਰ ਲੈਣ। ਇਹ ਵੀ ਇਕ ਅਸਚਰਜ ਹੈ ਕਿ ਸ੍ਰੀ ਦਰਬਾਰ ਸਾਹਿਬ ਦੇ ਕਵਾੜਾਂ ਨੂੰ ਬਾਹਰੋਂ ਕੋਈ ਜੰਦਰਾ, ਕੁੰਡਾ-ਕੁੰਡੀ ਨਹੀਂ ਹੈ। ਅੰਦਰ ਹੀ ਕੁੰਡੀ ਹੈ। *ਦੁਕਾਨਾਂ ਬਾਹਰੋਂ ਬੰਦ ਕਰੀਦੀਆਂ ਹਨ ਅਤੇ ਘਰ ਅੰਦਰੋਂ। ਇਹ ਦਰਬਾਰ ਸਾਹਿਬ ਕੋਈ ਦੁਕਾਨ ਨਹੀਂ ਪ੍ਰਭੂ ਦਾ ਘਰ ਹੈ।* ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਫ਼ਰਮਾਨ ਸੀ ਕਿ :

*ਦਰਬ ਕੇ ਕਾਰਨੇ ਗੁਰੂ ਮਹਾਰਾਜ ਨੇ*
*ਨਹੀਂ ਬੈਠ ਇਹ ਦੁਕਾਨ ਪਾਈ।*

ਕਵਾੜ ਬੰਦ ਹੋਣ ਵੇਲੇ ਅੰਦਰ ਵੀ ਸ਼ਬਦ ਦੀ ਧੁਨੀ ਉਠਦੀ ਰਹਿੰਦੀ ਹੈ ਅਤੇ ਬਾਹਰੋਂ ਵੀ ਕੀਰਤਨ ਦੀ ਆਵਾਜ਼ ਆਉਂਦੀ ਰਹਿੰਦੀ ਹੈ। ਬਾਹਰ ਬੈਠੀਆਂ ਸੰਗਤਾਂ ਨਿੰਮ੍ਹੀ-ਨਿੰਮ੍ਹੀ ਮਧੁਰ ਆਵਾਜ਼ ਵਿਚ ਸੁਖਮਨੀ ਸਾਹਿਬ ਦਾ ਪਾਠ ਕਰਦੀਆਂ ਹਨ ਅਤੇ ਢਾਈ ਵਜੇ ਜਦ ਇਕ ਸੁਰ ਇਹ ਸ਼ਬਦ :

*ਦਰਮਾਦੇ ਠਾਢੇ ਦਰਬਾਰਿ।*
*ਤੁਝ ਬਿਨ ਸੁਰਤਿ ਕਰੈ ਕੋ ਮੇਰੀ,*
*ਦਰਸਨੁ ਦੀਜੈ ਖੋਲ ਕਿਵਾਰ॥ ੧॥*

ਪੜ੍ਹਦੇ ਹਨ ਤਾਂ ਕਵਾੜ ਖੋਲ੍ਹ ਦਿੱਤੇ ਜਾਂਦੇ ਹਨ ਅਤੇ ਅੰਦਰ ਤਿਪਹਰੇ ਦਾ ਕੀਰਤਨ ਅਰੰਭ ਹੋ ਜਾਂਦਾ ਹੈ। ਇਸੇ ਨੂੰ *'ਪ੍ਰੇਮ ਕੀ ਚੌਕੀ'* ਕਹਿੰਦੇ ਸਨ ਕਿਉਂਕਿ ਪ੍ਰੇਮੀ ਸਿੰਘ ਹੀ ਕੀਰਤਨ ਕਰਦੇ ਸਨ। ਭਾਈ ਸ਼ਾਮ ਸਿੰਘ ਜੀ ਲਗਾਤਾਰ ਸੱਤਰ ਸਾਲ ਇਹ ਸੇਵਾ ਨਿਭਾਂਦੇ ਰਹੇ। ਫਿਰ ਇਕ ਘੰਟੇ ਬਾਅਦ ਆਸਾ ਦੀ ਵਾਰ ਦੀ ਚੌਕੀ ਅਰੰਭ ਹੁੰਦੀ ਹੈ।

ਆਸਾ ਦੀ ਵਾਰ ਦਾ ਕੀਰਤਨ ਦੋ ਹਿੱਸਿਆਂ ਵਿਚ ਹੁੰਦਾ ਹੈ। ਇਹ ਇਤਿਹਾਸਕ ਸੱਚਾਈ ਹੈ ਕਿ ਆਸਾ ਦੀ ਵਾਰ ਗੁਰੂ ਨਾਨਕ ਦੇਵ ਜੀ ਨੇ ਉਚਾਰੀ ਹੀ ਦੋ ਹਿੱਸਿਆਂ ਵਿਚ ਸੀ।

Sri Satguru Jagjit Singh Ji eLibrary NamdhariElibrary@gmail.com

ਪਹਿਲਾਂ ੧੫ ਪਉੜੀਆਂ ਲਾਹੌਰ ਦੁਨੀ ਚੰਦ ਦੀ ਡਿਉੜੀ, ਦੁਨੀ ਦਾ ਹੰਕਾਰ ਲਾਹੁਣ ਲਈ ਉਚਾਰ-ਗਾਈਆਂ ਸਨ ਅਤੇ ਬਾਕੀ ਦੀਆਂ ਨੌਂ ਬਾਬਾ ਫ਼ਰੀਦ ਦੇ ਤਕੀਏ, ਪਾਕ ਪਟਨ ਇਕ ਦਾ ਹੋਕਾ ਦੇਣ ਲਈ। ਦਰਬਾਰ ਸਾਹਿਬ ਮਰਯਾਦਾ ਹੀ ਬਣਾ ਦਿੱਤੀ ਗਈ ਕਿ ਜੇ ਗੁਰੂ ਦੇ ਦਰਸ਼ਨ ਕਰਨੇ ਹਨ ਤਾਂ ਦੁਨੀ ਦਾ ਪ੍ਰਭਾਵ ਮਿਟਾ, ਲਾਹ, ਉਤਾਰ ਇਥੇ ਆਵੇ।

ਜਦ ਪੰਦਰਾਂ ਸਲੋਕਾਂ ਤੇ ੧੫ ਪਉੜੀਆਂ ਦਾ ਕੀਰਤਨ ਹੋ ਚੁੱਕਾ ਹੁੰਦਾ ਹੈ ਤਾਂ ਸਾਹਿਬ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਦਰਬਾਰ ਸਾਹਿਬ, ਸਜੀ, ਮੰਜੀ ਸਾਹਿਬ 'ਤੇ ਪ੍ਰਕਾਸ਼ ਕਰ ਦਿੱਤੀ ਜਾਂਦੀ ਹੈ। ਜਦ ਪਾਲਕੀ ਸ੍ਰੀ ਦਰਬਾਰ ਸਾਹਿਬ ਵੱਲ ਰਵਾਨਾ ਹੁੰਦੀ ਹੈ ਤਾਂ ਨਰ-ਸਿੰਘਾ ਵਜਾਇਆ ਜਾਂਦਾ ਹੈ ਜੋ ਸੰਕੇਤ ਹੈ ਕੂਚ ਦਾ, ਅਤੇ ਅਕਾਲ ਤਖ਼ਤ ਤੇ ਨਗਾਰਾ ਵੱਜਦਾ ਰਹਿੰਦਾ ਹੈ ਜੋ ਪ੍ਰਗਟਾਉਂਦਾ ਹੈ ਕਿ ਦੀਨ ਦੁਨੀ ਦੇ ਪਾਤਸ਼ਾਹ ਦੀ ਸਵਾਰੀ ਜਾ ਰਹੀ ਹੈ।

ਪ੍ਰਸਿੱਧ ਇਤਿਹਾਸਕਾਰ ਟਾਇਨਬੀ ਨੇ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਇਤਨੇ ਆਦਰ ਨਾਲ ਦਰਬਾਰ ਸਾਹਿਬ ਪ੍ਰਕਾਸ਼ ਹੋਣ ਲਈ ਜਾਂਦੀ ਦੇਖ ਹੀ ਲਿਖਿਆ ਸੀ ਕਿ 'ਸ਼ਬਦ ਦਾ ਸਤਿਕਾਰ ਕਰਨਾ ਕੋਈ ਸਿੱਖਾਂ ਕੋਲੋਂ ਸਿੱਖੇ। ਜੋ ਵਿਅਕਤੀ ਦੀ ਪੂਜਾ ਤੋਂ ਉੱਚਾ ਹੋ ਵਿਚਰਦਾ ਹੈ ਉਸ ਦੀ ਗੱਲ ਸਾਰਾ ਜਗਤ ਕਦੇ ਬੜੇ ਧਿਆਨ ਨਾਲ ਸੁਣੇਗਾ।'

ਨਗਾਰਾ ਬਾਰੇ ਫਿਰ ਲਿਖਣਾ ਦੁਹਰਾ ਨਹੀਂ ਹੋਵੇਗਾ ਕਿ ਨਗਾਰਾ ਚਿੰਨ੍ਹ ਹੈ ਸੁਤੰਤਰ ਬਾਦਸ਼ਾਹਤ ਦਾ। ਔਰੰਗਜ਼ੇਬ ਨੇ ਇਕ ਵਾਰੀ ਆਪਣੇ ਬੇਟੇ ਮੁਅੱਜ਼ਮ (ਜੋ ਪਿੱਛੋਂ ਬਹਾਦਰ ਸ਼ਾਹ ਬਣਿਆ) ਨੂੰ ਤਾੜਨਾ ਭਰੀ ਚਿੱਠੀ ਲਿਖੀ ਸੀ ਕਿ ਤੈਨੂੰ ਕਾਬਲ ਦੀ ਨਵਾਬੀ ਸੰਭਾਲਣ ਵੇਲੇ ਕਦਾਚਿਤ ਨਗਾਰਾ ਨਹੀਂ ਸੀ ਵਜਾਉਣਾ ਚਾਹੀਦਾ, ਸਿਰਫ਼ ਚਾਰ ਢੋਲ ਵਜਾਉਣੇ ਚਾਹੀਦੇ ਸਨ। ਜਦ ਅੱਲਾਹ ਤੈਨੂੰ ਤਖ਼ਤ-ਨਸ਼ੀਂ ਕਰੇਗਾ ਤਾਂ ਬੇਸ਼ੱਕ ਨਗਾਰਾ ਵਜਾਵੀਂ।

ਦਰਬਾਰ ਸਾਹਿਬ ਪ੍ਰਕਾਸ਼ ਕਰਨ ਵੇਲੇ ਭੱਟਾਂ ਦੇ ਸਵੱਈਏ ਬੜੀ ਸ਼ਰਧਾ ਨਾਲ ਖੜ੍ਹੇ ਹੋ ਕੇ ਵੱਖ-ਵੱਖ ਗੁਰਮੁਖ ਪੜ੍ਹਦੇ ਹਨ। ਫਿਰ ਸਾਰੀ ਸੰਗਤ ਇਕ ਆਵਾਜ਼ ਨਾਲ :

*ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ।*
*ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ।*
*ਮਾਯਾ ਮੋਹ ਭਰਮ ਪੈ ਭੂਲੇ*
*ਸੁਤ ਦਾਰਾ ਸਿਉ ਪ੍ਰੀਤਿ ਲਗਾਈ।*
*ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ*
*ਤਿਹ ਮਿਲੰਤ ਜਮ ਤ੍ਰਾਸ ਮਿਟਾਈ।*
*ਇਕ ਅਰਦਾਸਿ ਭਾਟ ਕੀਰਤਿ ਕੀ*
*ਗੁਰ ਰਾਮਦਾਸ ਰਾਖਹੁ ਸਰਣਾਈ। ੪। ੫੮।*

(ਗੁਰੂ ਗ੍ਰੰਥ ਸਾਹਿਬ, ਪੰਨਾ ੧੪੦੬)

ਅਤੇ

Sri Satguru Jagjit Singh Ji eLibrary NamdhariElibrary@gmail.com

ਡੰਡਉਤ ਦੇ ਸਲੋਕ ਪੜ੍ਹਨ ਉਪਰੰਤ ਵਾਕ ਲਿਆ ਜਾਂਦਾ ਹੈ।

ਇਹ ਪ੍ਰੰਪਰਾ ਵੀ ਗੁਰੂ ਅਰਜਨ ਦੇਵ ਜੀ ਨੇ ਆਪੂੰ ਸ੍ਰੀ ਦਰਬਾਰ ਸਾਹਿਬ ਅਰੰਭ ਕੀਤੀ ਸੀ। ਜਦ ਪਹਿਲਾ ਪ੍ਰਕਾਸ਼ ਹੋਇਆ ਸੀ ਤਾਂ ਗੁਰੂ ਅਰਜਨ ਦੇਵ ਜੀ ਨੇ ਫ਼ਰਮਾਇਆ ਸੀ :

*ਬੁਢਾ ਸਾਹਿਬ ਖੋਲਹ ਅਬ ਗ੍ਰੰਥ।*
*ਲੇਹੁ ਆਵਾਜ਼ (ਹੁਕਮ) ਸੁਨਹਿ ਸਭ ਪੰਥ।*

ਵਾਕ ਲੈਣ ਉਪਰੰਤ ਫਿਰ ਕੀਰਤਨ ਅਰੰਭ ਹੋ ਜਾਂਦਾ ਹੈ ਤੇ ਕੁਝ ਚਿਰ ਪਿੱਛੋਂ ਅਨੰਦ ਸਾਹਿਬ ਦੀਆਂ ਪੰਜ ਪਹਿਲੀਆਂ ਤੇ ਅੰਤਲੀ ਪਉੜੀ ਪੜ੍ਹਨ ਉਪਰੰਤ ਅਰਦਾਸ ਹੁੰਦੀ ਹੈ। ਫਿਰ ਬਾਕੀ ਦੇ ਛਕੇ ਸਮੇਤ ਸਲੋਕਾਂ ਦਾ ਕੀਰਤਨ ਹੁੰਦਾ ਹੈ ਤੇ ਫਿਰ ਅਰਦਾਸ ਹੁੰਦੀ ਹੈ। ਆਸਾ ਦੀ ਵਾਰ ਦੀ ਚੌਕੀ ਦੀ ਸਮਾਪਤੀ, ਸੂਰਜ ਚੜ੍ਹੇ ਕਰ ਦਿੱਤੀ ਜਾਂਦੀ ਹੈ।

ਫਿਰ ਦੂਜੀ ਚੌਕੀ (ਤਕਰੀਬਨ ਦਸ ਵਜੇ) ਬਿਲਾਵਲ ਦੀ, ਅਰੰਭ ਹੁੰਦੀ ਹੈ ਜਿਸ ਦਾ ਭੋਗ ਦੁਪਹਿਰੇ ਪਾਇਆ ਜਾਂਦਾ ਹੈ। ਬਿਲਾਵਲ ਦਾ ਰੂਪ ਚਿੱਟੇ ਕੱਪੜੇ ਤੇ ਕੇਸਰ ਦੇ ਛਿੱਟੇ ਹਨ। ਇੰਜ ਪ੍ਰਤੀਤ ਹੁੰਦਾ ਹੈ ਹਰ ਕੀਰਤਨ ਸੁਣਨ ਵਾਲੇ ਨੂੰ ਕਿ ਦਰਗਾਹ ਤੋਂ ਕੇਸਰ ਦੇ ਛਿੱਟੇ ਮਾਰੇ ਜਾ ਰਹੇ ਹਨ। ਉਹ ਰਸ-ਰੂਪ ਹੀ ਹੋ ਜਾਂਦਾ ਹੈ। ਕੇਸਰ ਦੇ ਛਿੱਟੇ ਪੁਆਉਣ ਤੋਂ ਬਾਅਦ ਕੋਈ ਮੂਰਖ ਹੀ ਹੋਵੇਗਾ ਜੋ ਗੰਦ ਦੀਆਂ ਛਿੱਟਾਂ ਪੈਣ ਦੇਵੇ। ਮਰਯਾਦਾ ਅਨੁਸਾਰ ਦਿਨ ਗੁਜ਼ਾਰੇਗਾ।

*ਅਗਲੀ ਚੌਕੀ ਸਾਰੰਗ ਦੀ ਹੈ।* ਦੁਪਹਿਰ ਨੂੰ ਬਾਹਰਲੀ ਪਿਆਸ ਤੇ ਅੰਦਰਲੀ ਖੁਦਿਆ ਸਤਾਂਦੀ ਹੈ। ਜਿਵੇਂ ਸਾਰੰਗ ਦੀ ਪਿਆਸ ਬਗ਼ੈਰ ਸਵਾਂਤੀ ਬੂੰਦ ਪੀਏ ਮਿਟ ਨਹੀਂ ਸਕਦੀ ਤਿਵੇਂ ਜੀਵ-ਆਤਮਾ ਦੀ ਅੰਦਰਲੀ ਭੁੱਖ, ਤ੍ਰੇਹ, ਭੱਜ, ਦੌੜ, ਹੁੱਸੜ, ਸ਼ਬਦ ਨੇ ਮੁਕਾਉਣੀ ਹੈ। ਫਿਰ ਅਨੰਦ ਸਾਹਿਬ ਦਾ ਪਾਠ ਹੁੰਦਾ ਹੈ ਤੇ *ਚਰਨ ਕੰਵਲ* ਦੀ ਚੌਕੀ ਬਾਅਦ ਦੁਪਹਿਰ ਅਰੰਭ ਹੋ ਜਾਂਦੀ ਹੈ। 'ਚਰਨ ਕੰਵਲ ਕੀ ਮੌਜ ਮਹਿ' ਅੰਦਰਲਾ, ਬਾਹਰਲਾ ਖਿੜ ਜਾਂਦਾ ਹੈ। 'ਗਗਨ ਮੈ ਥਾਲ ਰਵਿ ਚੰਦ ਦੀਪਕ ਬਨੇ' ਦਾ ਸ਼ਬਦ ਗਾਇਆ ਜਾਂਦਾ ਹੈ ਤਾਂ ਕਿ ਦ੍ਰਿਸ਼ਟੀ ਵਿਸ਼ਾਲ ਹੋਵੇ। ਵਿਸ਼ਾਲ ਦ੍ਰਿਸ਼ਟੀ ਨੂੰ ਹੁੱਸੜ ਪੁੰਹਦੀ ਤੱਕ ਨਹੀਂ।

ਢਲੀ ਦੁਪਹਿਰ *ਜੈਤਸਰੀ ਦੀ ਚੌਕੀ* ਲੱਗਦੀ ਹੈ।

ਢਲੀ ਦੁਪਹਿਰ ਨੂੰ ਮਨ ਆਲਸੀ ਤੇ ਅੱਖਾਂ ਉਘਲਾਂਦੀਆਂ ਹਨ। ਸਰੀਰ ਵੀ ਨਿਢਾਲ ਹੋ ਜਾਂਦਾ ਹੈ। ਮਨ ਦੀ ਉਧੇੜ ਬੁਣ, ਤਿੱਖੀ ਹੋ ਜਾਂਦੀ ਹੈ। ਜੈਤਸਰੀ ਦਾ ਸੁਭਾਅ ਠੰਢਾ ਹੈ। 'ਜੈਤਸਰੀ' ਯਾਦ ਕਰਾਉਂਦੀ ਹੈ ਕਿ ਸੁਖ ਮਾਇਆ ਵਿਚ ਨਹੀਂ। ਸੁਖ ਨਾਮ ਵਿਚ ਹੈ। ਜੈਤਸਰੀ ਦੇ ਸ਼ਬਦਾਂ ਵਿਚ ਵਾਹਿਗੁਰੂ ਨੂੰ ਯਾਰ ਕਹਿ ਕੇ ਸੰਬੋਧਨ ਕੀਤਾ ਹੈ। ਯਾਰ ਪਾਸ ਹੋਵੇ ਤਾਂ ਸੁਖ ਹੀ ਸੁਖ ਹੈ। ਯਾਰ ਨਾਲ ਦਿਲ ਦੀਆਂ ਗੱਲਾਂ ਵੀ ਕਰ ਲਈਦੀਆਂ ਹਨ। ਫਿਰ ਦੇਖਿਆ ਹੋਵੇਗਾ ਕਿ ਜੈਤਸਰੀ ਦੀ ਵਾਰ ਵਿਚ ਮਨ ਸਮਝਾਉਣ ਕਾਰਨ ਤਿੰਨ ਪੱਖੀ ਹਮਲਾ ਹੈ। ਕਈ ਪੱਖੋਂ ਸਮਝਾਉਣ ਦੀ ਕੋਸ਼ਿਸ਼ ਹੈ। ਪਹਿਲਾਂ ਗਿਆਨ ਨਾਲ, ਫਿਰ ਦਲੀਲ ਨਾਲ ਅਤੇ ਪਿੱਛੋਂ ਪਉੜੀ ਵਿਚ ਸਿੱਖਿਆ ਨਾਲ। ਇਸ ਪਿੱਛੋਂ *ਸੋਦਰ ਦੀ ਪਉੜੀ* ਲੱਗਦੀ ਹੈ। ਸੋਦਰ ਦੀ ਪਉੜੀ ਲਗਾਉਣ ਤੋਂ ਪਹਿਲਾਂ 'ਜੁਗ ਜੁਗ ਭਗਤ ਉਪਾਇਆ

Sri Satguru Jagjit Singh Ji eLibrary NamdhariElibrary@gmail.com

ਪੈਜ ਰੱਖ਼ਦਾ ਆਇਆ ਰਾਮ ਰਾਜੇ' ਦਾ ਛੱਕਾ ਲਗਾ ਕੇ 'ਦੁਖ ਦਾਰੂ ਸੁਖ ਰੋਗ ਭਇਆ ਜਾ ਸੁਖ ਤਾਮ ਨਾ ਹੋਈ' ਦਾ ਸਲੋਕ ਪੜ੍ਹ ਕੇ ਸੋਦਰ ਦਾ ਸ਼ਬਦ ਆਸਾ ਰਾਗ ਵਿਚ ਗਾ ਕੇ ਪਿੱਛੋਂ 'ਸੁਣਿ ਵਡਾ ਆਖੈ ਸਭ ਕੋਇ' ਤੋਂ ਅਰੰਭ ਕਰਕੇ ਰਹਿਰਾਸ ਸਾਹਿਬ ਦਾ ਪਾਠ ਕੀਤਾ ਜਾਂਦਾ ਹੈ। ਅਰਦਾਸ ਕਰਨ ਉਪਰੰਤ ਆਰਤੀ ਦੇ ਸ਼ਬਦ ਗਾਏ ਜਾਂਦੇ ਹਨ।

ਕਿਤਨਾ ਆਦਰ ਬਾਬਾ ਬੁੱਢਾ ਜੀ ਦੀ ਚੌਕੀ ਨੂੰ ਦਿੱਤਾ ਜਾਂਦਾ ਹੈ। ਉਸ ਦਾ ਅੰਦਾਜ਼ਾ ਇਥੋਂ ਲਗਾਓ ਕਿ *'ਆਰਤੀ ਦੀ ਚੌਕੀ'* ਵਿਚਕਾਰ ਹੀ ਜਦ ਬਾਬਾ ਬੁੱਢਾ ਜੀ ਦੀ ਚੌਕੀ ਦੇ ਸਿੰਘ ਸ਼ਬਦ ਪੜ੍ਹਦੇ ਅੰਦਰਲੀ ਦਲ੍ਹੀਜ਼ ਤੇ ਅਕਾਲ ਬੁੰਗੇ ਦੇ ਦਰਵਾਜ਼ੇ ਪੁੱਜਦੇ ਹਨ ਤਾਂ ਅੰਦਰ ਕੀਰਤਨ ਬੰਦ ਹੋ ਜਾਂਦਾ ਹੈ ਤੇ ਬਾਹਰੋਂ ਹੀ ਪਰਕਰਮਾ ਕਰਕੇ ਜਦ ਚੌਕੀ ਅਰਦਾਸ ਕਰਕੇ ਮੁੜਦੀ ਹੈ ਤਾਂ ਹੀ ਅੰਦਰ ਕੀਰਤਨ ਅਰੰਭ ਹੁੰਦਾ ਹੈ। ਇਹ ਚੌਕੀ ਉਸ ਸਮੇਂ ਸ਼ੁਰੂ ਹੋਈ ਸੀ ਜਦ ਗੁਰੂ ਹਰਿਗੋਬਿੰਦ ਜੀ ਗ੍ਰਿਫ਼ਤਾਰ ਕਰਕੇ ਗਵਾਲੀਅਰ ਬੰਦੀ ਬਣਾਏ ਗਏ ਸਨ। ਸੰਗਤਾਂ ਬਿਹਬਲ ਹੋ ਉਠੀਆਂ ਸਨ ਤਾਂ ਬਾਬਾ ਜੀ ਨੇ ਇਹ ਰੀਤ ਚਲਾਈ ਸੀ। ਗੁਰੂ ਹਰਿਗੋਬਿੰਦ ਜੀ ਨੇ ਹੁਕਮ ਕੀਤਾ ਸੀ ਕਿ ਸ਼ਰਧਾਵਾਨ ਨੂੰ ਇਸ ਚੌਕੀ ਵਿਚ ਮੇਰਾ ਹੀ ਦੀਦਾਰ ਹੋਵੇਗਾ। ਕੈਸਾ ਪ੍ਰਣ ਕੀਤਾ ਸੀ ਬਾਬਾ ਬੁੱਢਾ ਜੀ ਨੇ ਕਿ ਉਹ ਅੰਦਰ ਹਰਿਮੰਦਰ ਤਦ ਤਕ ਪੈਰ ਨਹੀਂ ਪਾਉਣਗੇ ਜਦ ਤਕ ਗੁਰੂ ਹਰਿਗੋਬਿੰਦ ਜੀ ਮੁੜ ਨਹੀਂ ਆਂਦੇ। ਬੰਦੀ ਛੋੜ ਦਾਤਾ ਦੇ ਅੰਮ੍ਰਿਤਸਰ ਮੁੜਨ ਤੇ ਦੀਪ ਮਾਲਾ ਕਰਨ ਦੀ ਮਰਯਾਦਾ ਬਾਬਾ ਬੁੱਢਾ ਜੀ ਨੇ ਹੀ ਚਲਾਈ ਸੀ।

ਫਿਰ *ਕਲਯਾਣ ਦੀ ਚੌਕੀ* ਲਗਦੀ ਹੈ। ਇਹ ਤੱਕ ਲਿਆ ਕਿ 'ਜਤਨ ਮਾਇਆ ਕੇ ਕਾਮ' ਨ ਆਏ ਤੇ ਸਿਮਰਨ ਜੋ ਨਾਮ ਹੋ ਨਿਬੜਿਆ ਹੈ ਉਸ ਨੇ ਹੀ ਕਲਯਾਣ ਕਰਨਾ ਹੈ।

ਹੋਰ : *ਅਨੰਦ ਮੂਲ ਰਾਮ ਸਭ ਦੇਖਿਆ*
*ਗੁਰ ਸਬਦੀ ਗੋਬਿੰਦ ਗਜਿਆ।*

ਕਲਯਾਣ ਦਾ ਰੂਪ ਹੀ ਇਹ ਹੈ :

*ਮੇਘ ਗੂੰਜ ਤੇ ਬਾਨੀ ਪਾਈ।*
*ਤਬ ਕਲਿਯਾਨ ਕੀ ਦੇਹ ਬਨਾਈ।*

ਸ਼ਬਦ ਜਦ ਅੰਦਰ ਗੂੰਜਾਂ ਪਾਉਣ ਲੱਗੇ ਤਾਂ 'ਸਦਾ ਸਦਾ ਜਾਗਤ' ਰਹਿੰਦਾ ਹੈ ਜੀਵ।

ਅੰਤਲੀ ਚੌਕੀ, *ਕੀਰਤਨ ਸੋਹਿਲਾ* ਦੀ ਹੈ। ਪਹਿਲਾਂ ਕੀਰਤਨ ਤੇ ਫਿਰ ਸੋਹਿਲਾ ਦੇ ਪਾਠ ਉਪਰੰਤ ਸਾਹਿਬ ਗੁਰੂ ਗ੍ਰੰਥ ਸਾਹਿਬ ਦਾ ਵਾਕ ਲੈ ਬੀੜ ਸੰਤੋਖੀ ਜਾਂਦੀ ਹੈ। ਇਹ ਯਾਦ ਰਹੇ ਕਿ ਰਾਤ ਦਾ ਵਾਕ ਕੋਈ ਵੱਖਰਾ ਨਹੀਂ ਹੁੰਦਾ। ਉਹ ਹੀ ਅੰਮ੍ਰਿਤ ਵੇਲੇ ਵਾਲਾ ਦੁਹਰਾਇਆ ਜਾਂਦਾ ਹੈ ਤਾਂ ਕਿ ਧਰਮੀ ਜਿਊੜਾ ਤੱਕ ਸਕੇ ਕਿ ਸਵੇਰੇ ਲਏ ਹੁਕਮ ਤੇ ਕਿਤਨਾ ਕੁ ਉਸ ਨੇ ਪਹਿਰਾ ਦਿੱਤਾ ਹੈ।

ਉਸੇ ਮਾਣ ਮਰਯਾਦਾ ਨਾਲ ਪਾਲਕੀ ਸਾਹਿਬ ਵਿਚ ਬੀੜ ਦੀ ਸਵਾਰੀ ਅਕਾਲ ਤਖ਼ਤ ਸਾਹਿਬ ਲੈ ਜਾਈ ਜਾਂਦੀ ਹੈ ਤੇ ਜਦ ਪਾਲਕੀ ਸਾਹਿਬ ਦਰਸ਼ਨੀ ਡਿਉੜੀ ਤੋਂ ਬਾਹਰ ਆਉਂਦੀ

Sri Satguru Jagjit Singh Ji eLibrary NamdhariElibrary@gmail.com

ਹੈ ਤਾਂ ਨਗਾਰਾ ਵੱਜਣਾ ਸ਼ੁਰੂ ਹੋ ਜਾਂਦਾ ਹੈ। ਕੋਠਾ ਸਾਹਿਬ ਬੀੜ ਨੂੰ ਮੰਜੀ ਸਾਹਿਬ ਤੇ ਬਿਰਾਜ ਕੇ ਹੇਠਾਂ ਚਾਦਰ ਵਿਛਾ ਦਿੱਤੀ ਜਾਂਦੀ ਹੈ ਕਿਉਂਕਿ ਇਹ ਵੀ ਗੁਰੂ ਅਰਜਨ ਦੇਵ ਜੀ ਨੇ ਫ਼ਰਮਾਇਆ ਸੀ ਕਿ ਜਿਥੇ ਉਹ ਪਹਿਲਾਂ ਬਿਰਾਜਦੇ ਸਨ ਉਥੇ ਤਾਂ ਗੁਰੂ ਗ੍ਰੰਥ ਸਾਹਿਬ ਟਿਕਾ ਦਿੱਤੇ ਜਾਣ ਅਤੇ ਉਨ੍ਹਾਂ ਦਾ ਆਸਣ ਮੰਜੇ ਦੇ ਨਾਲ ਭੁੰਜੇ ਜ਼ਮੀਨ ਤੇ ਲਗਾ ਦਿੱਤਾ ਜਾਵੇ।

*ਭੂਮ ਸੈਨ ਨਿਤ ਪ੍ਰਭ ਕਰੇ*
*ਗੁਰੂ ਗ੍ਰੰਥ ਕੇ ਪਾਸ।*
*ਗੁਰੂ ਗ੍ਰੰਥ ਭਗਵੰਤ ਸਮ*
*ਜਾਨੈ ਕਰ ਅਰਦਾਸ।*

(ਗੁਰ ਬਿਲਾਸ ਪਾਤਸ਼ਾਹੀ ਛੇਵੀਂ)

ਦਰਬਾਰ ਸਾਹਿਬ ਦੀ ਦਿਨਚਰਯਾ ਇਸ ਤਰ੍ਹਾਂ ਨਿਰੰਤਰ ਚਲਦੀ ਰਹਿੰਦੀ ਹੈ।

I◆I

Sri Satguru Jagjit Singh Ji eLibrary NamdhariElibrary@gmail.com

## ਚੌਂਤੀ

# ਬੰਦੀ ਛੋੜ ਦਾਤਾ ਗੁਰੂ ਹਰਿਗੋਬਿੰਦ ਜੀ

ਜਹਾਂਗੀਰ ਨੂੰ ਇਹ ਗੱਲ ਰੜਕਦੀ ਸੀ ਕਿ ਸ੍ਰੀ ਅੰਮ੍ਰਿਤਸਰ ਅਕਾਲ ਤਖ਼ਤ ਦੀ ਸਾਜਨਾ ਗੁਰੂ ਹਰਿਗੋਬਿੰਦ ਜੀ ਨੇ ਕਿਉਂ ਕੀਤੀ ਹੈ। ਦੋ ਤਲਵਾਰਾਂ ਕਿਉਂ ਧਾਰਨ ਕੀਤੀਆਂ ਹਨ। ਅੰਮ੍ਰਿਤਸਰ ਦੀ ਪਨਾਹ ਕਿਉਂ ਬਣਵਾਈ, ਲੋਹਗੜ੍ਹ ਕਿਉਂ ਸਿਰਜਿਆ ਅਤੇ ਤਖ਼ਤ 'ਤੇ ਬੈਠਣ ਵੇਲੇ ਇਹ ਹੁਕਮ ਕਿਉਂ ਜਾਰੀ ਕੀਤੇ ਕਿ : 'ਅੱਜ ਤੋਂ ਮੇਰੀ ਪਿਆਰੀ ਭੇਟਾ ਚੰਗਾ ਸ਼ਸਤਰ ਅਤੇ ਚੰਗੀ ਜੁਆਨੀ ਹੈ।'

**ਕੁਸਲ ਸੇਤੀ ਸ੍ਰੀ ਅੰਮ੍ਰਿਤਸਰ ਵਾਪਸ ਆਉਣ ਤੇ**

ਪਹਿਲਾਂ ਆਦਰ ਨਾਲ ਆਗਰੇ ਬੁਲਾਇਆ ਅਤੇ ਫਿਰ ਆਗਰੇ ਪੁੱਜਣ ਤੇ ਹੀ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦੇ ਕੇ ਗਵਾਲੀਅਰ ਬੰਦੀ ਬਣਾ ਦਿੱਤਾ ਗਿਆ। ਗਵਾਲੀਅਰ ਕਿਲਾ ਨਾ ਹੋ ਕੇ ਇਕ ਐਸੀ ਕੈਦ ਦੀ ਕੋਠੜੀ ਸੀ ਜਿਥੋਂ ਕੋਈ ਵਿਰਲਾ ਹੀ ਬਚ ਨਿਕਲਿਆ ਸੀ। ਪਹਿਲਾਂ ਗੁਰੂ ਜੀ ਨੂੰ ਜ਼ਹਿਰ ਭਰਿਆ ਚੋਲਾ ਪਹਿਨਾਣ ਦੀ ਕੋਸ਼ਿਸ਼ ਹੋਈ ਪਰ ਹਰਿਦਾਸ ਦਰੋਗਾ ਖ਼ਰੀਦਿਆ ਨਾ ਜਾ ਸਕਿਆ। ਗੁਰੂ ਜੀ ਨੂੰ ਹਰਿਦਾਸ ਨੇ ਸਗੋਂ ਸਾਰੀ ਗੱਲ ਦੱਸ ਦਿੱਤੀ ਕਿ ਬੜਾ ਮਾਰੂ ਹੱਲਾ ਦੋਖੀ ਕਰਨਾ ਚਾਹੁੰਦੇ ਸਨ। ਇਹ ਵੀ ਦਰੋਗਾ ਨੇ ਹੀ ਦੱਸਿਆ ਕਿ ਇਥੇ ਖਾਣੇ ਵਿਚ ਮਿੱਠਾ ਜ਼ਹਿਰ ਦਿੱਤਾ ਜਾਂਦਾ ਹੈ ਜਿਸ ਦੇ ਸੇਵਨ ਨਾਲ ਬੰਦਾ ਚੁੜ ਚੁੜ ਕੇ ਮਰਦਾ ਹੈ। ਮਹਾਰਾਜ ਨੇ ਨਿਰਣਾ ਲੈ ਲਿਆ ਕਿ ਜੇਲ੍ਹ ਦਾ ਖਾਣਾ ਖਾਣਾ ਹੀ ਨਹੀਂ।

*'ਸ੍ਰੀ ਗੁਰੂ ਕਹਾ ਕਿਰਤ ਕਰ ਲਿਆਵੋ*
*ਸੋ ਭੋਜਨ ਹਮ ਕੋ ਕਰਵਾਵੋ।'*

ਇਕ ਠਠਿਆਰ ਜੋ ਕਿਰਤ ਕਰਕੇ ਕਮਾਂਦਾ ਸੀ ਉਸ ਦੀ ਕਮਾਈ ਨਾਲ ਤਿਆਰ ਕੀਤਾ ਪ੍ਰਸ਼ਾਦਿ ਗੁਰੂ ਜੀ ਖਾਂਦੇ।

*'ਜੋ ਕੁਝ ਕਿਰਤਿ ਰੋਜ਼ ਕਰੇ ਲਿਆਵੇ*
*ਆਇ ਦਿਵਸ ਪ੍ਰਸਾਦਿ ਕਰਾਵੈ।'*

*(ਅਧਿਆਇ ਅਠਵਾਂ)*

ਜੋ ਰੋਜ਼ੀਨਾ ਦਾ ਪੰਜ ਸੋ ਰੁਪਿਆ ਗੁਰੂ ਜੀ ਨੂੰ ਮਿਲਦਾ ਸੀ ਉਹ ਰਾਜਿਆਂ ਨੂੰ ਹੀ ਵੰਡ ਦੇਂਦੇ ਸਨ।



Sri Satguru Jagjit Singh Ji eLibrary NamdhariElibrary@gmail.com

*'ਰੁਪਿਐ ਪੰਜ ਸੈ ਸ਼ਾਹ ਪਠਾਵੈ।*
*ਸ੍ਰੀ ਗੁਰੂ ਭੋਜਨ ਤਾਹਿ ਕਰਾਵੈ।''*

ਦੋਹਰਾ : *ਬੰਦੀ ਖਾਨੇ ਜੋ ਪਰੇ ਵਾਲੋ ਦੇਤ ਖਵਾਇ।*
*ਅੰਗੀਕਾਰ ਨ ਗੁਰੂ ਕਰੇ ਐਸੋ ਨਿੱਤ ਕਰਾਇ। ੪੫੨।*

ਮਹਾਰਾਜ ਦੀ ਗ੍ਰਿਫ਼ਤਾਰੀ ਸੁਣ ਕੇ ਸੰਗਤਾਂ ਵਿਆਕੁਲ ਹੋਣ ਲੱਗ ਪਈਆਂ। ਬਾਬਾ ਬੁੱਢਾ ਜੀ ਨੇ ਅਕਾਲ ਤਖ਼ਤ ਤੋਂ ਚੌਕੀ ਕੱਢਣ ਦੀ ਪਿਰਤ ਪਾਈ। ਕ੍ਰਿਪਾਨਾਂ ਧਾਰ ਤੇ ਮਸ਼ਾਲਾਂ ਹੱਥ ਲੈ ਸੰਗਤਾਂ ਸ਼ਬਦ ਪੜ੍ਹਦੀਆਂ ਦਰਬਾਰ ਸਾਹਿਬ ਦੀਆਂ ਪਰਕਰਮਾਂ ਕਰਦੀਆਂ। ਸ੍ਰੀ ਦਰਬਾਰ ਸਾਹਿਬ ਦੀ ਅੰਦਰਲੀ ਦਲ੍ਹੀਜ਼ 'ਤੇ ਬਾਹਰੋਂ ਹੀ ਮੁੜ ਜਾਂਦੀਆਂ। ਇਹ ਦਰਸਾਉਣ ਲਈ ਕਿ ਗੁਰੂ ਪਾਤਸ਼ਾਹ ਦੇ ਦਰਸ਼ਨ ਨਾ ਹੋਣ ਕਾਰਨ ਵਿਆਕੁਲ ਹੋਏ ਹਾਂ। ਜਦ ਗੁਰੂ ਹਰਿਗੋਬਿੰਦ ਜੀ ਵਾਪਸ ਸ੍ਰੀ ਦਰਬਾਰ ਸਾਹਿਬ ਮੁੜੇ ਤਾਂ ਇਸ ਮਰਯਾਦਾ ਨੂੰ ਕਾਇਮ ਰੱਖਿਆ ਗਿਆ। ਅੱਜ ਵੀ ਜਦ ਚੌਕੀ ਅੰਦਰਲੀ ਦਲ੍ਹੀਜ਼ 'ਤੇ ਪੁੱਜਦੀ ਹੈ ਤਾਂ ਬਾਬਾ ਬੁੱਢਾ ਜੀ ਅਤੇ ਚੌਕੀ ਸਾਹਿਬ ਦੇ ਆਦਰ ਵਜੋਂ ਦਰਬਾਰ ਸਾਹਿਬ ਕੁਝ ਮਿੰਟਾਂ ਲਈ ਕੀਰਤਨ ਰੋਕ ਦਿੱਤਾ ਜਾਂਦਾ ਹੈ। ਮਹਾਰਾਜ ਨੇ ਇਹ ਬਚਨ ਵੀ ਕੀਤਾ ਸੀ ਕਿ ਜੋ ਇਕ ਮਨ ਚਿੱਤ ਸ਼ਬਦ ਪੜ੍ਹੇਗਾ ਉਸ ਨੂੰ ਇਸ ਚੌਕੀ ਵਿਚੋਂ ਮੇਰੇ ਹੀ ਦੀਦਾਰ ਹੋਣਗੇ। ਇਹ ਚੌਕੀਆਂ ਝੰਡੇ ਬੁੰਗੇ ਜੁਗੋ ਜੁਗ ਅਟੱਲ ਅਰਦਾਸ ਦਾ ਹਿੱਸਾ ਬਣ ਗਏ। ਪੰਜਾਬ ਵਿਚੋਂ ਕਈ ਥਾਵਾਂ ਨਗਰਾਂ ਤੋਂ ਹੋ ਕੇ ਚੌਕੀਆਂ ਗਵਾਲੀਅਰ ਪੁੱਜਦੀਆਂ। ਕਿਲੇ ਦੀ ਪਰਕਰਮਾ ਕਰਕੇ ਮੁੜਦੀਆਂ। ਭਾਈ ਜੇਠਾ ਜੀ ਰਾਤ ਆਗਰੇ ਦੇ ਕਿਲ੍ਹੇ ਵਿਚ ਜਾ ਕੇ ਸ਼ੇਰ ਦਾ ਰੂਪ ਧਾਰ ਜਹਾਂਗੀਰ ਨੂੰ ਡਰਾ ਤਕ ਆਏ ਸਨ। ਜਹਾਂਗੀਰ ਇਤਨਾ ਘਬਰਾਇਆ ਕਿ ਹਕੀਮਾਂ ਕੋਲੋਂ ਉਪਾਅ ਪੁੱਛੇ। ਵਜ਼ੀਰ ਖ਼ਾਨ ਤੇ ਮੀਆਂ ਮੀਰ ਨੇ ਜਾ ਸਮਝਾਇਆ ਕਿ ਅੱਗੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰ ਕਹਿਰ ਕਮਾਇਆ ਈ, ਹੁਣ ਗੁਰੂ ਹਰਿਗੋਬਿੰਦ ਜੀ ਨੂੰ ਬੰਦੀ ਵਿਚ ਰੱਖ ਕੇ ਨਾ ਕਮਾ।

*'ਸ੍ਰੀ ਗੁਰੂ ਰੂਪ ਇਲਾਹੀ ਜਾਨ।'*

ਨੂਰ ਜਹਾਨ ਨੇ ਵੀ ਸਮਝਾਇਆ ਕਿ ਸਾਈਂ ਦੀ ਜ਼ਾਤ ਸਾਈਂ ਜੈਸੀ ਹੀ ਹੁੰਦੀ ਹੈ। ਜਹਾਂਗੀਰ ਨੇ ਇਕ ਮਨਸਬਦਾਰ ਰਾਹੀਂ ਰਿਹਾਈ ਦਾ ਹੁਕਮ ਭੇਜਿਆ। ਵਜ਼ੀਰ ਖ਼ਾਨ ਆਪੂੰ ਵੀ ਆਇਆ ਪਰ ਮਹਾਰਾਜ ਨੇ ਕਿਹਾ : ਸਾਡਾ ਮਨ ਇਥੇ ਵੀ ਪ੍ਰਭੂ ਨਾਲ ਹੀ ਲੱਗਾ ਹੋਇਆ ਹੈ।

*'ਕਹਾ ਗੁਰੂ ਮਨ ਲਾਗਾ ਅਭੇਵਾ।'*

ਪਰ ਇਤਨਾ ਜਹਾਂਗੀਰ ਨੂੰ ਆਖ ਦਿਓ ਕਿ ਅਸੀਂ ਤਦ ਹੀ ਰਿਹਾਅ ਹੋਵਾਂਗੇ ਜਦ ਬਾਕੀ ਬੇਦੋਸ਼ੇ ਬੰਦੀ ਰਾਜੇ ਸਾਡੇ ਨਾਲ ਹੀ ਰਿਹਾਅ ਕੀਤੇ ਜਾਣਗੇ :

*ਸੁਨੋ ਵਜ਼ੀਰ ਤਬੀ ਹਮ ਜਾਵੈ।*
*ਜੋ ਬਾਂਧੇ ਸਭ ਦੁਖੀ ਛੁਡਾਵੈ। ੫੦੩।*

ਦੋਹਰਾ : *ਬੰਦੀ ਨ੍ਰਿਪ ਜੇਤਕ ਪਰੇ, ਸਭ ਕੋ ਪ੍ਰਥਮ ਛੁਡਾਇ।*
*ਕਹੋ ਬਾਤ ਇਮ ਸ਼ਾਹਿ ਸੋ ਤੋ ਤੁਮਰੇ ਪਹਿ ਆਇ। ੫੦੪।*

Sri Satguru Jagjit Singh Ji eLibrary NamdhariElibrary@gmail.com

ਵਜ਼ੀਰ ਖ਼ਾਨ ਬਾਦਸ਼ਾਹ ਜਹਾਂਗੀਰ ਪਾਸ ਮੁੜ ਆਇਆ ਤੇ ਗਵਾਲੀਅਰ ਵਿਖੇ ਗੁਰੂ ਜੀ ਨਾਲ ਹੋਈ ਸਾਰੀ ਗੱਲ ਦੱਸੀ ਤਾਂ ਜਹਾਂਗੀਰ ਨੇ ਕਿਹਾ : ਸਾਰਿਆਂ ਨੂੰ ਛੱਡ ਦਿਓ ਪਰ ਗੁਰੂ ਜੀ ਦੀ ਮੇਰੇ ਨਾਲ ਮੁਲਾਕਾਤ ਜ਼ਰੂਰ ਕਰਾਵੋ।

*ਖਾਂ ਵਜ਼ੀਰ ਕੋ ਸ਼ਾਹਿ ਅਲਾਇ।*
*ਛੋਰ ਬੰਦ ਸਭ ਪੀਰ ਲਿਆਇ। ੪੦੯।*

ਕਈ ਸਾਲਾਂ ਤੋਂ ਬੰਦੀ ਵਿਚ ਦੁੱਖ ਪਾਂਦੇ ਰਾਜੇ ਗੁਰੂ ਜੀ ਦਾ ਪੱਲਾ ਪਕੜ ਕੇ ਰਿਹਾਅ ਹੋਏ। ਗੁਰੂ ਜਿਹਾ ਕੌਣ ਪਰਉਪਕਾਰੀ ਹੈ ਜਿਸ ਉਤਨਾ ਚਿਰ ਰਿਹਾਅ ਹੋਣਾ ਨਾ ਮੰਨਿਆ ਜਦ ਤਕ ਰਾਜੇ ਰਿਹਾਅ ਨਾ ਹੋਏ।

*ਬਹੁ ਬਰਸਨ ਕੇ ਨ੍ਰਿਪ ਬੰਦ ਪਰੈ।*
*ਤਨ ਛੀਨ ਮਲੀਨ ਮਹਾਂ ਸਮ ਧਾਰੇ।*
*ਗੁਰੂ ਕੇ ਪਦ ਪੰਕਜ ਦੇਖਤ ਹੀ*
*ਅੱਘੇ ਓਘ ਸਭੇ ਨਰਕ ਕਟ ਡਾਰੇ।*
*ਸਿੰਧ ਜਰਾ ਜਸ ਬੰਧ ਲੀਏ*
*ਨ੍ਰਿਪ ਰਾਮ ਕੇ ਭ੍ਰਾਤ ਸੁ ਕੀਨ ਉਧਾਰੇ।*
*ਤੈਸੇ ਗੁਰੂ ਨ੍ਰਿਪ ਛੋਰ ਦੀਏ*
*ਗੁਰ ਕੇ ਸਮ ਕੌਨ ਕਰੇ ਉਪਕਾਰੇ। ੫੧੫।*

ਜਦ ਜਹਾਂਗੀਰ ਤੇ ਗੁਰੂ ਹਰਿਗੋਬਿੰਦ ਜੀ ਮਿਲੇ ਤਾਂ ਗੁਰੂ ਜੀ ਪਾਸ ਮਾਲਾ ਦੇਖ ਕੇ ਜਹਾਂਗੀਰ ਦੋਸਤੀ ਜਤਲਾਣ ਲਈ ਕਹਿਣ ਲੱਗਾ ਕਿ ਆਪਣੀ ਮਾਲਾ ਦਾ ਇਕ ਮਣਕਾ ਮੈਨੂੰ ਦਿਓ ਤਾਂ ਕਿ ਤਸਬੀ ਵਿਚ ਲਗਾ ਕੇ ਫੇਰਾਂ। ਮਹਾਰਾਜ ਨੇ ਕਿਹਾ : ਜਦ ਗੁਰੂ ਅਰਜਨ ਜੀ ਸ਼ਹੀਦ ਹੋਏ ਉਨ੍ਹਾਂ ਪਾਸ ਵੀ ਅਜਿਹੀ ਇਕ ਮਾਲਾ ਸੀ। ਚੰਦੂ ਨੇ ਪਾਸ ਹੀ ਰੱਖ ਲਈ ਹੋਵੇਗੀ। ਜਹਾਂਗੀਰ ਨੇ ਕਿਹਾ ਕਿ ਮੈਨੂੰ ਬੜੀ ਗ਼ਲਤ ਫ਼ਹਿਮੀ ਪਾਈ ਗਈ। ਗੁਰੂ ਹਰਿਗੋਬਿੰਦ ਜੀ ਨੇ ਕਿਹਾ ਕਿ ਜੋ ਤੂੰ ਕੀਤਾ ਹੈ ਇਸ ਦਾ ਹਿਸਾਬ ਹੁਣ ਇਥੇ ਨਹੀਂ ਦਰਗਾਹ ਹੀ ਹੋਵੇਗਾ। ਹੁਣ ਦੁਹਰਾਉਣ ਦੀ ਲੋੜ ਨਹੀਂ। ਚੁੱਪੀ ਵਿਚ ਹੀ ਭਲਾ ਹੈ।

*ਹਮਰਾ ਤੁਮ ਦਰਗਾਹੇ ਲੇਖਾ।*
*ਯਜ਼ਦਾ (ਅਲਾਹ) ਕਰੇ ਚਰਿਤ ਜਹਿ ਦੇਖਾ।*
*ਇਹਾ ਕਛੂ ਹਮ ਤੋਹਿ ਨ ਕਹੀਯੇ।*
*ਬੋਲਤ ਕਾਹਿ ਮੋਨ ਹੋ ਰਹੀਏ। ੫੩੭।*

ਆਪਣੇ ਆਪ ਨੂੰ ਨਿਰਦੋਸ਼ ਦਰਸਾਉਣ ਲਈ ਚੰਦੂ ਨੂੰ ਜਹਾਂਗੀਰ ਨੇ ਗੁਰੂ ਜੀ ਦੇ ਹਵਾਲੇ ਕਰ ਦਿੱਤਾ। ਚੰਦੂ ਦਾ ਬੇਟਾ ਤੇ ਇਸਤਰੀ ਵੀ ਗੁਰੂ ਜੀ ਦੇ ਹਵਾਲੇ ਕੀਤੇ ਪਰ ਖ਼ਿਮਾ ਦਾਤਾ ਅਤੇ ਸਾਡੇ ਲਈ ਪੂਰਨੇ ਪਾਉਣ ਵਾਲੇ ਗੁਰ ਪਾਤਸ਼ਾਹ ਨੇ ਕਿਹਾ ਕਿ ਇਹਨਾਂ ਨੂੰ ਛੱਡ ਦਿਓ। ਇਨ੍ਹਾਂ ਦਾ ਕੀ ਕਸੂਰ ਹੈ।

Sri Satguru Jagjit Singh Ji eLibrary NamdhariElibrary@gmail.com

*ਸ੍ਰੀ ਗੁਰ ਕਹਾ ਇਨੈ ਛਡ ਦੀਜੈ।*
*ਇਨ ਕੇ ਵਸ ਨਹਿ, ਜੋ ਗਹਿ ਲੀਜੈ। ੫੬੩।*

ਬਿਧੀ ਚੰਦ ਨੇ ਕਿਹਾ : ਮਹਾਰਾਜ ! ਪਾਪੀ ਦੇ ਬੱਚੇ ਦਾ ਵੀ ਜਣ ਬੱਚਾ ਘਾਣ ਕਰ ਦੇਣਾ ਚਾਹੀਦਾ ਹੈ ਪਰ ਗੁਰੂ ਜੀ ਨੇ ਕਿਹਾ : *ਨਹੀਂ ਬਿਧੀ ਚੰਦ, ਸੂਰਮਾ ਕਦੀ ਔਰਤ ਅਤੇ ਨਿਹੱਥੇ 'ਤੇ ਹੱਥ ਨਹੀਂ ਉਠਾਂਦਾ। ਵੈਰੀ ਨੂੰ ਜੰਗ ਵਿਚ ਹੀ ਮਾਰਨਾ ਫੱਬਦਾ ਹੈ।*

ਗੁਰ ਬਿਲਾਸ ਨੇ ਇਸ ਵਾਕ ਨੂੰ ਉਚੇਚਾ ਸ੍ਰੀ ਗੁਰੋ ਵਾਚ ਕਹਿ ਕੇ ਦਰਜ ਕੀਤਾ ਹੈ।

ਵਾਕ ਹੈ : *ਜੇ ਸੂਰੇ ਬਲਕਾਰ ਧਰਾਵੈ।*
*ਨਾਰੀ ਪਰ ਨਹਿ ਹਾਥ ਉਠਾਵੈ। ੫੭੮।*

ਬੰਦੀ ਰਾਜਿਆਂ, ਜਿਨ੍ਹਾਂ ਨੂੰ ਗੁਰੂ ਜੀ ਨੇ ਗਵਾਲੀਅਰ ਵਿਚੋਂ ਰਿਹਾਅ ਕਰਾਇਆ, ਦੀ ਗਿਣਤੀ ਗੁਰ ਬਿਲਾਸ ਮੁਤਾਬਿਕ ਦੋ ਸੌ ਦਸ (੨੧੦) ਸੀ। ਉਨ੍ਹਾਂ ਦੇ ਰਾਜ ਵੀ ਮੁੜਵਾ ਦਿੱਤੇ। ਗੁਰੂ ਮਹਾਰਾਜ ਨੇ ਸਭ ਰਾਜਿਆਂ ਨੂੰ ਕਿਹਾ ਕਿ ਸਭ ਦੁੱਖ ਵਾਹਿਗੁਰੂ ਨੂੰ ਵਿਸਾਰਿਆਂ ਹੀ ਆਂਦੇ ਹਨ। ਕਦੇ ਵਾਹਿਗੁਰੂ ਨੂੰ ਨਾ ਭੁਲਾਉਣਾ ਤੇ ਹੁਣ ਬਾਦਸ਼ਾਹ ਨਾਲ ਬਣਾਈ ਰੱਖਣੀ। ਬਗ਼ਾਵਤ ਦੀ ਨਹੀਂ ਸੋਚਣੀ। ਮਿੱਤ੍ਰਤਾ ਜਦ ਹੋ ਜਾਏ ਤਾਂ ਫਿਰ ਅੰਤਰ ਨਹੀਂ ਰੱਖਣਾ ਚਾਹੀਦਾ।

*ਸਤਿਨਾਮ ਰਿਦੈ ਧਾਰੋ।*
*ਆਗਿਆ ਸ਼ਾਹ ਕਰਾਇ। ੫੬੯।*

ਵਾਪਸੀ 'ਤੇ ਦਿੱਲੀ ਵਿਖੇ ਫਿਰ ਮਜਨੂੰ ਟਿੱਲੇ ਹੀ ਟਿਕਾਣਾ ਕੀਤਾ। ਸੰਗਤਾਂ ਦਰਸ਼ਨ ਕਰ ਨਿਹਾਲ ਹੋਈਆਂ। ਮਜਨੂੰ ਨੂੰ ਧੀਰਜ ਦਿੱਤਾ।

ਚੰਦੂ ਪਕੜਿਆ ਨਾਲ ਹੀ ਆ ਰਿਹਾ ਸੀ। ਉਸਨੂੰ ਹਰ ਕੋਈ ਲਾਹਨਤ ਵੀ ਪਾਂਦਾ ਤੇ ਜੁੱਤੀਆਂ ਵੀ ਮਾਰਦਾ।

ਗੁਰੂ ਜੀ ਦੇ ਆਚਰਣ ਦੀ ਧਾਂਕ ਵੀ ਜਹਾਂਗੀਰ ਤੇ ਪਈ। ਨੂਰ ਜਹਾਨ ਦਾ ਚਿਹਰਾ ਚੰਨ ਵਾਂਗੂੰ ਚਮਕਦਾ ਸੀ। ਉੱਤੇ ਸ਼ਿੰਗਾਰ ਕੀਤੇ ਹੋਏ ਸਨ ਪਰ ਗੁਰੂ ਜੀ ਦੇ ਕਰੋੜਾਂ ਸੂਰਜ ਵਰਗੇ ਪ੍ਰਕਾਸ਼ ਸਾਹਮਣੇ ਚੰਨ ਵਿਚਾਰੇ ਦੀ ਹੋਂਦ ਕੀ ਕਰ ਸਕਦੀ ਸੀ। ਨੂਰ ਜਹਾਨ ਦੇ ਪੈਰੀਂ ਝਾਂਜਰ ਦੀ ਆਵਾਜ਼ ਤੇ ਕੀਤੇ ਸ਼ਿੰਗਾਰ ਨੂੰ ਦੇਖ ਮਹਾਰਾਜ ਨੇ ਕਿਹਾ :

ਜੇ ਸਦਾ ਕਾਇਮ ਰਹਿਣ ਵਾਲੇ ਅੱਲਾਹ ਦੀ ਯਾਦ ਨਾ ਵਿਸਰਣ ਵਾਲਾ ਸ਼ਿੰਗਾਰ ਕਰ ਲਵੇਂ ਬੇਟੀ ਤਾਂ ਖ਼ੁਦਾ ਨੂੰ ਪਾ ਲਵੇਂ।

*ਐਸੋ ਸਾਚ ਸ਼ਿੰਗਾਰ ਕਰ ਪੁੜ੍ਹੀ,*
*ਪਾਇ ਖ਼ੁਦਾਇ। ੬੦੭।* (ਅਧਿਆਇ ਅਠਵਾਂ)

ਉਸ ਨੂੰ ਲੱਜਾ ਆਈ।

ਨੂਰ ਜਹਾਨ ਨੇ ਪੁੱਛ ਹੀ ਲਿਆ ਕਿ ਇਤਨਾ ਕਾਬੂ ਆਪਣੇ 'ਤੇ ਤੁਸਾਂ ਕਿਵੇਂ ਪਾਇਆ ਹੋਇਆ ਹੈ ਤਾਂ ਆਪ ਜੀ ਨੇ ਫ਼ਰਮਾਇਆ :

ਮੌਤ ਭੁਲਦੀ ਨਹੀਂ ਤੇ ਖ਼ੁਦਾ ਦੀ ਯਾਦ ਟੁੱਟਦੀ ਨਹੀਂ। ਫਿਰ ਗੁਰੂ ਜੀ ਨੇ ਨੂਰ ਜਹਾਨ

Sri Satguru Jagjit Singh Ji eLibrary NamdhariElibrary@gmail.com

ਨੂੰ ਕਿਹਾ : ਪਤੀਬ੍ਰਤਾ ਰਹੀਂ। ਜਲੰਧਰ ਦੀ ਔਰਤ ਵ੍ਰਿੰਦਾ ਵਾਂਗ।

*ਨਾਰ ਜਲੰਧਰ ਸੁਨ ਸੁਖ ਪਾਹੀ।*

ਜਦ ਜਹਾਂਗੀਰ ਨਾਲ ਵੱਖਰੀ ਭੇਂਟ ਹੋਈ ਤਾਂ ਉਸ ਨਿਮਰਤਾ ਨਾਲ ਖ਼ਿਮਾ ਮੰਗੀ ਤੇ ਖ਼ਾਹਿਸ਼ ਪ੍ਰਗਟਾਈ ਕਿ ਗੋਇੰਦਵਾਲ ਤੇ ਤਰਨਤਾਰਨ ਦੇ ਦਰਸ਼ਨਾਂ ਬਾਅਦ ਅਕਾਲ ਤਖ਼ਤ ਅਤੇ ਦਰਬਾਰ ਸਾਹਿਬ ਪੁੱਜ ਕੇ ਮਾਤਾ ਜੀ ਕੋਲੋਂ ਕ੍ਰਿਪਾ ਕਰ ਖ਼ਿਮਾ ਲੈ ਦੇਵੇ। ਮਹਾਰਾਜ ਨੇ ਕਿਹਾ : ਜਦ ਜੀ ਆਏ, ਉਥੇ ਆਓ। ਗੁਰੂ ਘਰ ਕੋਈ ਰੋਕ ਨਹੀਂ।

ਗੁਰੂ ਜੀ ਵੀ ਕੁਸਲ ਸੇਤੀ ਸ੍ਰੀ ਅੰਮ੍ਰਿਤਸਰ ਪੁੱਜੇ। ਸਾਰਾ ਇਲਾਕਾ ਹੀ ਦਰਸ਼ਨਾਂ ਨੂੰ ਉਮਡ ਪਿਆ। ਬਾਬਾ ਬੁੱਢਾ ਜੀ ਨੇ ਸਹੀ ਸਲਾਮਤ ਪੁੱਜਣ ਦੀ ਅਰਦਾਸ ਕੀਤੀ। ਮਾਤਾ ਜੀ ਦੇ ਚਰਨ ਜਦ ਗੁਰੂ ਜੀ ਨੇ ਛੂਹੇ ਤਾਂ ਉਹਨਾਂ ਛਾਤੀ ਨਾਲ ਲਗਾ ਲਿਆ ਤੇ ਕਿਹਾ 'ਅੱਜ ਖ਼ੁਸ਼ੀ ਸੰਭਾਲੀ ਨਹੀਂ ਜਾਂਦੀ।'

*ਮਾਤਾ ਕੇ ਚਰਨੀ ਲਗੇ*
*ਮਾਤ ਲੀਨਉ ਗਲਾਇ।*
*ਆਨੰਦ ਸੋ ਸੁਤ ਤੁਮ ਆਏ।*
*ਪ੍ਰੇਮ ਨ ਚਿਤ ਸਮਾਏ।੬੩੭।*

ਅਜੇ ਗੁਰੂ ਹਰਿਗੋਬਿੰਦ ਜੀ ਸ੍ਰੀ ਅੰਮ੍ਰਿਤਸਰ ਪੁੱਜੇ ਹੀ ਸਨ ਕਿ ਖ਼ਬਰ ਪੁੱਜੀ ਕਿ ਜਹਾਂਗੀਰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਆਉਣਾ ਚਾਹੁੰਦਾ ਹੈ। ਗੁਰੂ ਜੀ ਨੇ ਮੋੜਵਾਂ ਸੁਨੇਹਾ ਭੇਜਿਆ ਕਿ ਜਦ ਚਿੱਤ ਚਾਹੇ ਆਵੇ। ਜਹਾਂਗੀਰ ਤਰਨਤਾਰਨ ਦੇ ਰਾਹ ਬਾਹਰਲੀ ਬਾਹੀ ਸ੍ਰੀ ਦਰਬਾਰ ਸਾਹਿਬ ਪੁੱਜਾ ਤਾਂ ਮਹਾਰਾਜ ਨੇ ਭਾਈ ਗੁਰਦਾਸ ਜੀ ਨੂੰ ਅੱਗੋਂ ਭੇਜਿਆ ਕਿ ਨਾਲ ਲੈ ਆਵੇ। ਉਸ ਨੇ ਪਹਿਲਾਂ ਬਾਹਰੋਂ ਹੀ ਸਿਰ ਨਿਵਾਇਆ ਤੇ ਫਿਰ ਅਕਾਲ ਤਖ਼ਤ ਤੇ ਕੜਾਹ ਪ੍ਰਸ਼ਾਦ ਕਰਵਾਇਆ। ਮੱਥਾ ਟੇਕਿਆ।

*'ਦਰਸ ਤਖ਼ਤ ਕਰ ਆਨੰਦ ਚੀਨੀ।'*

ਫਿਰ ਸ੍ਰੀ ਦਰਬਾਰ ਸਾਹਿਬ ਆਇਆ। ਬੈਠ ਕੀਰਤਨ ਸੁਣਿਆ। ਉਥੇ ਪੰਜ ਸੌ ਮੁਹਰਾਂ ਚੜ੍ਹਾਈਆਂ। ਬਲਵੰਡ ਜੀ ਦਾ ਕੀਰਤਨ ਸੁਣ ਮਨ ਟਿਕਿਆ ਤੇ ਉਸ ਬੇਅੰਤ ਮਾਇਆ ਭੇਟ ਕੀਤੀ। ਕੀਰਤਨ ਦੇ ਭੋਗ ਉਪਰੰਤ ਜਹਾਂਗੀਰ ਨੇ ਮਾਤਾ ਜੀ ਦੇ ਦਰਸ਼ਨਾਂ ਦੀ ਲੋਚਾ ਦੱਸੀ ਤੇ ਗੁਰੂ ਜੀ ਨੂੰ ਕਿਹਾ ਕਿ ਮਾਤਾ ਜੀ ਪਾਸ ਕ੍ਰਿਪਾ ਕਰਕੇ ਲੈ ਚੱਲੋ ਤਾਂ ਕਿ ਜਾ ਕੇ ਖ਼ਿਮਾ ਪ੍ਰਾਪਤ ਕਰਾਂ।

*ਚਲੋਂ ਪੀਰ ਮਾਤਾ ਨਿਕਟਾਇ।*
*ਪਗੀ ਭੂਲ ਮਮ ਛਿਮਾ ਕਰਾਇ।੬੪੬।*

ਬੇਅੰਤ ਲੋਕੀਂ ਨਾਲ ਟੁਰ ਪਏ। ਗੁਰੂ ਕੇ ਮਹਲ ਜਹਾਂਗੀਰ ਗਿਆ। ਮਾਤਾ ਜੀ ਦੇ ਚਰਨੀਂ ਹੱਥ ਲਗਾ ਕੇ ਪੰਜ ਸੌ ਮੁਹਰਾਂ ਅੱਗੇ ਰੱਖ ਦਿੱਤੀਆਂ ਅਤੇ ਕਿਹਾ :

ਖ਼ਿਮਾ ਮਾਤ ਮਮ ਕੀਜੀਏ, ਮੁੱਖ ਸੋ ਕੀਨ ਉਚਾਰ।

ਮਾਤਾ ਜੀ ਨੇ ਮੁਹਰਾਂ ਉਸੇ ਵਕਤ ਉਠਵਾ ਦਿੱਤੀਆਂ ਤੇ ਲੋੜਵੰਦਾਂ ਨੂੰ ਵੰਡ ਦਿੱਤੀਆਂ।

Sri Satguru Jagjit Singh Ji eLibrary NamdhariElibrary@gmail.com

ਜਦ ਜਹਾਂਗੀਰ ਸਫ਼ਾਈਆਂ ਦੇਣ ਲੱਗਾ ਤਾਂ ਮਾਤਾ ਜੀ ਨੇ ਕਿਹਾ, ਇਹ ਯਾਦ ਰੱਖਣਾ ਜਹਾਂਗੀਰ :

*ਗੁਰੁ ਗ੍ਰਿਹਿ ਸਾਥ ਵੈਰ ਜੋ ਪਾਵੇ।*
*ਹਲਤ ਪਲਤ ਨਿਜ ਦੋਇ ਗਵਾਵੈ। ੬੫੪।*

(ਅਧਿਆਇ ਅਠਵਾਂ)

ਗੁਰੂ ਤਾਂ ਜਨਮ ਮਰਨ ਵਿਚ ਨਹੀਂ ਹਨ। ਮੂਰਖ ਲੋਕ ਹੀ ਗੁਰੂ ਨਾਲ ਵੈਰ ਕਮਾਂਦੇ ਹਨ। ਜਦ ਤਕ ਮਾਤਾ ਜੀ ਨੇ ਮੁੱਖ ਤੋਂ 'ਖ਼ਿਮਾ ਕੀਤੀ' ਦੇ ਸ਼ਬਦ ਨਾ ਆਖੇ ਉਤਨੀ ਦੇਰ ਉਸ ਨੂੰ ਚੈਨ ਨਾ ਆਇਆ। ਮਾਤਾ ਜੀ ਨੇ ਕਿਹਾ :

*ਸੁਨੋ ਸ਼ਾਹਿ ਗੁਰ ਤੋਰ ਸਹਾਈ।*
*ਲੋਕ ਪਰਲੋਕ ਵਿਖੇ ਸੁਖਦਾਈ।*
*ਯੋ ਸੁਨ ਮਾਤਾ ਕੇ ਤਬ ਬੈਨ।*
*ਜਹਾਂਗੀਰ ਮਨ ਆਯੋ ਚੈਨ। ੬੫੭।*

ਜਹਾਂਗੀਰ ਨੇ ਇਹ ਵੀ ਇੱਛਾ ਪ੍ਰਗਟਾਈ ਕਿ ਉਹ ਅਕਾਲ ਤਖ਼ਤ ਬਣਵਾਉਣ ਦਾ ਸਾਰਾ ਖ਼ਰਚਾ ਦੇਣਾ ਚਾਹੁੰਦਾ ਹੈ ਪਰ ਮਹਾਰਾਜ ਨੇ ਕਿਹਾ : ਜੈਸਾ ਹੈ ਸੁੰਦਰ ਹੈ। ਸਮਾਂ ਪਾ ਕੇ ਆਪੇ ਸਿੱਖ ਬਣਾਉਣਗੇ।

*ਕਹਾ ਗੁਰੂ ਅਬ ਨਾਹਿ ਸੁਹਾਵੈ।*
*ਸਮਾਂ ਪਾਇ ਇਹ ਅਧਿਕ ਬਨਾਵੈ।*

ਮਹਾਰਾਜ ਦੇ ਸ੍ਰੀ ਅੰਮ੍ਰਿਤਸਰ ਪੁੱਜਣ ਦੀ ਖ਼ੁਸ਼ੀ ਵਿਚ ਬਾਬਾ ਬੁੱਢਾ ਜੀ ਨੇ ਮਰਯਾਦਾ ਥਾਪ ਦਿੱਤੀ ਕਿ ਸ੍ਰੀ ਦਰਬਾਰ ਸਾਹਿਬ ਦੀਪ ਮਾਲਾ ਕੀਤੀ ਜਾਏ। I◆I

Sri Satguru Jagjit Singh Ji eLibrary NamdhariElibrary@gmail.com

ਪੈਂਤੀ

# ਕੌਤਕ ਕਰਤਾਰਪੁਰ ਦਾ

ਕਰਤਾਰਪੁਰ ਕਰਤਾ ਵਸੈ

ਕਰਤਾਰਪੁਰ ਦੀ ਮਰਯਾਦਾ ਸਮਝਣੀ ਕੋਈ ਸਹਿਲਾ ਕੰਮ ਨਹੀਂ। ਕਈ ਕਰਤਾਰਪੁਰ ਆਉਂਦੇ ਗੁਰੂ ਜੀ ਨੂੰ ਖੇਤਾਂ ਵਿਚ ਹਲ ਵਾਹੁੰਦਿਆਂ ਦੇਖ ਕੇ ਵਾਪਸ ਚਲੇ ਜਾਂਦੇ। ਕਈ ਗੁਰੂ ਜੀ ਨੂੰ ਗ੍ਰਿਹਸਤੀ ਦੇਖ ਨੱਕ ਚੜ੍ਹਾਉਂਦੇ। ਇਸ ਤਰ੍ਹਾਂ ਦੀਆਂ ਕਈ ਸਾਖੀਆਂ ਹੋਈਆਂ ਪਰ ਇਕ ਸਾਖੀ ਖ਼ਾਸ ਧਿਆਨ ਮੰਗਦੀ ਹੈ। ਇਕ ਸਾਧੂਆਂ ਦੀ ਮੰਡਲੀ ਆਈ ਤੇ ਉਨ੍ਹਾਂ ਨੇ ਗੁਰੂ ਜੀ ਦੇ ਮਿੱਟੀ ਵਿਚ ਲਿਬੜੇ ਹੱਥ ਤੇ ਸੇਵਕਾਂ ਨੂੰ ਲੱਕੜਾਂ ਪਾੜਦੇ, ਲੰਗਰ ਤਿਆਰ ਕਰਦੇ ਦੇਖ ਕਿਹਾ : 'ਗੁਰੂ ਨਾਨਕ ਤੁਸਾਂ ਤਾਂ ਸਾਨ੍ਹ (ਪਸ਼ੂ) ਪਾਲ ਰੱਖੇ ਹਨ।' ਗੁਰੂ ਨਾਨਕ ਜੀ ਨੇ ਉਸ ਦੇ ਪ੍ਰਸ਼ਨ ਦਾ ਉੱਤਰ ਦੇਣ ਦੀ ਥਾਵੇਂ ਉਸ ਟੋਲੀ ਦੇ ਮੁਖੀ ਨੂੰ ਕੁਝ ਦਿਨ ਹੋਰ ਟਿਕਣ ਲਈ ਕਿਹਾ। ਉਹ ਜਦ ਕੁਝ ਦਿਨਾਂ ਬਾਅਦ ਜਾਣ ਲੱਗੇ ਤਾਂ ਉਨ੍ਹਾਂ ਦੇ ਮੁਖੀ ਨੇ ਕਿਹਾ : 'ਨਾਨਕ ਜੀ, ਤੁਸਾਂ ਤਾਂ ਇਨਸਾਨ ਪਾਲ ਰੱਖੇ ਹਨ।' ਮਹਾਰਾਜ ਨੇ ਕੁਝ ਦਿਨ ਹੋਰ ਰਹਿਣ ਲਈ ਕਿਹਾ। ਜਦ ਉਹ ਫਿਰ ਜਾਣ ਦੀ ਤਿਆਰੀ ਕਰ ਕੇ ਜਾਣ ਲੱਗੇ ਤਾਂ ਕਹਿਣ ਲੱਗੇ : 'ਗੁਰੂ ਨਾਨਕ ਜੀ ਤੁਸਾਂ ਤਾਂ ਦੇਵਤੇ ਪਾਲ ਰੱਖੇ ਹਨ।' ਮਹਾਰਾਜ ਨੇ ਕੁਝ ਚਿਰ ਹੋਰ ਟਿਕਣ ਲਈ ਕਿਹਾ। ਜਦ ਉਹ ਅੰਤਮ ਵਿਦਾਇਗੀ ਲੈਣ ਲੱਗੇ ਤਾਂ ਸਾਰੇ ਗੁਰੂ ਪਾਤਸ਼ਾਹ ਦੇ ਚਰਨਾਂ ਤੇ ਢਹਿ ਪਏ ਤੇ ਇਕ ਜ਼ਬਾਨ ਨਾਲ ਬੋਲ ਉਠੇ ਕਿ 'ਮਹਾਰਾਜ ਤੁਸਾਂ ਤਾਂ ਪ੍ਰਮਾਤਮਾ ਦੇ ਰੂਪ ਪਾਲੇ ਹੋਏ ਹਨ।' ਕੈਸਾ ਸੁਹਣਾ ਭਾਈ ਵੀਰ ਸਿੰਘ ਨੇ ਲਿਖਿਆ ਹੈ ਕਿ 'ਗੁਰੂ ਨਾਨਕ ਜਗਤ ਵਿਚ ਆਇਆ। ਅਸੀਂ ਪਸ਼ੂ ਸਾਂ, ਸਾਨੂੰ ਆਦਮੀ ਬਣਾਇਆ। ਫਿਰ ਆਦਮੀ ਤੋਂ ਉਸ ਨੇ ਸਾਨੂੰ ਦੇਵਤਾ ਬਣਾ ਦਿੱਤਾ। ਸਾਡਾ ਹੁਣ ਧਰਮ ਇਹ ਹੀ ਹੈ ਕਿ ਧਰਮ ਦੀ ਕਿਰਤ ਕਰੀਏ, ਨਾਮ ਜਪੀਏ ਅਤੇ ਵੰਡ ਛਕੀਏ।'

ਸਮੁੱਚਾ ਸਿੱਖ ਇਤਿਹਾਸ ਬਸ ਇਤਨਾ ਹੀ ਹੈ :

ਸਤਿਗੁਰੂ ਜੀ ਜਗਤ ਵਿਚ ਆਏ, ਵਿਚਰੇ। ਉਹਨਾਂ ਨੇ ਜੀਅ ਦਾਨ, ਨਾਮ ਦਾਨ ਤੇ ਉਪਦੇਸ਼ ਦਾਨ ਦਿੱਤਾ। ਲੋਕਾਂ ਨਾਲ ਵਾਹ ਪਏ। ਮਿਹਰਾਂ ਕੀਤੀਆਂ। ਮੁਸ਼ਕਿਲਾਂ ਆਈਆਂ। ਖੇਦ ਝੱਲੇ। ਅਸੂਲ ਪਾਲੇ। ਆਪੇ ਵਾਰੇ। ਲੋਕੀਂ ਹਨੇਰੇ ਵਿਚੋਂ ਕੱਢੇ। ਜੀਵਤ ਭਾਵ ਵਿਚ ਆਂਦੇ। ਉਨ੍ਹਾਂ ਜੀ ਉਠਿਆਂ ਨੇ ਆਪਾ ਵਾਰ ਕਰਨੀਆਂ ਦੇ ਕਮਾਲ ਕਰ ਵਿਖਾਏ।

ਨਿਰਾ ਸਾਧੂ ਮੰਡਲੀ ਹੀ ਨਹੀਂ ਉਨ੍ਹਾਂ ਸਭ ਜੀਵਾਂ, ਵਿਦਵਾਨਾਂ ਜਾਂ ਓਪਰੀ ਨਜ਼ਰ ਨਾਲ



Sri Satguru Jagjit Singh Ji eLibrary NamdhariElibrary@gmail.com

ਸਿੱਖੀ ਦੇਖਣ ਵਾਲਿਆਂ ਦਾ ਇਹੋ ਹਾਲ ਹੈ। ਜੇ ਸਿੱਖ ਨੂੰ ਦਿਨ ਰਾਤ ਕਿਰਤ ਕਰਦਾ ਦੇਖਦਾ ਹੈ, ਉਹ ਤਾਂ ਇਹ ਹੀ ਖ਼ਿਆਲ ਕਰੇਗਾ ਕਿ ਇਹ ਕੋਹਲੂ ਦੇ ਬੈਲ ਵਾਂਗੂ ਰੋਜ਼ੀ ਕਮਾਉਣ ਲਈ ਲੱਗੇ ਹੋਏ ਜੀਵ ਹਨ। ਜੇ ਉਨ੍ਹਾਂ ਪਾਸ ਟਿਕ ਕੇ ਉਨ੍ਹਾਂ ਦੀ ਮਨੁੱਖਾਂ ਪ੍ਰਤੀ ਸੇਵਾ, ਪਿਆਰ ਤੇ ਘਾਲਣਾ ਦੇਖੇਗਾ, ਉਹ ਮਨੁੱਖ ਹੀ ਸਮਝੇਗਾ। ਜੇ ਉਨ੍ਹਾਂ ਨੂੰ ਸੰਗਤ ਵਿਚ ਜੁੜੇ ਤੇ ਫਿਰ ਸਰੀਰ ਦੀ ਸੁੱਧ ਬੁੱਧ ਭੁੱਲੀ ਦੇਖੇਗਾ ਉਹ ਦੇਵਤਾ ਹੀ ਆਖੇਗਾ ਤੇ ਜੇ ਉਨ੍ਹਾਂ ਨੂੰ ਅੰਮ੍ਰਿਤ ਵੇਲੇ 'ਏਕ ਤੂੰ ਹੀ, ਏਕ ਤੂੰ ਹੀ' ਪੁਕਾਰਦਾ, ਇਕ ਮਨ ਇਕ ਚਿਤ ਧਿਆਇੰਦਾ ਦੇਖ ਲਵੇਗਾ, ਉਹ ਉਸ ਨੂੰ ਅਕਾਲ-ਮੂਰਤ ਹੀ ਜਾਣੇਗਾ। ਕਰਤਾਰਪੁਰ ਕਰਤਾ ਹੀ ਵੱਸਦਾ ਸੀ। ਪਰ ਸਿੱਖ ਐਸਾ ਸਿੱਖਿਆ ਹੋਇਆ ਵਿਅਕਤੀ ਹੈ ਜਿਸ ਵਿਚ ਚਾਰੇ ਹੀ ਸਮੋਏ ਹੋਏ ਹਨ।

ਮੁਨਸ਼ੀ ਸੁਜਾਨ ਰਾਇ ਭੰਡਾਰੀ ਨੇ ਖ਼ੁਲਾਸਤ-ਉ-ਤਵਾਰੀਖ਼ ਵਿਚ ਲਿਖਿਆ ਹੈ :

*'ਬਾਬਾ ਨਾਨਕ ਸਤਿ ਮਾਰਗ ਦੇ ਪਾਂਧੀਆਂ ਦੇ ਮੋਹਰੀ, ਪਾਕਦਿਲੀ ਦੀ ਜਾਗਦੀ ਜੋਤ, ਰੱਬੀ ਨੂਰ ਦੇ ਚਮਤਕਾਰਾਂ ਦੇ ਚਾਨਣ-ਮੁਨਾਰੇ ਅਤੇ ਅਪਾਰ ਗੁੱਝੇ ਭੇਦਾਂ ਦੇ ਪ੍ਰਤੱਖ ਪ੍ਰਮਾਣ ਹਨ।* ਜੱਗ ਨੂੰ ਜੀਵਨ ਜਾਚ ਸਿਖਲਾ ਆਪ ਇਲਾਕਾ ਬਟਾਲਾ ਦੇ ਪਿੰਡਾਂ ਵਿਚ ਇਕ ਥਾਵੇਂ ਰਾਵੀ ਦਰਿਆ ਕਿਨਾਰੇ ਟਿਕ ਗਏ। ਬ੍ਰਹਮ ਗਿਆਨ ਦੇ ਅਸਰ ਭਰੇ ਬਚਨ ਬਿਲਾਸ ਸਦਕੇ ਆਪ ਜੀ ਦੀਆਂ ਧੁੰਮਾਂ ਪੈ ਗਈਆਂ ਤੇ ਦੇਸ ਦੇਸਾਂਤਰਾਂ ਤੋਂ ਲੋਕੀਂ ਆ ਕੇ ਉਨ੍ਹਾਂ ਦੇ ਸਿੱਖ ਬਣਨ ਲੱਗੇ।'

ਕੈਸਾ ਸਮਾਜ ਤਿਆਰ ਹੋ ਗਿਆ ਸੀ, ਉਸ ਦੀ ਇਕ ਹੋਰ ਉਦਾਹਰਨ ਸਾਡੇ ਸਾਖੀਕਾਰਾਂ ਨੇ ਦਿੱਤੀ ਹੈ :

ਏਕ ਬਾਰ ਗੁਰੂ ਨਾਨਕ ਦੇਵ ਜੀ ਧਰਮਸਾਲ ਤੋਂ ਖੇਤਾਂ ਵੱਲ ਜਾ ਰਹੇ ਸਨ ਕੀ ਡਿੱਠੋ ਨੇ ਕਿ ਇਕ ਸਿੱਖ ਸਾਹਮਣੇ ਲੱਗੇ ਬੋਹਲ ਦੇ ਇਕ ਢੇਰ ਵਿਚੋਂ ਛੱਜਾਂ ਨਾਲ ਉਪਜ ਉਲਦ-ਉਲਦ ਦੂਜੇ ਢੇਰ ਵਿਚ ਪਾਈ ਜਾ ਰਹਿਆ ਹੈ।

ਗੁਰੂ ਨਾਨਕ ਜੀ ਰੁਕ ਗਏ ਤੇ ਪੁੱਛਿਆ :

'ਭਲੇ ਲੋਕਾ ! ਐਸਾ ਕਿਉਂ ਕਰ ਰਿਹਾ ਹੈ ?

ਉਸ ਦੱਸਿਆ :

'ਮਹਾਰਾਜ ! ਅਸੀਂ ਦੋ ਭਰਾ ਹਾਂ। ਮੇਰੇ ਘਰ ਸੰਤਾਨ ਨਹੀਂ, ਨਿੱਕੇ ਦਾ ਟੱਬਰ ਖੁਲ੍ਹਾ ਹੈ। ਫ਼ਸਲ ਦੀ ਵੰਡ ਬਰਾਬਰ ਦੀ ਕਰ, ਨਿੱਕਾ ਘਰ ਗਿਆ ਹੈ, ਉਸ ਦੀ ਲੋੜ ਮੇਰੇ ਨਾਲੋਂ ਬਹੁਤੀ ਹੈ, ਇਸ ਲਈ ਉਸ ਦੀ ਢੇਰੀ ਵਿਚ ਪਾ ਰਿਹਾ ਹਾਂ। ਉਸ ਦੀ 'ਹਉਂ' ਨੂੰ ਠੇਸ ਨਾ ਲੱਗੇ, ਇਸ ਲਈ ਉਸ ਦੇ ਜਾਣ ਪਿੱਛੋਂ ਇੰਜ ਪਿਆ ਕਰਦਾ ਹਾਂ।'

ਗੁਰੂ ਨਾਨਕ ਜੀ 'ਧੰਨ ਸਿੱਖੀ' ਕਹਿ ਕੇ ਖੇਤਾਂ ਨੂੰ ਚਲੇ ਗਏ।

ਜਦ ਪਰਤੇ ਤਾਂ ਗੁਰੂ ਜੀ ਕੀ ਦੇਖਦੇ ਹਨ ਕਿ ਉਨ੍ਹਾਂ ਹੀ ਢੇਰਾਂ ਪਾਸ ਖੜ੍ਹਾ ਇਕ ਸਿੱਖ ਕਾਹਲੀ-ਕਾਹਲੀ ਇਕ ਢੇਰ ਤੋਂ ਕਣਕ ਦੂਜੇ ਵਿਚ ਪਾਈ ਜਾ ਰਿਹਾ ਹੈ। ਗੁਰੂ ਜੀ ਨੇ

Sri Satguru Jagjit Singh Ji eLibrary NamdhariElibrary@gmail.com

ਛਿਆ :

'ਸਿੱਖਾ! ਇਹ ਕੀ ਕਰ ਰਿਹਾ ਹੈਂ ?'

ਉਸ ਨੇ ਨਿਮਰਤਾ ਸਹਿਤ ਕਿਹਾ :

'ਸੱਚੇ ਪਾਤਸ਼ਾਹ! ਅਸੀਂ ਦੋ ਭਰਾ ਹਾਂ। ਵੱਡੇ ਭਰਾ ਦੇ ਘਰ ਆਇਆ ਗਿਆ ਬਹੁਤ ।। ਸਾਡਾ ਕੀ, ਅਸੀਂ ਜਿਉਂ ਤਿਉਂ ਕਰ ਗੁਜ਼ਾਰਾ ਕਰ ਲਵਾਂਗੇ ਪਰ ਆਇਆ ਰਾਜ਼ੀ ਵੇ ਸੋ ਆਪਣੇ ਹਿੱਸੇ ਵਿਚੋਂ ਵੱਡੇ ਭਰਾ ਦੀ ਢੇਰੀ ਵਿਚ ਪਾ ਰਿਹਾ ਹਾਂ। ਕਾਹਲੀ ਇਸ ਣਈ ਕਿ ਮਤਾਂ ਭਰਾ ਉਤੋਂ ਨਾ ਆ ਜਾਏ।' ਮਹਾਰਾਜ ਨੇ ਅਸੀਸ ਦਿੱਤੀ।

ਇਹ ਸੀ ਕਰਤਾਰਪੁਰ ਦਾ ਚਮਤਕਾਰ। I◆I

Sri Satguru Jagjit Singh Ji eLibrary NamdhariElibrary@gmail.com

ਛੱਤੀ

# ਬਾਬਾ ਗਿਆ ਬਗ਼ਦਾਦ

ਬਾਬਾ ਨਾਨਕ
ਰਬਉਲ ਮਜੀਦ

ਗੁਰੂ ਨਾਨਕ ਦੇਵ ਜੀ ਦੀ ਬਗ਼ਦਾਦ ਫੇਰੀ ਬਾਰੇ ਜੋ ਤੱਤ ਸਾਨੂੰ ਮਿਲਦੇ ਹਨ ਉਨ੍ਹਾਂ ਤੋਂ ਪ੍ਰਗਟ ਹੁੰਦਾ ਹੈ ਕਿ ਆਪ ਜੀ ਦਾ ਹਯਾਤੀ ਵਿਚ ਹੀ ਸਨਮਾਨ ਚਹੁੰ ਕੂੰਟਾਂ ਵਿਚ ਹੋਣ ਲੱਗ ਪਿਆ ਸੀ। ਬਗ਼ਦਾਦ ਨੂੰ ਇਸਲਾਮੀ ਰਾਜਧਾਨੀ, ਇਰਾਕ ਦੀ ਸੁਹਣੀ ਅੱਖ ਅਤੇ ਕਲਾ ਸੁੰਦਰਤਾ ਦਾ ਮਹਾਨ ਕੇਂਦਰ ਗਿਣਿਆ ਜਾਂਦਾ ਸੀ। ਉਨ੍ਹਾਂ ਨਾਲ ਭਾਈ ਮਰਦਾਨਾ ਜੀ ਸਨ। ਭਾਈ ਗੁਰਦਾਸ ਜੀ ਪਹਿਲੀ ਵਾਰ ਦੀ ਪੈਂਤੀਵੀਂ ਪਉੜੀ ਵਿਚ ਲਿਖਦੇ ਹਨ ਕਿ ਉਨ੍ਹਾਂ ਬਾਹਰ ਜਾ ਕੇ ਟਿਕਾਣਾ ਕੀਤਾ ਤੇ ਬਾਂਗ ਦਿੱਤੀ। ਅਲਾਹ-ਹੂ-ਅਕਬਰ ਵੀ ਕਿਹਾ। ਲਾ-ਇਲਾਹ ਇਲਿੱਲਾ ਵੀ ਉਚਾਰਿਆ। ਹੱਯ ਅਲ ਅਲਫ਼ਲਾਹ (ਸਿਵਾ ਰੱਬ ਦੇ ਕੋਈ ਰੱਬ ਨਹੀਂ, ਖੜ੍ਹੇ ਹੋ ਜਾਵੋ ਨੇਕੀ ਵਾਸਤੇ) ਵੀ ਕਿਹਾ ਪਰ 'ਮੁਹੰਮਦ ਰਸੂਲ ਇਲ ਅੱਲਾ' ਦੀ ਥਾਵੇਂ ਭਾਈ ਮਨੀ ਸਿੰਘ ਜੀ ਨੇ :

*'ਗੁਰ ਬਰ ਅਕਾਲ, ਸਤਿ ਸ੍ਰੀ ਅਕਾਲ,*
*ਚਿਤ ਚਰਨ ਨਾਮ, ਘਰਿ ਘਰਿ ਪ੍ਰਣਾਮ,*
*ਪ੍ਰਭੂ ਕ੍ਰਿਪਾਲ, ਸੋ ਸਰਬ ਜੀਵਾਲ' ਉਚਾਰਿਆ।*

ਸਾਰੀ ਨਗਰੀ ਸੁੰਨ ਮੁੰਨ ਹੋਈ ਤੇ ਵੱਡਾ ਪੀਰ, ਜਿਸ ਦਾ ਨਾਂ ਦਸਤਗੀਰ ਲਿਖਿਆ ਹੈ, ਹੈਰਾਨ ਹੋਇਆ। ਜਦ ਦਸਤਗੀਰ ਗੁਰੂ ਜੀ ਪਾਸ ਆਇਆ ਤਾਂ ਦੇਖ ਹੈਰਾਨ ਹੋਇਆ ਕਿ ਇਹ ਫ਼ਕੀਰ ਵੱਡਾ ਬੇ-ਪਰਵਾਹ ਹੈ, ਖ਼ੁਦਾ ਬਾਝ ਕਿਸੇ ਦੀ ਖ਼ਾਹਿਸ਼ ਨਹੀਂ ਰੱਖਦਾ।

ਫਿਰ ਦਸਤਗੀਰ ਨੇ ਪੁੱਛਿਆ ! ਤੁਸੀਂ ਕੌਣ ਫ਼ਕੀਰ ਹੋ ਤੇ ਕਿਹੜੇ ਘਰਾਣੇ ਵਿਚੋਂ ਹੋ, ਕਿਸ ਕੋਲੋਂ ਭੇਖ ਲਿਆ ਹੈ।' ਮਰਦਾਨਾ ਜੀ ਨੇ ਕਿਹਾ ਕਿ ਇਹ ਹੀ ਨਾਨਕ ਹਨ, ਜੋ ਕਲਿਯੁਗ ਵਿਚ ਆਏ ਹਨ ਅਤੇ ਰੱਬ ਦੇ ਭੇਖ ਦਾ ਫ਼ਕੀਰ ਹੈ। ਕਈ ਕਹਿੰਦੇ ਹਨ ਕਿ ਪਾਠ 'ਰਦੂ ਫ਼ਕੀਰ' ਹੈ। ਜਿਸ ਦਾ ਭਾਵ ਹੈ ਕਿ ਉਨ੍ਹਾਂ ਸਾਰੇ ਭੇਖ ਰੱਦ ਕਰ ਦਿੱਤੇ ਹਨ ਤੇ ਇਕੋ ਰੱਬ ਨੂੰ ਪਹਿਚਾਣਦਾ ਹੈ।

ਭਾਈ ਗੁਰਦਾਸ ਜੀ ਦੇ ਕਹਿਣ ਅਨੁਸਾਰ ਦਸਤਗੀਰ ਨੇ ਚਰਚਾ ਛੇੜੀ ਤੇ ਕਈ ਸੁਆਲ ਜੁਆਬ ਕੀਤੇ। ਜਦ ਹਰ ਸਵਾਲ ਦਾ ਉੱਤਰ ਨਿਰਣੇਜਨਕ ਮਿਲ ਗਿਆ ਤਾਂ ਸਭ ਨੂੰ ਕਹਿਣ ਲੱਗ ਪਿਆ ਕਿ ਇਹ ਫ਼ਕੀਰ ਵੱਡਾ ਸ਼ਕਤੀਵਾਨ ਹੈ। ਬਗ਼ਦਾਦ ਵਿਚ ਵੱਡੀ ਸ਼ਕਤੀ



Sri Satguru Jagjit Singh Ji eLibrary NamdhariElibrary@gmail.com

ਦੱਸੀ ਹੈ। ਲੱਖਾਂ ਹੀ ਪਾਤਾਲ ਤੇ ਆਕਾਸ਼ ਹਨ, ਦੀ ਅਸਚਰਜ ਸੋਝੀ ਉਸ ਨੇ ਦਿੱਤੀ ਹੈ। ਦਸਤਗੀਰ ਨੇ ਗੁਰੂ ਨਾਨਕ ਜੀ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਉਹ ਸ਼ਕਤੀ, ਜੋ ਤੁਹਾਡੇ ਕੋਲ ਹੈ, ਉਸ ਦਾ ਚਮਤਕਾਰ ਸਾਨੂੰ ਵੀ ਦਿਖਾਓ। ਗੁਰੂ ਜੀ ਨੇ ਦਸਤਗੀਰ ਦੇ ਪੁੱਤ ਦਾ ਹੱਥ ਪਕੜ, ਉਸ ਨੂੰ ਅੱਖਾਂ ਮੁੰਦਣ ਲਈ ਕਿਹਾ ਤੇ ਖਿਣ ਵਿਚ ਉਸ ਨੂੰ ਐਸੀ ਅਵਸਥਾ ਵਿਚ ਲੈ ਗਏ ਜਿੱਥੇ ਉਸ ਨੇ ਲੱਖਾਂ ਆਕਾਸ਼ ਤੇ ਪਾਤਾਲ ਦੇਖੇ।

*ਕਹਯੋ ਕਿ ਲੋਚਨ ਮੂੰਦਹੋ ਕੋਈ।*
*ਚਹੇ ਜੋ ਦੇਖ ਲੇਹ ਅਬ ਸੋਈ।*

ਇਕ ਕਚਕੋਲ ਭਰ ਕੇ ਕੜਾਹ ਪ੍ਰਸ਼ਾਦਿ ਦਾ ਧੁਰੋਂ ਪਾਤਾਲੋਂ ਲਿਆਏ, ਜੋ ਸਾਰਿਆਂ ਵਿਚ ਵੰਡਿਆ ਗਿਆ। ਜ਼ਾਹਿਰ ਕਲਾ ਅੰਦਰ ਛੁਪਾਇਆਂ ਨਹੀਂ ਛੁਪਦੀ। ਜਿੱਥੇ ਗੁਰੂ ਮਹਾਰਾਜ ਜੀ ਨੇ ਬੈਠ ਕੇ ਸਾਰੇ ਉਪਦੇਸ਼ ਦਿੱਤੇ ਸਨ, ਉਹ ਥੜ੍ਹਾ ਯਾਦਗਾਰ ਵਜੋਂ ਕਾਇਮ ਕਰ ਦਿੱਤਾ ਗਿਆ। ਪਿੱਛੋਂ ਉਸ ਦੀ ਮੁੜ ਉਸਾਰੀ ਵੀ ਕੀਤੀ ਗਈ ਤੇ ਇਹ ਸ਼ਬਦ ਤੁਰਕੀ ਵਿਚ ਲਿਖ ਦਿੱਤੇ ਗਏ :

*"ਕੋਰਲਾ ਮੁਰਾਦ ਐਲਦੀ ਹਜ਼ਰਤ ਰਬਿ ਮਜੀਦ,*
*ਬਾਬਾ ਨਾਨਕ ਫ਼ਕੀਰ ਔਲਾ। ਨਾਕਿ ਇਮਾਰਤੇ ਜਦੀਦ।*
*ਯਦੀਲਰ ਇਮਦਾਦ ਐਦੂਬ ਕਿਲਦੀ ਕਿ ਤਾਰੀਖੇਨਾ,*
*ਯਾਪਦੀ ਨਾਬ ਅਜਰਾਯਾਰ ਅਬੀ ਮੁਰੀਦ ਸਈਦ।"*

(ਸੰਨ ੯੧੭ ਹਿ:)

ਇਸ ਦਾ ਭਾਵ ਇਹ ਹੈ, 'ਮੁਰਾਦ ਨੇ ਦੇਖੀ ਡਿੱਗੀ ਹੋਈ ਹਜ਼ਰਤ ਰੱਬ ਮਜੀਦ ਬਾਬਾ ਨਾਨਕ ਔਲੀਆ ਅੱਲਾ ਦੀ ਇਮਾਰਤ ਤਾਂ ਨਵੀਂ ਆਪਣੇ ਹੱਥਾਂ ਦੀ ਸਹਾਇਤਾ ਨਾਲ ਬਣਾ ਦਿੱਤੀ ਤਾਂ ਕਿ ਇਤਿਹਾਸ ਦੇ ਤੌਰ ਤੇ ਪੀੜ੍ਹੀ ਦਰ ਪੀੜ੍ਹੀ ਕਾਇਮ ਰਹੇ ਅਤੇ ਉਨ੍ਹਾਂ ਦੇ ਧਨ ਭਾਗੋ ਮੁਰੀਦ ਦੀ ਨੇਕੀ ਜਾਰੀ ਰਹੇ।' ਸੰਨ ੯੧੭ ਹਿਜਰੀ।

ਪਾਦਰੀ ਮੈਕਲੋਡ ਨੇ ਆਪਣੀ ਪੁਸਤਕ 'ਗੁਰੂ ਨਾਨਕ ਐਂਡ ਦੀ ਸਿੱਖ ਰੀਲੀਜਨ' ਵਿਚ ਇਹ ਕਿੰਤੂ ਕੀਤਾ ਹੈ ਕਿ ਥੜ੍ਹਾ ਗੁਰੂ ਨਾਨਕ ਜੀ ਦੀ ਯਾਦ ਵਿਚ ਨਹੀਂ। ਇਸ ਤੋਂ ਵੱਡੀ ਇਤਿਹਾਸਕ ਬਦਦਿਆਨਤੀ ਜੋ ਮੈਕਲੋਡ ਨੇ ਕੀਤੀ, ਨਹੀਂ ਹੋ ਸਕਦੀ। ਜਦ ਉਹ ਆਪੂੰ ਭਾਈ ਗੁਰਦਾਸ ਜੀ ਦੇ ਲਿਖੇ ਨੂੰ ਠੀਕ ਤੇ ਸ਼ੁੱਧ ਮੰਨਦਾ ਹੈ ਤਾਂ ਕਿਸੇ ਹੋਰ ਗਵਾਹੀ ਦੀ ਭਾਲ ਕਿਉਂ ਕਰਦਾ ਹੈ। ਭਾਈ ਗੁਰਦਾਸ ਜੀ ਦਾ '*ਬਾਹਰ ਜਾਇ ਕੀਆ ਅਸਥਾਨਾ*' ਲਿਖਣਾ ਹੀ ਇਸ ਥੜ੍ਹੇ ਨੂੰ ਠੀਕ ਸਾਬਤ ਕਰਨ ਲਈ ਕਾਫ਼ੀ ਹੈ। ਇਹ ਅਸਥਾਨ ਸ਼ਹਿਰ ਤੋਂ ਬਾਹਰ ਹੈ ਤੇ ਰੇਲਵੇ ਯਾਰਡ ਦੇ ਵਿਚਕਾਰ ਹੁਣ ਘਿਰ ਗਿਆ ਹੈ। (ਇਥੇ ਸ਼ਾਨਦਾਰ ਗੁਰਦੁਆਰਾ ਬਣ ਗਿਆ ਸੀ ਪਰ ਈਰਾਕ ਤੇ ਅਮਰੀਕਾ ਵਲੋਂ ਬਗ਼ਦਾਦ ਤੇ ਹਵਾਈ ਹਮਲੇ (੧੯੯੧) ਦੌਰਾਨ ਕੁਝ ਨੁਕਸਾਨ ਹੋਇਆ ਸੀ ਪਰ ਹੁਣ ਫਿਰ ਉਸਾਰ ਦਿੱਤਾ ਗਿਆ ਹੈ)। ਦੂਜੇ ਉਸ ਨੇ ਆਪੂੰ ਤਰਜਮਾ ਨਾ ਕਰ ਕੇ ਡਾਕਟਰ ਵੀ. ਐਲ. ਮੈਨਗ, ਰੀਡਰ ਇਨ ਤੁਰਕੀ ਓਰੀਐਂਟਲ ਤੇ ਅਫ਼ਰੀਕਨ ਸਟੱਡੀਜ਼, ਲੰਡਨ ਕੋਲੋਂ ਕਰਾਉਣ ਦਾ ਯਤਨ ਕੀਤਾ,

Sri Satguru Jagjit Singh Ji eLibrary NamdhariElibrary@gmail.com

ਅਰੰਭ ਵਿਚ ਹੀ ਉਸ ਨੇ ਤਰਜਮਾ ਕਰਦੇ ਭੁੱਲ ਕੀਤੀ, ਜਦ ਉਸ ਨੇ 'ਕੋਰ' ਨੂੰ 'ਗੋਰ' ਪੜ੍ਹਿਆ ਤੇ ਫਿਰ ਜਿੱਥੇ 'ਨਾਨਕ' ਸ਼ਬਦ ਆਉਂਦਾ ਹੈ, ਉਸ ਬਾਰੇ ਲਿਖ ਦਿੱਤਾ ਕਿ ਇਹ ਹੋ ਨਹੀਂ ਸਕਦਾ। ਪਾਦਰੀ ਮੈਕਲੋਡ ਦਾ ਐਸੇ ਸਹਾਰੇ ਲੈ ਕੇ ਨਤੀਜੇ ਕੱਢਣੇ ਨਾ ਸਿਰਫ਼ ਮਾੜੇ ਹਨ ਸਗੋਂ ਕੋਝਾਪਣ ਵੀ ਹੈ।

ਫਿਰ ਇਕ ਹੋਰ ਡਾਕਟਰ ਹਰੀ ਰਾਮ ਗੁਪਤਾ ਨੇ ਨਿਰੋਲ ਹਵਾਈ ਉਡਾ ਕੇ ਗੁਰੂ ਨਾਨਕ ਦੀ ਸੰਖੇਪ ਜੀਵਨੀ ਵਿਚ ਇਥੋਂ ਤਕ ਲਿਖਣ ਦੀ ਕੋਸ਼ਿਸ਼ ਕੀਤੀ ਕਿ ਮੁਰਾਦ ਦੇ ਅਰਥ ਮਰਦਾਨਾ ਹਨ ਤੇ ਮਰਦਾਨਾ ਬਗ਼ਦਾਦ ਵਿਚ ਗੁਜ਼ਰਿਆ ਤੇ ਥੜ੍ਹਾ ਗੁਰੂ ਨਾਨਕ ਜੀ ਨੇ ਬਣਵਾਇਆ। ਜੋ ਕੁਝ ਹਰੀ ਰਾਮ ਗੁਪਤਾ ਨੇ ਲਿਖਿਆ ਉਹ ਕਿਸੇ ਇਤਿਹਾਸਕਾਰ ਨੂੰ ਸੋਭਦਾ ਹੀ ਨਹੀਂ। ਉਸ ਦਾ ਇਹ ਲਿਖਣਾ ਕਿ ਮਰਦਾਨਾ ਗੁਰੂ ਲੱਗਦਾ ਸੀ ਤੇ ਗੁਰੂ ਨਾਨਕ ਚੇਲਾ, ਕੈਸਾ ਘਟੀਆ ਖ਼ਿਆਲ ਹੈ। ਕੋਰਲਾ ਨੂੰ ਗੋਰ ਪੜ੍ਹ ਕੇ ਐਸੇ ਗ਼ਲਤ ਨਤੀਜੇ ਕੱਢਣੇ ਘੱਟ ਤੋਂ ਘੱਟ ਇਤਿਹਾਸਕਾਰ ਨੂੰ ਤਾਂ ਨਹੀਂ ਸੋਭਦੇ। ਅਸਲ ਗੱਲ ਇਹ ਹੈ ਕਿ ਗੁਰੂ ਨਾਨਕ ਦੀ ਅਜ਼ਮਤ ਇਹ ਲੋਕੀਂ ਆਪਣੇ ਘੜੇ ਪੈਮਾਨਿਆਂ ਨਾਲ ਮਾਪਣਾ ਚਾਹੁੰਦੇ ਹਨ ਤੇ ਉਨ੍ਹਾਂ ਦੇ ਬਣਾਏ ਹੋਏ ਪੈਮਾਨਿਆਂ ਵਿਚ ਗੁਰੂ ਜੀ ਦੀ ਸ਼ਖ਼ਸੀਅਤ ਮਿਉਂਦੀ ਨਹੀਂ ਤਾਂ ਉਹ ਐਸੇ ਕੋਝੇ ਨਤੀਜੇ ਕੱਢਦੇ ਹਨ।

**ਕੀਰਤਨ ਦੀ ਮਹੱਤਤਾ**—ਗੁਰੂ ਜੀ ਨੇ ਬਗ਼ਦਾਦ ਵਿਚ ਹੀ ਰਾਗ ਤੇ ਸ਼ਬਦ ਦੀ ਮਹੱਤਤਾ ਦਰਸਾਈ। ਆਪ ਜੀ ਦਾ ਫ਼ਰਮਾਣਾ ਸੀ, ਰਤਨ ਰੂਪੀ ਰਾਗ ਵਿਚ ਅੱਲਾਹ ਤਕ ਲੈ ਜਾਣ ਦੀ ਸ਼ਕਤੀ ਵੀ ਹੈ ਅਤੇ ਅੰਦਰ ਅੰਮ੍ਰਿਤ ਦਾ ਚਸ਼ਮਾ ਚਲਾਉਣ ਦਾ ਵੱਲ ਵੀ। ਵਾਹਿਗੁਰੂ ਦਾ ਖ਼ਜ਼ਾਨਾ ਇਹ ਰਾਗ ਹੀ ਹੈ :

*"ਰਾਗ ਰਤਨ ਪਰੀਆ ਪਰਵਾਰ।*
*ਤਿਸ ਵਿਚ ਉਪਜੈ ਅੰਮ੍ਰਿਤ ਸਾਰ।*
*ਨਾਨਕ ਕਰਤੇ ਕਾ ਇਹ ਧਨ ਮਾਲੁ।"*

(ਆਸਾ ਮ: ੧)

ਇਸ ਸੱਚਾਈ ਨੂੰ ਜਾਣਨਾ ਜ਼ਰੂਰੀ ਹੈ। ਰਾਗ ਇਕਸੁਰਤਾ, ਸਮਤੋਲਤਾ, ਸਵੱਛਤਾ, ਸਰੂਰ ਤੇ ਮਹਾਨਤਾ ਵਿਚੋਂ ਪੈਦਾ ਹੁੰਦਾ ਹੈ, ਰਾਗ ਅੰਦਰਲੇ ਦੀ ਬੋਲੀ ਹੈ। ਜਿਵੇਂ ਮਨ ਦੇ ਖ਼ਿਆਲਾਂ ਨੂੰ ਪ੍ਰਗਟ ਕਰਨ ਦੀ ਬੋਲੀ ਭਾਖਾ ਹੈ, ਰਾਗ ਅੰਦਰਲੇ ਦੀ ਬੋਲੀ ਹੈ। ਰਾਗ ਵਿਚ ਸ਼ਬਦ ਰਲ ਜਾਏ ਤਾਂ ਕੀਰਤਨ ਹੋ ਜਾਂਦਾ ਹੈ, ਜੋ ਆਤਮਾ ਤੇ ਪ੍ਰਮਾਤਮਾ ਨੂੰ ਮਿਲਾ ਦਿੰਦਾ ਹੈ। *ਫਿਰ ਰਾਗ ਮਨੁੱਖ ਦੀ ਰਚਨਾ ਨਹੀਂ ਹੈ, ਮਨੁੱਖ ਨੇ ਕੇਵਲ ਇਸ ਦੇ ਨੇਮਾਂ ਨੂੰ ਲੱਭਿਆ ਹੈ।* ਇਹ ਕੁਦਰਤੀ ਵਸਤੂ ਹੈ। ਜਦ ਪੀਰ ਨੇ ਸ਼ਰਹ ਵਿਚ ਰਾਗ ਬੰਦ ਦੀ ਗੱਲ ਕਹੀ ਤਾਂ ਗੁਰੂ ਨਾਨਕ ਜੀ ਨੇ ਕਿਹਾ ਕਿ 'ਮਾੜਾ ਰਾਗ' ਉਨ੍ਹਾਂ ਬੰਦ ਕੀਤਾ ਸੀ, ਅੱਲਾਹ ਦੀ ਯਾਦ ਵਾਲਾ ਨਹੀਂ। ਜੇ ਐਸਾ ਨਾ ਹੁੰਦਾ ਤਾਂ ਆਪਣੀ ਸੁਪਤਨੀ ਆਇਸ਼ਾ ਨੂੰ ਮੋਢਿਆਂ ਤੇ ਚੁੱਕ ਕੇ ਅਬਦਾਲਾਂ ਦਾ ਸੰਗੀਤ ਸੁਣਾਉਣ ਲਈ ਹਜ਼ਰਤ ਮੁਹੰਮਦ ਆਪੂੰ ਨਾ ਲੈ ਜਾਂਦੇ। ਰਾਗ ਲਿਵ ਜੋੜਦਾ ਹੈ ਤੇ ਸਾਡਾ ਮਾਰਗ ਲਿਵ ਦਾ ਮਾਰਗ ਹੈ। ਜਦ ਕੋਈ ਪੁਰਸ਼ ਆਪਣਾ ਸਭ ਕੁਝ ਰੱਬ ਨੂੰ ਸੌਂਪ ਦੇਵੇ ਤਾਂ ਵਾਹਿਗੁਰੂ ਉਸ ਨੂੰ ਆਪਣੇ ਚੁਣੇ ਹੋਏ

Sri Satguru Jagjit Singh Ji eLibrary NamdhariElibrary@gmail.com

ਬੰਦਿਆਂ ਵਿਚ ਗਿਣਦਾ ਹੈ। ਵਾਹਿਗੁਰੂ ਐਸੇ ਬੰਦੇ ਨੂੰ ਉੱਜਲ ਬੁੱਧੀ, ਪਿਆਰ ਦਾ ਖ਼ਜ਼ਾਨਾ, ਸਭ ਇਲਮ ਅਤੇ ਮਿਹਰ ਮੁਹੱਬਤ ਦੀ ਦਾਤ ਦੇਂਦਾ ਹੈ।

ਜਿਸ ਬਹਿਲੋਲ ਨੂੰ ਨਿਸ਼ਚੇ ਦੀ ਦਾਤ ਦਿੱਤੀ ਸੀ, ਉਹ ਇਤਨਾ ਬੇਪ੍ਰਵਾਹ ਹੋ ਗਿਆ ਕਿ ਇਕ ਸਮੇਂ ਈਰਾਕ ਦਾ ਬਾਦਸ਼ਾਹ ਉਸ ਪਾਸ ਆਇਆ ਤਾਂ ਉਹ ਇਕ ਕੰਧ ਨਾਲ ਢੋ ਲਗਾ ਲੱਤਾਂ ਨਿਸਲ ਕਰ ਆਰਾਮ ਪਏ ਕਰਦੇ ਸਨ। ਉਸ ਕੁਝ ਮੰਗਣ ਲਈ ਕਿਹਾ ਤਾਂ ਕਹਿਣ ਲੱਗੇ :

ਬੱਸ ਇਹ ਕਿ ਤੁਹਾਡੇ ਵਰਗੇ ਬਾਦਸ਼ਾਹ, ਫ਼ਕੀਰਾਂ ਪਾਸ ਉਨ੍ਹਾਂ ਦਾ ਵਕਤ ਜ਼ਾਇਆ ਕਰਨ ਨਾ ਆਇਆ ਕਰਨ। ਜਦ ਬਾਦਸ਼ਾਹ ਚਲਾ ਗਿਆ ਤਾਂ ਸਾਥੀ ਫ਼ਕੀਰ ਕਹਿਣ ਲੱਗੇ ਕਿ ਇਤਨਾ ਤਾਂ ਕਹਿ ਦੇਂਦੇ ਕਿ ਹੁੱਜਰਾ (ਇਬਾਦਤ ਖ਼ਾਨਾ) ਦੀ ਛੱਤ ਟੁੱਟੀ ਹੈ। ਉਸ ਬਣਵਾ ਦੇਣੀ ਸੀ। ਬਹਿਲੋਲ ਇਹ ਸੁਣ ਕਹਿਣ ਲੱਗੇ : *''ਯਾਦ ਰੱਖਣਾ ਫ਼ਕੀਰੋ! ਹੱਥ ਪਸਾਰਨ ਵਾਲੇ ਲੱਤਾਂ ਨਹੀਂ ਪਸਾਰ ਸਕਦੇ।''*

I◆I

Sri Satguru Jagjit Singh Ji eLibrary NamdhariElibrary@gmail.com

ਸੈਂਤੀ

# ਅਨੰਦਪੁਰ ਸਾਹਿਬ

ਆਦਿ ਰੂਪ ਖਾਲਸੇ ਵਾਸੀ

ਦਰਬਾਰੀ ਕਵੀ ਹੰਸ ਰਾਮ, ਜਿਨ੍ਹਾਂ ਦੇ ਪੜੋਤੇ ਹਿੰਦੀ ਦੇ ਪ੍ਰਸਿੱਧ ਕਵੀ ਚੰਦਰ ਸ਼ੇਖਰ ਬਾਜਪਾਈ ਸਨ, ਨੇ ਸ੍ਰੀ ਅਨੰਦਪੁਰ ਸਾਹਿਬ ਦੀ ਮਹਿਮਾ ਗਾਂਦੇ ਲਿਖਿਆ ਹੈ ਕਿ ਅਨੰਦਪੁਰ, ਅਨੰਦ ਦੀ ਜੜ੍ਹ, ਮੂਲ ਥਾਂ (ਅਨੰਦ ਕੋ ਕੰਦ) ਹੈ। ਦਰਿਆ ਵਿਚੋਂ ਉੱਠਦੀ ਮਿਰਗ ਜਲ ਦੀ ਲਹਿਰ ਤੇ ਅੱਖ ਨਹੀਂ ਟਿਕਦੀ। ਦਰਿਆ ਕਿਨਾਰੇ ਧਾਮ ਬਣਾ ਕੇ, ਉੱਤੇ ਧਰਮ ਧੁਜਾਵਾਂ ਝੁਲਾ ਦਿੱਤੀਆਂ ਹਨ। ਬਾਗ਼ਾਂ ਦਾ ਨਗਰ ਹੈ। ਬਣ ਨਾਲ ਘਿਰਿਆ ਹੈ। ਖ਼ੂਹ ਤੇ ਸਰੋਵਰਾਂ ਦੀ ਇਤਨੀ ਭਰਮਾਰ ਹੈ ਕਿ ਸਾਗਰ ਦਾ ਭੁਲੇਖਾ ਪੈਂਦਾ ਹੈ। ਬਾਜ਼ਾਰ ਸੁਹਣੇ, ਦੁਕਾਨਾਂ ਉੱਚੀਆਂ ਤੇ ਉਨ੍ਹਾਂ ਵਿਚੋਂ ਹਰ ਸ਼ੈਅ ਮਿਲਦੀ ਹੈ। ਚਾਰ ਵਰਣ, ਚਾਰ ਆਸ਼ਰਮ ਹੀ ਅਨੰਦ ਪਾਉਂਦੇ ਹਨ। ਸਭ ਤੋਂ ਵੱਡੀ ਗੱਲ, ਸੰਗਤ, ਸਿੱਖ ਤੇ ਮਸੰਦ ਤਕ ਜਿਥੇ ਦੁਖੀ ਨੂੰ ਦੇਖਦੇ ਹਨ, ਪੁੱਜ ਕੇ ਦੁੱਖ ਦੂਰ ਕਰਦੇ ਹਨ। ਉਸਾਰੀ ਦਾ ਕੰਮ ਹਰ ਵੇਲੇ ਲੱਗਾ ਰਹਿੰਦਾ ਹੈ। ਕਿਤਨੇ ਹੀ ਕਾਰੀਗਰ ਉਸਾਰੀ ਵਿਚ ਜੁਟੇ ਵੇਖੇ ਜਾ ਸਕਦੇ ਹਨ।

*ਤਾ ਕੇ ਕਿਹਿ ਬਿਧਿ ਬਰਨਿਯੇ,*
*ਨਗਰ ਬਾਗ ਬਨ ਬ੍ਰਿੰਦ।*
*ਕੂਪ ਤੜਾਗਨ ਕੇ ਲਖੇ,*
*ਜਲ ਨਿਧਿ ਲਾਗਤ ਮੰਦ।*
*ਹਾਟ ਘਾਟ ਬਾਂਧੇ ਸਭੇ, ਮਾਨਿਕ ਮੇਲ ਅਪਾਰ।*
*ਤਾ ਮੈ ਜਟਿਤ ਭਲੇ ਕਿਯੇ, ਮਣਿ ਗਣ ਹੀਰਾ ਲਾਲ।*
*ਰਚਨਾ ਰਚੀ ਰਚੈ ਅਜੋ,*
*ਵਿਸ਼ੁਕਰਮਨ ਕੀ ਭੀਰ।*
*ਧਾਮਨ ਧਰਮ ਧੁਜਾ ਬੰਧੀ,*
*ਸ਼ਤ ਰੁਦ੍ਰਾ ਕੇ ਤੀਰ।*

ਗੁਰੂ ਤੇਗ ਬਹਾਦਰ ਜੀ ਨੇ ਅਨੰਦਪੁਰ ਦੀ ਚੋਣ ਕਰਨ ਵੇਲੇ ਇਹ ਹੀ ਖ਼ਿਆਲ ਰੱਖਿਆ ਸੀ ਕਿ ਐਸਾ ਅਸਥਾਨ ਹੋਵੇ ਜੋ ਪਹਾੜੀਆਂ ਨਾਲ ਘਿਰਿਆ ਹੋਵੇ, ਕੁਦਰਤੀ ਨਜ਼ਾਰਿਆਂ ਨਾਲ ਰਮਣੀਕ ਵੀ ਹੋਵੇ ਅਤੇ ਰਣਨੀਤੀ ਅਨੁਸਾਰ ਅਗੰਮ, ਅਡਿੱਗ ਅਤੇ ਅਜਿੱਤ ਵੀ



Sri Satguru Jagjit Singh Ji eLibrary NamdhariElibrary@gmail.com

ਹੋਵੇ। ਇਸ ਦੀ ਨੀਂਹ ੧੯ ਜੂਨ, ਸੰਨ ੧੬੬੫ ਮੁਤਾਬਕ ੨੧ ਹਾੜ ੧੭੨੨ ਬਿਕਰਮੀ ਨੂੰ ਬਾਬਾ ਗੁਰਦਿੱਤਾ ਜੀ, ਪੋਤਰਾ ਬਾਬਾ ਬੁੱਢਾ ਜੀ ਨੇ ਰੱਖੀ ਸੀ।

ਇਸ ਦਾ ਪਹਿਲਾ ਨਾਂ ਮਾਖੋਵਾਲ ਸੀ ਤੇ ਗੁਰੂ ਤੇਗ਼ ਬਹਾਦਰ ਜੀ ਵੇਲੇ 'ਨਾਨਕੀ ਚੱਕ' (ਨੌਵੇਂ ਪਾਤਸ਼ਾਹ ਦੀ ਮਾਤਾ ਜੀ ਦਾ ਨਾਮ) ਕਰਕੇ ਜਾਣਿਆ ਜਾਂਦਾ ਸੀ ਪਰ ਜਦ ਪਟਨਾ ਸਾਹਿਬ ਤੋਂ ਬਾਲਾ ਪ੍ਰੀਤਮ ਗੁਰੂ ਗੋਬਿੰਦ ਸਿੰਘ ਜੀ ਮਾਤਾ ਗੁਜਰੀ ਨਾਲ ਚੱਕ ਨਾਨਕੀ ਆਏ ਤਾਂ ਪਿਤਾ ਗੁਰੂ ਤੇਗ਼ ਬਹਾਦਰ ਜੀ ਦੇ ਦਰਸ਼ਨ ਕਰਕੇ ਮਾਤਾ ਜੀ ਵੱਲ ਮੁੱਖ ਕਰਕੇ ਇਹ ਤੁਕ ਪੜ੍ਹੀ :

*"ਅਨੰਦ ਭਇਆ ਮੇਰੀ ਮਾਏ*
*ਸਤਿਗੁਰੂ ਮੈ ਪਾਇਆ ॥"*

ਤਾਂ ਨੌਵੇਂ ਪਾਤਸ਼ਾਹ ਇਤਨੇ ਪ੍ਰਸੰਨ ਹੋਏ ਕਿ ਚੱਕ ਨਾਨਕੀ ਦਾ ਨਾਮ 'ਅਨੰਦਪੁਰ' ਹੀ ਰੱਖ ਦਿੱਤਾ। ਕਲਗੀ ਵਾਲੇ ਨੇ ਖ਼ਾਲਸਾ ਸਾਜਨ ਉਪਰੰਤ ਆਪੂੰ ਅਨੰਦਪੁਰ ਨੂੰ 'ਆਦਿ ਰੂਪ ਖ਼ਾਲਸੇ ਵਾਸੀ' ਕਿਹਾ।

ਅਕਾਲ ਬੁੰਗਾ, ਅਨੰਦਗੜ੍ਹ, ਸੀਸ ਗੰਜ, ਸ੍ਰੀ ਤਖ਼ਤ ਕੇਸ ਗੜ੍ਹ, ਗੁਰੂ ਕੇ ਮਹਿਲ ਆਦਿ ਸਿੰਘਾਸਨ ਦਮਦਮਾ ਤੇ ਮੰਜੀ ਸਾਹਿਬ, ਭੋਰਾ ਸਾਹਿਬ 'ਤੇ ਸਦਾ ਨਿਸ਼ਾਨ ਸਾਹਿਬ ਝੂਲਦੇ ਰਹਿੰਦੇ ਹਨ।

'ਖ਼ਾਲਸੇ ਦੇ ਵਾਸੀ' ਦਾ ਅਨੰਦਪੁਰ ਨੂੰ ਮਾਣ ਦੇਣ ਉਪਰੰਤ ਇਹ ਹੁਕਮ ਵੀ ਦਿੱਤੇ ਸਨ ਕਿ ਇਥੇ ਵਸੇਬਾ ਉਹ ਰੱਖੇ :

–ਜੋ ਕਾਇਰ ਨਾ ਹੋਵੇ।

–ਕੂੜਾ ਨਾ ਹੋਵੇ।

–ਕੂੜ ਨਾ ਬੋਲੇ।

–ਅਨਪੜ੍ਹ ਨਾ ਹੋਵੇ।

(ਜੇ ਕੋਈ ਹੈ ਤਾਂ ਸਭ ਮਿਥਿ ਸਮੇਂ ਵਿੱਦਿਆ ਸਿੱਖ ਲੈਣ।

*'ਬਾਲ ਬ੍ਰਿਧ ਸਭ ਸੋਧ ਪਠਾਵਾ।*
*ਕੋਈ ਅਨਪੜ੍ਹ ਰਹਿਣ ਨਾ ਪਾਵਾ')*

–ਕੋਈ ਰੁਤਬੇ ਮੁਰਾਤਬੇ (ਰੈਂਕ) ਦੀ ਵਰਤੋਂ ਨਾ ਕਰੇ ਸਭ ਵਾਹਿਗੁਰੂ ਦੇ ਖ਼ਾਲਸੇ ਹਨ।

–ਕੋਈ ਨਿੱਜੀ ਚੁਲ੍ਹਾ ਨਾ ਰੱਖੇ। ਸਭ ਲੰਗਰ ਤੋਂ ਪ੍ਰਸ਼ਾਦ ਪਾਉਣ।

–ਗ੍ਰਿਹਸਤੀ ਹੋਣਾ ਜ਼ਰੂਰੀ ਕੀਤਾ।

–ਤਿਆਗੀ ਨਹੀਂ, ਮੁਕਤਾ ਹੋਵੇ।

ਅਨੰਦਪੁਰ ਸਾਹਿਬ ਇਕ ਉਚੇਚਾ ਹੁਕਮ ਦਸਮ ਪਿਤਾ ਨੇ ਇਹ ਦਿੱਤਾ ਕਿ ਪੰਚਾਂ ਦਾ ਰਾਜ ਹੋਵੇ ਅਤੇ ਨਿੱਜ ਦੀ ਪਾਤਸ਼ਾਹੀ ਦਾ ਤਿਆਗ ਹੋਵੇ। ਪੰਜਾਂ ਪਿਆਰਿਆਂ ਹੱਥੋਂ ਅੰਮ੍ਰਿਤ

Sri Satguru Jagjit Singh Ji eLibrary NamdhariElibrary@gmail.com

ਪਾਨ ਕਰਕੇ ਇਸ ਵਿਧਾਨ ਦੀ ਨੀਂਹ ਰੱਖ ਦਿੱਤੀ ਸੀ।

ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਹੀ ਲਿਖਿਆ ਹੈ ਕਿ ਜਦ ਬਾਬਾ ਬੰਦਾ ਸਿੰਘ ਬਹਾਦਰ ਨੂੰ ਕਲਗੀਆਂ ਵਾਲੇ ਨੇ ਉਹ ਖੰਡਾ, ਜਿਸ ਨਾਲ ਅੰਮ੍ਰਿਤ ਛਕਾਇਆ ਸੀ, ਬਖ਼ਸ਼ ਦਿੱਤਾ ਤਾਂ ਖ਼ਾਲਸੇ ਨੇ ਪੰਥ ਦੀ ਮਾਲਕੀ ਦੱਸ ਕੇ ਲੁਹਾ ਲਿਆ। ਬੰਦਾ ਸਿੰਘ ਨੇ ਕਲਗੀਆਂ ਵਾਲੇ ਪਾਸ ਸ਼ਿਕਾਇਤ ਕੀਤੀ ਤਾਂ ਮਹਾਰਾਜ ਨੇ ਸਗੋਂ ਅੱਗੋਂ ਇਹ ਫ਼ਰਮਾਇਆ ਕਿ ਖ਼ਾਲਸੇ ਨੂੰ ਆਪਣੇ ਹੁਕਮ ਦੀ ਰਾਖੀ ਕਰਨ ਦਾ ਵੱਲ ਆ ਗਿਆ ਹੈ :

*ਚੀਜ਼ ਆਪਨੀ ਇਨੈ ਸੰਭਾਰੀ।*
*ਭਯੋ ਖਾਲਸੇ ਅਬ ਕਲ ਧਾਰੀ। ੧੨।*

ਤੂੰ ਵੀ ਇਨ੍ਹਾਂ ਨਾਲ ਵੰਡ ਖਾਈਂ। ਗੁਰੂ ਗੋਬਿੰਦ ਸਿੰਘ ਜੀ ਬੰਦਾ ਸਿੰਘ ਨੂੰ ਸਮਝਾਂਦੇ ਪਏ ਸਨ ਕਿ ਖ਼ਾਲਸਾ ਜੀ ਵੀ ਉਥੇ ਪੁੱਜ ਗਏ ਤੇ ਉਨ੍ਹਾਂ ਬਾਬਾ ਬੰਦਾ ਸਿੰਘ ਨੂੰ ਸੰਬੋਧਨ ਕਰਦੇ ਹੋਏ ਦਸਮੇਸ਼ ਪਿਤਾ ਸਾਹਮਣੇ ਕਿਹਾ : ਮਹਾਰਾਜ ਇਕ ਗੱਲ ਹੋਰ ਵੀ ਬੰਦਾ ਸਿੰਘ ਨੂੰ ਆਖ ਦਿਓ।

*ਜੇ ਬੰਦਾ ਨਿਜ ਪਾਤਸ਼ਾਹੀ ਚਾਹੇ।*
*ਤਬ ਹਮ ਇਨ ਕੇ ਨਾਲ ਨ ਰਾਹੇ। ੨।*

ਦੋਹਰਾ : *ਸਤਿਗੁਰ ਸੁਨਿਓ ਖੁਸ਼ ਭਏ, ਸੋਊ ਬੰਦੇ ਕਹਿ ਦੀਨ।*
*ਤੂੰ ਨ ਮੰਨੇ ਜਬ ਖਾਲਸੇ, ਤੱਬ ਹੋਵੇਗੀ ਤੁਮਰੀ ਹੀਨ। ੩।*
*ਜੋ ਤੂੰ ਸਿਘਨ ਖੁਸ਼ ਰਖੈ, ਤੋ ਰਹੇ ਸਦਾ ਤੂੰ ਸੁਖ।*
*ਜੋ ਤੂੰ ਸਿੰਘਨ ਦੁਖ ਦੇਵੇ, ਤੋ ਤੂੰ ਪਾਵਹਿ ਦੁਖ। ੪।*

ਅਨੰਦਪੁਰ ਸਾਹਿਬ ਕੈਸੇ ਆਗਿਆਕਾਰੀ ਸਿੰਘ ਤਿਆਰ ਹੋ ਗਏ ਸਨ ਉਸ ਦੀ ਝਲਕ ਸਿੱਖ ਇਤਿਹਾਸ ਨੇ ਦਿੱਤੀ ਹੈ।

ਇਕ ਸਮੇਂ ਗੁਰੂ ਕਲਗੀਆਂ ਵਾਲੇ ਇਕ ਸਿੱਖ ਨੂੰ ਅਨੰਦਗੜ੍ਹ ਦੀ ਉੱਚੀ ਮੰਮਟੀ ਤੇ ਪਹਿਰੇ ਤੇ ਖੜ੍ਹਾ ਕੀਤਾ। ਕੁਝ ਚਿਰ ਬਾਅਦ ਇਕ ਸਿੰਘ ਦੌੜਦਾ ਆਇਆ ਅਤੇ ਉਸ ਨੇ ਦਸਮੇਸ਼ ਪਿਤਾ ਨੂੰ ਕਿਹਾ ਕਿ ਉਹ ਸਿੱਖ ਉਥੇ ਪਹਿਰੇ ਤੇ ਖੜ੍ਹਾ ਨਹੀਂ ਦਿੱਸਦਾ। ਮਹਾਰਾਜ ਕਹਿਣ ਲੱਗੇ : ਇਹ ਕਦੇ ਨਹੀਂ ਹੋ ਸਕਦਾ, ਕਦੇ ਨਹੀਂ ਹੋ ਸਕਦਾ। ਸਿੰਘ ਨੇ ਸੁਭਾਵਕ ਕਿਹਾ : 'ਮਹਾਰਾਜ ! ਕੀ ਮੈਂ ਝੂਠ ਬੋਲਦਾ ਹਾਂ।' ਗੁਰੂ ਪਿਤਾ ਕਹਿਣ ਲੱਗੇ 'ਇਹ ਵੀ ਨਹੀਂ ਹੋ ਸਕਦਾ। ਇਹ ਵੀ ਨਹੀਂ ਹੋ ਸਕਦਾ।' ਗੁਰੂ ਨੇ ਜੋ ਖ਼ਾਲਸਾ ਸਾਜਿਆ ਸੀ ਨਾ ਉਹ ਸੌਂਪੇ ਫ਼ਰਜ਼ ਤੋਂ ਹਟ ਸਕਦਾ ਸੀ ਅਤੇ ਨਾ ਹੀ ਝੂਠ ਬੋਲ ਸਕਦਾ ਸੀ।

ਜਦ ਇਕ ਹੋਰ ਸਿੰਘ ਨੂੰ ਪਤਾ ਕਰਨ ਲਈ ਭੇਜਿਆ ਤਾਂ ਡਿੱਠਾ ਕਿ ਪਹਿਰੇ ਤੇ ਖੜ੍ਹੇ ਸਿੰਘ ਨੂੰ ਘੇਰਾ ਪਾਈ ਮੁਗ਼ਲ ਫ਼ੌਜਾਂ ਨੇ ਗੋਲੀ ਮਾਰ ਸ਼ਹੀਦ ਕਰ ਦਿੱਤਾ ਸੀ ਅਤੇ ਉਸ ਦੀ ਮ੍ਰਿਤਕ ਦੇਹ ਹੇਠਾਂ ਖਾਈ ਵਿਚ ਗਿਰ ਗਈ ਸੀ।

Sri Satguru Jagjit Singh Ji eLibrary NamdhariElibrary@gmail.com

ਅਠੱਤੀ

# ਭਾਈ ਕਉਡਾ

ਕੋਚੀਨ ਤੋਂ ਜਦ ਗੁਰੂ ਨਾਨਕ ਦੇਵ ਜੀ ਨੇ ਪਹਿਲੀ ਉਦਾਸੀ ਸਮੇਂ ਹੁਣ ਦੇ ਆਂਧਰਾ ਪ੍ਰਦੇਸ਼ ਅੰਦਰ ਪ੍ਰਵੇਸ਼ ਕੀਤਾ ਤਾਂ ਕਦਲੀ ਵਣ ਵਿਖੇ ਕਉਡਾ ਨਾਮ ਦੇ ਇਕ ਆਦਮਖੋਰ ਸਰਦਾਰ ਦਾ ਪਤਾ ਲੱਗਾ। ਕਉਡਾ ਦੇ ਛੱਡੇ ਦੈਂਤ ਭਾਈ ਮਰਦਾਨਾ ਜੀ ਨੂੰ ਪਕੜ ਲੈ ਗਏ। ਮਰਦਾਨਾ ਜੀ ਨੂੰ ਕਉਡਾ ਤੇਲ ਵਿਚ ਪਾ ਤਲਣ ਹੀ ਲੱਗਾ ਸੀ ਕਿ ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਦੀ ਇਕ ਪਉੜੀ ਗਾਈ ਤਾਂ ਕਉਡੇ ਨੇ ਮਰਦਾਨਾ ਨੂੰ ਛੱਡ ਦਿੱਤਾ।

**ਦੋ ਰੂਪ ਖ਼ਤਰਨਾਕ**

ਮਹਾਰਾਜ ਨੇ ਆਤਮਿਕ ਬਲ ਨਾਲ ਕਉਡਾ ਦੀ ਅਜਿਹੀ ਜ਼ਿੰਦਗੀ ਬਦਲੀ ਕਿ ਰਾਕਸ਼ੀ ਕਰਮ ਛੱਡ ਕੇ ਦੇਵਤਾ ਬਣਿਆ ਤੇ ਧਰਮ ਕਿਰਤ ਨਾਲ ਨਿਰਬਾਹ ਕਰਕੇ ਕਰਤਾਰ ਦੇ ਸਿਮਰਨ ਵਿਚ ਜੀਵਨ ਗੁਜ਼ਾਰਨ ਲੱਗਾ।

ਗੁਰੂ ਨਾਨਕ ਦੇਵ ਜੀ ਨੇ ਸਿੱਖਿਆ ਦੇਂਦੇ ਕਿਹਾ :

ਭਾਈ ਕਉਡੇ ! ਫ਼ਕੀਰਾਂ ਦੇ ਰਬਾਬੀ ਨੂੰ ਕੁਝ ਨਹੀਂ ਕਹੀਦਾ। ਪੂਰਾ ਆਦਰ ਦੇਈਏ।

ਕਉਡਾ ਨੇ ਵੀ ਮਨ ਦੀ ਦਸ਼ਾ ਖੋਲ੍ਹਦੇ ਗੁਰੂ ਜੀ ਨੂੰ ਕਿਹਾ ਕਿ ਉਹ ਬੇਸ਼ੱਕ ਆਦਮਖੋਰ ਸੀ ਪਰ ਹਰ ਕਿਸੇ ਨੂੰ ਨਹੀਂ ਸੀ ਖਾਂਦਾ। ਜਦ ਉਸ ਦੇ ਦੂਤ ਦੈਂਤ ਕਿਸੇ ਨੂੰ ਪਕੜ ਲਿਆਂਦੇ ਤਾਂ ਉਸ ਪਕੜੇ ਮਨੁੱਖ ਨੂੰ ਇਕ ਤਲਿਸਮੀ ਸ਼ੀਸ਼ੇ ਅੱਗੇ ਖੜ੍ਹਾ ਕਰਦਾ ਸੀ। ਜੇ ਉਸ ਸ਼ੀਸ਼ੇ ਵਿਚ ਉਸ ਦੀ ਸੂਰਤ ਕੁੱਤਾ, ਘੋੜਾ, ਸੂਰ, ਗਧਾ ਜਾਂ ਸ਼ੇਰ ਦਿਖਾਈ ਦੇਂਦੀ ਸੀ ਤਾਂ ਹੀ ਖਾਂਦਾ ਸੀ, ਪਰ ਜੇ ਸ਼ੀਸ਼ੇ ਵਿਚ ਮਨੁੱਖ ਦੀ ਸ਼ਕਲ ਹੀ ਨਜ਼ਰੀ ਆਵੇ ਤਾਂ ਸਤਿਕਾਰ ਸਹਿਤ ਛੱਡ ਦੇਂਦਾ ਸੀ।

*"ਗਹ ਕਰ ਆਏ ਮਨੁੱਜ ਘਨੇਰੇ।*
*ਮੁਕਰ ਬਿਖੈ ਪ੍ਰਤਿਬਿੰਬ ਸੁ ਹੇਰੇ।*
*ਕੂਕਰ, ਸ਼ੂਕਰ, ਖਰ, ਖਗ, ਸ਼ੇਰਾ*
*ਇਤ ਆਦਿਕ ਕੇ ਮੁੱਖ ਹੇਰਾ।*

ਮਹਾਰਾਜ ਦਾ ਸੁਭਾਵਕ ਪੁੱਛਣਾ ਸੀ ਕਿ ਤੂੰ ਮੈਨੂੰ ਕਿਉਂ ਨਾ ਖਾਧਾ ਤਾਂ ਕਉਡਾ ਨੇ ਹੱਥ ਜੋੜ ਕਿਹਾ।

ਤੁਹਾਨੂੰ ਵੀ ਆਉਂਦੇ ਹੀ ਸ਼ੀਸ਼ੇ ਵਿਚ ਤੱਕਿਆ ਸੀ, ਤੁਸੀਂ ਨੂਰ ਹੀ ਦਿਖਾਈ ਦਿੱਤੇ



Sri Satguru Jagjit Singh Ji eLibrary NamdhariElibrary@gmail.com

ਸੀ। ਰਤਾ ਭਰ ਫ਼ਰਕ ਨਹੀਂ ਸੀ ਬਾਹਰ ਤੇ ਅੰਦਰ ਦਾ।

ਬਾਬੇ ਦਾ ਜਗਤ ਪ੍ਰਤੀ ਉਪਦੇਸ਼ ਹੋਇਆ ਕਿ ਦੇਖਣਾ ਕਿਧਰੇ ਕਉੜਾ ਰੋਜ਼ ਤਾਂ ਸਾਨੂੰ ਨਹੀਂ ਖਾ ਰਿਹਾ। ਸਾਡੀ ਸ਼ਖਸੀਅਤ ਮੂਲੋਂ ਤਾਂ ਨਹੀਂ ਮੁੱਕ ਰਹੀ। ਕੀ ਸਾਡੇ ਦੋ ਰੂਪ ਤਾਂ ਨਹੀਂ ਬਣ ਗਏ। ਇਕ ਜਗ ਦਿਖਾਵੇ ਵਾਲਾ, ਮੁਲਾਇਮ, ਸੁਹਾਣਾ, ਸੁਹਣਾ, ਦਿਲ ਖਿੱਚਵਾਂ, ਹਲੀਮੀ ਵਾਲਾ ਤੇ ਦੂਜਾ ਕਰੂਪ, ਕਰੂਰ, ਕਠੋਰ, ਕੋਝਾ, ਖਿਝ ਵਾਲਾ, ਦਿਲ ਚੀਰਵਾਂ। ਗੁਰੂ ਨਾਨਕ ਦੇਵ ਜੀ ਗੁੱਸਾ ਹੀ ਉਸ ਤੇ ਕਰਦੇ ਹਨ ਜਿਨ੍ਹਾਂ ਦੋ ਰੂਪ ਬਣਾ ਲਏ ਹਨ। ਜਿਨ੍ਹਾਂ ਦੀ ਸ਼ਕਲ ਤਾਂ ਭਾਵੇਂ ਮਨੁੱਖ ਵਾਲੀ, ਨਾਮ ਵੱਡੇ-ਵੱਡੇ ਪਰ ਕਰਨੀ ਕਰਤੂਤ ਕੁੱਤਿਆਂ ਤੋਂ ਵੀ ਮਾੜੀ ਅਤੇ ਦੂਜਿਆਂ ਦੇ ਦਰ ਖੜੋ ਲੋਭ ਖ਼ਾਤਰ ਗਾਲਾਂ ਵਗਾਉਣ ਵਾਲੀ।

*ਮਾਣਸ ਮੂਰਤਿ ਨਾਨਕੁ ਨਾਮੁ।*
*ਕਰਣੀ ਕੁਤਾ ਦਰਿ ਫੁਰਮਾਨੁ।*

(ਆਸਾ ਮਹਲਾ ੧)

।◆।

ਉਂਨਤਾਲੀ

# ਕਰਾਮਾਤ ਕਹਿਰ

ਹਜ਼ਰਤ ਮੁਹੰਮਦ ਸਾਹਿਬ ਦੇ ਚਾਚੇ ਹਮਜ਼ਾ ਦਾ ਨਾਂ ਧਰਾ ਕੇ, ਗੌਂਸ ਦੀ ਪਦਵੀ ਪਾ ਚੁੱਕਾ ਇਕ ਫ਼ਕੀਰ ਸਿਆਲਕੋਟ ਵਿਖੇ ਰਹਿੰਦਾ ਸੀ। ਕਰਾਮਾਤੀ ਸ਼ਕਤੀਆਂ ਦਾ ਬੜਾ ਦਿਖਾਲਾ ਕਰਦਾ ਤੇ ਸ਼ਹਿਰ ਨਿਵਾਸੀਆਂ ਨੂੰ ਸਦਾ ਡਰ ਡਰਾਵੇ ਦੇਈ ਰੱਖਦਾ।

**ਕਰਾਮਾਤੀ ਨੂੰ ਸਦਾ ਸ਼ਰਮਿੰਦਗੀ**

ਗੌਂਸ ਫ਼ਕੀਰੀ ਦਾ ਉਹ ਦਰਜਾ ਹੈ ਜਦ ਦਰਵੇਸ਼ ਧਿਆਨ ਪਰਾਇਣ ਹੋਇਆ, ਆਪਣੇ ਜਿਸਮ ਦੇ ਅੰਗ ਬਿਖੇਰ ਸਕਦਾ ਹੈ। ਦਸਮ ਗ੍ਰੰਥ ਸਾਹਿਬ ਵਿਚ ਜ਼ਿਕਰ ਹੈ ਕਿ ਅਜਿਹੇ ਫ਼ਕੀਰ ਹੁੰਦੇ ਸਨ :

*ਬਿਰਾਜੇ ਕਟੇ ਅੰਗ ਬਸਤ੍ਰੋਂ ਲਪੇਟੇ।*
*ਜੁਮੇ ਨੇ ਮਨੋ ਰੋਜ ਮੈ ਗੌਂਸ ਲੇਟੇ। ੨੬੭।* (ਚਰਿਤ੍ਰ ੪੦੫)

ਜਦ ਦੂਜੀ ਉਦਾਸੀ ਦੌਰਾਨ, ਸੁਮੇਰ ਪਰਬਤੋਂ ਪਰਤਦੇ ਕਸ਼ਮੀਰ, ਜੰਮੂ ਰਾਹੀਂ ਗੁਰੂ ਨਾਨਕ ਦੇਵ ਜੀ ਸਿਆਲਕੋਟ ਆਏ ਤਾਂ ਨਗਰ ਵਿਚ ਹਾਹਾਕਾਰ ਮੱਚੀ ਹੋਈ ਸੀ। ਹਮਜ਼ਾ ਗੌਂਸ, ਇਹ ਆਖ ਕੇ ਚਲੀਹਾ ਕੱਟਣ ਬੈਠਾ ਸੀ ਕਿ ਜਦ ਉਹ ਚਲੀਹੇ ਤੋਂ ਉੱਠੇਗਾ ਤਾਂ ਇਕ ਵਾਕ ਨਾਲ ਹੀ ਨਗਰ ਤਬਾਹ ਕਰ ਦੇਵੇਗਾ। ਇਹ ਸਾਰੀ ਨਗਰੀ ਝੂਠਿਆਂ ਦੀ ਹੈ। ਮੰਨਤ ਮੰਨ ਕੇ ਆਪਣਾ ਬੇਟਾ ਇਕ ਨਗਰ ਨਿਵਾਸੀ ਨੇ ਨਹੀਂ ਦਿੱਤਾ। ਗੁਰੂ ਨਾਨਕ ਜੀ ਨੇ ਜਦ ਇਹ ਸੁਣਿਆ ਤਾਂ ਉਸ ਦੀ ਗੁਫ਼ਾ ਬਾਹਰ ਸ਼ਬਦ ਦੀ ਧੁਨੀ ਲਗਾਈ ਤਾਂ ਗੁਫ਼ਾ ਵਿਚ ਸ਼ਗਾਫ਼ ਹੋਇਆ ਤੇ ਉਹ ਬਾਹਰ ਆਇਆ ਤੇ ਕਹਿਣ ਲੱਗਾ ਕਿ ਤੁਸੀਂ ਕੌਣ ਹੋ ਜੋ ਇਨ੍ਹਾਂ ਝੂਠਿਆਂ ਦੀ ਇਮਦਾਦ ਤੇ ਆਏ ਹੋ?

ਮਹਾਰਾਜ ਨੇ ਸਮਝਾਇਆ ਕਿ ਇਕ ਦੇ ਝੂਠ ਦੀ ਸਜ਼ਾ ਸਾਰੇ ਸ਼ਹਿਰ ਨੂੰ ਦੇਣੀ ਕਿਥੋਂ ਦੀ ਫਕੀਰੀ ਹੈ। ਫਿਰ ਕਿਹਾ :

''ਪੀਰ ਜੀ ! ਰੱਬ ਦੀ ਵਾਹਦ ਸ਼ਕਤੀ ਨੂੰ ਕਦੀ ਵੰਗਾਰਨਾ ਨਹੀਂ ਚਾਹੀਦਾ। ਰੱਬ ਦਾ ਕਾਨੂੰਨ ਆਪਣੇ ਹੱਥ ਵਿਚ ਨਹੀਂ ਲੈਣਾ ਚਾਹੀਦਾ। ਉਹ ਆਪ ਹੀ ਜਾਣਦਾ ਹੈ ਕਿ ਪਾਪੀਆਂ, ਅਕ੍ਰਿਤਘਣਾਂ ਨੂੰ ਕਦ ਸਜ਼ਾ ਦੇਣੀ ਹੈ। ਫ਼ਕੀਰ ਦਾ ਇਕ ਕੰਮ ਹੈ ਕਿ ਪ੍ਰਭੂ ਦੀ ਬੰਦਗੀ ਵਿਚ ਜੁਟੇ ਰਹਿਣਾ। ਉਨ੍ਹਾਂ ਨੂੰ ਜੰਜਾਲਾਂ ਵਿਚ ਨਹੀਂ ਫਸਣਾ ਚਾਹੀਦਾ। ਇਕ ਮਮਤਾ ਵਿਚੋਂ ਨਿਕਲ, ਦੂਜੀ ਵਿਚ ਪੈਣ ਦਾ ਕੀ ਲਾਭ।''



Sri Satguru Jagjit Singh Ji eLibrary NamdhariElibrary@gmail.com

ਡਿੰਗਾ (ਜ਼ਿਲ੍ਹਾ ਗੁਜਰਾਤ, ਹੁਣ ਪਾਕਿਸਤਾਨ) ਵਿਖੇ ਇਕ ਜੋਗੀ ਨੂੰ ਇਸੇ ਤਰ੍ਹਾਂ ਗੁਰੂ ਨਕ ਨੇ ਸਮਝਾਇਆ ਸੀ ਕਿ "ਹਉਮੈ ਦੀ ਖ਼ੁਰਾਕ ਛਕਣੀ ਜੋਗੀ ਨੂੰ ਨਹੀਂ ਸੋਭਦੀ।'

ਪਿੰਡ ਵਿਚ ਜੋਗੀ ਨੇ ਇਹ ਡੌਂਡੀ ਪਿਟਵਾਈ ਸੀ ਕਿ ਉਸ ਨੇ ਚਾਲ੍ਹੀ ਦਿਨ ਗੁਫ਼ਾ ਚ ਬੈਠ ਕੁਝ ਸੇਵਨ ਨਹੀਂ ਕੀਤਾ। ਸੋ ਸਭ ਇਲਾਕਾ ਦਰਸ਼ਨਾਂ ਨੂੰ ਆਵੇ।

ਗੁਰੂ ਨਾਨਕ ਦੇਵ ਜੀ ਨੇ ਡੌਂਡੀ ਦੇਣ ਵਾਲੇ ਨੂੰ ਵਰਜ ਦਿੱਤਾ ਸੀ ਕਿ ਚਾਲ੍ਹੀ ਦਿਨ ੇ ਹੋਣ ਤੇ ਹੀ ਢੰਡੋਰਾ ਦੇਵੀਂ। ਉਹ ਰੁਕ ਗਿਆ।

ਜਦ ਜੋਗੀ ਗੁਫ਼ਾ ਤੋਂ ਬਾਹਰ ਆਇਆ ਤਾਂ ਕਿਸੇ ਨੂੰ ਵੀ ਬਾਹਰ ਭਾਓ-ਆਦਰ ਵਿਚ ਦੇਖ ਬੇਹੋਸ਼ ਹੋ ਗਿਰ ਪੜਾ। ਮੌਕਾ ਸੰਭਾਲਦੇ ਗੁਰੂ ਨਾਨਕ ਦੇਵ ਜੀ ਨੇ ਡੌਂਡੀ ਦੇਣ ਲੇ ਨੂੰ ਹੁਣ ਢੰਡੋਰਾ ਦੇਣ ਲਈ ਭੇਜਿਆ। ਭੀੜ ਇਕੱਠੀ ਹੋਇ ਆਈ। ਜੋਗੀ ਹੋਸ਼ ਵਿਚ ਇਆ। ਸਭ ਲੱਗੇ ਕਹਿਣ : ਵਾਹ ਵਾਹ ਜੋਗੀ ਜਿਸ ਚਾਲ੍ਹੀ ਦਿਨ ਮੂੰਹ ਅੰਨ ਪਾਣੀ ਹੀਂ ਪਾਇਆ। ਮਹਾਰਾਜ ਨੇ ਕਹਿਆ : 'ਭੁੱਲੋ ਨਾ, ਜੋਗੀ ਗੁਫ਼ਾ ਅੰਦਰ ਬੈਠ ਰੱਜਵੀਂ ਰਾਕ ਲੈਂਦਾ ਰਿਹਾ ਹੈ।'

ਜੋਗੀ ਨੇ ਖਿੱਝ ਕੇ ਕਿਹਾ : ਨਹੀਂ-ਨਹੀਂ, ਤਾਂ ਮਹਾਰਾਜ ਨੇ ਕਿਹਾ, ਜੋਗੀ ਅੰਦਰ ਠਾ ਹਉਮੈ ਦੀ ਭਰਵੀਂ ਖ਼ੁਰਾਕ ਖਾਂਦਾ ਰਿਹਾ ਹੈ। ਚਲੀਹਾ ਕੱਟਦਾ, ਇਹ ਹੀ ਸੋਚਦਾ ਹਾ ਕਿ ਜਦ ਬਾਹਰ ਜਾਏਗਾ ਤਾਂ ਬੜੀ ਵਾਹ-ਵਾਹ ਹੋਵੇਗੀ ਪਰ ਜਦ ਡਿੱਠਾ ਸੂ ਕਿ ਈ ਅੱਗੋਂ ਆਦਰ ਕਰਨ ਤਕ ਵੀ ਨਹੀਂ ਆਇਆ ਤਾਂ ਬੇਹੋਸ਼ ਹੋ ਗਿਰਿਆ। ਤੁਸੀਂ ਲੋਕ ਏ ਵਾਹ-ਵਾਹ ਕੀਤੀ, ਹਾਰ ਪਾਏ, ਆਦਰ ਦਿੱਤਾ ਤਾਂ ਡਿੱਗਾ ਉੱਠ ਖੜੋਤਾ।' ਜੋਗੀ ਸੋਈ ਸੁਰਤਿ ਜਾਗੀ।

ਚੁੱਕੇ ਚੁਕਾਏ ਖਡੂਰ ਵਾਸੀਆਂ ਗੁਰੂ ਅੰਗਦ ਦੇਵ ਜੀ ਨੂੰ ਪਿੰਡ ਛੱਡਣ ਲਈ ਕਹਿਆ ਮਹਾਰਾਜ ਹਿਜਰਤ ਕਰਕੇ ਦੂਜੇ ਪਿੰਡ ਚਲੇ ਗਏ। ਬਾਬਾ ਅਮਰਦਾਸ ਜੀ ਜਦ ਬਾਸਰਕੇ ਮੁੜੇ ਤੇ ਗੁਰੂ ਜੀ ਨੂੰ ਖਡੂਰ ਨਾ ਡਿੱਠਾ ਤਾਂ ਤਪੇ ਨੂੰ ਸਜ਼ਾ ਦੇਣ ਵਜੋਂ ਪਿੰਡ ਵਾਸੀਆਂ ਜਾ ਕਿਹਾ ਕਿ ਜਿਸ ਮੀਂਹ ਨੂੰ ਲੋੜਦੇ ਹੋ, ਉਹ ਤਪੇ ਪਾਸ ਹੈ। ਜਿਥੇ-ਜਿਥੇ ਤਪੇ ਨੂੰ ਲੀਆਂ ਖੇਤਾਂ ਵਿਚ ਘਸੀਟੋਗੇ, ਮੀਂਹ ਦੀ ਛਹਿਬਰ ਲੱਗ ਜਾਏਗੀ। ਪਿੰਡ ਵਾਸੀਆਂ ਐਸਾ ਕੀਤਾ। ਤਪੇ ਨੂੰ ਪੈਲੀਆਂ ਵਿਚ ਘਸੀਟ-ਘਸੀਟ ਆਖ਼ਰੀ ਹੱਡੀ ਵੀ ਤੋੜ ਦਿੱਤੀ। ਉਸ ਪ੍ਰਾਣ ਨਿਕਲ ਗਏ।

ਬਾਬਾ ਅਮਰਦਾਸ ਸਮੇਤ ਖਡੂਰ ਨਿਵਾਸੀਆਂ ਦੇ ਗੁਰੂ ਅੰਗਦ ਦੇਵ ਜੀ ਨੂੰ ਵਾਪਸ ਡ ਲਿਜਾਣ ਲਈ ਆਏ ਤਾਂ ਆਪ ਜੀ ਨੇ ਸੱਚੀ ਮੁੱਚੀ ਬਾਬਾ ਅਮਰਦਾਸ ਜੀ ਵੱਲ ਪਿੱਠ ਰ ਲਈ ਤੇ ਕਿਹਾ : *ਆਪਣੇ ਆਪ ਕੋ ਮਹਦ ਜਨਾਯੋ।* ਬਾਬਾ ਅਮਰਦਾਸ ਤੇ ਹੋਰਨਾਂ ਹਾ : ਤੁਸੀਂ ਇਤਨੀ ਤਾੜਨਾ ਕਿਉਂ ਕਰਦੇ ਹੋ। ਤਪੇ ਨੇ ਕੀਤਾ ਪਾਇਆ ਹੈ। ਆਪ ਦਾ ਨਿਰਾਦਰ ਕੀਤਾ ਸੀ। ਨਾਲੇ ਲੋਕਾਂ ਤੇ ਪ੍ਰਭਾਵ ਨਹੀਂ ਸੀ ਪੈਣਾ।

ਹਲੀਮੀ ਦੀ ਮੂਰਤ ਗੁਰੂ ਅੰਗਦ ਦੇਵ ਜੀ ਨੇ ਕਿਹਾ :

ਇਹ ਠੀਕ ਰਾਹ ਨਹੀਂ ਹੈ। ਕਰਾਮਾਤ ਦਿਖਾਉਣੀ ਹਉਮੈ ਨੂੰ ਰਾਜ਼ੀ ਕਰਨਾ ਹੈ। ਕਉਣ

Sri Satguru Jagjit Singh Ji eLibrary NamdhariElibrary@gmail.com

ਹੈ ਜੋ ਈਰਖਾ ਤੋਂ ਰਹਿਤ ਹੈ। ਜੇ ਕਿਸੇ ਦੀ ਆਪਣੀ 'ਮੈਂ' ਭੁੱਲੇ ਤਾਂ ਬਖ਼ਸ਼ਣਹਾਰ ਅਤੇ ਜੇ ਕਿਸੇ ਹੋਰ ਦੀ 'ਮੈਂ' ਭੁੱਲ ਜਾਏ ਤਾਂ 'ਸਜ਼ਾਵਾਰ'। ਕੈਸਾ ਨਿਆਂ ਹੈ। ਭੀੜ ਨੂੰ ਖ਼ੁਸ਼ ਕਰਨ ਲਈ ਕਰਾਮਾਤਾਂ ਦਿਖਾਉਣਾ ਸਾਡਾ ਰਾਹ ਨਹੀਂ ਹੈ।

ਸਹਿਨਸ਼ੀਲਤਾ ਚਾਹੀਦੀ ਹੈ : ਧਰਤੀ ਵਾਂਗ।<br>
ਦੁੱਖ ਸੁਖ ਵਿਚ ਅਡੋਲਤਾ : ਪਰਬਤਾਂ ਵਰਗੀ।<br>
ਜੇਰਾ : ਰੁੱਖਾ ਜਿੱਡਾ।<br>
ਨਿਰਮਲਤਾ : ਬਰਫ਼ਾਂ ਜਿਹੀ।<br>
ਵਿਸ਼ਾਲਤਾ : ਆਕਾਸ਼ ਤੁੱਲ।<br>
ਤੇਜ : ਸੂਰਜ ਵਤ।

ਪਰ ਮੁੱਖ ਵਿਚ ਸਦਾ ਸਰਬੱਤ ਦਾ ਭਲਾ।

ਹੁਣ ਦੇਖੋ ਗੁਰੂ ਜ਼ਿੰਮੇਵਾਰੀ ਸੰਭਾਲਣ ਉਪਰੰਤ ਜਦ ਖੋਜਿਆਂ ਗੋਇੰਦਵਾਲ ਖੌਰੂ ਪਾਇਆ ਤਾਂ ਕਿਸੇ ਆ ਕੇ ਕਿਹਾ ਕਿ ਕੋਈ ਉਪਰਾਲਾ ਕਰੋ ਤਾਂ ਤੀਜੇ ਪਾਤਸ਼ਾਹ ਫ਼ਰਮਾਇਆ :

ਬਦਲੇ ਨਹੀਂ ਲੈਣੇ।<br>
ਧੀਰਜ ਨਾਲੋਂ ਕੋਈ ਵੱਡਾ ਤਪ ਨਹੀਂ।<br>
ਸੰਤੋਖ ਨਾਲੋਂ ਕੋਈ ਵੱਡਾ ਸੁਖ ਨਹੀਂ।<br>
ਲਾਲਚ ਨਾਲੋਂ ਵੱਡੀ ਕੋਈ ਬੁਰਾਈ ਨਹੀਂ।<br>
ਦਇਆ ਨਾਲੋਂ ਵੱਡੀ ਕੋਈ ਨੇਕੀ ਨਹੀਂ।<br>
ਖਿਮਾ ਨਾਲੋਂ ਕੋਈ ਵੱਡਾ ਸ਼ਸਤ੍ਰ ਨਹੀਂ।<br>
ਜੋ ਕੋਈ ਬੀਜ ਰਹਿਆ ਹੈ, ਅਵੱਸ਼ ਵੱਢੇਗਾ।

ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਝਲਦੇ ਦੇਖ ਜਦ ਮੀਆਂ ਮੀਰ ਨੇ ਕਿਹਾ ਕਿ ਉਨ੍ਹਾਂ ਕੋਲੋਂ ਜਰਣ ਨਹੀਂ ਹੁੰਦਾ ਤੇ ਆਗਿਆ ਚਾਹੀ, ਦਿੱਲੀ ਤੇ ਲਾਹੌਰ ਦੀ ਇੱਟ ਨਾਲ ਇੱਟ ਵਜਾ ਦੇਣ ਲਈ ਤਾਂ ਪੰਜਵੇਂ ਪਾਤਸ਼ਾਹ ਨੇ ਠਰੰਮੇ ਨਾਲ ਕਿਹਾ : ਸਾਈਂ ਜੀ!

ਸਾਈਂ ਦੇ ਪਿਆਰਿਆਂ ਨੂੰ ਭਾਣੇ ਵਿਚ ਹੀ ਰਸ ਮਾਣਨਾ ਚਾਹੀਦਾ ਹੈ।

ਸਰੀਰ ਤੇ ਸੰਸਾਰ ਝੂਠਾ ਹੈ। ਆਤਮਾ ਨਿਰਲੇਪ ਹੈ।

*ਆਤਮ ਸਦਾ ਅਸੰਗ ਹੈ*<br>
*ਤਨ ਮਿਥਯਾ ਪ੍ਰਪੰਚ।* (ਪੰਥ ਪ੍ਰਕਾਸ਼)

'ਇਹ ਕਸ਼ਟ ਇਸ ਲਈ ਸਹਾਰ ਰਹੇ ਹਾਂ ਕਿ ਵਾਹਿਗੁਰੂ ਦੇ ਸੱਚੇ ਨਾਮ ਦਾ ਪ੍ਰਚਾਰ ਕਰਨ ਵਾਲਿਆਂ ਲਈ ਆਦਰਸ਼ ਬਣੇ। ਜਦ ਕਿਸੇ ਤੇ ਕਸ਼ਟ ਆ ਵਾਪਰੇ ਤਾਂ ਭਾਣਾ ਮਿੱਠਾ ਕਰ ਕੇ ਮੰਨੇ। ਵਾਹਿਗੁਰੂ ਨੂੰ ਬੁਰਾ ਭਲਾ ਨਾ ਕਹਿਣ। ਡੋਲ ਨਾ ਜਾਣ। ਆਤਮਿਕ ਸ਼ਕਤੀ ਨੂੰ ਸਰੀਰ ਦੀ ਰੱਖਿਆ ਲਈ ਨਾ ਵਰਤਣ।'

Sri Satguru Jagjit Singh Ji eLibrary NamdhariElibrary@gmail.com

ਇਹ ਸੁਣ ਕੇ ਮੀਆਂ ਮੀਰ ਜੀ ਨੇ ਕਿਹਾ : ਜੋ ਤੁਸਾਂ ਸੁਖਮਨੀ ਵਿਚ ਫ਼ਰਮਾਇਆ ਹੈ, ਉਸ ਦਾ ਸਹੀ ਤਰਜਮਾ ਕਰ ਕੇ ਦਿਖਾਇਆ ਹੈ :

*ਰਹੇ ਬਦੇਹੀ, ਹੋਇ ਦ੍ਰਿੜ ਬ੍ਰਹਮ ਗਿਆਨੀ ਨੀਕ।*
*ਜੋ ਬਰਨਿਓ ਮਧ ਸੁਖਮਨੀ ਪਾਲ ਦਿਖਾਓ ਠੀਕ।*

ਇਸੇ ਤਰ੍ਹਾਂ ਗੁਰੂ ਤੇਗ਼ ਬਹਾਦਰ ਜੀ ਨੇ ਵੀ, ਭਾਈ ਮਤੀ ਦਾਸ ਜੀ ਨੂੰ ਜਦ ਉਨ੍ਹਾਂ ਲਾਹੌਰ ਦਿੱਲੀ ਦੀ ਇੱਟ ਨਾਲ ਇੱਟ ਵਜਾਉਣ ਦੀ ਗੱਲ ਕਹੀ ਤਾਂ ਫ਼ਰਮਾਇਆ ਸੀ ਕਿ ਉਸ ਇਹ ਸ਼ਕਤੀ ਕਿਥੋਂ ਪਾਈ ਤਾਂ ਭਾਈ ਜੀ ਨੇ ਕਿਹਾ : ਗੁਰ ਚਰਨਾਂ ਤੋਂ। ਮਹਾਰਾਜ ਨੇ ਸਮਝਾਇਆ :

ਇਹ ਹੀ ਭਗਤਾਂ, ਸੰਤਾਂ ਤੇ ਵਾਹਿਗੁਰੂ ਪਿਆਰਿਆਂ ਵਿਚ ਤੋਟ ਹੈ ਕਿ ਥੋੜ੍ਹੀ ਜਿਹੀ ਸ਼ਕਤੀ ਪਾ ਕੇ ਆਪਾ ਜਨਾਉਣ ਲੱਗ ਪੈਂਦੇ ਹਨ। ਜਿਸ ਸਮੁੰਦਰ ਤੋਂ ਜਲ ਦਾ ਤੁਪਕਾ ਪੀ ਸ਼ਕਤੀਵਾਨ ਹੁੰਦੇ ਹਨ, ਉਸ ਸਾਗਰ ਅੱਗੇ ਹੰਕਾਰ ਦੇ ਬਚਨ ਬੋਲਣ ਲੱਗ ਪੈਂਦੇ ਹਨ। ਸਿੱਖ ਭਗਤ ਤੇ ਨਾਮੀ ਪੁਰਸ਼ ਨੂੰ ਇਹ ਹੀ ਬਣ ਆਉਂਦਾ ਹੈ ਕਿ ਨਿਮਰਤਾ ਵਿਚ ਰਹਿੰਦੇ ਹੋਏ, ਰਜ਼ਾ ਵਿਚ ਰਾਜ਼ੀ ਰਵ੍ਹੇ।

*ਜਿਸ ਸਮੁੰਦਰ ਤੇ ਜਲ ਕਨ ਪਾਵੇ।*
*ਪੁਨ ਤਿਸ ਆਗੈ ਗਰਬ ਜਨਾਵੈ।*
*ਅਪਨੇ ਆਪ ਕੋ ਕਰਹਿ ਬਖਾਨੈ।*
*ਜਿਸ ਤੇ ਲੀਨ, ਤਿਸੈ ਨਹਿ ਜਾਨੈ।*

ਜਿਵੇਂ ਕਿਸੇ ਨੂੰ ਚਰਚਾ ਕਰਦਿਆਂ ਦਲੀਲ ਨਾ ਬਹੁੜੇ ਤਾਂ ਘਸੁੰਨ ਮੁੱਕੇ 'ਤੇ ਆ ਜਾਂਦਾ ਹੈ, ਤਿਵੇਂ ਕਈ ਆਤਮਿਕ ਜਗਤ ਵਿਚ ਆਤਮਾ ਦੀ ਸ਼ਕਤੀ ਨਾ ਜਾਣਦੇ ਹੋਏ ਕਰਾਮਾਤ ਦਿਖਾਉਣ ਤੇ ਆ ਜਾਂਦੇ ਹਨ।

ਗੁਰੂ ਤੇਗ਼ ਬਹਾਦਰ ਜੀ ਨੇ ਔਰੰਗਜ਼ੇਬ ਨੂੰ ਵੀ ਕਿਹਾ ਸੀ :

ਕਰਾਮਾਤ ਕਹਿਰ ਦਾ ਨਾਮ ਹੈ।

ਵਾਹਿਗੁਰੂ ਦੇ ਪਿਆਰੇ ਇਹ ਕਹਿਰ ਕਦੇ ਨਹੀਂ ਕਮਾਂਦੇ।

*ਯਾਦ ਰੱਖੀਂ, ਵਾਹਿਗੁਰੂ ਦੇ ਪਿਆਰੇ ਜਦ ਅੱਲਾਹ ਦੇ ਦਰਬਾਰ ਇਕੱਠੇ ਹੋਣਗੇ ਤਾਂ ਕਰਾਮਾਤੀ ਨੂੰ ਸਭ ਸਾਹਮਣੇ ਸ਼ਰਮਿੰਦਗੀ ਉਠਾਉਣੀ ਪਵੇਗੀ।*

ਕਲਗੀਧਰ ਦਾ ਮੋਤੀ ਬਾਗ਼ (ਦਿੱਲੀ) ਦੀ ਮੱਮਟੀ ਤੋਂ ਛੱਡਿਆ ਤੀਰ ਚਉਪੜ ਖੇਡਦੇ ਮੁਸਾਹਿਬਾਂ ਵਿਚਕਾਰ ਆ ਵੱਜਾ ਸੀ ਤਾਂ ਸਾਰੇ ਇਕ ਜ਼ਬਾਨ ਬੋਲ ਉਠੇ ਸਨ।

ਕਰਾਮਾਤ।

ਤਾਂ ਦਸਮੇਸ਼ ਪਿਤਾ ਨੇ ਦੂਜਾ ਤੀਰ, ਉਸੇ ਰੁਖ ਰੁੱਕਾ ਲਿਖ ਬੰਨ੍ਹ ਭੇਜਿਆ ਸੀ :

ਕਰਾਮਾਤ ਨਹੀਂ। ਕਰਤਬ। ।◆।

Sri Satguru Jagjit Singh Ji eLibrary NamdhariElibrary@gmail.com

ਚਾਲੀ

# ਲਾਲਚ ਹੀ ਅਸਲ ਜ਼ਹਿਰ ਹੈ

ਰੀਠਾ ਮੀਠਾ

ਗੁਰੂ ਨਾਨਕ ਜੀ ਜਿਥੇ ਭੁੱਲਿਆਂ ਨੂੰ ਰਾਹ ਪਾਉਂਦੇ, ਉਥੇ ਅਟਕਿਆਂ ਨੂੰ ਅੱਗੇ ਤੁਰਨਾ ਵੀ ਸਿਖਾਲਦੇ ਸਨ। ਮਨੁੱਖ ਦੇ ਰਾਹ ਵਿਚ ਸਭ ਤੋਂ ਵੱਡੀ ਰੋਕ, ਪ੍ਰਾਪਤੀ ਦਾ ਅਹੰਕਾਰ ਹੈ। ਇਸੇ ਨੂੰ ਅਪਣੱਤ ਕਹਿੰਦੇ ਹਨ। *ਅਪਣੱਤ ਪਈ ਤਾਂ ਨਾਮ ਗਿਆ। ਨਾਮ ਗਿਆ ਤਾਂ ਖੇੜਾ ਗਿਆ। ਖੇੜੇ ਰਹਿਤ ਜੀਵਨ ਭੱਠ ਹੀ ਹੈ।* ਆਪ ਜੀ ਨੇ ਸਿੱਧਾਂ ਨੂੰ ਇਹਨਾਂ ਰਾਹਾਂ 'ਤੇ ਜਾਣ 'ਤੋਂ ਰੋਕਿਆ ਜਿਥੇ ਸੁਰਤਿ ਨਿਵਾਣ ਵਲ ਚਲੀ ਜਾਂਦੀ ਸੀ। ਡਿੱਗੀਆਂ ਸੁਰਤਾਂ ਵਾਲੇ ਸਿੱਧ ਉਹ ਕੁਝ ਹੀ ਕਰ ਰਹੇ ਸਨ ਜੋ ਅੱਜ ਕੱਲ ਹਿੱਪੀਜ਼ ਕਰਦੇ ਹਨ। ਨਸ਼ਾ ਪੀ ਕੇ ਭੁਲੇਖਾ ਪੈਂਦਾ ਹੈ ਕਿ ਸੁਰਤਿ ਉੱਚੀ ਉੱਠ ਰਹੀ ਹੈ ਪਰ ਇਹ ਸਭ ਨਸ਼ੇ ਦਾ ਲੋਰ ਹੈ। ਨਸ਼ੇ ਵਿਚ ਹੀ ਚਿੱਤਰ ਚਿਤਰ ਕੇ ਪਾਸ ਬੈਠੇ ਖਲੋਤਿਆਂ ਨੂੰ ਕਹਿੰਦੇ ਹਨ ਕਿ ਉਹ ਦੂਜੇ ਜਹਾਨ ਪੁੱਜ ਗਏ ਹਨ। ਬਾਬੇ ਨੂੰ ਇਹ ਸਭ ਕੁਝ ਇਕ ਅੱਖ ਨਾ ਭਾਇਆ। ਨਾਨਕ ਮਤਾ ਪੁੱਜ ਕੇ ਗੁਰੂ ਨਾਨਕ ਜੀ ਨੇ ਮਹਿਮਾ ਪ੍ਰਕਾਸ਼ ਅਨੁਸਾਰ :

*'ਬਿਰਛ ਕੇ ਤਲੇ ਦਿਆਲ ਆਸਨ ਕੀਆ।*
*ਬਜੇ ਰਬਾਬ ਅਨਾਹਦ ਧੁਨਿ ਕੀਰਤਨ ਭਇਆ।'*

ਜਦ ਸਿੱਧਾਂ ਨੇ ਗੁਰੂ ਨਾਨਕ ਜੀ ਅੱਗੇ ਸ਼ਰਾਬ ਦਾ ਪਿਆਲਾ ਰੱਖਿਆ ਤਾਂ ਗੁਰੂ ਜੀ ਨੇ ਫ਼ਰਮਾਇਆ : *'ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਵਿਕਾਰ'।* ਨਸ਼ਾ ਤਾਂ ਬੁਰਾਈਆਂ ਖੱਟਣ ਦਾ ਸਹਿਲਾ ਰਾਹ ਹੈ। ਨਸ਼ਾ ਪੀ ਕੇ ਮੱਤ ਵਿਗੜਦੀ ਹੈ। ਪਹਿਲਾਂ ਇਹ ਬਉਰਿਆਂ ਕਰਦਾ ਹੈ। ਜਦ ਉਤਰਦਾ ਹੈ, ਟੋਟ ਪੈਂਦੀ ਹੈ, ਫਿਰ ਨਸ਼ੇ ਵੱਲ ਭੱਜਦਾ ਹੈ। ਉਸ ਨਸ਼ੇ ਵਿਚ ਜੋ ਵੀ ਗੱਲ ਹੁੰਦੀ ਹੈ ਉਹ ਦਿਮਾਗ਼ ਦੀ ਖ਼ੁਸ਼ਕੀ ਹੈ। ਜੋ ਤਸਵੀਰਾਂ ਨਜ਼ਰ ਆਉਂਦੀਆਂ ਹਨ ਉਹ ਭਰਾਂਤੀ (ਹੈਲੂਸੀਨੇਸ਼ਨ) ਹਨ। ਜਿਸ ਭਰਮ ਨੂੰ ਤੋੜਨ ਵਾਸਤੇ ਨਸ਼ਾ ਪੀਤਾ ਉਹ ਭਰਮ ਤਾਂ ਬਣਿਆ ਹੀ ਰਿਹਾ। *ਅਸਲ ਵਸਤੂ ਵਿਸਮਾਦ ਹੈ ਅਤੇ ਉਹ ਆਉਂਦੀ ਹੈ, ਧਿਆਨ ਨਾਲ, ਕਰਨੀ ਨਾਲ।* ਪ੍ਰੇਮ ਦਾ ਪੋਚਾ, ਗਿਆਨ ਦੀ ਅੱਗ, ਭਾਉ ਦਾ ਭਾਂਡਾ ਤੇ ਸੁਰਤਿ ਦੀ ਨਾਲ ਵਿਚੋਂ ਜੇ ਚੁਆਈਏ, ਫਿਰ ਤਿਆਰ ਵਸਤੂ ਨੂੰ ਦਇਆ ਦੀ ਸੁਰਾਹੀ ਵਿਚ ਸਹਿਜ ਦੇ ਪਿਆਲੇ ਪੀਤਾ ਜਾਏ ਤਾਂ ਇਹ ਵਿਸਮਾਦੀ ਦਸ਼ਾ ਜਾਂ ਨਸ਼ਾ ਕਦੇ ਉਤਰੇਗਾ ਨਹੀਂ। ਡਿੱਗੀਆਂ ਸੁਰਤਾਂ ਵਾਲੇ ਕਿੱਥੇ ਸੁਣਨ ਵਾਲੇ ਸਨ। ਭਾਵੇਂ ਚਮਤਕਾਰ ਤਾਂ ਸਿੱਧਾ



Sri Satguru Jagjit Singh Ji eLibrary NamdhariElibrary@gmail.com

ਉਸੇ ਸਮੇਂ ਹੀ ਦੇਖ ਲਿਆ ਸੀ ਜਦ ਉਸ ਪਿੱਪਲ ਨੂੰ ਹਰਾ ਭਰਾ ਡਿੱਠਾ, ਜਿਸ ਹੇਠਾਂ ਗੁਰੂ ਨਾਨਕ ਦੇਵ ਜੀ ਬੈਠੇ ਸਨ ਪਰ ਉਹਨਾਂ ਫਿਰ ਵੀ ਆਪਣਾ ਤਾਣ ਲਗਾਇਆ। ਪਹਿਲਾਂ ਡਰਾਵੇ ਦਿੱਤੇ, ਫਿਰ ਧਮਕੀਆਂ, ਫਿਰ ਲਾਲਚ ਤੇ ਪਿੱਛੋਂ ਨਾਟਕ ਚੇਟਕ ਕਰਨ ਲੱਗੇ। ਪਰ ਜਦ ਸਿੱਧਾਂ ਆਪਣੀਆਂ ਗੋਦੜੀਆਂ, ਮ੍ਰਿਗਸ਼ਾਲਾਂ, ਕਰ-ਮੰਡਲ ਤੇ ਆਸਣ ਇਕ ਹਨੇਰੀ ਅੱਗੇ ਉੱਡਦੇ ਦੇਖੇ ਤਾਂ ਗੁਰੂ ਪਾਤਸ਼ਾਹ ਦੀ ਚਰਨੀਂ ਪਏ। ਸੂਰਜ ਪ੍ਰਕਾਸ਼ ਦੇ ਸ਼ਬਦਾਂ ਵਿਚ ਉਹ ਇਵੇਂ ਠੰਢੇ ਹੋ ਕੇ ਬੈਠ ਗਏ ਜਿਵੇਂ ਕਿਸੇ ਦੀ ਚੋਰੀ ਪਕੜੀ ਜਾਏ ਤਾਂ ਉਹ ਸ਼ਰਮਸਾਰ ਹੋ ਕੇ ਬੈਠਦਾ ਹੈ :

'ਆਪ ਆਪਣੇ ਆਸਣ ਬੈਠੇ, ਚੋਰ ਨਾਰ ਜਿਉਂ ਤੂਸਨਿ ਤੈਸੇ।'

ਉਹਨਾਂ ਇਹ ਵੀ ਡਿੱਠਾ ਕਿ ਹਨੇਰੀ, ਮੀਂਹ, ਗੜੇ ਪੈਣ ਨਾਲ ਸਭਨਾਂ ਦੀਆਂ ਧੂਣੀਆਂ ਤਾਂ ਬੁੱਝ ਗਈਆਂ ਪਰ ਗੁਰੂ ਨਾਨਕ ਦੇਵ ਜੀ ਦੀ ਉਸੇ ਤਰ੍ਹਾਂ ਲਟ-ਲਟ ਕਰ ਰਹੀ ਸੀ। ਸੂਰਜ ਪ੍ਰਕਾਸ਼ ਦੇ ਹੀ ਸ਼ਬਦਾਂ ਵਿਚ :

*'ਬਹੀ ਸਮੀਰ ਰੈਣ ਸਭ ਜਬਹੀ।*
*ਉਡ ਗਏ ਧੂਣੀ ਸਿਧਨ ਤਬਹੀ।*
*ਇਕ ਸ੍ਰੀ ਨਾਨਕ ਧੂਣੀ ਮਾਹੀ।*
*ਔਰ ਹੁਤਾਸਨ* (ਅੱਗ) *ਕਿਤਹੂੰ ਨਾਹੀ।'*

ਐਸਾ ਹੀ ਸਦਾ ਹੁੰਦਾ ਰਵ੍ਹੇਗਾ। ਸਮੇਂ ਦੀ ਅਨ੍ਹੇਰੀ ਨਾਲ ਬਾਕੀ ਸਿਧਾਂਤ ਤਾਂ ਬੁੱਝ ਮੁੱਕ ਜਾਣਗੇ ਪਰ ਗੁਰੂ ਨਾਨਕ ਦੇਵ ਜੀ ਦਾ ਸਦਾ ਪ੍ਰਜਵਲਤ ਰਹੇਗਾ, ਭਾਵੇਂ ਕਿਤਨੀਆਂ ਨਾਸਤ੍ਰਕਤਾ ਜਾਂ ਪੱਛਮ ਦੀਆਂ ਅਨ੍ਹੇਰੀਆਂ ਵਗਣ। ਮਹਿਮਾ ਪ੍ਰਕਾਸ਼ ਨੇ ਠੀਕ ਲਿਖਿਆ ਹੈ :

*'ਜਾ ਕੀ ਸਿੱਧ ਸਭ ਦਾਸ ਤਾ ਕੋ ਸਿੱਧ ਬਲ ਕਿਆ ਕਰੇ।*
*ਕਲਾ ਭਈ ਸਭ ਨਾਸ਼, ਖੈਂਚ ਸਿੱਧ ਸਤਿਗੁਰ ਲਈ।'*

ਜਦ ਸਿੱਧਾਂ ਪ੍ਰਸ਼ਾਦ ਮੰਗਿਆ ਤਾਂ ਪਾਤਸ਼ਾਹ ਨੇ ਰੀਠਿਆਂ ਦਾ ਫਲ ਦਿੱਤਾ। ਜਦ ਸਿੱਧਾਂ ਨੇ ਮੂੰਹ ਵਿਚ ਪਾਇਆ ਤਾਂ ਉਹ ਮਿੱਠੇ ਸਨ। ਸੱਚ ਮੁੱਚ ਰੀਠਿਆਂ ਦੀ ਕੁੜੱਤਣ ਜਾ ਚੁੱਕੀ ਸੀ। ਰੀਠਿਆਂ ਦੀ ਹੀ ਨਹੀਂ ਸਿੱਧਾਂ ਦੀ ਵੀ ਜਾ ਚੁੱਕੀ ਸੀ। ਸਿੱਧੇ ਰਾਹ ਟੁਰਨ ਜੋਗ ਹੋ ਗਏ ਸਨ। ਰੀਠਾ ਮਿੱਠਾ ਨਾਨਕ ਮਤਾ ਤੋਂ ਪੰਜਾਹ ਕੁ ਮੀਲ ਦੀ ਦੂਰੀ ਤੇ ਹੈ। ਇਥੋਂ ਪ੍ਰਗਟ ਹੁੰਦਾ ਹੈ ਕਿ ਇਹ ਚਰਚਾ ਕਈ ਥਾਵਾਂ ਤੇ ਹੋਈ ਸੀ। ਸੂਰਜ ਪ੍ਰਕਾਸ਼ ਨੇ ਰੀਠੇ ਮਿੱਠੇ ਹੋਣ ਦੀ ਗਵਾਹੀ ਦਿੱਤੀ ਹੈ ਕਿ ਇਕ ਡਾਲ ਦੇ ਕੌੜੇ ਤੇ ਦੂਜੀ ਦੇ ਮਿੱਠੇ ਹਨ :

*'ਇਕ ਕੇ ਫਲ ਮਧੁਰੇ, ਇਕ ਕੌੜੇ।'*

ਮੁਨਸ਼ੀ ਸੋਹਣ ਲਾਲ ਨੇ ਲਿਖਿਆ ਹੈ ਕਿ ਇਕ ਦਿਨ ਭੁੱਖ ਤੋਂ ਤੰਗ ਆਏ ਮਰਦਾਨਾ ਜੀ ਨੇ ਕੁਝ ਖਾਣ ਦੀ ਇੱਛਾ ਪ੍ਰਗਟ ਕੀਤੀ। ਗੁਰੂ ਸਾਹਿਬ ਨੇ ਕਿਹਾ ਕਿ ਉਹ ਸਾਹਮਣੇ ਰੀਠੇ ਦਾ ਦਰੱਖ਼ਤ ਹੈ, ਉਥੋਂ ਕੁਝ ਰੀਠੇ ਤੋੜ ਕੇ ਖਾ ਲੈ। ਮਰਦਾਨੇ ਨੇ ਕੁਝ ਤੋੜ ਕੇ ਖਾ ਲਏ। ਜਿਸ ਟਹਿਣੀ ਤੋਂ ਗੁਰੂ ਸਾਹਿਬ ਨੇ ਮਰਦਾਨੇ ਨੂੰ ਰੀਠੇ ਤੋੜਨ ਲਈ ਕਿਹਾ ਸੀ, ਅੱਜ ਤਕ ਉਸ ਟਹਿਣੀ ਦੇ ਰੀਠੇ ਮਿੱਠੇ ਹਨ ਅਤੇ ਹੋਰਨਾਂ ਸਾਰੀਆਂ ਤੇ ਕੌੜੇ ਹੀ ਹਨ।

Sri Satguru Jagjit Singh Ji eLibrary NamdhariElibrary@gmail.com

(ਉਮਦਤ-ਉਤ-ਤਵਾਰੀਖ਼, ਪੰਨਾ ੧੬)। ਸਾਡੇ ਇਤਿਹਾਸ ਵਿਚ ਇਹ ਵੀ ਲਿਖਿਆ ਹੈ ਕਿ ਜਦ ਮਰਦਾਨਾ ਭੁੱਖ ਨਾਲ ਅਕੁਲਾਇਆ ਤਾਂ ਮਹਾਰਾਜ ਨੇ ਰੀਠੇ ਦੇ ਬੂਟੇ ਵੱਲ ਇਸ਼ਾਰਾ ਕਰਕੇ ਕਿਹਾ : ਮਰਦਾਨਿਆ ਇਸ ਨੂੰ ਭੁੱਖ ਉਤਾਰਨ ਲਈ ਖਾ ਲੈ। ਮਰਦਾਨਾ ਕਹਿਣ ਲੱਗਾ : ਕਿਵੇਂ ਖਾਵਾਂ, ਇਹ ਤਾਂ ਜ਼ਹਿਰ ਹੈ।

ਗੁਰੂ ਜੀ ਨੇ ਕਿਹਾ : *'ਮਰਦਾਨਿਆ ਰਲ ਕੇ ਖਾਵਾਂਗੇ। ਜਿਤਨੀ ਭੁੱਖ ਹੈ ਉਤਨਾ ਖਾਈਏ ਤਾਂ ਕੌੜੇ ਜ਼ਹਿਰੀਲੇ ਨਹੀਂ ਲੱਗਣਗੇ। ਲਾਲਚ ਹੀ ਅਸਲ ਜ਼ਹਿਰ ਹੈ। ਪੱਲੇ ਨਾ ਬੰਨ੍ਹੀਂ।'*

ਮਰਦਾਨੇ ਨੂੰ ਰੀਠਿਆਂ ਦਾ ਬੜਾ ਮਜ਼ਾ ਆਇਆ। ਭੁੱਖ ਲੱਥੀ। ਲਾਲਚ ਵਸ ਮਰਦਾਨੇ ਨੇ ਚਾਦਰ ਦੀ ਕੰਨੀ ਕੁਝ ਰੀਠੇ ਬੰਨ੍ਹ ਲਏ ਕਿ ਭੁੱਖ ਲੱਗੀ ਫਿਰ ਖਾ ਲਵਾਂਗਾ। ਜਦ ਫਿਰ ਭੁੱਖ ਲੱਗੀ ਤਾਂ ਇਕੋ ਵਾਰੀ ਮਰਦਾਨਾ ਜੀ ਨੇ ਮੂੰਹ ਵਿਚ ਪਾ ਲਏ। ਵਿਆਕੁਲ ਹੋਇਆ। ਹਾਇ ਹਾਇ ਕਰਨ ਲੱਗਾ। ਕਦੇ ਪੇਟ ਮਲੇ, ਕਦੇ ਜ਼ਮੀਨ ਤੇ ਲੇਟੇ।

ਗੁਰੂ ਪਾਤਸ਼ਾਹ ਦਇਆ ਦੇ ਘਰ ਆਏ। ਪਾਸ ਹੀ ਉੱਗੀ ਇਕ ਬੂਟੀ ਦਾ ਅਰਕ ਮਰਦਾਨੇ ਦੇ ਮੂੰਹ ਵਿਚ ਪਾਇਆ ਤਾਂ ਉਹ ਸੰਭਲਿਆ। ਗੁਰੂ ਪਿਤਾ ਨੇ ਫ਼ਰਮਾਇਆ :

*'ਦੇਖ ਮਰਦਾਨਿਆ ਲਾਲਚ ਦਾ ਰੰਗ। ਪੱਲੇ ਨਹੀਂ ਕੁਝ ਬੰਨ੍ਹ ਰੱਖੀਦਾ।'*

ਕੈਸਾ ਉਪਦੇਸ਼ ਦੇ ਗਏ ਗੁਰੂ ਜੀ ਕਿ ਵਰਤੀ ਚੀਜ਼ ਅੰਮ੍ਰਿਤ ਹੈ, ਰੱਖੀ ਜ਼ਹਿਰ ਹੋ ਜਾਵੇਗੀ। ਉਹ ਪਾਵਣ ਥਾਂ ਜਿਥੇ ਪਹਿਲਾਂ ਮੇਲ ਹੋਇਆ ਨਾਨਕ ਮਤਾ ਕਰਕੇ ਜਾਣੀ ਜਾਣ ਲੱਗੀ।

ਇਕ ਨਹੀਂ ਸਾਰੇ ਹੀ ਸਿੱਧ ਆਸਨ, ਨਾਨਕ ਮੱਤ ਦਾ ਪ੍ਰਚਾਰ ਕਰਨ ਲੱਗ ਪਏ। ਭਾਈ ਗੁਰਦਾਸ ਜੀ ਨੇ ਇਸ ਲਈ ਲਿਖਿਆ :

*ਸਿੱਧ ਆਸਣ ਸਭ ਜਗਤ ਦੇ, ਨਾਨਕ ਆਦਿ ਮਤੇ ਜੇ ਕੋਆ।* ।◆।

Sri Satguru Jagjit Singh Ji eLibrary NamdhariElibrary@gmail.com

ਇਕਤਾਲੀ

# ਦੋਨਹੁ ਨਿਰਮਲ ਪੰਥ ਚਲਾਇ

ਨਾਮ ਤੇ ਧਨ

ਗੁਰੂ ਅਮਰਦਾਸ ਜੀ ਜਦ ੨੧ਵੀਂ ਵਾਰੀ ਤੀਰਥ ਯਾਤਰਾ ਤੋਂ ਮੁੜ ਰਹੇ ਸਨ ਤਾਂ ਸਿੱਖ ਇਤਿਹਾਸ ਵਿਚ ਆਉਂਦਾ ਹੈ ਕਿ ਮੇਹੜੇ ਦੇ ਰਹਿਣ ਵਾਲੇ ਪੰਡਤ ਦੁਰਗਾ ਨੇ ਆਪ ਜੀ ਦੇ ਚਰਨਾਂ ਵਿਚ ਪਦਮ ਦੇਖ ਕੇ ਕਿਹਾ ਸੀ ਕਿ ਆਪ ਜੀ ਦਾ ਸਦਕਾ ਸੰਸਾਰ ਵਰੋਸਾਇਆ ਜਾਏਗਾ।

ਯਾਦ ਰਵ੍ਹੇ ਕਿ ਗੁਰੂ ਜੀ ਦੇ ਸੱਜੇ ਹੱਥ ਦੀ ਤਲੀ ਪਦਮ ਹੋਣ ਦਾ ਜ਼ਿਕਰ ਭੱਟਾਂ ਨੇ ਵੀ ਕੀਤਾ ਹੈ।

*"ਬਾਰਿਜ ਹਥਿ ਦਾਹਣੈ"*

ਗੁਰੂ ਜੀ ਨੇ ਜਦ ਕੁਝ ਦੇਣਾ ਚਾਹਿਆ ਤਾਂ ਚਤੁਰ ਪੰਡਤ ਨੇ ਕਿਹਾ ਸੀ ਕਿ ਸਮਾਂ ਆਉਣ 'ਤੇ ਹੀ ਵਰ ਲਵਾਂਗਾ। ਜਦ ਫਿਰ ਗੁਰੂ ਅਮਰਦਾਸ ਜੀ 'ਲੋਕ ਉਧਰਨ ਅਰਥਾ' ਤੀਰਥਾਂ 'ਤੇ ਗਏ ਤਾਂ ਉਸੇ ਪੰਡਤ ਨੇ ਆਪਣੀ ਗੱਲ ਯਾਦ ਕਰਵਾ ਕੇ ਬੇਨਤੀ ਕੀਤੀ ਕਿ ਹੁਣ ਕ੍ਰਿਪਾ ਕਰੋ। ਮਹਾਰਾਜ ਨੇ ਬਚਨ ਕੀਤਾ : "ਜੇ ਦੁਨਿਆਵੀ ਪਦਾਰਥਾਂ ਦੀ ਲੋੜ ਹੈ ਤਾਂ ਹੁਣੇ ਹੀ ਦੇ ਦਿੰਦੇ ਹਾਂ ਜੇ ਕਲਜਾਨ ਦੀ ਲੋੜ ਹੈ ਤਾਂ ਦੱਸ।"

ਪੰਡਤ ਨੇ ਹੱਥ ਜੋੜ ਕਿਹਾ, ਤੁਸੀਂ ਤਾਂ ਆਪ ਹੀ ਗ੍ਰਹਿਸਤ ਵਿਚ ਉਦਾਸ ਹੋਣ ਦਾ ਵੱਲ ਦੁਨੀਆ ਨੂੰ ਦੱਸ ਰਹੇ ਹੋ। ਜੇ ਨਾਮ ਦੀ ਯਾਚਨਾ ਕਰਦਾ ਹਾਂ ਤਾਂ ਧਨ ਬਗ਼ੈਰ ਗ੍ਰਹਿਸਤ ਨਹੀਂ ਚਲਦਾ ਅਤੇ ਜੇ ਨਿਰਾ ਧਨ ਹੀ ਆਪ ਜੀ ਪਾਸੋਂ ਲੈ ਲਿਆ ਤਾਂ ਜਮਪੁਰੀ ਵਿਚ ਧੱਕੇ ਪੈਣਗੇ। ਮੇਰੀ ਬੇਨਤੀ ਇਹ ਹੀ ਹੈ ਕਿ ਦੋਵੇਂ ਹੀ ਦਾਤਾਂ ਝੋਲੀ ਪਾਓ। ਉਸ ਦਾ ਕਿਹਾ ਸੀ :

*"ਨਾਮ ਦੇਹਿ, ਧਨ ਦੇਹਿ ਨ ਜਨ ਕੋ*
*ਧਨ ਬਹੀਨ ਜਨ ਜਗ ਨ ਸੁਹਾਇ।*
*ਜੇ ਧਨ ਦੇਹਿ, ਨਾਮ ਨਹਿ ਦੇਵੇ,*
*ਨਾਮ ਬਿਨਾਂ ਜਨ ਜਮਪੁਰਿ ਜਾਇ।*
*ਤੁਮ ਪਹਿ ਕਹੀ ਨਹੀਂ ਬਨਿ ਆਵੇ,*
*ਜਯੋ ਭਾਵੈ ਤਯੋ ਬਨਤਿ ਬਨਾਇ।*



Sri Satguru Jagjit Singh Ji eLibrary NamdhariElibrary@gmail.com

*ਗੁਰੂ ਅਮਰਦਾਸ ਤੇਜੇ ਕੇ ਨੰਦਨ*
*ਦੋਨਹੁ ਨਿਰਮਲ ਪੰਥ ਚਲਾਇ।"*

ਗੁਰੂ ਜੀ ਨੇ ਦੋਵੇਂ ਹੀ ਬਖ਼ਸ਼ਿਸ਼ਾਂ ਕੀਤੀਆਂ। ਗੁਰੂ ਜੀ ਸਾਨੂੰ ਦਰਸਾ ਗਏ ਕਿ ਕਿਰਤ ਕਰਦੇ, ਧਨ ਕਮਾਉਂਦੇ ਉਸ ਦੀ ਯਾਦ ਵਿਸਰਨ ਨਹੀਂ ਦੇਣੀ।

ਅੱਜ ਦੇਖਣ ਵਿਚ ਇਹ ਹੀ ਆ ਰਿਹਾ ਹੈ ਕਿ ਸਿੱਖ ਰਤਾ ਕੁ ਮਾਇਆ ਵਲੋਂ ਸੌਖਾ ਹੋਆ ਨਹੀਂ ਕਿ ਯਾਦ ਵਿਸਰੀ, ਕੱਕਾਰ ਢਿੱਲੇ ਹੋਏ, ਗੁਰੂ ਭਗਤੀ ਉੜੀ, ਅੰਮ੍ਰਿਤ ਵੇਲਾ ਗਿਆ ਤੇ ਸਾਧ ਸੰਗਤਿ ਛੁਟਕੀ। ਤੀਜੇ ਪਾਤਸ਼ਾਹ ਦੀ ਸਭ ਤੋਂ ਵੱਡੀ ਯਾਦ ਹੀ ਇਹ ਹੈ ਕਿ ਕਿਰਤ ਕਰਦੇ, ਨਾਮ ਜਪਦੇ, ਵੰਡ ਛਕਦੇ ਸਿੱਖੀ ਦੀ ਲੀਹ ਪੱਕੀ ਕਰੀ ਜਾਈਏ। ਮਹੇਸ਼ਾ ਸ਼ਾਹੂਕਾਰ ਦੀ ਸਾਖੀ ਵੀ ਨਹੀਂ ਭੁੱਲਣੀ ਚਾਹੀਦੀ। ਉਸ ਬਰਕਤਾਂ ਪਾ ਗੁਰੂ ਵਿਸਾਰਿਆ ਤਾਂ ਦਰ-ਦਰ ਦੀਆਂ ਚੋਟਾਂ ਖਾਣੀਆਂ ਪਈਆਂ। ਫਿਰ ਮਨ ਮਾਂਜਿਆ ਤਾਂ ਗੁਰੂ ਚਰਨਾਂ ਪਾਸ ਬੈਠਣ ਜੋਗ ਹੋਆ। ਸਾਨੂੰ ਵੀ ਜੋ ਬਰਕਤਾਂ ਮਿਲ ਰਹੀਆਂ ਹਨ ਇਹ ਸਭ ਵਾਹਿਗੁਰੂ ਦੀ ਰਹਿਮਤ ਹੈ। ਰਹਿਮਤ ਪਾ ਸ਼ੁਕਰ ਵਿਚ ਆਉਣਾ ਚਾਹੀਦਾ ਹੈ। ।◆।

ਤਾਲੀ

# ਜਾਤ ਪਾਤ ਗੁਰ ਕੀ ਨਹਿ ਕੋਇ

ੁ ਅੰਗਦ ਦੇਵ ਜੀ ਨੂੰ ਹਰੀ ਕੇ ਪਤਣ ਦੇ ਚੌਧਰੀ ਬਖ਼ਤਾਵਰ ਨੇ ਜਦ ਕਿਹਾ : 'ਬਹੱਤਰ ਪਿੰਡਾਂ ਦਾ ਚੌਧਰੀ ਹਾਂ। ਸਾਈਂ ਨੇ ਬਹੁਤ ਕੁਝ ਦਿੱਤਾ ਹੈ। ਸੁਣਿਐ, ਤੁਹਾਨੂੰ ਵੀ ਕੁਝ ਲੱਭਾ ਹੈ। ਲੋਕਾਂ ਨੂੰ ਪਏ ਦੇਂਦੇ ਹੋ। ਪੁਰਾਣੇ ਬੇਲੀ ਨੂੰ ਵੀ ਕੁਝ ਦਿਓ।' ਤਾਂ ਗੁਰੂ ਜੀ ਨੇ ਨਿਮਰ ਭਾਵ ਵਿਚ ਕਿਹਾ :

**ਕੁਲ, ਕਰਮ, ਕ੍ਰਿਤ ਤੇ ਧਰਮ ਨਾਸ਼**

''ਚੌਧਰੀ ਜੀ ! ਮੈਨੂੰ ਕਮਾਂਦੇ-ਕਮਾਂਦੇ ਕੰਨਾਂ ਵਿਚ ਆਵਾਜ਼ ਪਈ ਕਿ ਇਥੇ ਸਦਾ ਨਹੀਂ ਹਣਾ। ਇਹ ਵਸਤਾਂ ਛੱਡ ਜਾਣੀਆਂ ਹਨ। ਸੋ 'ਜਿਤੁ ਸੇਵੀਐ ਸੁਖੁ ਪਾਈਐ, ਸੋ ਸਾਹਿਬ ਦਾ ਸਮਾਲੀਐ' ਦਾ ਧਿਆਨ ਜਾਗਿਆ। ਉਹ ਚਾਲ ਕਿਉਂ ਚਲੀ ਜਾਏ, ਜਿਸ ਨਾਲ ਪਾਸਿਉਂ ਹਾਰ ਹੋਵੇ। ਕੰਮ ਵੀ ਜੋ ਕਰਨਾ ਹੋਵੇ ਲਾਹੇ ਵਾਲਾ ਕਰਨਾ ਚਾਹੀਦਾ ਹੈ। ਸਦਾ, ਰਹਿਣ ਵਾਲੇ ਦੀ ਸ਼ਰਨ ਚਲਾ ਗਿਆ।

''ਤੈਨੂੰ ਤਾਂ ਦਾਤੇ ਨੇ ਹੋਂਦ ਦਿੱਤੀ ਹੈ, ਪਰ ਮੈਨੂੰ ਦਾਤੇ ਨੇ ਅਣਹੋਂਦ ਹੋਣਾ ਸਿਖਾਇਆ। ਗੇ ਜਾਤਿ ਨ ਜੋਰ ਹੈ, ਅੱਗੇ ਜੀਉ ਨਵੇ'।''

ਇਵੇਂ ਹੀ ਗੁਰੂ ਅਮਰਦਾਸ ਜੀ ਨੇ ਉਨ੍ਹਾਂ ਜਾਤ ਅਭਿਮਾਨੀਆਂ ਦਾ ਹੰਕਾਰ ਤੋੜਿਆ ਜਦ ਕੁਝ ਨੇ ਕਿਹਾ :

''ਦੇਖੋ ਗੁਰੂ ਜੀ ਵੀ ਭੱਲੇ ਖੱਤਰੀ ਤੇ ਅਸੀਂ ਵੀ ਭੱਲੇ ਖੱਤਰੀ।''

ਤਾਂ ਮਹਾਰਾਜ ਨੇ ਤਾੜਨਾ ਕਰਦੇ ਫ਼ਰਮਾਇਆ ਸੀ :

*ਜਾਤ ਪਾਤ ਗੁਰ ਕੀ ਨਹਿ ਕੋਇ।*

ਜਾਤ ਤਾਂ ਸਰੀਰਾਂ ਦੀ ਹੁੰਦੀ ਹੈ। ਗੁਰੂ ਸਰੀਰ ਨਹੀਂ, ਜੋਤ ਹੈ। ਬੰਸਾਵਲੀ ਨਾਮੇ ਨੇ ੂ ਅਮਰਦਾਸ ਜੀ ਦੀ ਘਾਲ ਬਾਰੇ ਲਿਖਿਆ ਹੈ :

*ਸਾਕ ਨਾ ਜਾਤਾ*
*ਹਿਰਦੈ ਰਖਿਆ ਸੇਵਕੀ ਭਾਉ।*

ਜਦ ਲਾਹੌਰ ਤੋਂ ਸੋਢੀਆਂ ਦੇ ਮੁਖੀ ਮੰਗਲਾ ਨੇ ਮੂੰਹ ਚੜ੍ਹ ਕੇ ਗੁਰੂ ਰਾਮਦਾਸ ਜੀ ਕਿਹਾ ਕਿ ਉਨ੍ਹਾਂ ਕੁਲ ਨੂੰ ਲਾਜ ਲਗਵਾ ਦਿੱਤੀ ਹੈ, ਸਹੁਰੇ ਘਰ ਸਿਰ ਮਿੱਟੀ ਦੀ ਟੋਕਰੀ ਕੇ :



Sri Satguru Jagjit Singh Ji eLibrary NamdhariElibrary@gmail.com

*ਕੁਲ ਲਜਯਾ ਖੋਹੀ।*

*ਘਰ ਸੁਸਰਾਰਿ ਮ੍ਰਿਤਕਾ ਢੋਈ।*

ਗੁਰੂ ਰਾਮਦਾਸ ਜੀ ਨੇ ਕਿਹਾ ਸੀ

ਇਹ ਨਹੀਂ ਜਾਣਦੇ ਕਿ ਇਹ ਕੀ ਆਖ ਰਹੇ ਹਨ। ਜੋ ਸ਼ੈ ਯੋਗ ਸਾਧਨਾ, ਕਠਨ ਤਪ, ਜਤਨਾਂ ਨਾਲ ਨਹੀਂ ਮਿਲਦੀ, ਉਹ ਇਥੇ ਇਕੋ ਨਦਰ ਨਾਲ ਪ੍ਰਾਪਤ ਹੋ ਜਾਂਦੀ ਹੈ।

ਜਿਸ ਨੇ ਕੁਲ ਅਭਿਮਾਨੀ ਤੇ ਵਡੇਰੇ ਰਿਸ਼ਤੇ ਦਾ ਮਾਣ ਨਹੀਂ ਕੀਤਾ, ਉਸ ਭਾਈ ਸਹਾਰੀ ਮੱਲ ਦਾ ਨਾਮ ਭਾਈ ਗੁਰਦਾਸ ਜੀ ਨੇ ਸਿੱਖੀ ਸੂਚੀ ਵਿਚ ਉਘਾ ਕਰ ਲਿਖਿਆ ਹੈ।

ਭਾਈ ਸਹਾਰੀ ਮੱਲ, ਗੁਰੂ ਰਾਮਦਾਸ ਜੀ ਦੇ ਵੱਡੇ ਚਚੇਰੇ ਭਰਾ ਸਨ। ਗੁਰੂ ਅਰਜਨ ਦੇਵ ਜੀ ਦੇ ਤਾਇਆ ਸਨ। ਰਿਦੈ ਭਗਤੀ ਸੀ। ਸੇਵਾ ਟਹਿਲ ਗੁਰੂ ਕੇ ਹਜ਼ੂਰ ਕੀ ਕਰਨ। ਸਾਹਿਬ ਨੂੰ ਇਸ਼ਨਾਨ ਕਰਾਵਣ। ਚਰਨ ਧੋਵਣ।

ਇਕ ਦਿਨ ਗੁਰੂ ਅਰਜਨ ਜੀ ਨੇ ਕਿਹਾ :

'ਤਾਇਆ ਜੀ ! ਅਸੀਂ ਤੇਰੇ ਭਤੀਜੇ ਹਾਂ। ਅਸੀਂ ਤੇਰੀ ਟਹਿਲ ਕਰੀਏ।'

ਇਹ ਸੁਣ ਭਾਈ ਜੀ ਨੇ ਕਿਹਾ :

ਤੁਸੀਂ ਮਹਾਂਪੁਰਖ ਹੋ। ਮੈਨੂੰ ਆਪਣੀ ਮਾਇਆ ਕਰ ਵੰਚੋ (ਵਿਛੋੜੇ) ਨਹੀਂ। ਇਹ ਮੈਨੂੰ ਦਾਨ ਦੇਹੁ, ਸਿੱਖੀ ਜੇਹਾ ਹੋਰ ਮਰਾਤਬਾ ਨਹੀਂ। ਅਸਾਨੂੰ ਸਿੱਖੀ ਦਾ ਦਾਨ ਬਖ਼ਸ਼ੋ ਜੀ।

ਸਾਹਿਬ ਪ੍ਰਸੰਨ ਹੋ ਕੇ ਕਿਹਾ :

''ਤਾਇਆ ਜੀ! ਤੁਹਾਡਾ ਮਨ ਨੀਵਾਂ ਹੈ, ਤੁਹਾਨੂੰ ਸਿੱਖੀ ਪ੍ਰਾਪਤ ਹੋਈ ਹੈ।''

ਗੁਰੂ ਗੋਬਿੰਦ ਸਿੰਘ ਜੀ ਨੇ ਜਦ ਅੰਮ੍ਰਿਤ ਪਾਨ ਕਰਾਇਆ ਸੀ ਤਾਂ ਕੁਲ, ਕਰਮ, ਕ੍ਰਿਤ ਤੇ ਧਰਮ ਨਾਸ ਕਰ ਦਿੱਤੇ ਸਨ। ਕੁਲ ਦਾ ਕੋਈ ਅਭਿਮਾਨ ਨਾ ਕਰੇ, ਕਰਮਾਂ ਦੇ ਜਾਲ ਵਿਚ ਨਾ ਫਸੇ, ਕਿਸੇ ਕ੍ਰਿਤ ਨੂੰ ਮਾੜਾ ਨਾ ਆਖੇ ਤੇ ਧਰਮ, ਕਿਸੇ ਨਾਲ ਵੈਰ ਨਾ ਰੱਖੇ। ।◆।

Sri Satguru Jagjit Singh Ji eLibrary NamdhariElibrary@gmail.com

ਤ੍ਰਿਤਾਲੀ

# ਗੋਬਿੰਦ ਭਾਉ ਭਗਤਿ ਦਾ ਭੁਖਾ

ਸਿੱਖ ਘਰ ਪੂਜਾ ਨਹੀਂ ਹੈ, ਇਥੇ ਪ੍ਰੇਮ ਹੈ। ਜਿਸ ਮੈਂ ਨੂੰ ਪਰ੍ਹੇ ਕੀਤਾ, ਉਸ ਪ੍ਰੇਮ ਦੀ ਬਾਜ਼ੀ ਜਿੱਤ ਲਈ। 'ਸਿਰ ਧਰ ਤਲੀ' ਪ੍ਰੇਮ ਦੀ ਗਲੀ ਆ ਖੇਲਣ ਦਾ ਭਾਵ ਇਹ ਹੀ ਹੈ ਕਿ ਮੈਂ ਜੋ ਸਿਰ ਵਿਚ ਸਮਾਈ ਹੈ, ਦੂਰ ਕੀਤੀ ਜਾਏ ਤਾਂ ਕਿ ਸਦੀਵੀ ਪ੍ਰੇਮ ਜਾਗੇ।

### ਮਾਈ ਤਾਬੇ

ਫਿਰ ਪੂਜਾ ਇਕ-ਪਾਸੜ ਹੁੰਦੀ ਹੈ ਤੇ ਪ੍ਰੇਮ ਦੁਵੱਲੀ। ਦੋਵੇਂ ਪਾਸੇ ਇਕੋ ਜਿਹੀਆਂ ਖਿੱਚਾਂ ਪੈਂਦੀਆਂ ਹਨ। ਭਾਈ ਗੁਰਦਾਸ ਜੀ ਨੇ ਭਾਉ ਦੀ ਭਾਸ਼ਾ ਸਮਝਾਉਣ ਲਈ ਹੀ ਲਿਖਿਆ ਸੀ :

*ਗੁਰ ਸਿਖ ਏਕ ਪੈਂਡਾ ਜਾਇ ਚਲ*
*ਸਤਿਗੁਰ ਕੋਟ ਪੈਂਡਾ ਆਗੇ ਹੋਇ ਲੇਤ ਹੈ।*

ਭਾਈ ਜੀ ਨੇ ਇਹ ਵੀ ਲਿਖਿਆ ਸੀ :

ਭਾਉ ਦੀ ਭਾਸ਼ਾ ਵੇਦ ਵਿਚਾਰੇ ਨਹੀਂ ਜਾਣਦੇ। ਸਿਰਫ਼ ਗੁਰੂ ਜਾਣਦਾ ਹੈ। ਪਹਿਲੇ ਸਾਰੇ ਧਰਮ ਕਰਮਾਂ ਤੇ ਜ਼ੋਰ ਦੇਂਦੇ ਸਨ ਪਰ ਇਹ ਸਭ ਜਾਣ ਲੈਣ ਕਿ *ਭਾਉ ਭਗਤਿ ਬਿਨ ਕਿਤੈ ਨਾ ਲੇਖੇ।*

*ਪੂਰਬ ਧਰਮ, ਬਹੁ ਕਰਮ ਕਰਿ,*
*ਭਾਉ ਭਗਤਿ ਬਿਨ ਕਿਤੈ ਨ ਲੇਖੈ।*
*ਭਾਉ ਨ ਬ੍ਰਹਮੈ ਲਿਖਿਆ,*
*ਚਾਰ ਬੇਦ ਸਿਮ੍ਰਿਤ ਪੜ੍ਹਿ ਪੇਖੈ।*

ਐਸੀਆਂ ਅਨੇਕਾਂ ਸਾਖੀਆਂ ਹਨ ਜਿਨ੍ਹਾਂ ਵਿਚ ਵਰਨਣ ਹੈ ਕਿ ਗੁਰੂ ਜੀ ਪ੍ਰੇਮ ਦੇ ਖਿੱਚੇ, ਪੈਂਡੇ ਮਾਰ ਵੀ ਪੁੱਜਦੇ ਸਨ।

ਗੁਰੂ ਅਰਜਨ ਦੇਵ ਜੀ ਨੇ ਪਿਆਰ ਭੈਣੀ ਪਿੰਡ ਦੀ ਵਸਨੀਕ ਮਾਈ ਵਲੋਂ ਛੇਤੀ ਨਾਲ ਮਿੱਠਾ, ਮੱਖਣ ਪਾ ਚੂਰੀ ਵਾਂਗ ਤਿਆਰ ਕੀਤੇ ਭੋਜਨ ਨੂੰ ਚੋਲ੍ਹਾ (ਅਤਿ ਰਸਦਾਇਕ ਭੋਜਨ) ਕਹਿ ਮਾਣ ਦਿੱਤਾ ਸੀ। ਪਿੰਡ ਦਾ ਨਾਂ ਹੀ ਚੋਲ੍ਹਾ ਸਾਹਿਬ ਪੈ ਗਿਆ।

ਗੁਰੂ ਹਰਿਗੋਬਿੰਦ ਜੀ ਪ੍ਰੇਮ ਬੱਝੇ ਹੀ ਮਾਈ ਭਾਗ ਭਰੀ 'ਜਿਸ ਨਿਜ ਹਾਥ ਸੂਤ ਕਾਤ ਬਸਤ੍ਰ ਗੁਰੂ ਬਨਾਏ' ਸਨ, ਦਾ ਚੋਲਾ ਪਹਿਨਣ ਲਈ ਹੀ ਕਸ਼ਮੀਰ ਗਏ ਸਨ। ਸ੍ਰੀ ਨਗਰ



Sri Satguru Jagjit Singh Ji eLibrary NamdhariElibrary@gmail.com

ਖੇ ਚੋਲਾ ਪਹਿਨਣ ਵੇਲੇ ਹੀ ਬਚਨ ਆਖੇ ਸਨ :

*ਮਾਈ ਤੈ ਪੂਣ ਕੀਨਾ।*
*ਤਾ ਤੇ ਮੁਹਿ ਆਵਨ ਭਇਆ,*
*ਮੈਂ ਭਾਉ ਭਗਤਿ ਅਧੀਨਾ।*

ਗੁਰੂ ਹਰਿ ਰਾਇ ਦੇ ਸਮੇਂ ਵੀ ਇਕ ਮਾਈ ਜਿਸ ਦਾ ਨਾਂ ਸਾਡੇ ਇਤਿਹਾਸ ਨੇ ਮਾਈ ਕੇ ਲਿਖਿਆ ਹੈ, ਨੇ ਜਦ ਪਹਿਲੀ ਵਾਰ 'ਇਕ ਟਕਾ ਤਿਸ ਮਿਹਨਤ ਪਾਈ' ਤਾਂ ਮਨ ਰ ਬੈਠੀ ਕਿ ਤਾਂ ਸਫ਼ਲ ਜਾਣਾ ਖੱਟੀ ਜੇ ਸਤਵੇਂ ਪਾਤਸ਼ਾਹ ਆਪੂੰ ਇਸ ਕਿਰਤ ਕਮਾਈ ਲ ਲਿਆਂਦੀ ਰਸਦ ਤੇ ਹੱਥੀਂ ਤਿਆਰ ਕੀਤੇ ਪਰਸ਼ਾਦੇ ਨੂੰ ਮੇਰੀ ਕੁਟੀਆ ਬਾਹਰ ਘੋੜੇ ਸਵਾਰ ਹੋ ਆਵਾਜ ਮਾਰ, ਮੇਰੇ ਸਾਹਮਣੇ ਮੂੰਹ ਪਾਵਨ। ਗੁਰ-ਉਡੀਕ ਵਿਚ ਬੈਠ ਗਈ।

ਜਾਣਨਹਾਰ ਗੁਰੂ ਸ਼ਿਕਾਰ ਖੇਡਦੇ ਦੂਰ ਨਿਕਲ ਗਏ। ਅੰਗ-ਰੱਖਿਅਕਾਂ ਨੂੰ ਜੋ ਨਾਲ ਘੋੜੇ ਦੌੜਾ ਰਹੇ ਸਨ, ਇੰਜ ਜਾਪੇ ਕਿ ਕਿਸੇ ਸ਼ਿਕਾਰ ਦਾ ਪਿੱਛਾ ਪਏ ਕਰਦੇ ਹਨ ਪਰ ਜਾ ਕੇ ਇਕ ਝੁੱਗੀ ਸਾਹਮਣੇ ਘੋੜੇ ਨੂੰ ਖੜ੍ਹਾ ਕਰ ਆਵਾਜ਼ ਦਿੱਤੀ :

'ਮਾਂ ! ਪਰਸ਼ਾਦਾ ਛਕਾ, ਭੁੱਖ ਲੱਗੀ ਹੈ।' ਘੋੜੇ ਤੇ ਸਵਾਰ ਹੀ ਪਰਸ਼ਾਦਾ ਛਕਿਆ। ਈ ਤਾਬੋ ਨੇ ਚਰਨ ਪਰਸੇ। ਉਥੋਂ ਹੀ ਕੀਰਤਪੁਰ ਪਰਤੇ।

ਜੋ ਪ੍ਰੇਮ ਦੀ ਖੇਡ ਤੋਂ ਅਣਜਾਣ ਸਨ, ਉਨ੍ਹਾਂ ਜਾਤਾ ਕਿ ਗੁਰੂ ਜੀ ਨੂੰ ਸ਼ਿਕਾਰ ਖੇਡਦੇ ਸ਼ਾਦ ਪਾਉਣ ਦੀ ਲੋੜ ਪੈਂਦੀ ਹੈ, ਸੋ ਉਨ੍ਹਾਂ ਅਗਲੇ ਦਿਨ ਖਾਣਾ ਨਾਲ ਹੀ ਰੱਖ ਲਿਆ ਤੇ ਸਮਾਂ ਦੇਖ ਪਰਸ਼ਾਦ ਪਾਉਣ ਦੀ ਬੇਨਤੀ ਕੀਤੀ ਤਾਂ ਮਹਾਰਾਜ ਨੇ ਕਿਹਾ :

'ਬੇਮਰਯਾਦਾ ਪਰਸ਼ਾਦ ਕਿਉਂ ਛਕਾ ਰਹੇ ਹੋ।

'ਤੁਸੀਂ ਤਾਂ ਜਾਣਦੇ ਹੋ ਕਿ ਪਰਸ਼ਾਦ ਸਦਾ ਲੰਗਰ ਵਿਚ ਬੈਠ ਜਦ ਸਭ ਸੰਗਤਾਂ ਛਕ ਦੀਆਂ ਹਨ, ਤਾਂ ਹੀ ਪਿੱਛੋਂ ਛਕਦਾ ਹਾਂ।'

ਸਿੱਖਾਂ ਕਿਹਾ ਕਿ ਖ਼ਿਮਾ ਹੋਵੇ ਤਾਂ ਬੇਨਤੀ ਕਰੀਏ ਕਿ ਕੱਲ੍ਹ ਤਾਂ ਤੁਸਾਂ ਘੋੜੇ ਤੇ ਚੜ੍ਹੇ ਮੂੰਹ ਪਾ ਲਿਆ ਸੀ।

ਭਾਉ ਭਗਤ ਦੇ ਭੁੱਖੇ ਗੁਰੂ ਮਹਾਰਾਜ ਨੇ ਕਿਹਾ :

ਮਾਈ ਪਹਿਲੀ ਕਿਰਤ ਕਰਕੇ ਲਿਆਈ ਸੀ। ਪ੍ਰੇਮ ਕਰ ਬੈਠੀ। ਇਹ ਪ੍ਰੇਮ ਦੀ ਰੀਤ ਰੂ ਨਾਨਕ ਦੇਵ ਜੀ ਨੇ ਚਲਾਈ ਹੈ। ਪ੍ਰੇਮ-ਭੋਜਨ ਦਾ ਸਵਾਦ ਹੀ ਹੋਰ ਹੈ। ਫਿਰ ਮਾਇਆ :

*ਪ੍ਰੇਮ ਸਵਾਦ ਤੇ ਪ੍ਰੀਤਮ ਤ੍ਰਿਪਤੈ।*
*ਪ੍ਰੇਮ ਪ੍ਰਤੀਤ ਮੋ ਕੋ ਅਤਿ ਪਿਆਰੀ।*
*ਪ੍ਰੀਤ ਰੀਤ ਕੀ ਕ੍ਰਿਯਾ ਨਿਆਰੀ।*

ਭਾਈ ਗੋਂਦਾ ਜੀ ਵੀ ਇਕ ਅਜਿਹੇ ਸਿੱਖ ਸਨ ਜਿਨ੍ਹਾਂ ਦੀ ਅੰਮ੍ਰਿਤ ਵੇਲੇ ਜਾਪ ਪੜ੍ਹਦੇ ਜਹੀ ਸੁਰਤ ਜੁੜੀ ਕਿ ਗੁਰੂ ਜੀ ਦੇ ਚਰਨ ਪਕੜ ਬੈਠ ਗਏ। ਗੁਰੂ ਦੀ ਹਜ਼ੂਰੀ ਦਾ

Sri Satguru Jagjit Singh Ji eLibrary NamdhariElibrary@gmail.com

ਅਨੰਦ ਮਾਣਦੇ ਰਹੇ। ਗੁਰੂ ਹਰਿ ਰਾਇ ਜੀ ਵੀ ਉਤਨੀ ਦੇਰ ਸਿੰਘਾਸਨ ਤੋਂ ਨਾ ਉਠੇ, ਮਤੇ ਸਿੱਖ ਦੀ ਬਿਰਤੀ ਉਖੜ ਜਾਏ।

ਮੁਨਸ਼ੀ ਖੁਸ਼ਵਕਤ ਰਾਇ ਨੇ 'ਤਾਰੀਖ਼ੇ-ਸਿੱਖਾਂ' ਵਿਚ ਮੀਰ ਮੰਨੂੰ ਦੇ ਸਮੇਂ ਦੀ ਇਕ ਵਾਰਤਾ ਲਿਖੀ ਹੈ ਕਿ ਪਿੰਡ ਨਿਆਜ਼ ਬੇਗ, ਜੋ ਲਾਹੌਰ ਤੋਂ ਦੱਖਣ ਵੱਲ ਸੱਤ ਕੁ ਮੀਲ, ਚੁਬੁਰਜੀ ਵਾਲੀ ਸੜਕ ਤੇ ਨਵੇਂ ਕੋਟ ਤੋਂ ਥੋੜ੍ਹਾ ਜਿਹਾ ਅੱਗੇ ਹੈ,ਦੀ ਇਕ ਮਾਈ ਜਿਸ ਸਾਹਮਣੇ ਹੀ ਮੀਰ ਮੰਨੂੰ ਦੇ ਦੋ ਸੌ ਦੇ ਕਰੀਬ ਸਵਾਰਾਂ ਨੇ ਹਰ ਘਰ ਬਰਬਾਦ ਕਰ ਦਿੱਤਾ, ਡਿੱਠਾ ਤਾਂ ਪੁਕਾਰ ਕਰ ਬੈਠੀ :

ਹੇ ਦਸਵੇਂ ਪਾਤਸ਼ਾਹ !

ਜੇ ਤੂੰ ਛੱਡ ਜਾਣਾ ਸੀ ਤਾਂ ਇਨ੍ਹਾਂ ਲੋਕਾਂ ਨੂੰ ਸਿੰਘ ਸਜਾ ਕਿਉਂ ਬਿਪਤਾ ਵਿਚ ਪਾਇਆ। ਸਾਡਾ ਸੱਚਾ ਗੁਰੂ ਹੈਂ ਤਾਂ ਇਨ੍ਹਾਂ ਅਜ਼ਾਬਾਂ ਤੋਂ ਛੁਡਾ।

ਕਹਿੰਦੇ ਹਨ ਕਿ ਤੱਤਕਾਲ ਇਕ ਨੀਲੇ ਬਾਣੇ ਵਾਲਾ ਸਵਾਰ ਹੱਥ ਵਿਚ ਬਰਛਾ ਫੜੀ ਅਜ਼ਗੈਬੋ ਪ੍ਰਗਟ ਹੋਇਆ ਅਤੇ ਉਸੇ ਮਾਈ ਕੋਲੋਂ ਪੁੱਛਿਆ : ''ਤੂੰ ਕੀ ਚਾਹੁੰਨੀ ਹੈਂ ?''

ਉਸ ਮਾਈ ਨੇ ਕਿਹਾ : ''ਗੁਰੂ ਗੋਬਿੰਦ ਸਿੰਘ।''

ਉਸ ਸਵਾਰ ਨੇ ਕਿਹਾ : ''ਖ਼ਾਤਰ ਜਮ੍ਹਾ ਰੱਖ। ਉਹ ਹਰ ਮੈਦਾਨ ਵਿਚ ਹਰ ਪ੍ਰਕਾਰ ਸਹਾਇਤਾ ਕਰੇਗਾ।''

ਉਸ ਸਵਾਰ ਦੀ ਪਿੰਡ ਪਹੁੰਚਣ ਦੀ ਖ਼ਬਰ ਸੁਣ ਕੇ ਮੰਨੂੰ ਦੇ ਫੌਜੀ ਉਸ ਨੂੰ ਫੜਨ ਲਈ ਦੌੜੇ। ਭਾਵੇਂ ਉਹ ਸਵਾਰ ਇਕੱਲਾ ਸੀ ਪਰ ਦੁਸ਼ਮਣ ਦੀਆਂ ਫ਼ੌਜਾਂ ਨੇ ਉਸਦੇ ਨਾਲ ਹਜ਼ਾਰਾਂ ਸਵਾਰਾਂ ਦੀ ਜਮੀਅਤ ਦੇਖੀ। ਥੋੜ੍ਹਾ ਚਿਰ ਹੀ ਲੜਾਈ ਹੋਈ ਤੇ ਮੰਨੂੰ ਦੇ ਸਵਾਰ ਹਾਰ ਕੇ ਉਠ ਨੱਸੇ। ਉਹ ਨੀਲੇ ਦਾ ਸਵਾਰ ਵੀ ਅਲੋਪ ਹੋ ਗਿਆ। ਕਿਸੇ ਨੂੰ ਕੁਝ ਪਤਾ ਨਾ ਲੱਗਾ।

ਸਿੱਖਾਂ ਦਾ ਵਿਸ਼ਵਾਸ ਹੈ ਕਿ ਉਹ ਖ਼ੁਦ ਗੁਰੂ ਗੋਬਿੰਦ ਸਿੰਘ ਜੀ ਸਨ, ਜੋ ਦੁਸ਼ਟਾਂ ਦਾ ਨਾਸ ਕਰਨ ਆਏ ਸਨ। I◆I

Sri Satguru Jagjit Singh Ji eLibrary NamdhariElibrary@gmail.com

ਚੁਤਾਲੀ

## ਮੰਗੀਐ ਕੀ-ਗੁਰੂ ਪਾਸੋਂ

**ਨਾਮ, ਭਰੋਸਾ, ਸਿੱਖੀ ਤੇ ਨਿਮਰਤਾ**

ਭਾਈ ਸਾਧੂ ਜਿਨ੍ਹਾਂ ਨੂੰ ਇਤਿਹਾਸ ਵਿਚ ਭਾਈ ਬੁੱਧੂ ਕਰਕੇ ਜਾਣਿਆ ਜਾਂਦਾ ਹੈ, ਲਾਹੌਰ ਦੇ ਵਸਨੀਕ ਸਨ। ਸਦਾ ਲੋਚਦੇ ਰਹਿੰਦੇ ਕਿ ਕਦੇ ਗੁਰੂ ਅਰਜਨ ਦੇਵ ਜੀ ਘਰ ਚਰਨ ਪਾਉਣ। ਗੁਰੂ ਜੀ ਇਕ ਸਮੇਂ ਅਚਾਨਕ ਉਸ ਦੇ ਘਰ ਆਇ ਉਤਰੇ। ਉਸ ਦੀ ਖ਼ੁਸ਼ੀ ਸੰਭਾਲੀ ਨਹੀਂ ਜਾਂਦੀ ਸੀ। ਉਸ ਖੀਵਾ ਹੋ ਗੁਰੂ ਜੀ ਨੂੰ ਕਿਹਾ : ਅੱਜ ਹੋਆ ਹਾਂ ਅਸਲ ਵਿਚ ਮੈਂ ਭਾਗਾਂ ਵਾਲਾ। *ਯਾਦ ਨੂੰ ਫਲ ਲੱਗਾ ਹੈ।''*

ਜਦ ਗੁਰੂ ਜੀ ਬਿਸ੍ਰਾਮ ਕਰਨ ਲੱਗੇ ਤਾਂ ਬੁੱਧੂ ਜੀ ਦੀ ਘਰ ਵਾਲੀ ਨੇ ਕਿਹਾ : ''ਕ੍ਰਿਪਾ ਕਰ ਜਾਓ, ਆਵਾ ਪਕੇ।''

ਭਾਈ ਬੁੱਧੂ ਜੀ ਕਹਿਣ ਲੱਗੇ ਕਿ ਇਹ ਤੂੰ ਕੀ ਮੰਗਿਆ। ਗੁਰੂ ਪਾਸੋਂ ਤਾਂ ਚਾਰ ਵਸਤੂਆਂ ਹੀ ਸਦਾ ਮੰਗੀਏ।

*ਨਾਮ ਪ੍ਰਕਾਸ਼*
*ਭਰੋਸਾ*
*ਸਿੱਖੀ ਨਾਲ ਪਿਆਰ*
*ਅਤੇ*
*ਨਿਮਰਤਾ।*

*ਮੰਗੀਏ ਗੁਰ ਤੇ ਨਾਮ ਪ੍ਰਕਾਸ਼।*
*ਭਰੋਸਾ, ਸਿੱਖੀ ਭਾਵ ਸੁ ਦਾਸ।*

ਗੁਰੂ ਜੀ ਨੇ ਕਿਹਾ ਕਿ ਤੂੰ ਧੰਨ ਹੈਂ ਪਰ ਸਿੱਖੀ ਵਿਚ 'ਪਰਮਾਰਥ ਨਾਲ ਅਰਥ ਵੀ ਜ਼ਰੂਰੀ ਹੈ' ਤਾਂ ਕਿ ਕੋਈ ਸਿੱਖ ਵਿਹਲੜ ਨਾ ਹੋਵੇ। ਜਦ ਵੀ ਕੋਈ ਕਾਰਜ ਪੜੇ ਲੰਗਰ ਕਰ, ਸੰਗਤ ਇਕੱਠੀ ਕਰ ਅਰਦਾਸ ਕਰਾਵੋ। ਸਿੱਖ ਦਾ ਕਿਹਾ ਵੀ ਅਟੱਲ ਹੁੰਦਾ ਹੈ।

*ਗੁਰੂ ਨਾਨਕ ਗ੍ਰਿਹਿ*
*ਸਿਖ ਬਰ*
*ਅਚਲ ਨਿਹਾਰ।*



Sri Satguru Jagjit Singh Ji eLibrary NamdhariElibrary@gmail.com

*ਭੋਜਨ ਕਰ, ਅਰਦਾਸ ਕਰ*
*ਕਰ ਹੈ ਕਾਜ ਤੁਮਾਰ। ੨੪੭।*

(ਗੁਰਬਿਲਾਸ ਪਾ: ਛੇਵੀਂ)

ਗੁਰੂ ਜੀ ਦਾ ਆਉਣਾ ਸੁਣ ਕੇ ਸਿੱਖ ਸੰਗਤ ਬੁੱਧੂ ਜੀ ਦੇ ਘਰ ਹੀ ਇਕੱਠੀ ਹੋ ਗਈ। ਘਰ ਸੰਗਤਾਂ ਨਾਲ ਭਰ ਗਿਆ। ਭਾਈ ਜੀ ਨੇ ਦਰਵਾਜ਼ੇ ਬੰਦ ਕਰਵਾ ਦਿੱਤੇ। ਭਾਈ ਲਖੂ ਪਟੋਲੀਆ ਜਦ ਆਏ ਤਾਂ ਪਹਿਰੂਆਂ ਅੰਦਰ ਨਾ ਜਾਣ ਦਿੱਤਾ। ਉਹ ਦਰਵਾਜ਼ੇ ਨਾਲ ਲੱਗ ਖੜ੍ਹਾ ਰਿਹਾ। ਜਦ ਗੁਰੂ ਜੀ ਨੇ ਅਸੀਸ ਵਜੋਂ ਕਿਹਾ : 'ਬੁਧੂ ਦਾ ਆਵਾ ਪਕੇ' ਤਾਂ ਬਾਹਰੋਂ ਆਵਾਜ਼ ਆਈ ਕਿ 'ਕੱਚਾ'। ਮਹਾਰਾਜ ਨੇ ਲਖੂ ਜੀ ਨੂੰ ਅੰਦਰ ਬੁਲਾਇਆ। ਬੁੱਧੂ ਜੀ ਨੇ ਆਦਰ ਨਾਲ ਪਰਸ਼ਾਦ ਛਕਾਇਆ। ਸਿੱਖ ਨੇ ਕਿਹਾ : ''ਮੇਰੇ ਵਸ ਕੁਝ ਨਹੀਂ। ਮੈਂ ਤਾਂ ਗੁਰੂ ਨਾਨਕ ਦੇ ਪ੍ਰੇਰੇ ਹੀ ਬਚਨ ਕਹੇ ਹਨ। ਪਾਟੇ ਕੱਪੜੇ ਦੇਖ ਤੇਰੇ ਹੀ ਬੰਦਿਆਂ ਨੇ ਅੰਦਰ ਆਉਣੋਂ ਰੋਕਿਆ। ਗੁਰੂ ਜੀ ਨੇ ਸੁਣ ਕਿਹਾ : ਭਾਈ, ਆਵਾ ਤਾਂ ਹੁਣ ਕੱਚਾ ਹੀ ਰਵ੍ਹੇਗਾ ਪਰ ਵਿਕੇਗਾ ਪੱਕੇ ਭਾਅ। ਐਸਾ ਹੀ ਹੋਆ।

ਭਾਈ ਬਿਧੀ ਚੰਦ ਨੂੰ ਜਦ ਗੁਰੂ ਹਰਿਗੋਬਿੰਦ ਜੀ ਨੇ ਦੋਵੇਂ ਗੁਲਬਾਗ਼ ਤੇ ਦਿਲਬਾਗ਼ ਨਾਂ ਦੇ ਘੋੜੇ ਸਫਲਤਾ ਨਾਲ ਵਾਪਸ ਲਿਆਉਣ ਤੇ ਛਾਤੀ ਨਾਲ ਲਗਾ

*'ਬਿਧੀ ਚੰਦ ਛੀਨਾ।*
*ਗੁਰੂ ਕਾ ਸੀਨਾ।'*

ਆਖਿਆ ਤੇ ਕੁਝ ਮੰਗਣ ਲਈ ਫ਼ਰਮਾਇਆ ਤਾਂ ਬਿਧੀ ਚੰਦ ਜੀ ਨੇ ਕਿਹਾ ਜੇ ਤਰੁੱਠੇ ਹੋ ਤਾਂ ਬਖ਼ਸ਼ੋ :

*ਸਤਿਗੁਰ ਦਾ ਅੰਗ।*
*ਸਾਧ ਦਾ ਸੰਗ।*
*ਨਾਮ ਦਾ ਰੰਗ।*
*ਨਿਸ਼ਚਾ ਅਭੰਗ।*

ਗੁਰ ਬਿਲਾਸ ਪਾਤਸ਼ਾਹੀ ਦਸਵੀਂ ਨੇ ਇਕ ਹੋਰ ਬੜੀ ਰੋਚਕ ਵਾਰਤਾ ਲਿਖੀ ਹੈ ਕਿ ਮੰਗਣਾ ਕੀ ਚਾਹੀਏ ਗੁਰੂ ਪਾਸੋਂ।

ਇਕ ਸਮੇਂ ਦਸਮੇਸ਼ ਪਿਤਾ ਨੇ ਜਲ ਦੀ ਇੱਛਾ ਪ੍ਰਗਟ ਕੀਤੀ ਤਾਂ ਭਾਈ ਰੂਪਾ ਜੀ ਨੇ ਤੁਰੰਤ ਪਾਸ ਰੱਖੀ ਡਾਗਲ ਵਿਚੋਂ ਠੰਢਾ ਜਲ ਲਿਆ ਹਾਜ਼ਰ ਕੀਤਾ। ਮਹਾਰਾਜ ਇਤਨੇ ਪ੍ਰਸੰਨ ਹੋਏ ਕਿ ਕਿਹਾ–ਕੁਝ ਮੰਗੋ। ਭਾਈ ਜੀ ਨੇ ਕਿਹਾ ਕਿ ਇਤਨੀ ਆਗਿਆ ਦਿਓ ਕਿ ਮੈਂ ਮਿਤ੍ਰਾਂ, ਸੰਬੰਧੀਆਂ, ਘਰ ਵਾਲੀ ਤੇ ਬੇਟੀ ਕੋਲੋਂ ਪੁੱਛ ਆਵਾਂ। ਕੋਇਰ ਸਿੰਘ ਦੇ ਸ਼ਬਦਾਂ ਵਿਚ ਪਹਿਲਾਂ ਭਾਈ ਰੂਪਾ ਨੇ ਮਿਤ੍ਰਾਂ ਨੂੰ ਪੁੱਛਿਆ ਕਿ ਕਲਗੀਧਰ ਤੋਂ ਕੀ ਮੰਗਾਂ। ਮਿਤ੍ਰਾਂ ਕਿਹਾ : 'ਫੌਜਾਂ ਮੰਗ। ਇਲਾਕੇ ਜਿੱਤਾਂਗੇ। ਤੇਰਾ ਦਬਦਬਾ ਹੋਵੇਗਾ।' ਭਰਾਵਾਂ ਨੇ ਕਿਹਾ : 'ਮੰਗਣਾ ਹੀ ਹੈ ਤਾਂ ਭੋਇੰ ਮੰਗ। ਮੌਜਾਂ ਮਾਣਾਂਗੇ।' ਘਰ ਵਾਲੀ ਨੇ ਕਿਹਾ : 'ਕਰਮਾਂ ਵਾਲਿਆ। ਨੀਲੇ ਦੇ ਸਵਾਰ ਕੋਲੋਂ ਪੁੱਤ, ਨੂੰਹ, ਗਹਿਣਾ ਮੰਗ।' ਪਰ-ਜਦ ਬੇਟੀ ਕੋਲੋਂ ਪੁੱਛਿਆ ਤਾਂ

Sri Satguru Jagjit Singh Ji eLibrary NamdhariElibrary@gmail.com

ਸ ਕਿਹਾ : ਪਿਤਾ ਜੀ, ਫ਼ੌਜਾਂ, ਭੋਇੰ, ਗਹਿਣਾ ਗੱਟਾ ਨਾ ਮੰਗਣਾ। ਮੰਗਣਾ ਤਾਂ ਇਹ 'ਜੋ ਘਰ ਆਵੇ ਰਾਜ਼ੀ ਜਾਵੇ। ਅਸੀਂ ਸੇਵਾ ਕਰਦੇ ਨਾ ਥੱਕੀਏ। ਕੋਈ ਸਾਡੇ ਘਰੋਂ ਦੁਖੀ ਾ ਜਾਵੇ।'

ਗੁਰਬਿਲਾਸ ਦੇ ਸ਼ਬਦਾਂ ਵਿਚ :

*ਪਿਤਾ ਜੀ! ਇਹ ਬਰ ਆਛੀ।*
*ਜੋ ਆਵੇ ਸੋ ਤ੍ਰਿਪਤ ਸੁ ਗਾਛੀ।*
*ਸਦਾ ਹੀ ਸੇਵਾ ਮੈ ਬਨ ਆਵੈ।*
*ਹਮ ਤੇ ਦੁਖੀ ਨ ਕੋਈ ਜਾਵੈ। ੧੯੩।*

ਲਗੀਧਰ ਨੇ ਇਕ ਵਾਰੀ ਸੰਗਤਾਂ ਨੂੰ ਸੰਬੋਧਨ ਕਰਦੇ ਕਿਹਾ ਸੀ :

ਮੰਗਣਾ ਇਹ ਚਾਹੀਏ :

*ਨਾਮ ਦਿਹੁ*
*ਦਾਨ ਦਿਹੁ*
*ਸਾਸ ਦਿਹੁ*
*ਭਗਤ ਭਾਵਾ।*
*ਦਰਸ ਦਿਓ, ਪਰਸ ਦਿਓ ਚਰਨ ਕੋ*
*ਹਰਸ ਦਿਹੁ, ਬਰ ਸੁ ਦਿਹੁ ਮੋਹਿ*
*ਜੋ ਕ੍ਰਿਪਾ ਛਾਵਾ।*
*ਦਾਨ ਦਿਹੁ, ਮਾਨ ਦਿਹੁ*
*ਗਿਆਨ ਦਿਹੁ, ਭੈ ਹਰਹੁ,*
*ਸਿਦਕ ਦਿਹੁ, ਪ੍ਰੇਮ ਦਿਹੁ, ਨੇਮ ਸਿਧੀ।*
*ਜੁਗਤ ਦਿਹੁ, ਭੁਗਤ ਦਿਹੁ, ਭਗਤਿ ਦਿਹੁ*
*ਭਾਉ ਦਿਹੁ, ਭੈ ਦਿਜੈ, ਰਜ਼ਾ ਕੀ ਰੀਤ ਤਿਖੀ।*

ਪੰਚਮ ਪਿਤਾ ਗੁਰੂ ਅਰਜਨ ਦੇਵ ਜੀ ਨੇ ਮੰਗਣ ਦਾ ਜੋ ਵਿਧਾਨ ਬਣਾਇਆ ਉਸਨੂੰ ਾਰੂ ਰਾਗ ਦੀ ਇਕ ਤੁਕ ਵਿਚ ਅੰਕਤ ਕਰਦੇ ਫ਼ਰਮਾਇਆ ਕਿ ਸਭ ਤੋਂ ਅੱਛੀ ਮੰਗ ਗੁਰੂ ਤੋਂ ਮੰਗਣੀ ਚਾਹੀਏ ਉਹ ਹੈ : 'ਸਿਮਰਨ।'

*ਮਾਗਨਾ, ਮਾਗਨ ਨੀਕਾ*
*ਹਰਿ ਜਸੁ ਗੁਰ ਤੇ ਮਾਗਨਾ।*

I◆I

Sri Satguru Jagjit Singh Ji eLibrary NamdhariElibrary@gmail.com

**ਪੰਜਤਾਲੀ**

# ਭਾਈ ਸਾਧੂ ਤੇ ਰੂਪਾ ਦੀ ਦਾਸਤਾਨ

## ਅਨਿਨ ਸਿੱਖ

ਗੁਰੂ ਹਰਿਗੋਬਿੰਦ ਜੀ ਕੀਰਤਪੁਰ ਜਾਣ ਤੋਂ ਪਹਿਲਾਂ ਡਰੋਲੀ ਆਏ। ਨੇੜੇ ਹੀ ਤੁਕਲਾਣੀ ਪਿੰਡ ਵਿਚ ਇਕ ਸਾਧੂ ਨਾਂ ਦਾ ਤਰਖਾਣ ਰਹਿੰਦਾ ਸੀ ਜਿਸ ਦਾ ਸਾਰਾ ਪਰਿਵਾਰ ਹੀ ਸਰਵਰੀਆ ਸੀ। ਉਸ ਦੀ ਸ਼ਾਦੀ ਬੜਾ ਪਿੰਡ ਦੇ ਸਿੱਖ ਘਰ ਦੀ ਇਕ ਲੜਕੀ ਨਾਲ ਹੋਈ। ਕਹਾਰ ਡੋਲੀ ਪਿੰਡ ਲੈ ਜਾ ਰਹੇ ਸਨ ਕਿ ਕੁਵੇਲਾ ਹੋ ਜਾਣ ਕਾਰਨ ਬਰਾਤ ਨੇ ਰਾਹ ਵਿਚ ਡਰੋਲੀ ਹੀ ਬਿਸ੍ਰਾਮ ਕੀਤਾ। ਡਰੋਲੀ ਵਿਖੇ ਅੰਮ੍ਰਿਤ ਵੇਲੇ ਦੀਵਾਨ ਸਜੇ ਤੇ ਆਸਾ ਦੀ ਵਾਰ ਦੇ ਕੀਰਤਨ ਦੀ ਆਵਾਜ਼ ਨਵ-ਵਿਆਹੀ ਦੁਲਹਣ ਦੇ ਕੰਨੀ ਪਈ। ਗੁਰੂ ਜੀ ਵੀ ਆਪ ਦੀਵਾਨ ਵਿਚ ਹਾਜ਼ਰ ਹੋ ਕੀਰਤਨ ਸੁਣ ਰਹੇ ਸਨ। ਕਹਾਰਾਂ ਨੂੰ ਬੀਬੀ ਨੇ ਕਿਹਾ ਕਿ ਦੂਰੋਂ ਸ਼ਬਦ ਕੀਰਤਨ ਦੀ ਆਵਾਜ਼ ਆ ਰਹੀ ਹੈ, ਉਸ ਦੇ ਸੁਣਨ ਦੀ ਚਾਹ ਹੈ ਸੋ ਇਹ ਕੰਡਨ ਲੈ ਲਵੋ ਪਰ ਡੋਲੀ ਦੀਵਾਨ ਅਸਥਾਨ ਲਾਗੇ ਟਿਕਾ ਦਿਓ ਤਾਂ ਕਿ ਗੁਰੂ ਜੀ ਦੇ ਦਰਸ਼ਨ ਵੀ ਹੋ ਜਾਣ ਤੇ ਕੀਰਤਨ ਵੀ ਸੁਣਿਆ ਜਾ ਸਕੇ। ਬੀਬੀ ਡੋਲੀ ਛੱਡ ਦੀਵਾਨ ਦੇ ਇਕ ਸਿਰੇ ਬੈਠ ਗਈ। ਉਸ ਦੇ ਚਿਹਰੇ ਤੇ ਸਹਿਮ ਦੇ ਚਿੰਨ੍ਹ ਸਾਫ਼ ਪਏ ਦਿੱਸਦੇ ਸਨ। ਗੁਰੂ ਜੀ ਨੇ ਭਾਈ ਬਿਧੀ ਚੰਦ ਨੂੰ ਕਿਹਾ ਕਿ ਬੀਬੀ ਕੋਲੋਂ ਜਾ ਪੁਛੇ ਕਿ ਉਹ ਕਿਥੋਂ ਆਈ ਹੈ ਤੇ ਡਰੀ-ਡਰੀ ਕਿਉਂ ਹੈ? ਬੀਬੀ ਨੇ ਭਾਈ ਜੀ ਨੂੰ ਦੱਸਿਆ ਕਿ ਉਹ ਬੜਾ ਪਿੰਡ ਦੇ ਸਿੱਖ ਘਰ ਦੀ ਬੱਚੀ ਹੈ ਤੇ ਸਰਵਰੀਏ ਪਰਿਵਾਰ ਦੇ ਸਾਧੂ ਨਾਂ ਦੇ ਬੰਦੇ ਨਾਲ ਹੁਣੇ ਵਿਆਹੀ ਹੈ। ਦਇਆ ਦੇ ਘਰ ਆ ਗੁਰੂ ਜੀ ਨੇ ਕਿਹਾ : ''ਤੈਨੂੰ ਹੁਣ ਘਬਰਾਉਣ ਦੀ ਲੋੜ ਨਹੀਂ। ਨਵੇਂ ਲੇਖ ਲਿਖੇ ਗਏ ਹਨ।''

*ਨਵਾਂ ਲੇਖ ਅਬ ਤੋਹਿ ਲਖਾਯੋ।*

ਤੇਰੇ ਘਰ ਸਿੱਖੀ ਪਨਪੇਗੀ।

ਉਧਰ ਜਦ ਡੋਲੀ ਵਿਚ ਸਾਧੂ ਦੇ ਪਿਤਾ ਨੇ 'ਨੂੰਹ' ਨੂੰ ਨਾ ਤੱਕਿਆ ਤਾਂ ਕਰੋਪੀ ਹੋ ਕੇ ਪੁੱਤਰ ਸਾਧੂ ਨੂੰ ਕਿਹਾ ਕਿ ਦੇਖ ਕਿੱਥੇ ਗਈ ਹੈ ? ਸਰਵਰੀਏ ਹੋ ਕੇ ਗੁਰੂ ਪਾਸ ਜਾਣ ਨਾਲ ਉਹ ਨਹੀਂ ਜਾਣਦੀ ਕਿ ਸਰਵਰ ਦੀ ਕਿਤਨੀ ਕਰੋਪੀ ਹੁੰਦੀ ਹੈ। ਸਾਧੂ ਆਪਣੀ ਘਰ ਵਾਲੀ ਦੇ ਪਿੱਛੇ ਦੀਵਾਨ ਵਿਚ ਆ ਗਿਆ ਤਾਂ ਗੁਰੂ ਜੀ ਦੇ ਦੀਦਾਰ ਕਰਦੇ ਹੀ ਮਨ ਟਿਕ ਗਿਆ। ਗੁਰੂ ਜੀ ਨੇ ਦੋ ਐਸੇ ਬਚਨ ਬੋਲੇ ਕਿ ਉਸ ਦਾ ਅੰਦਰਲਾ ਜਾਗ ਪਿਆ। ਭਰਮ



Sri Satguru Jagjit Singh Ji eLibrary NamdhariElibrary@gmail.com

ਮਟ ਗਏ। ਮਹਾਰਾਜ ਨੇ ਸਾਧੂ ਨੂੰ ਇਹ ਵੀ ਕਿਹਾ ਤੇਰਾ ਘਰ ਸਿੱਖੀ ਦਾ ਧੁਰਾ ਹੋਵੇਗਾ
ਤੇ ਤੇਰੇ ਘਰ ਗੁਰੂ ਦਾ ਬਹੁ ਪ੍ਰੇਮ ਰੱਖਣ ਵਾਲਾ ਪੁੱਤਰ ਵੀ ਹੋਵੇਗਾ।

*ਸਿੱਖੀ ਤੋਹਿ ਸਦਨ ਅਨਪਾਰੇ*
*ਬਡੇ ਭਗਤ ਉਪਦੇ ਸੁਤ ਤੇਰੇ।*
*ਸੱਤ-ਬੈਨ ਜਾਨੇ ਮਨ ਮੇਰੇ। ੮੮।*

(ਗੁਰ ਬਿਲਾਸ ਪਾਤਸ਼ਾਹੀ ਛੇਵੀਂ)

ਆਪ ਜੀ ਦੇ ਬਚਨ ਸੁਣ ਕੇ 'ਪਤੀ ਪਤਨੀ' ਦੀ ਖ਼ੁਸ਼ੀ ਸੰਭਾਲੀ ਨਹੀਂ ਸੀ ਜਾਂਦੀ। ਐਸੀ ਜੁਰਅੱਤ ਉਨ੍ਹਾਂ ਵਿਚ ਭਰੀ ਗਈ ਕਿ ਜਦ ਉਹ ਘਰ ਪੁੱਜੇ ਤੇ ਪਿਤਾ ਨੇ ਸਰਵਰ ਦੀ ਕਬਰ ਨੂੰ ਮੱਥਾ ਟੇਕਣ ਲਈ ਕਿਹਾ ਤਾਂ ਭਾਈ ਸਾਧੂ ਨੇ ਮੱਥਾ ਟੇਕਣ ਦੀ ਥਾਵੇਂ ਕਬਰ ਨੂੰ ਲੱਤ ਚਾ ਕੱਢ ਮਾਰੀ ਅਤੇ ਕਿਹਾ ਕਿ ਗੁਰੂ ਦਾ ਸਿੱਖ ਹੋ ਗਿਆ ਹਾਂ। ਕਬਰ ਕੋਲੋਂ ਕੀ ਲੈਣਾ ਹੈ :

ਦੋਹਰਾ : *ਲਾਤ ਪ੍ਰਹਾਰ ਸਾਧੂ ਕੀਯੋ*
*ਇਹ ਬਿਧਿ ਬੈਨ ਉਚਾਰ।*
*ਭਯੋ ਸਿੱਖ ਹਉਂ ਗੁਰੂ ਕਾ*
*ਕਰੋ ਯਾਹਿ ਨਹਿ ਸਾਰ।*

ਪਿਉ ਨੇ ਕਿਹਾ ਕਿ ਇਹ ਤੂੰ ਕੀ ਕਰ ਰਿਹਾ ਹੈਂ। ਪਰ ਸਾਧੂ ਨੇ ਕਬਰ ਢਾਹ ਕੇ ਹੀ ਛੱਡੀ ਤੇ ਘਰ ਨਿੱਤ ਕੀਰਤਨ ਹੋਣ ਲੱਗੇ। ਗੁਰੂ ਦਾ ਜੱਸ ਭਾਈ ਜੀ ਅਤੇ ਉਨ੍ਹਾਂ ਦੀ ਘਰ ਵਾਲੀ ਕਰਦੇ। ਉਨ੍ਹਾਂ ਦੇ ਘਰ ਇਕ ਬੱਚਾ ਹੋਇਆ। ਬੜਾ ਰੂਪਵਾਨ ਸੀ। ਦੋਵੇਂ ਗੁਰੂ ਦਰਸ਼ਨਾਂ ਨੂੰ ਆਏ ਅਤੇ ਪਤਨੀ ਨੇ ਬੇਨਤੀ ਕੀਤੀ ਕਿ ਬਾਲਕ ਦਾ ਨਾਂ ਤੁਸੀਂ ਰੱਖੋ।

*ਸ੍ਰੀ ਗੁਰ ਦੇਖ ਰੂਪ ਤਿਹ ਵਾਰਾ।*
*ਰੂਪ ਚੰਦ ਸ੍ਰੀ ਮੁਖੋਂ ਉਚਾਰਾ।*

ਦੋਵੇਂ ਹੀ ਪ੍ਰਸੰਨ ਚਿਤ ਵਾਪਸ ਮੁੜੇ। ਰੂਪ ਚੰਦ ਜਦ ਵੱਡਾ ਹੋਇਆ ਤੇ ਪਿਤਾ ਸਾਧੂ ਨਾਲ ਸੇਵਾ ਵਿਚ ਜੁਟਿਆ ਰਹਿੰਦਾ। ਇਕ ਵਾਰੀ ਅੱਧਾ ਵੈਸਾਖ ਲੰਘ ਗਿਆ ਸੀ ਤੇ ਪਿਉ ਪੁੱਤਰ ਖੇਤੀ ਕੱਟ ਰਹੇ ਸਨ ਤਾਂ ਪਿਆਸ ਲੱਗੀ। ਉਨ੍ਹਾਂ ਜੰਡ ਨਾਲ ਕੂਨਾ (ਮਿੱਟੀ ਦਾ ਛੋਟਾ ਘੜਾ) ਬੰਨ੍ਹਿਆ ਹੋਇਆ ਸੀ। ਠੰਢੀ ਹਵਾ ਲੱਗਣ ਨਾਲ ਕੂਨਾ ਦਾ ਜਲ ਸੀਤਲ ਹੋ ਗਿਆ। ਪਿਉ ਪੁੱਤਰ ਨੇ ਪਿਆਰ ਦੀ ਖੇਡ ਸ਼ੁਰੂ ਕਰ ਦਿੱਤੀ। ਦੋਵਾਂ ਧਾਰਿਆ ਕਿ ਜਦ ਤਕ ਗੁਰੂ ਜੀ ਇਹ ਠੰਢਾ ਜਲ ਆ ਮੂੰਹ ਵਿਚ ਨਹੀਂ ਪਾਉਣਗੇ, ਉਤਨੀ ਦੇਰ ਉਹ ਜਲ ਨਹੀਂ ਪੀਵਨਗੇ। ਗੁਰੂ ਜੀ ਉਥੋਂ ੨੫ ਕੋਹ ਦੂਰ ਸਨ। ਦਿਲਾਂ ਦੀਆਂ ਜਾਣਨ ਵਾਲੇ ਗੁਰੂ ਜੀ ਉਥੇ ਪੁੱਜੇ। ਉਨ੍ਹਾਂ ਦੋਵਾਂ ਦੇ ਮੂੰਹ ਤੇ ਜਲ ਦੇ ਛੱਟੇ ਮਾਰ ਕੇ ਕਿਹਾ : ''ਹੁਣ ਮੈਨੂੰ ਪਿਲਾਓ।'' ਭਾਈ ਸਾਧੂ ਨੇ ਕੂਨਾ ਹੱਥ ਵਿਚ ਲੈ ਕੇ ਗੁਰੂ ਜੀ ਨੂੰ ਜਲ ਪਿਲਾਇਆ। ਪਿੱਛੋਂ ਆਪ ਛਕਿਆ ਤੇ ਬੇਟੇ ਰੂਪ ਚੰਦ ਨੂੰ ਦੇ ਦਿੱਤਾ। ਜਲ ਪੀਂਦੇ ਸਾਰ ਤਿੰਨ ਕਾਲ ਦੀ ਸੋਝੀ ਭਾਈ ਸਾਧੂ ਤੇ ਰੂਪਾ ਜੀ ਨੂੰ ਹੋ ਗਈ। ਮਹਾਰਾਜ ਇਤਨੇ ਪ੍ਰਸੰਨ ਹੋਏ ਉਨ੍ਹਾਂ ਦੀ ਗੁਰੂ ਭਗਤੀ ਤੇ ਕਿ

Sri Satguru Jagjit Singh Ji eLibrary NamdhariElibrary@gmail.com

ਕਿਹਾ ਕਿ ਜੋ ਇੱਛਾ ਹੈ ਮੰਗੋ। ਉਨ੍ਹਾਂ ਨੇ ਕਿਹਾ : *''ਗੁਰੂ ਦੀ ਪ੍ਰੀਤ ਨਾ ਟੁੱਟੇ ਤੇ ਸਿੱਖੀ ਦੀ ਰੀਤ ਦ੍ਰਿੜ੍ਹ ਹੋਏ।''*

*ਕਰ ਵਿਚਾਰ ਐਸਾ ਕਹਾ,*
*ਪਦ ਪੰਕਜ ਰਹਿ ਪ੍ਰੀਤਿ।*
*ਔਰ ਦਾਨ ਦੀਜੀਏ ਪ੍ਰਭੂ,*
*ਗੁਰ ਸਿੱਖੀ ਦੀ ਰੀਤ।੧੧੪।*

ਮਹਾਰਾਜ ਨੇ ਫ਼ਰਮਾਇਆ, ਅਜਿਹਾ ਹੀ ਹੋਵੇਗਾ। ਨਾਲ ਇਹ ਵੀ ਕਿਹਾ ਕਿ ਇਹ ਪਿੰਡ ਛੱਡ ਕੇ ਕਿਧਰੇ ਹੋਰ ਚਲੇ ਜਾਓ। ਇਥੇ ਤੁਹਾਡੇ ਨਾਲ ਪਿੰਡ ਵਾਲੇ ਸਾੜਾ ਕਰਦੇ ਹਨ।

ਘਰ ਜਦ ਖ਼ਬਰ ਭੇਜੀ ਤਾਂ ਘਰ ਵਾਲੀ ਨੇ ਵੀ ਆ ਕੇ ਗੁਰੂ ਦੀਦਾਰ ਕਰ ਸ਼ਾਂਤੀ ਪਾਈ। ਗੁਰੂ ਜੀ ਨੇ ਆਪਣੀ ਪੁਸ਼ਾਕ ਤੇ ਆਪਣੇ ਸ਼ਸਤਰ ਉਨ੍ਹਾਂ ਨੂੰ ਦਿੱਤੇ।

*ਨਿਜ ਪੁਸ਼ਾਕ ਆਯੁਧ ਸਭ ਦੀਨੇ।*
*ਰੂਪ ਚੰਦ ਮਨ ਅਨੰਦ ਲੀਨੇ।*

ਭਾਈ ਰੂਪ ਜੀ ਨੇ ਬਖ਼ਸ਼ੀ ਪੋਸ਼ਾਕ ਸਿਰ 'ਤੇ ਰੱਖ ਲਈ ਤੇ ਸ਼ਸਤਰ ਉਠਾ ਲਏ ਅਤੇ ਹੁਕਮ ਮੰਨ ਨਵਾਂ ਪਿੰਡ ਵਸਾਉਣ ਲਈ ਚੱਲ ਪਏ।

ਗੁਰੂ ਜੀ ਨੇ ਸਿਰ ਤੇ ਸ਼ਸਤਰ ਤੇ ਪੁਸ਼ਾਕ ਉਠਾਈ ਦੇਖ ਕਿਹਾ ਕਿ ਰੂਪ ਚੰਦ ਇਸ ਪੋਸ਼ਾਕ ਨੂੰ ਪਾ ਲਵੇ। ਇੰਜ ਭਾਰ ਕਿਉਂ ਉਠਾਈ ਫਿਰਦੇ ਹੋ।

*ਰੂਪ ਚੰਦ ਨਿਜ ਅੰਗ ਧਰਾਵੇ।*
*ਕਾਹਿ ਭਾਰ ਨਿਜ ਸੀਸ ਉਠਾਵੇ।*

ਰੂਪ ਚੰਦ ਨੇ ਕਿਹਾ : ''ਮਹਾਰਾਜ ! ਇਹ ਭਾਰ ਨਹੀਂ ਇਹ ਤਾਂ ਆਪ ਜੀ ਦੀ ਰਹਿਮਤ ਹੈ ਜੋ ਮੈਨੂੰ ਸੁਖ ਦੇ ਰਹੀ ਹੈ। ਮੇਰੇ ਵਿਚ ਇਤਨੀ ਸੱਤਾ ਨਹੀਂ ਕਿ ਇਸ ਨੂੰ ਪਹਿਨ ਸਕਾਂ। ਇਹ ਤਾਂ ਸਨਮਾਨ ਦੇ ਹੀ ਲਾਇਕ ਹਨ। ਉਸ ਦੀ ਇਤਨੀ ਸ਼ਰਧਾ ਦੇਖ ਕੇ ਮਹਾਰਾਜ ਨੇ ਕਿਹਾ ਕਿ ਤੁਹਾਡੇ ਬਚਨ ਹੀ ਤਲਵਾਰ ਵਾਂਗ ਹੋਣਗੇ। ਦਸਵੇਂ ਜਾਮੇ ਆਪ ਜੀ ਪਾਸੋਂ ਮੰਗ ਕੇ ਪਹਿਣ ਲਵਾਂਗੇ।

*'ਤੁਮ ਰਸਨਾ ਸਮ ਤੇਗ ਕੇ*
*ਕਹ ਤੁਮ ਆਯੁਧ ਧਾਰ।*
*ਦਸਮ ਰੂਪ ਧਰ ਧਾਰਹੋ*
*ਰਾਖੋ ਯਾਹਿ ਸੁਧਾਰ।੧੨੬।'*

ਰੂਪ ਨਗਰ ਦੀ ਨੀਂਹ ਰੱਖਣਾ : ਗੁਰੂ ਜੀ ਨਾਲ ਚਾਰ ਕੋਹ ਚਲਦੇ ਹੋਏ ਇਕ ਅੱਛੀ ਥਾਂ ਦੇਖ ਕੇ ਵੈਸਾਖ ਦੀ ਸੋਲਾਂ ਨੂੰ, ਸੋਮਵਾਰ ਦੇ ਦਿਹਾੜੇ ਨਵੇਂ ਨਗਰ ਦੀ ਮੋਹੜੀ ਗੁਰੂ ਜੀ ਨੇ ਪਾਵਨ ਹੱਥਾਂ ਨਾਲ ਗੱਡ ਦਿੱਤੀ ਅਤੇ ਨਗਰ ਦਾ ਨਾਂ ਵੀ ਆਪ ਜੀ ਨੇ 'ਭਾਈ ਰੂਪਾ ਨਗਰ' ਰੱਖਿਆ। ਇਹ ਆਗਿਆ ਵੀ ਕੀਤੀ ਕਿ ਹੁਣ ਦੇਰ ਨਾ ਕਰਨੀ ਤੇ ਘਰ

Sri Satguru Jagjit Singh Ji eLibrary NamdhariElibrary@gmail.com

ਬਣਾਓ। ਅਸੀਂ ਵੀ ਥੋੜ੍ਹੇ ਦਿਨ ਇਥੇ ਹੀ ਆ ਕੇ ਠਹਿਰਾਂਗੇ। ਉਥੋਂ ਗੁਰੂ ਜੀ ਡਰੋਲੀ ਆ ਗਏ।

ਗੁਰੂ ਜੀ ਉਨ੍ਹਾਂ ਦੀ ਗੁਰ ਭਗਤੀ ਤੋਂ ਇਤਨੇ ਪ੍ਰਸੰਨ ਹੋਏ ਕਿ ਇਕ ਵਾਰੀ ਆਪ ਭਾਈ ਰੂਪ ਚੰਦ ਨੂੰ ਬਾਜੂ ਤੋਂ ਪਕੜ ਕੇ ਆਪਣੇ ਸਿੰਘਾਸਨ ਤੇ ਨਾਲ ਬਿਠਾਇਆ ਤੇ ਕਿਹਾ :

*'ਦੇਗ ਚਲਾਵੋ ਕਰ ਗੁਰ ਧਯਾਨਾ।'*

ਭਾਈ ਰੂਪ ਚੰਦ ਨੇ ਕਿਹਾ ਅਸੀਂ ਕ੍ਰਿਤ ਕਾਰੋਂ ਤਖਾਣ ਤੇ ਨੀਵੀਂ ਜਾਤ ਦੇ ਹਾਂ, ਇਤਨੀ ਵਡਿਆਈ ਦੇਣੀ ਸਾਨੂੰ ਫਬਦੀ ਨਹੀਂ।

*ਹੇ ਪ੍ਰਭ ਜਾਤ ਤਖਾਨ ਮਮ ਨੀਚ ਨਵਾਦੀ ਜਾਨ।*
*ਹੌ ਅਨਾਥ ਤੁਮ ਅਬ ਕਹੋ ਕੈਸੇ ਕਰੋ ਪ੍ਰਮਾਨ। ੨੨੦।*

(ਅਧਿਆਇ ਉਨ੍ਹੀਵਾਂ)

ਤਿੰਨ ਵਾਰ ਤਾਂ ਜ਼ਬਾਨੀ ਕਿਹਾ ਫਿਰ ਬਾਹੋਂ ਪਕੜ ਨਾਲ ਬਿਠਾਲ ਕੇ ਕਿਹਾ ਕਿ ਤੁਹਾਡਾ ਸਨਮਾਨ ਸਦਾ ਗੁਰੂ ਦੇ ਅੰਸ ਸਮ ਹੀ ਹੋਵੇਗਾ ਜੇ ਤੁਸੀਂ ਨਿਮਰਤਾ ਧਾਰੀ ਰੱਖੋਗੇ ਅਤੇ ਸ਼ਾਹਾਂ ਤੋਂ ਬੇਪ੍ਰਵਾਹ ਹੋਵੋਗੇ।

*ਜਬ ਲਗ ਆਯੁਧ ਧਰ ਨਹੀਂ* (ਗੁਰੂ ਨਹੀਂ ਬਣੋਗੇ)
*ਨੀਲ ਨ ਅੰਗ ਲਗਾਇ।*
(ਕਿਸੇ ਦੀ ਅਧੀਨਤਾ ਸਵੀਕਾਰ ਨਹੀਂ ਕਰੋਗੇ)
*ਤਬ ਲਗ ਗੁਰੂ ਕੀ ਅੰਸ ਸਮ*
*ਤੋਰਿ ਅੰਸ ਸੁਖ ਪਾਇ। ੨੨੩।*

ਧੰਨ ਹੈ ਗੁਰੂ ਜਿਸ ਗੁਰੂ ਚੇਲੇ ਦੀ ਸੰਧ ਵੀ ਬਹੁਤ ਚਿਰ ਪਹਿਲਾਂ ਹੀ ਮਿਟਾ ਦਿੱਤੀ।

ਛਿਤਾਲੀ

# ਭਗਤਿ ਭਗਵਾਨ

ਪੰਡਤ ਬ੍ਰਹਮਾਨੰਦ ਦੇ ਕਥਨ ਅਨੁਸਾਰ ਭਗਤ ਗਿਰਿ ਦਾ ਜਨਮ ਬੋਧ ਗਯਾ ਦੇ ਵਸਨੀਕ ਉਤਕਲ ਬ੍ਰਾਹਮਣ ਦੇ ਘਰ ਹੋਇਆ। ਭਗਤਿ ਗਿਰਿ ਨੇ ਸਾਧਨਾ ਕੀਤੀ ਤੇ ਸਾਧੂਆਂ ਦੀ ਮੰਡਲੀ ਬਣਾ ਥਾਂ-ਥਾਂ ਘੁੰਮਦੇ। ਨਾਮ ਭਗਤ ਗਿਰਿ ਤੋਂ ਭਗਵਾਨ ਗਿਰਿ ਪੈ ਗਿਆ।

## ਪ੍ਰਚਾਰ ਦੇ ਜ਼ਰੂਰੀ ਅੰਗ

ਗੁਰੂ ਨਾਨਕ ਨਾਮ ਦੀ ਮਹਿਮਾ ਤਾਂ ਹਰ ਥਾਵੇਂ ਗਿਰਿ ਦੇ ਕੰਨੀ ਪੈ ਜਾਂਦੀ ਸੀ ਪਰ ਪੂਰੀ ਤਰ੍ਹਾਂ ਗੁਰਾਂ ਦੀ ਅਜ਼ਮਤ ਤੋਂ ਜਾਣੂੰ ਨਹੀਂ ਸੀ। ਉਨ੍ਹਾਂ ਨੂੰ ਇਹ ਸਰੋਤ ਪਈ ਕਿ ਪੰਚਾਲ ਦੇਸ਼ (ਸਤਲੁਜ ਤੇ ਜਮਨਾ ਵਿਚਕਾਰਲਾ ਇਲਾਕਾ) ਵਿਚ ਗੁਰੂ ਹਰਿ ਰਾਇ ਜੀ ਅਜਿਹੀ ਰਹਿਮਤ ਕਰ ਰਹੇ ਹਨ ਕਿ ਜਿਹਨਾਂ ਲੋਕਾਂ ਦੇ ਹਿਰਦੇ ਹਿਮਾਲਾ ਪਰਬਤ ਵਾਂਗ ਜੜ ਵਤ ਅਗਿਆਨੀ ਹਨ ਐਸਿਆਂ ਤੇ ਵੀ ਗੁਰਬਚਨਾਂ ਦੀਆਂ ਕਿਰਨਾਂ ਸੁੱਟ ਕੇ ਜੀਵਨ ਵਿਚ ਹਰਕਤ ਪੈਦਾ ਕਰ ਦਿੱਤੀ ਹੈ। ਜਿਸ 'ਤੇ ਦਇਆ ਦ੍ਰਿਸ਼ਟੀ ਪਾਂਦੇ ਹਨ ਉਹ ਬੂੰਦ ਵਾਂਗ ਡੁਲ੍ਹ-ਡੁਲ੍ਹ ਕੇ ਗੁਰੂ ਸਾਗਰ ਵਿਚ ਘੁਲ-ਮਿਲ ਜਾਂਦਾ ਹੈ। ਭਗਵਾਨ ਗਿਰਿ ਇਹ ਧਾਰ ਕੀਰਤਪੁਰ ਆਇਆ ਕਿ ਜੇ ਇਤਨੇ ਕਲਾਵਾਨ ਹਨ ਤਾਂ ਮੈਨੂੰ ਚਤੁਰਭੁਜ ਦੇ ਰੂਪ ਵਿਚ ਦਰਸ਼ਨ ਦੇਣ।

ਐਸਾ ਹੀ ਹੋਇਆ। ਦਰਸ਼ਨ ਕਰ ਸੁੱਧ ਬੁੱਧ ਭੁੱਲ ਗਈ। ਹੋਸ਼ ਆਈ ਤਾਂ ਦੀਖਿਆ ਮੰਗੀ। ਗੁਰੂ ਹਰਿ ਰਾਇ ਜੀ ਨੇ ਕਿਹਾ ਕਿ ਤੁਸੀਂ ਜਿਸ ਦੇ ਦਰਸ਼ਨ ਦੀ ਸੱਧਰ ਲੈ ਕੇ ਆਏ ਸਾਓ, ਉਹ ਪੂਰੀ ਹੋਈ, ਹੁਣ ਤੁਸੀਂ ਬਾਬਾ ਲਖਮੀ ਚੰਦ ਦੇ ਪੜੋਤੇ ਬਾਬਾ ਮਿਹਰ ਚੰਦ ਜੀ ਪਾਸ ਜਾਓ ਕਿਉਂਕਿ ਭਗਵਾਨ ਗਿਰਿ ਦੀ ਇੱਛਾ ਭੇਖ ਲੈਣ ਦੀ ਸੀ ਤੇ ਸਾਥੀ ਸਾਧੂਆਂ ਨੂੰ ਨਾਲ ਰੱਖਣਾ ਲੋੜਦਾ ਸੀ। ਹਉਂ ਦਾ ਬੀਜ ਅਜੇ ਜੜ੍ਹੋਂ ਨਹੀਂ ਸੀ ਪੁੱਟਿਆ ਗਿਆ। ਇਕ ਹੋਰ ਗੱਲ ਵੀ ਸਿੱਧ ਕਰਨੀ ਸੀ ਕਿ ਹੁਣ ਬਾਬਾ ਲਖਮੀ ਚੰਦ ਜੀ ਦੇ ਖ਼ਾਨਦਾਨ ਦਾ ਗੁਰੂ ਘਰ ਨਾਲ ਕੋਈ ਵਿਰੋਧ ਨਹੀਂ ਸੀ।

ਭਾਈ ਮਿਹਰ ਚੰਦ ਨੇ ਭੇਖ ਦਿੱਤਾ ਤੇ ਉਹ ਪ੍ਰਚਾਰ ਲਈ ਦੇਸ-ਦੇਸਾਂਤਰ ਨਿਕਲ ਪਏ। ਪ੍ਰਚਾਰ ਕਰਦੇ ਜਾਤੋ ਨੇ ਕਿ ਕੋਈ ਸਦੀਵੀ ਪ੍ਰਭਾਵ ਨਹੀਂ ਪੈ ਰਿਹਾ। ਲੋਕੀਂ ਸੁਣਦੇ ਬੜੇ ਧਿਆਨ ਨਾਲ ਹਨ, ਭੇਟਾਵਾਂ ਵੀ ਰੱਖਦੇ ਹਨ ਪਰ ਉਨ੍ਹਾਂ ਵਿਚ ਤਬਦੀਲੀ ਨਹੀਂ ਆ ਰਹੀ। ਫਿਰ ਉਹ ਬਾਬਾ ਮਿਹਰ ਚੰਦ ਜੀ ਕੋਲ ਗਏ। ਉਨ੍ਹਾਂ ਕਿਹਾ ਕਿ ਮੇਰੇ ਵੱਸ ਦੀ ਗੱਲ ਨਹੀਂ ਹੈ। ਹੁਕਮ ਤਖ਼ਤ ਤੋਂ ਲੈ ਕੇ ਕਾਰਜ ਰਾਸ ਕਰੋ। 'ਸਭ ਵਡਿਆਈਆਂ ਗੁਰੂ ਹਰਿ ਰਾਇ ਪਾਸ ਹਨ। ਤੁਸੀਂ ਮਹਿਮਾ ਦੇਖ ਤਾਂ ਆਏ ਸੀ ਪਰ ਪ੍ਰਤੀਤ ਨਹੀਂ ਸੀ ਆਈ। ਹੁਣ ਪ੍ਰਤੀਤ



Sri Satguru Jagjit Singh Ji eLibrary NamdhariElibrary@gmail.com

ਕਰ, ਪ੍ਰੀਤ ਰੱਖ ਨਿਜ ਮੱਤ ਤਿਆਗ, ਨਿਰਮਾਣ ਹੋ ਉਸ ਦਰ ਜਾਓ। ਭਗਵਾਨ ਗਿਰਿ ਹੁਣ ਸਤਿਗੁਰ ਦੇ ਦਰ ਸਿੱਖੀ ਦੀ ਦਾਤ ਲੈਣ ਆਇਆ। ਸਾਥੀ ਸਾਧੂਆਂ ਨੇ ਕਿਹਾ : ਜਿੱਥੇ ਮਰਜ਼ੀ ਹੈ ਚਲੇ ਜਾਓ।'' ਆਪੂੰ ਦੀਨ ਹੋ ਗੁਰੂ ਦਰ ਪੁੱਜਾ। ਚਰਨ ਧੂੜ ਮਸਤਕ 'ਤੇ ਲਗਾ ਲਈ। ਡੰਡਉਤ ਕਰ ਦਰ ਤੇ ਹੀ ਡਿੱਗ ਪਿਆ।

ਮਹਾਰਾਜ ਨੇ ਨਾਮ ਦਾ ਪ੍ਰਕਾਸ਼ ਕੀਤਾ, ਆਤਮ ਬਲ ਬਖਸ਼ਿਆ ਤੇ ਫ਼ਰਮਾਇਆ :

*'ਆਗੇ ਆਓ, ਭਗਤ ਭਗਵਾਨ,*
*ਅਬ ਹੁਏ ਦਰਗਹ ਪਰਵਾਨ।'*

ਸੁਧ ਕੀ ਨਾ ਸੁਧ ਰਹੀ, ਬੁਧ ਕੀ ਨਾ ਬੁਧ ਰਹੀ, ਵਾਲੀ ਅਵਸਥਾ ਤਾਰੀ ਹੋ ਗਈ। ਢੱਠੇ ਨੂੰ ਗੁਰੂ ਜੀ ਨੇ ਹੱਥਾਂ ਦਾ ਸਹਾਰਾ ਦੇ ਕੇ ਉਠਾਇਆ ਤੇ ਬਚਨ ਕੀਤੇ :

*ਅਬ ਤੁਮ ਪੂਰਬ ਦੇਸ਼ ਮੇਂ, ਜਾਓ ਕਰ ਉਪਦੇਸ਼।*
*ਸੁਨਤ ਬਚਨ ਸਭ ਕੋ ਦ੍ਰਿੜੇ, ਤੁਮ ਕੋ ਕਰੇ ਉਪਦੇਸ਼।*

ਜਿੱਥੇ ਵੀ ਹੁਣ ਜਾਏ, ਸਰਲ ਬਚਨ ਬੋਲਣ ਨਾਲ ਹੀ ਅਗਲੇ ਦੀ ਸੁਰਤਿ ਉੱਚੀ ਹੋ ਜਾਏ, ਨਾਮ ਦੀ ਰੰਗਤ ਚੜ੍ਹ ਜਾਏ। ਇਸ ਤਰ੍ਹਾਂ :

*'ਭਗਤ ਭਗਵਾਨ ਗੁਰ ਪਏ ਦਿਆਲਾ।*
*ਪੂਰਬ ਦੇਸ ਤਿਨ ਕੀਆ ਨਿਹਾਲਾ।'*

ਉਤਰ ਪ੍ਰਦੇਸ਼, ਬਿਹਾਰ ਤੇ ਹੋਰ ਮੁਲਕਾਂ ਵਿਚ ਭਗਤ ਭਗਵਾਨ ਦੀ ਕ੍ਰਿਪਾ ਨਾਲ ਤਿੰਨ ਸੌ ਸੱਠ ਤੋਂ ਵੀ ਵਧੀਕ ਧਰਮ ਅਸਥਾਨ, ਧਰਮਸਾਲਾਂ ਇਸ ਬਖ਼ਸ਼ ਦੇ ਸਾਧੂਆਂ ਨੇ ਬਣਵਾਈਆਂ। ਜਿੱਥੇ-ਜਿੱਥੇ ਵੀ ਗੁਰੂ ਨਾਨਕ ਜੀ ਦੇ ਚਰਨ ਪਏ ਸਨ, ਇਨ੍ਹਾਂ ਢੂੰਡ-ਢੂੰਡ ਗੁਰਦੁਆਰੇ ਉਸਾਰੇ।

ਪੰਜਾਬ, ਸਿੰਧ, ਬਿਹਾਰ, ਬੰਗਾਲ ਤੇ ਉੱਤਰ ਪ੍ਰਦੇਸ਼ ਵਿਚ ਇਨ੍ਹਾਂ ਦੇ ਮੁਖੀ ੧੨ ਚੇਲਿਆਂ ਤੇ ੧੯ ਹੋਰ ਸੇਵਕਾਂ ਨੇ ਸਿੱਖੀ ਦਾ ਪ੍ਰਚਾਰ ਕੀਤਾ। ।◆।

Sri Satguru Jagjit Singh Ji eLibrary NamdhariElibrary@gmail.com

ਸੰਤਾਲੀ

# ਸੁਥਰੇ ਸ਼ਾਹ

## ਇਕ ਕੌਤਕੀ ਸਿੱਖ

ਮੌਲਵੀ ਨੂਰ ਅਹਿਮਦ ਚਿਸ਼ਤੀ ਨੇ ਆਪਣੀ ਪੁਸਤਕ 'ਤਹਿਕੀਕਾਤਿ ਚਿਸ਼ਤੀ' ਵਿਚ ਲਿਖਿਆ ਹੈ, 'ਸੁੱਥਰਾ ਚੰਦਰਾ ਮੱਲ ਮਦਵਾਹਾ ਜਾਤ ਦਾ ਖ਼ੱਤਰੀ ਸੀ। ਉਸ ਦੇ ਨਾਨਕੇ ਨੰਦ ਖੱਤਰੀ ਸਨ। ਉਸ ਦੀ ਜਨਮ ਭੂਮੀ ਪਿੰਡ ਬਹਿਰਾਮਪੁਰ, ਬਾਰਾਮੂਲਾ ਲਾਗੇ ਸੀ। ਇਸ ਦੇ ਜਨਮ ਨੂੰ ਕੁਸ਼ਗਨਾ ਚੰਦਰਾ ਜਾਣ ਕੇ ਮਾਪੇ ਬਾਹਰ ਸੁੱਟ ਗਏ ਕਿਉਂਕਿ ਜੰਮਦਿਆਂ ਹੀ ਦੰਦੀਆਂ ਇਸ ਦੇ ਮੂੰਹ ਵਿਚ ਸਨ। ਕਸ਼ਮੀਰ ਤੋਂ ਮੁੜਦੇ ਇਕ ਥਾਵੇਂ ਰੋਣ ਦੀ ਆਵਾਜ਼ ਜਦ ਗੁਰੂ ਹਰਿਗੋਬਿੰਦ ਜੀ ਦੇ ਕੰਨੀ ਪਈ ਤਾਂ ਉਨ੍ਹਾਂ ਕਿਹਾ : 'ਕੇਹਾ ਸੁਥਰਾ ਬਾਲ ਪਿਆ ਹੈ, ਚੁੱਕ ਕੇ ਸੰਭਾਲੋ ਤੇ ਪਾਲਣ ਦਾ ਪ੍ਰਬੰਧ ਕਰੋ।' ਮਹਾਰਾਜ ਦੇ ਮੁਖੋਂ ਸੁਥਰਾ ਸ਼ਬਦ ਉਚਾਰਿਆ ਸੁਣ ਨਾਮ ਹੀ ਸੁਥਰਾ ਪੈ ਗਿਆ। ਪੰਜ ਸਾਲਾਂ ਦਾ ਹੋਇਆ ਤਾਂ ਮਾਪੇ ਪਛਤਾਵਾ ਕਰ ਬੱਚੇ ਨੂੰ ਨਾਲ ਘਰ ਲੈ ਗਏ। ਮਾਪਿਆਂ ਦੇ ਗੁਜ਼ਰਨ ਮਗਰੋਂ ਸਭ ਘਰ ਦਾ ਧਨ ਮਾਲ ਧਰਮ ਅਰਥ ਕਰਕੇ ਸੁੱਥਰਾ ਗੁਰੂ ਦੇ ਚਰਨਾਂ ਵਿਚ ਫਿਰ ਆ ਗਿਆ। ਮਹਾਰਾਜ ਨੇ ਆਉਂਦਿਆਂ ਹੀ ਕਿਹਾ : *'ਆਓ ਸੁੱਥਰੇ ਸ਼ਾਹ'* ਲੋਕੀਂ ਸੁਥਰੇ ਸ਼ਾਹ ਕਹਿਣ ਲੱਗ ਪਏ। ਸੁਭਾਅ ਦਾ ਬੜਾ ਹੱਸਮੁਖ ਸੀ। ਗੁਰੂ ਸੇਵਾ ਦਾ ਸਦਕਾ ਬਚਨਾਂ ਵਿਚ ਸੱਤਿਆ ਵੀ ਆ ਗਈ। ਜੋ ਬੋਲੇ ਪੂਰਾ ਹੋਵੇ। ਬੜੇ ਕੌਤਕੀ ਢੰਗ ਨਾਲ ਪ੍ਰਚਾਰ ਕਰਦੇ ਸਨ।

ਇਕ ਸਮੇਂ ਗੁਰੂ ਦਰਬਾਰ ਵਿਚ ਭੀੜ ਲੱਗੀ ਹੋਈ ਸੀ। ਕੋਈ ਅੱਗੇ ਨਾ ਆਉਣ ਦੇਵੇ। ਉਸਨੇ ਇਕ ਠੀਕਰੀਆਂ ਦੀ ਭਰੀ ਬੋਰੀ ਲਈ ਤੇ ਅੱਗੇ ਹੋ ਕੇ ਕਹਿਣ ਲੱਗਾ : 'ਰਾਹ ਦਿਓ, ਭੇਟਾ ਕਰਨੀ ਹੈ।' ਜਦ ਗੁਰੂ ਹਜ਼ੂਰ ਆਇਆ ਤਾਂ ਬੋਰੀ ਨੂੰ ਹੀ ਮੱਥਾ ਟੇਕੀ ਜਾਏ। ਮਹਾਰਾਜ ਨੇ ਪੁੱਛਿਆ : 'ਸੁਥਰੇ ਸ਼ਾਹ, ਇਹ ਕੀ ਹੈ?' ਤਾਂ ਕਹਿਣ ਲੱਗਾ : ਮਹਾਰਾਜ! ਇਸੇ ਸਦਕਾ ਤਾਂ ਤੇਰੇ ਦਰਸ਼ਨ ਹੋਏ ਹਨ। ਨਹੀਂ ਤੇ ਤੇਰੇ ਚਰਨਾਂ ਤੱਕ ਕੌਣ ਪੁੱਜਣ ਦੇਂਦਾ'। ਉਸੇ ਵੇਲੇ ਹੁਕਮ ਹੋਇਆ ਕਿ ਕਾਰ ਭੇਟਾ ਤੋਸ਼ੇਖ਼ਾਨੇ ਤੇ ਰਸਦ ਸਿੱਧੀ ਲੰਗਰ ਪਾਈ ਜਾਵੇ। ਦਰਸ਼ਨਾਂ ਲਈ ਕਿਸੇ ਨੂੰ ਨਾ ਰੋਕਿਆ ਜਾਏ।

ਇਕ ਵਾਰੀ ਜਦ ਗੁਰੂ ਜੀ ਬਚਨ ਪਏ ਕਰਦੇ ਸਨ ਤਾਂ ਸੁਥਰਾ ਜੀ ਨੇ ਪਿੱਠ ਕਰ ਲਈ। ਸੰਗਤਾਂ ਬੁਰਾ ਮਨਾਇਆ ਤਾਂ ਮਹਾਰਾਜ ਨੇ ਪੁੱਛਿਆ : 'ਸੁਥਰਿਆ, ਤੂੰ ਪਿੱਠ ਕਿਉਂ ਕੀਤੀ?' ਸੁਥਰਾ ਕਹਿਣ ਲੱਗਾ : 'ਮਹਾਰਾਜ! ਆਪ ਜੀ ਦੇ ਬਚਨ ਪਹਿਲਾਂ ਤਾਂ ਮੈਂ ਸਨਮੁਖ ਹੋ ਚਿਹਰੇ ਤੇ ਝਲਦਾ ਰਿਹਾ ਪਰ ਮੇਰੀ ਤਾਂ ਹੋਰ ਸੱਤਾ ਨਹੀਂ ਹੈ ਇਸ ਲਈ ਪਿੱਠ ਕੀਤੀ ਕਿ



Sri Satguru Jagjit Singh Ji eLibrary NamdhariElibrary@gmail.com

ਉਥੇ ਬਚਨਾਂ ਦੀ ਮਾਰ ਪਵੇ। ਪਤਾ ਨਹੀਂ ਬਚਨਾਂ ਦੇ ਤੀਰ ਸੰਗਤ ਕਿਵੇਂ ਸਹਾਰ ਲੈਂਦੀ ਹੈ?

ਸਾਧੂ ਸੀਤਲ ਦਾਸ ਨੂੰ ਉਂਗਲਾਂ ਦਿਖਾ ਹੀ ਦਰਸਾ ਦਿੱਤਾ ਕਿ ਉਹ ਕੇਵਲ ਨਾਂ ਦਾ ਹੀ ਸੀਤਲ ਹੈ, ਅੰਦਰ ਉਸ ਦੇ ਅੱਗ ਸੁਲਗ ਰਹੀ ਹੈ। ਹੋਇਆ ਇਸ ਤਰ੍ਹਾਂ ਕਿ ਸੀਤਲ ਦਾਸ ਨਾਂ ਦਾ ਇਕ ਸਾਧੂ ਗੁਰੂ ਹਰਿਗੋਬਿੰਦ ਜੀ ਨੂੰ ਪਿਆ ਉਪਦੇਸ਼ ਕਰੇ ਕਿ ਜੁੱਧ ਕਿਉਂ ਕਰਦੇ ਹੋ, ਸ਼ਾਂਤ ਚਿਤ ਟਿਕੋ। ਕੁਝ ਚਿਰ ਤਾਂ ਸੁੱਥਰਾ ਸੁਣਦਾ ਰਿਹਾ ਪਰ ਸੀਤਲ ਦਾਸ ਹਟੇ ਹੀ ਨਾ, ਤਾਂ ਸੁਥਰਾ ਜੀ ਨੇ ਪਹਿਲਾਂ ਸੀਤਲ ਦਾਸ ਦੇ ਚੀਂਡੇ ਲਗਾਉਣੇ ਸ਼ੁਰੂ ਕੀਤੇ ਅਤੇ ਫਿਰ ਉਂਗਲਾਂ ਨਾਲ ਇਸ਼ਾਰੇ ਕਰਨ ਲੱਗਾ। ਸਾਧੂ ਤਪ ਉਠਿਆ ਤੇ ਗੁਰੂ ਜੀ ਨੂੰ ਉੱਚੀ ਬੋਲ ਕਹਿ ਉਠਿਆ ਕਿ ਕੈਸੇ ਕੈਸੇ ਤੁਸਾਂ ਸਿੱਖ ਪਾਸ ਰੱਖੇ ਹੋਏ ਹਨ ਜੋ ਆਏ ਸਾਧੂ ਦੀ ਨਿਰਾਦਰੀ ਕਰਦੇ ਹਨ। ਮਹਾਰਾਜ ਨੇ ਸੁਥਰੇ ਕੋਲੋਂ ਪੁੱਛਿਆ ਕਿ ਇਹ ਕੀ ਪਿਆ ਕਰਨਾ ਸੈਂ ਤਾਂ ਉਸ ਕਿਹਾ : ਮਹਾਰਾਜ! ਆਪ ਜੀ ਨੂੰ ਹੀ ਉਪਦੇਸ਼ ਦੇਂਦਾ, ਮੇਰੇ ਕੋਲੋਂ ਸਹਾਰਿਆ ਨਹੀਂ ਗਿਆ। ਰਾਖ ਫ਼ਰੋਲ ਪਿਆ ਤੱਕਦਾ ਸਾਂ ਕਿ ਇਸ ਨਾਂ ਦੇ ਸੀਤਲ ਦਾਸ ਵਿਚ ਕਿਤਨੀ ਅੱਗ ਹੈ।

ਔਰੰਗਜ਼ੇਬ ਵੇਲੇ ਤਾਂ ਜੁਰਅੱਤ ਦੀ ਹੱਦ ਕਰਦਿਆਂ ਦਿੱਲੀ ਜਾ ਕੇ ਕਈ ਵਾਰੀ ਮੌਲਾਣਿਆਂ, ਕਾਜ਼ੀਆਂ ਤੇ ਔਰੰਗਜ਼ੇਬ ਨੂੰ ਝੂਠਾ ਕਰ ਆਏ। ਔਰੰਗਜ਼ੇਬ ਸਾਹਮਣੇ ਜਾ ਕੇ ਵੀ ਕਹਿ ਦਿੱਤਾ ਕਿ 'ਦਿਲ ਨਾ ਢਾਹੀ ਜਾ। ਇਹ ਹੀ ਰੱਬ ਦੀ ਮਸੀਤ ਹੈ।' ਫਿਰ ਕਿਹਾ : 'ਜ਼ਰਾ ਸੋਚ ਔਰੰਗਜ਼ੇਬ ! ਜੇ ਮਸੀਤ ਢਹਿ ਜਾਏ ਤਾਂ ਫਿਰ ਉਸਰ ਸਕਦੀ ਹੈ ਅਤੇ ਜੇ ਰੱਬ ਦਾ ਮਹੱਲ, ਇਹ ਮਨੁੱਖਾ ਸਰੀਰ ਭੰਨ ਤੋੜ ਜ਼ੁਲਮ ਨਾਲ ਖ਼ਤਮ ਕਰ ਦਿੱਤਾ ਤਾਂ ਕਿਸੇ ਕਾਰੀਗਰੀ ਨਾਲ ਫਿਰ ਉਸਰ ਖੜ੍ਹਾ ਨਹੀਂ ਹੋਣਾ।'

ਸਤਿਗੁਰੂ ਹਰਿਰਾਇ ਜੀ ਨੇ ਸੁਥਰੇ ਸ਼ਾਹ ਦੀ ਜੁਰਅੱਤ, ਸੁਰਤਿ, ਅਡੋਲ ਤੇ ਪਵਿੱਤਰਤਾ ਦੀ ਮੂਰਤੀ ਦੇਖ ਕੇ ਇਕ ਬਖਸ਼ ਦਾ ਆਗੂ ਬਣਾਇਆ। ਗੁਰੂ ਹੁਕਮ ਪਾ ਕੇ ਭਾਈ ਸਾਹਿਬ ਨੇ ਪੰਜਾਬ ਦੀਆਂ ਪਰਬਤੀ ਰਿਆਸਤਾਂ, ਕਸ਼ਮੀਰ ਤੇ ਬਲਖ ਤਕ ਸਿੱਖੀ ਦਾ ਝੰਡਾ ਲਹਿਰਾਇਆ। ਦਬਿਸਤਾਨਿ ਮਜ਼ਾਹਬ ਨੇ ਵੀ ਲਿਖਿਆ ਹੈ ਕਿ ਸੁਥਰਾ ਤੇ ਜਾਦੋ ਦੋ ਸਿੱਖਾਂ ਨੇ ਬੜੇ ਨਿਰਾਲੇ ਢੰਗ ਨਾਲ ਸਿੱਖੀ ਦੂਰ-ਦੂਰ ਤਕ ਫੈਲਾਈ। ਚਿਸ਼ਤੀ ਦੇ ਲਿਖੇ ਅਨੁਸਾਰ 'ਜਾਦੋ' ਸੁਥਰਾ ਜੀ ਦਾ ਛੋਟਾ ਭਰਾ ਸੀ। ਮੰਗੂ ਤੇ ਚੰਨਣ ਦੋ ਹੋਰ ਭਰਾ ਸਨ।

ਇਸ ਬਖ਼ਸ਼ ਦੇ ਚਾਰੇ ਉੱਘੇ ਸੱਜਣ ਭਾਈ ਜਾਦੋ, ਭਾਈ ਝੁੰਜਾ ਸ਼ਾਹ, ਭਾਈ ਰਜ਼ਾਲ ਸ਼ਾਹ ਤੇ ਅੰਧੇਰ ਸ਼ਾਹ ਹੋਏ ਸਨ। ਸੁਥਰੇ ਸ਼ਾਹ ਦੇ ਕਈ ਟੱਪੇ, ਜੋ ਬਹੁਤ ਹੀ ਭਾਵ ਪੂਰਤ ਹਨ ਅਤੇ ਲੋਕਾਂ ਦੇ ਮੂੰਹ ਹੁਣ ਤਕ ਚੜ੍ਹੇ ਹਨ, ਪ੍ਰਚੱਲਤ ਹਨ। ਉਨ੍ਹਾਂ ਟੱਪਿਆਂ ਵਿਚ ਬੜਾ ਸਿੱਧਾ ਦਿਲ ਲਗਵਾਂ ਪਰਚਾਰ ਹੈ।

ਉਦਾਹਰਨ ਵਜੋਂ : *ਹਾਥੀ ਘੋੜੇ ਮਾਲ ਧਨ, ਇਹ ਖਤਰਾ ਹੀ ਜਿੰਦ ਕਾ।*
*ਜੋ ਸੁਖ ਲੋੜੇਂ ਸੁਥਰਿਆ, ਸਿਮਰ ਨਾਮ ਗੋਬਿੰਦ ਕਾ। ੧।*
*ਢੋਲ ਵਜੇ ਘਰ ਲੁਟੀਐ, ਲੋਕ ਜਾਣੇ ਵਿਆਹੁ।*
*ਸਾਹਿਬ-ਅਰਥ ਨ ਬੀਜਿਓ, ਹੋਇਓ ਮੁਖ ਸਿਆਹੁ।*

Sri Satguru Jagjit Singh Ji eLibrary NamdhariElibrary@gmail.com

*ਜਿਤ ਵੇਲੇ ਲੇਖਾ ਮੰਗੀਐ, ਗਲਿ ਪਲੂ ਤੇ ਮੁਹਿ ਘਾਹੁ।*
*ਰਾਹੋਂ ਘੁੱਥੇ ਸੁਥਰਿਆ, ਤਿੰਨਾਂ ਨੂੰ ਬਡਾ ਦਾਹ। ੨।*
*ਧੀਆ ਧਾੜ ਤੇ ਪੁੱਤ੍ਰ ਫਾਹਾ, ਰੰਨ ਦੁੱਖਾਂ ਦਾ ਖੂਹ।*
*ਇਸ ਘਾਣੀ ਤੇ ਸੁਥਰਿਆ, ਕੋਈ ਹਰਿਜਨ ਕਢੇ ਧੂਹ। ੪।*
*ਸ਼ਾਬਾਸ਼ ਪੱਟੇ, ਸ਼ਾਬਾਸ਼ ਮੁੱਠੇ, ਸ਼ਾਬਾਸ਼ ਲੀਤੇ ਲੁੱਟ।*
*ਸ਼ਾਬਾਸ਼ਾ ਦਾ ਮਾਰਿਆ ਸੁਥਰਿਆ, ਕਹੀਂ ਨ ਲਹਿਸੇ ਝੱਟ। ੧੧।*
*ਜਾਂ ਜਾਂ ਤਾਈ ਇਹੁ ਹੈ, ਤਾਂ ਤਾਂ ਤਾਈ ਉਹੁ।*
*ਜੇ ਇਹੁ ਚਿਹੁੰ ਮਿਟਿ ਗਇਆ, ਨਾ ਤਦ ਏਹ ਨ ਉਹੁ। ੧੩।*
*ਸੁਥਰਿਆ ਲੋਕਾਂ ਦੀਆਂ ਕਹਾਣੀਆਂ, ਸਰੈ ਕੰਮ ਨ ਕੋਇ।*
*ਜੋ ਤੈ ਕੰਮ ਸਵਾਰਨਾ, ਸਿਮਰਨ ਸਵੇਰੇ ਸੋਇ। ੧੪।*
*ਕੋਈ ਸਮਝੇ ਮਸਖਰੀ, ਕੋਈ ਬ੍ਰਹਮ ਗਿਆਨ।*
*ਏਹੀ ਦੇਹੀ ਸੁਥਰਿਆ, ਰਾਮ ਕ੍ਰਿਸ਼ਨ ਭਗਵਾਨ। ੨੨।*

ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਦੀ ਉਪਮਾ ਵਿਚ ਕਮਾਲ ਦੀ ਇਕ ਪਉੜੀ ਕਹੀ :

*ਉਹ ਚਾਕਰ ਵੱਡੀ ਠਉਰ ਦਾ, ਕਰਨੀ ਹੈ ਪੂਰਾ।*
*ਘੜਾ ਉਸ ਦਾ ਲਖ ਦਾ, ਹਥਿਆਰੀ ਸੂਰਾ।*
*ਘਾਓ ਨ ਖਾਇ ਮਗਰ ਵਿਚ ਸਨਮੁਖ ਮਗਰੂਰਾ।*
*ਖਵਈਆ ਸਾੜੇ ਦੁੱਧ ਦਾ, ਕਦੇ ਖਾਇ ਨ ਕੂਰਾ।*
*ਸਭੇ ਗੱਲਾਂ ਊਣੀਆਂ, ਨਾਉ ਤੇਰਾ ਪੂਰਾ।*

ਭਾਈ ਸੁਥਰੇ ਸ਼ਾਹ, ਛਵੰਜਾ ਵਰ੍ਹੇ ਦੀ ਆਯੂ ਭੋਗ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਅਕਾਲ ਚਲਾਣਾ ਕਰ ਗਏ। ਇਸ ਬਖ਼ਸ਼ ਦੇ ਹੋਰ ਉਘੇ ਸਿੱਖ ਭਾਈ ਝੰਗੜ ਸ਼ਾਹ, ਭਾਈ ਮੁਸ਼ਤਾਕ ਸ਼ਾਹ (ਲਾਹੌਰ), ਭਾਈ ਹਰੇ ਸ਼ਾਹ (ਬਟਾਲਾ) ਪ੍ਰਸਿੱਧ ਹੋਏ। ਇਨ੍ਹਾਂ ਦੇ ਦੋ ਅਸਥਾਨ ਇਕ ਸ੍ਰੀ ਅੰਮ੍ਰਿਤਸਰ ਚੌਕ ਛੱਤੀ ਖੂਹੀ ਅਤੇ ਦੂਜਾ ਖ਼ਜ਼ਾਨੇ ਦੇ ਕਟੜੇ ਲਾਗੇ ਦੇਖੇ ਜਾ ਸਕਦੇ ਹਨ ਅਤੇ ਨੂਰ ਮਹਿਲ, ਸਿੰਧ, ਜੌਨਪੁਰ ਤੇ ਅਫ਼ਗਾਨਿਸਤਾਨ ਵੀ ਟਿਕਾਣੇ ਹਨ।

|◆|

Sri Satguru Jagjit Singh Ji eLibrary NamdhariElibrary@gmail.com

ਅਠਤਾਲੀ

# ਦਿਲੇ ਖ਼ਾਲੀ ਰੁਸਵਾ ਅਸਤ

ਮਦਾਰ

ਕਨੌਜ (ਯੂ. ਪੀ.) ਜਿਥੇ ਵੱਡੇ ਮਦਾਰ ਦੀ ਕਬਰ ਹੈ, ਉਸ ਥਾਂ ਦਾ ਮਜਾਵਰ ਉਥੋਂ ਅਨੰਦਪੁਰ ਇਹ ਦੇਖਣ ਆਇਆ ਕਿ ਇਹ ਕਿਹੜਾ ਹੋਰ ਵੱਡਾ ਮਦਾਰੀ ਪ੍ਰਗਟਿਆ ਹੈ ਜਿਸ ਦੀ ਆਵਾਜ਼ 'ਤੇ ਲੋਕੀਂ ਸਿਰ ਭੇਟ ਕਰਨ ਲਈ ਟੁਰੀ ਆਂਵਦੇ ਹਨ। ਮਦਾਰ ਆਪਣੇ ਤਨ ਤੇ ਕੋਈ ਕੱਪੜਾ ਨਹੀਂ ਸੀ ਪਹਿਣਦਾ। ਜਦ ਸ੍ਰੀ ਅਨੰਦਪੁਰ ਪੁੱਜਾ ਤਾਂ ਬਾਗ਼ ਵਿਚੋਂ ਇਕ ਗੁਲਾਬ ਦਾ ਫੁੱਲ ਉਸ ਤੋੜਿਆ ਅਤੇ ਅੰਦਰ ਦਰਬਾਰ ਆਉਣਾ ਚਾਹਿਆ। ਚੋਬਦਾਰ ਨੇ ਰੋਕਿਆ ਕਿ ਇਸ ਹਾਲਤ ਵਿਚ ਅੰਦਰ ਜਾਣ ਦੀ ਮਨਾਹੀ ਹੈ। ਤਨ ਤੇ ਕੱਪੜਾ ਕਰ, ਸਿਰ ਢੱਕ। ਪਰ ਮਹਾਰਾਜ ਨੇ ਦੂਰੋਂ ਦੇਖ ਕਿਹਾ : 'ਇਸ ਨੂੰ ਆਉਣ ਦਿਓ। ਰੋਕੋ ਨਾ।'

ਜਦ ਉਹ ਅੱਗੇ ਆਇਆ। ਮੱਥਾ ਟੇਕਿਆ ਤੇ ਫੁੱਲ ਚਰਨਾਂ ਤੇ ਰੱਖਿਆ ਤਾਂ ਮਹਾਰਾਜ ਨੇ ਕਿਹਾ : 'ਸਾਈਂ ਵਾਲੇ, ਸਾਹਿਬ ਲੋਕ ! ਇਤਨਾ ਬਦਨ ਨੂੰ ਕਸ਼ਟ ਕਿਉਂ ਦੇ ਰੱਖਿਆ ਹੈ ? ਫਿਰ ਤੇਰਾ ਆਉਣਾ ਹੀ ਕਾਫ਼ੀ ਸੀ। ਇਸ ਗੁਲਾਬ ਦੇ ਫੁੱਲ ਦੀ ਕੀ ਲੋੜ੍ਹ ਸੀ ?'

ਇਹ ਸੁਣ ਮਦਾਰ ਨੇ ਕਿਹਾ : ਮਹਾਂਪੁਰਖਾਂ ਪਾਸ ਜਾਈਏ ਤਾਂ ਖ਼ਾਲੀ ਹੱਥ ਨਹੀਂ ਜਾਈਦਾ। ਬੜੀ ਰੁਸਵਾਈ ਹੁੰਦੀ ਹੈ। ਹੱਥਾਂ ਦੀ ਬੇਪਰਵਾਹੀ ਤੋਂ ਹੀ ਮਰਦ ਜਾਣਿਆ ਜਾਂਦਾ ਹੈ। ਬਚਨ ਬੋਲਣ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਇਹ ਗੁਰਪੀਰ ਵਾਲਾ ਹੈ ਜਾਂ ਨਹੀਂ। ਬੇਪੀਰ ਦੀ ਆਵਾਜ਼ ਵਿਚ ਕੋਈ ਵਜ਼ਨ ਨਹੀਂ ਹੁੰਦਾ। ਬੋਲਾਂ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਇਹ ਕਾਫ਼ਰ ਹੈ ਜਾਂ ਕਿਸੇ ਦਾ ਹੋ ਕੇ ਵਿਚਰ ਰਹਿਆ ਹੈ।

*ਦਸਤੇ ਖਾਲੀ ਰੁਸਵਾ।*
*ਦਸਤ ਆਵਦੇ ਬੇਪ੍ਰਵਾਹ।*
*ਆਵਾਜ਼ ਖਾਲੀ, ਜਹਾਂ ਬੇਪੀਰ।*
*ਬਚਨ ਸੁਨ, ਕਾਫਰ ਵ ਵਜ਼ੀਰ।*

ਇਹ ਸੁਣ ਕੇ ਮਹਾਰਾਜ ਨੇ ਫ਼ਰਮਾਇਆ : 'ਮਦਾਰ ! ਸਾਡੇ ਘਰ ਹੋਰ ਖੇਡ ਹੈ। ਇਥੇ ਹੱਥਾਂ ਦੀ ਕਹਾਣੀ ਨਹੀਂ ਦਿਲ ਦੀ ਹੈ। ਜੇ ਦਿਲ ਵਿਚ ਕੁਝ ਨਹੀਂ ਤਾਂ ਹੀ ਰੁਸਵਾਈ ਹੁੰਦੀ ਹੈ। ਦੁਨੀਆ ਦੀ ਬਾਜ਼ੀ, ਬਗ਼ੈਰ ਗੁਰੂ ਦੇ ਸਿੱਖ ਬਣਿਆਂ ਜਿੱਤੀ ਨਹੀਂ ਜਾ ਸਕਦੀ। ਖ਼ੁਦਾ ਦੀ ਯਾਦ ਤੋਂ ਬਗ਼ੈਰ ਬੰਦਾ ਭਟਕਦਾ ਰਹਿੰਦਾ ਹੈ ਅਤੇ ਖ਼ੁਦਾ ਦੀ ਨਜ਼ਰ ਹੋ ਜਾਵੇ ਤਾਂ ਬੇਪ੍ਰਵਾਹੀ



Sri Satguru Jagjit Singh Ji eLibrary NamdhariElibrary@gmail.com

ਮਿਲ ਜਾਂਦੀ ਹੈ। ਹੁਕਮ ਮੰਨਿਆਂ ਮੁਕਤੀ ਮਿਲ ਜਾਂਦੀ ਹੈ ਅਤੇ ਬੰਦਗੀ ਵਾਲਾ ਹੀ ਦਰਗਾਹ ਪ੍ਰਵਾਨ ਹੁੰਦਾ ਹੈ।

*'ਦਿਲੇ ਖਾਲੀ ਰੁਸਵਾ ਅਸਤ।*
*ਬਾਜੀ ਬਗੈਰ ਸਾਈ ਮੁਰੀਦਹ।*
*ਖ਼ੁਦਾਇ ਬੰਦੇ ਬਗੈਰ ਹਵਾਹਿ।*
*ਖ਼ੁਦਾਇ ਚਸ਼ਮ ਬੇਪ੍ਰਵਾਹ।*
*ਬਦਨ ਫਰਮਾਨ।*
*ਖਲਾਸੀ ਜਹਾਨ।*
*ਬੰਦਗੀ ਦਰ ਦਰਗਾਹਿ ਪਰਵਾਨੇ।'*

ਮਦਾਰ ਇਹ ਵਾਕ ਸੁਣ ਕੇ ਪ੍ਰਸੰਨ ਹੋਇਆ ਤੇ ਕਿਹਾ :

'ਮੇਰੀ ਤਾਂ ਮੱਕੇ ਦੀ ਜ਼ਿਆਰਤ ਹੋ ਗਈ' ਇਹ ਵੀ ਦੱਸਿਆ ਕਿ ਗਈ ਰਾਤ ਸੁਪਨਾ ਆਇਆ ਤਾਂ ਦੇਖਿਆ ਕਿ ਆਪ ਜੀ ਪਾਸ ਧਨ ਦੇ ਭੰਡਾਰ ਲੱਗੇ ਹੈਨ।

ਮਹਾਰਾਜ ਨੇ ਫ਼ਰਮਾਇਆ : 'ਜਦ ਸਿੱਖ ਰਾਜ ਲਾਇਕ ਹੋਣਗੇ ਤਾਂ ਸਭ ਦਰਿਆਵਾਂ ਤੇ ਸਮੁੰਦਰਾਂ ਦੇ ਖ਼ਜ਼ਾਨੇ ਪ੍ਰਾਪਤ ਕਰਨਗੇ। ਵਿਦਾਇਗੀ ਵੇਲੇ ਮਦਾਰ ਨੇ ਜਦ ਫਿਰ ਭੋਗਾਂ ਤੋਂ ਉੱਚਾ ਹੋਣ ਤੇ ਸੱਚ ਹੱਕ ਦਾ ਰਾਹ ਪੁੱਛਿਆ, ਤਾਂ ਗੁਰੂ ਮਾਲਕ ਬੋਲੇ : 'ਸਾਈਂ ਜੀ!

*ਪੂਰਾ ਤੋਲੋ।*
*ਭਾਣੇ ਵਿਚ ਰਵੋ।*
*ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ।*

ਕਿਸੇ ਨਾਲ ਵੀ ਵਿਤਕਰਾ ਨਾ ਕਰਨਾ, ਇਹ ਹੀ ਪੂਰਾ ਤੋਲਣਾ ਹੈ।' ।◆।

Sri Satguru Jagjit Singh Ji eLibrary NamdhariElibrary@gmail.com

## ਉਣੰਜਾ

# ਖ਼ਾਲਸਾ ਸਾਜਣ ਦਾ ਇਕ ਵੱਡਾ ਕਾਰਨ

**ਮੁਖਤਯਾਰ ਖਾਲਸਾ ਸਭ ਥਾਂ ਕੀਯੋ**

ਕੁਝ ਅਣਜਾਣਿਆਂ ਅਤੇ ਬਹੁਤੇ ਦੋਖੀਆਂ ਨੇ ਇਹ ਪ੍ਰਚੱਲਤ ਕਰ ਦਿੱਤਾ ਹੈ ਕਿ ਖ਼ਾਲਸਾ ਕਿਸੇ ਪ੍ਰਤੀਕਰਮ, ਰੋਸ, ਗੁੱਸੇ ਜਾਂ ਵਕਤੀ ਲੋੜ ਨੂੰ ਮੁੱਖ ਰੱਖ ਕੇ ਹੀ ਸਾਜਿਆ ਗਿਆ ਸੀ। ਇਹ ਪ੍ਰਚਾਰ ਕਰਨ ਵਾਲੇ ਬਹੁਤੇ ਉਹ ਲੋਕੀਂ ਹਨ ਜਿਹਨਾਂ ਨੂੰ ਪੰਥ ਦੀ ਸਾਜਣਾ ਕਦੇ ਭਾਈ ਨਹੀਂ ਅਤੇ ਖ਼ਾਲਸੇ ਦੀ ਹੋਂਦ ਕਦੇ ਸੁਖਾਈ ਨਹੀਂ।

ਜਿਵੇਂ ਮਹਿਮਾ ਪ੍ਰਕਾਸ਼ ਨੇ ਇਕ ਬਹੁਤ ਹੀ ਭਾਵ ਪੂਰਤ ਪੰਗਤੀ ਲਿਖੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਬੰਨ੍ਹਣ ਦਾ ਕਾਰਨ ਕੇਵਲ ਇਹ ਸੀ ਕਿ ਇਕ ਦਿਨ ਅੰਮ੍ਰਿਤ ਵੇਲੇ ਗੁਰੂ ਅਰਜਨ ਦੇਵ ਜੀ ਦੇ ਮਨ ਉਪਜੀ ਕਿ ਪੰਥ ਤਾਂ ਪ੍ਰਗਟ ਹੋ ਗਿਆ ਹੈ ਪਰ ਪੰਥ ਤੇ ਟੁਰਨ ਵਾਲਿਆਂ ਪੰਥੀਆਂ ਲਈ ਮੀਲ ਪੱਥਰ ਤੇ ਚਾਨਣ ਮੁਨਾਰੇ ਲਗਾਉਣ ਦੀ ਅਤਿ ਲੋੜ ਹੈ, ਸੋ ਇਸ ਮੰਤਵ ਲਈ ਗੁਰੂ ਗ੍ਰੰਥ ਸਾਹਿਬ ਤਿਆਰ ਕੀਤਾ ਜਾਏ ਤਾਂ ਜੁ ਪੰਥ ਸਦੀਵੀ ਰੋਸ਼ਨੀ ਲੈ ਸਕੇ।

*"ਏਕ ਦਿਵਸ ਪ੍ਰਭ ਪ੍ਰਾਤਹਕਾਲ।*
*ਦਯਾ ਭਰੇ ਪ੍ਰਭ ਦੀਨ ਦਯਾਲ।*
*ਯਹ ਮਨ ਉਪਜੀ*
*ਪ੍ਰਗਟਿਯੋ ਜਗ ਪੰਥ।*
*ਤਿਹ ਕਾਰਨ ਕੀਜੈ ਅਬ ਗ੍ਰੰਥ*

ਇਹ ਪ੍ਰਤੀਤ ਹੁੰਦਾ ਹੈ ਕਿ ਇਸੇ ਤਰ੍ਹਾਂ ਹੀ ਗੁਰੂ ਗੋਬਿੰਦ ਸਿੰਘ ਜੀ ਦੇ ਮਨ ਉਪਜੀ ਕਿ ਗੁਰੂ ਨਾਨਕ ਦੇਵ ਜੀ ਦੀ ਉਸ ਤੁਕ :

*ਨਾਨਕ ਵੈਸਾਖੀ ਪ੍ਰਭ ਭਾਵੈ।*
*ਸੁਰਤਿ ਸ਼ਬਦ ਮਨ ਮਾਨਾ।*

ਨੂੰ ਸਾਕਾਰ ਕਰ ਦਿੱਤਾ ਜਾਏ। ਐਸਾ ਪ੍ਰਭੂ ਦਾ ਪਿਆਰਾ, ਵਾਹਿਗੁਰੂ ਜੀ ਕਾ ਖ਼ਾਲਸਾ ਤਿਆਰ ਕੀਤਾ ਜਾਏ ਜੋ ਵਾਹਿਗੁਰੂ ਤੋਂ ਸਿਵਾ ਕਿਸੇ ਦੀ ਪਾਤਸ਼ਾਹੀ ਨ ਮੰਨੇ। ਸ਼ਬਦ ਜਿਸ ਦਾ ਵਰਤਾਵਾ ਹੋਵੇ, ਸ਼ਬਦ ਹੀ ਜਿਸ ਦੀ ਸਾਖੀ ਹੋਵੇ, ਸ਼ਬਦ ਹੀ ਵਿਧਾਨ ਹੋਵੇ, ਵਿਅਕਤੀ ਪ੍ਰਧਾਨ ਨਾ ਹੋਵੇ ਅਤੇ ਸੁਰਤਿ ਦੀ ਖੇਡ ਖੇਡੇ। ਵੈਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਅਜਿਹਾ



Sri Satguru Jagjit Singh Ji eLibrary NamdhariElibrary@gmail.com

ਹੀ ਕੀਤਾ।

ਸ਼ਬਦ ਦੇ ਮਾਰਗ 'ਤੇ ਟੁਰਨਾ ਸਿੱਖ ਨੇ ਪਿਛਲੀਆਂ ਦੋ ਸਦੀਆਂ ਵਿਚ ਸਿੱਖ ਲਿਆ ਸੀ। ਸ਼ਖਸੀਅਤ ਸੰਵਰ ਗਈ ਸੀ ਅਤੇ ਘਾੜਤ ਵੀ ਘੜੀ ਜਾ ਚੁੱਕੀ ਸੀ। ਭਾਈ ਗੁਰਦਾਸ ਜੀ (ਦੂਜੇ) ਨੇ ਇਸੇ ਲਈ 'ਵਾਰ ਰਾਮਕਲੀ ਪਾਤਸ਼ਾਹੀ ਦਸਵੇਂ ਕੀ' ਵਿਚ ਸਪੱਸ਼ਟ ਲਿਖਿਆ ਹੈ ਕਿ ਖ਼ਾਲਸੇ ਕਿਸੇ ਪ੍ਰਤੀਕਰਮ ਦੀ ਉਪਜ ਨਹੀਂ ਸਗੋਂ 'ਉਪਜਿਓ ਬਿਗਆਨਾ' (ਸੋਚੀ ਸਮਝੀ ਰਾਇ ਨਾਲ) ਹੈ। *'ਤਬ ਸਹਜੇ ਰਚਿਓ ਖ਼ਾਲਸਾ'* ਹੈ ਅਤੇ 'ਸੰਗਤਿ ਕੀਨੀ ਖ਼ਾਲਸਾ' ਹੈ ਤਾਂ ਕਿ 'ਮਨਮੁਖ ਦੁਹੇਲੇ' ਹੋ ਜਾਣ ਅਤੇ 'ਸਾਧ ਸਮੂੰਹ ਪ੍ਰਸਿਨ ਫਿਰਨ।'

ਪ੍ਰਾਚੀਨ ਪੰਥ ਪ੍ਰਕਾਸ਼ ਨੇ ਇਸੇ ਖ਼ਿਆਲ ਨੂੰ ਅੱਗੇ ਟੋਰਦੇ ਹੋਏ ਖ਼ਾਲਸਾ ਸਾਜਣ ਦੀ ਸਾਰੀ ਵਾਰਤਾ ਉਸੇ ਸਮੇਂ ਤੋਂ ਹੀ ਅਰੰਭ ਕੀਤੀ ਹੈ ਜਦ ਤੋਂ ਗੁਰੂ ਨਾਨਕ ਜੀ ਦਾ ਪ੍ਰਕਾਸ਼ ਹੋਇਆ ਸੀ। ਭਾਈ ਰਤਨ ਸਿੰਘ ਜੀ ਦਾ ਲਿਖਣਾ ਹੈ ਕਿ ਸਭ ਕੁਝ ਗੁਰੂ ਨਾਨਕ ਦੇਵ ਜੀ ਕਹਿ, ਕਰ ਅਤੇ ਦੱਸ ਗਏ ਸਨ। ਉਸ ਦਾ ਲਿਖਣਾ ਹੈ ਕਿ ਇਕ ਗੱਲ ਅੰਗਰੇਜ਼ਾਂ ਨੂੰ ਬੜੀ ਸਤਾ ਰਹੀ ਸੀ ਕਿ ਉਹ ਕਿਹੜੀ ਸ਼ਕਤੀ ਹੈ ਜਿਸ ਨਾਲ :

*"ਸਿੰਘਿਨ ਘੇਰ ਲਈ ਚੜ੍ਹ ਦਿਲੀ।*
*ਗੱਲ ਅੰਗਰੇਜ਼ਨ ਕਰ ਦਈ ਢਿਲੀ।"*

ਅੰਗਰੇਜ਼ ਆਪਣੇ ਆਪ ਨੂੰ ਹਰ ਪੱਖੋਂ ਅਜਿੱਤ ਸਮਝਦੇ ਸਨ, ਸਿੱਖ ਉਹਨਾਂ ਦੇ ਹੁੰਦਿਆਂ ਆਪੂੰ ਸੰਧੀਆਂ ਕਰਨ ਲੱਗ ਪਏ ਸਨ ਅਤੇ ਗੱਲ ਇਥੋਂ ਤਕ ਵਧ ਗਈ ਸੀ ਕਿ ੩੧ ਜੁਲਾਈ, ੧੭੮੮ ਨੂੰ ਸਿੱਖ ਆਗੂਆਂ ਨੇ ਜੋਧਪੁਰ ਦੇ ਮਹਾਰਾਜ ਬਿਜੈ ਸਿੰਘ ਨੂੰ ਸੰਧੀ ਕਰਨ ਲਈ ਲਿਖਿਆ ਸੀ ਅਤੇ ਨਾਲ ਇਹ ਪੇਸ਼ਕਸ਼ ਕੀਤੀ ਸੀ ਕਿ ਖ਼ਾਲਸਾ ਜੀਓ ਸਾਂਝੇ ਹਮਲੇ ਵੇਲੇ ਪੰਜਾਹ ਹਜ਼ਾਰ ਘੋੜ ਸਵਾਰ ਜੂਝਨ ਲਈ ਦੇ ਸਕਦੇ ਹਨ। ਪੰਜਾਬ ਦੇ ਸਿੱਖ ਮਾਲਕ ਸਨ। ਸੋ ਅੰਗਰੇਜ਼ਾਂ ਪਹਿਲਾਂ ਸ਼ਾਹ ਆਲਮ ਕੋਲੋਂ ਪੁੱਛਿਆ ਕਿ ਸਿੱਖ ਕਿਵੇਂ ਪੰਜਾਬ ਦੇ ਮਾਲਕ ਬਣ ਗਏ? ਉਸ ਘੜਿਆ ਘੜਾਇਆ ਜਵਾਬ ਦਿੱਤਾ ਕਿ ਇਹ ਕੋਈ ਸਿੱਖਾਂ ਦੀ ਕਰਾਮਾਤ ਨਹੀਂ :

*"ਅਬਦਾਲੀ ਆਪ ਥਕ ਕੇ ਵਹੁ ਮੁੜ ਗਯੋ"*

ਅਤੇ ਬਾਗ਼ੀ ਸਿੱਖਾਂ ਨੇ ਮੁਲਕ 'ਤੇ ਕਬਜ਼ਾ ਕਰ ਲਿਆ। ਇਸ ਉੱਤਰ ਨਾਲ ਅੰਗਰੇਜ਼ਾਂ ਦੀ ਤਸੱਲੀ ਨਾ ਹੋਈ ਤੇ ਅੰਗਰੇਜ਼ਾਂ ਨੇ ਬੂਟੇ ਸ਼ਾਹ ਨੂੰ ਸਿੱਖਾਂ ਦਾ ਇਤਿਹਾਸ ਲਿਖਣ ਲਈ ਕਿਹਾ। ਉਸ ਵੀ *'ਖ਼ਾਲਸਾ ਸਾਜਣ ਦੀ ਗੱਲ ਕਹੀ ਨ ਸਾਰੀ'*। ਸੋ ਅੰਗਰੇਜ਼ਾਂ ਭਾਈ ਰਤਨ ਸਿੰਘ ਜੀ ਨੂੰ ਆਪੂੰ ਹੀ ਸਾਰੀ ਵਾਰਤਾ ਸਹੀ ਕਰ ਲਿਖਣ ਲਈ ਕਿਹਾ ਤਾਂ ਕਿ ਕੋਈ ਭੁਲੇਖਾ ਨਾ ਰਵ੍ਹੇ। ਪਹਿਲਾਂ ਸਵਾਲ ਕੈਪਟਨ ਮਰੇ ਨੇ ਇਹ ਹੀ ਕੀਤਾ ਕਿ ਇਹ ਪਾਤਸ਼ਾਹੀ ਸਿੰਘਾਂ ਨੂੰ ਕਿਸ ਦਿੱਤੀ? ਭਾਈ ਜੀ ਦਾ ਇਕ ਤੁਕਾ ਜਵਾਬ ਸੀ :

*"ਸਿੰਘਨ ਪਾਤਸ਼ਾਹੀ ਸਾਹਿਬ ਸਚੇ ਦਈ।"*

ਕਉਨ ਹੈ ਸੱਚਾ ਪਾਤਸ਼ਾਹ? ਅੰਗਰੇਜ਼ਾਂ ਦਾ ਅਗਲਾ ਸਵਾਲ ਸੀ :

*'ਸ਼ਾਹ ਨਾਨਕ ਜੋਇ'*। ਭਾਈ ਜੀ ਦਾ ਉੱਤਰ ਸੀ।

Sri Satguru Jagjit Singh Ji eLibrary NamdhariElibrary@gmail.com

ਅੰਗਰੇਜ਼ ਰੈਜ਼ਡੈਂਟ ਦਾ ਕਹਿਣਾ ਸੀ :

"ਗੁਰੂ ਨਾਨਕ ਤਾਂ ਫ਼ਕੀਰ ਹੈ। ਉਨ ਸ਼ਾਹੀ ਕੀ ਕਿਆ ਤਤਬੀਰ"। ਭਾਈ ਜੀ ਨੇ ਕਿਹਾ : ਤੈਨੂੰ ਭੁਲੇਖਾ ਲੱਗਾ ਹੈ।

*ਗੁਰੂ ਨਾਨਕ ਸ਼ਹਿਨਸ਼ਾਹ।*
*ਦੀਨ ਦੁਨੀ ਸਚਾ ਪਾਤਸ਼ਾਹ।*
*ਕਈ ਸ਼ਾਹ ਤਿਨ ਕੀਏ ਫ਼ਕੀਰ।*
*ਕਈ ਫ਼ਕੀਰ ਕਰ ਦੀਨੇ ਮੀਰ।*
*ਰਹਯੋ ਆਪ ਹੁਇ ਬੇਪਰਵਾਹ।*
*ਸੋ ਨਾਨਕ ਭਯੋ ਸ਼ਹਿਨਸ਼ਾਹ।*

ਫਿਰ ਦੱਸਿਆਂ ਕਿ ਆਪੂੰ ਵਾਹਿਗੁਰੂ ਨੇ ਗੁਰੂ ਨਾਨਕ ਨੂੰ ਕਿਹਾ ਸੀ :

*ਰਾਖੋ ਜੋਊ ਆਵੈ ਸ਼ਰਨ*
*ਦੁਸ਼ਟਨ ਕੋ ਗਾਰੋ ਦਬ॥*

ਗੁਰੂ ਨਾਨਕ ਕਿਤਨੇ ਕਾਮਿਲ ਅਤੇ ਬੇਪ੍ਰਵਾਹ ਸਨ ਉਸ ਦੀ ਇਕ ਸਾਖੀ ਹੈ ਕਿ ਜਦ ਇਬ੍ਰਾਹੀਮ ਲੋਧੀ ਨੇ ਸਭ ਭਲੇ ਪੁਰਸ਼ਾਂ, ਫ਼ਕੀਰਾਂ ਤੇ ਸਾਧੂਆਂ ਨੂੰ ਬੰਦੀ ਪਾ ਦਿੱਤਾ ਤਾਂ ਗੁਰੂ ਨਾਨਕ ਜੀ ਨੇ ਸਭ ਨੂੰ ਰਿਹਾਈ ਦਿਲਵਾਈ। ਗੁੱਸੇ ਵਿਚ ਬਾਦਸ਼ਾਹ ਨੇ ਕਿਹਾ ਕਿ ਗੁਰੂ ਨਾਨਕ ਨੂੰ ਪੱਕੜ ਦਿੱਲੀ ਤੋਂ ਬਾਹਰ ਕੱਢ ਦਿਓ। ਜਦ ਪਰਵਾਨਾ ਲੈ ਕੇ ਅਹਿਦੀਏ ਆਏ ਤਾਂ ਬੇਪ੍ਰਵਾਹ ਗੁਰੂ ਪਾਤਸ਼ਾਹ ਨੇ ਕਿਹਾ :

'ਅਸੀਂ ਤਾਂ ਹੁਣ ਆ ਗਏ ਹਾਂ, ਤੂੰ ਹੀ ਦਿੱਲੀ ਛੱਡ ਜਾਏਂਗਾ।' ਐਸਾ ਹੀ ਹੋਇਆ। ਪਾਨੀਪਤ ਦੀ ਜੰਗ ਵਿਚ ਇਬ੍ਰਾਹੀਮ ਹਾਰਿਆ ਤੇ ਮਾਰਿਆ ਵੀ ਗਿਆ।

ਫਿਰ ਖੜਗ ਗੁਰੂ ਹਰਿਗੋਬਿੰਦ ਨੇ ਉਠਾਇਆ।

*ਮੀਰੀ ਪੀਰੀ ਦੋਊ ਦਿਖਾਈ।*
*ਸ਼ਾਹ ਜਹਾਨ ਕੋ ਹਾਰ ਸੁ ਦਈ।*

ਗੁਰੂ ਹਰਿਕ੍ਰਿਸ਼ਨ ਜੀ ਨੇ ਸਭ ਦੇ ਦੁੱਖ ਦਿੱਲੀ ਆ ਕੇ ਹਰੇ। ਪਰਸੁਆਰਥ ਹਿੱਤ ਗੁਰੂ ਤੇਗ਼ ਬਹਾਦਰ ਜੀ ਨੇ ਇਕ ਬੁਝਾਰਤ ਪਾਈ ਸੀ ਕਿ ਤੂੰ ਲੱਖ ਜਤਨ ਕਰੀਂ, ਮੇਰਾ ਸੀਸ ਨਹੀਂ ਕੱਟਿਆ ਜਾਏਗਾ। ਉਸ ਤੇਜ਼ ਤਲਵਾਰ ਤੇ ਕੁੰਦ ਜਲਾਦ ਬੁਲਾਇਆ ਪਰ ਜਦ ਤੇਗ਼ ਚੱਲੀ ਸਿਰ ਤਾਂ ਕੱਟਿਆ ਗਿਆ *ਪਰ ਕਿਥੇ ਕੱਟਿਆ ਗਿਆ ਹੈ ਸੀਸ। ਸਿਰ ਦੀ ਥਾਂ ਤਾਂ ਸੀਸ ਗੰਜ ਕਾਇਮ ਹੋ ਗਿਆ।* ਜਿਥੇ ਰੋਜ਼ ਲੱਖਾਂ ਸਿਰ ਝੁਕਦੇ ਹਨ ਅਤੇ ਸੀਸ ਦੇਣ ਲਈ ਅਨੇਕਾਂ ਤਿਆਰ ਖੜ੍ਹੇ ਹਨ। ਨੌਵੇਂ ਪਾਤਸ਼ਾਹ ਦੀ ਸ਼ਹਾਦਤ ਦਾ ਅਸਰ ਇਹ ਹੋਇਆ ਕਿ :

*'ਤਬ ਤੇ ਘਟੀ ਪਾਤਸ਼ਾਹੀ ਦਿੱਲੀ।*
*ਤਬ ਤੇ ਤੁਰਕ ਕਲਾ ਭਈ ਢਿਲੀ।'*

Sri Satguru Jagjit Singh Ji eLibrary NamdhariElibrary@gmail.com

ਜ਼ੁਲਮ ਦੀ ਜੜ੍ਹ ਹਿਲ ਗਈ ਸੀ ਪਰ ਗਿਰ ਉਖੜੀ ਨਹੀਂ ਸੀ, ਸੋ ਗੁਰੂ ਗੋਬਿੰਦ ਸਿੰਘ ਜੀ ਨੇ ਨਿਰਣਾ ਲਿਆ ਕਿ ਜ਼ੁਲਮ ਨੂੰ ਜੜ੍ਹੋਂ ਉਖੇੜ ਪੁੱਟ ਗਿਰਾਉਣ ਲਈ *'ਖੰਡੇ ਦੀ ਪੌਣ ਚਲਾਈ ਜਾਏ।'*

ਇਕ ਦਿਨ ਕਲਗੀ ਵਾਲੇ ਅਨੰਦਪੁਰ ਦਰਬਾਰ ਲਗਾਈ ਬੈਠੇ ਸਨ ਕਿ ਇਕ ਦੂਰੋਂ ਆਈ ਸੰਗਤ ਨੇ ਦੱਸਿਆ ਕਿ ਰਾਹ ਆਂਦੀ ਸੰਗਤ ਨੂੰ ਚੌਧਰੀਆਂ ਲੁੱਟ ਲਿਆ। ਇਤਨੇ ਨੂੰ ਇਕ ਹੋਰ ਪਾਸਿਉਂ ਆਈ ਸੰਗਤ ਨੇ ਕਿਹਾ ਕਿ ਰੰਘੜਾਂ ਨੇ ਸੰਗਤ ਘੇਰ ਕੇ ਲੁੱਟ ਲਈ ਹੈ ਤਾਂ ਬਾਜਾਂ ਵਾਲੇ ਨੇ ਕਿਹਾ ਕਿ ਹੁਣ ਅਜਿਹਾ ਕੋਈ ਨਹੀਂ ਆਖੇਗਾ ਕਿ ਸੰਗਤ ਨੂੰ ਲੁੱਟ ਲਿਆ ਹੈ, ਸਗੋਂ ਇਹ ਹੀ ਕਹਿਣਗੇ ਕਿ ਸੰਗਤ ਨੇ ਦੋਖੀਆਂ ਨੂੰ ਤਗੜੀ ਮਾਰ ਦਿੱਤੀ ਹੈ। ਚਿੱਤ ਧਾਰ ਲਿਆ ਕਿ ਸੰਗਤ ਨੂੰ ਖ਼ਾਲਸਾ ਬਣਾਇਆ ਜਾਏ। ਸਭ ਤਰਫ਼ੀ ਹੁਕਮਨਾਮੇ ਭੇਜੇ ਕਿ ਸ਼ਸਤਰ ਪਹਿਨੋ ਤੇ ਧਰਮ ਲਈ ਜੂਝਨ ਲਈ ਉਠ ਖੜੋਵੋ ਤਾਂ ਕਿ ਜ਼ੁਲਮ ਮੁੱਕੇ ਤੇ ਜ਼ੁਲਮੀ ਰਾਜ ਜਾਏ।

ਪਹਿਲਾਂ ਦਸਮ ਪਿਤਾ ਦਾ ਚਿੱਤ ਪਹਾੜੀ ਰਾਜਿਆਂ ਨੂੰ ਕਹਿਣ ਦਾ ਆਇਆ ਪਰ ਛੇਤੀ ਹੀ ਜਾਣ ਗਏ ਕਿ ਇਹ ਪੱਥਰ ਪੂਜ, ਜ਼ੁਲਮ ਸਹਾਰ ਸਹਾਰ, ਈਨ ਮੰਨ, ਸਿਰ ਨਿਵਾ ਨਿਵਾ ਪੱਥਰ ਵਾਂਗ ਹੀ ਅਹਿਲ ਹੋ ਗਏ ਹਨ। ਦੂਜੇ ਇਹ ਆਦਿ ਅਕ੍ਰਿਤਘਣ ਹਨ। ਗੁਰੂ ਘਰ ਦਾ ਕੀਤਾ ਜਾਣਨ ਨਹੀਂ ਲੱਗੇ।

*"ਪੱਥਰ ਪੂਜਕ ਭਿਜ ਨ ਨੀਰੋ।*
*ਉਇ ਆਦਿ ਅਕ੍ਰਿਤਘਣ ਘਰ ਗੁਰ ਤੀਰੋ।"*

ਸੋ ਇਹ ਪਾਤਸ਼ਾਹੀ ਦੀ ਸ਼ਕਤੀ ਗ਼ਰੀਬਾਂ ਨੂੰ ਦੇਣੀ ਚਾਹੀਦੀ ਹੈ। *'ਵਹੇ ਜਾਨੈ ਗੁਰ ਦਈ ਹੈ।'* ਅਤੇ ਸਤਿਗੁਰ ਨੇ ਸਿੱਖ ਲਲਕਾਰੇ ਕਿ ਸ਼ਸਤਰ ਫੜੋ। ਲਲਕਾਰ ਸੁਣ ਕੇ ਸਭ ਕਹਿਣ ਲੱਗੇ ਕਿ ਅਸੀਂ ਨਹੀਂ ਮਾਰ ਸਕਦੇ ਇਹਨਾਂ ਜ਼ਾਲਮਾਂ ਨੂੰ। ਉਨ੍ਹਾਂ ਪਾਸ ਫ਼ੌਜਾਂ ਤੇ ਉਹ ਆਦਿ ਸਿਪਾਹੀ। ਕਦੀ ਮਿਰਗਾਂ ਵੀ ਸ਼ੇਰ ਮਾਰੇ ਹਨ। ਉਲਟੀ ਗੰਗਾ ਵਗਾਉਣੀ ਬੜੀ ਕਠਨ ਹੈ। ਵਹਾਅ ਵੀ ਕਦੀ ਮੋੜੇ ਗਏ ਹਨ ਦਰਿਆਵਾਂ ਦੇ।

*'ਮ੍ਰਿਗਨ ਤੇ ਕਿਮ ਸ਼ੇਰ ਮ੍ਰਵਾਵੋ।*
*ਲੋਤੀ ਕੋ ਪਾਣੀ ਮਗਰੀ ਪਰ ਚੜ੍ਹਾਵੋ।'*

ਇਹ ਸੁਣ ਗੁਰੂ ਪਾਤਸ਼ਾਹ ਦੇ ਮਨ ਉਪਜੀ ਕਿ ਕਿਧਰੇ ਕੋਈ ਕਸਰ ਹੈ।

'ਯਹ ਚਰਨ ਪਾਹੁਲ ਹੈ ਸ਼ਾਂਤ ਸਰੂਪ'। ਨਾਂ ਧਰਦੇ ਹਨ ਦਾਸ ਤੇ ਪਹਿਨਦੇ ਹਨ ਟੋਪੀ। 'ਅਬ ਸਿਖਨ ਰੂਪ ਪਲਟਾਈਐ' ਤਾਂਕਿ ਦੇਖਦੇ ਹੀ ਸਾਰ ਬੜੇ ਸ਼ਕਤੀਵਾਨ ਵੀ ਭੈ ਖਾਣ। ਨਵਾਂ ਨਾਮ ; ਸੋ ਰੂਪ ਸੀ :

*ਕੇਸ ਸੀਸ*
*ਸਿਰ ਬਾਂਧੈ ਪਾਗੈ,*
*ਨਾਮ ਸਿੰਘ ਰਖੋ।*
*ਖੰਡੇ ਪਾਹੁਲ*

Sri Satguru Jagjit Singh Ji eLibrary NamdhariElibrary@gmail.com

*ਚਿਤ ਮਧ ਠਟੀ।*
*ਇਮ ਹੋਵੇਗੋ ਖ਼ਾਲਸਾ ਹਠੀ।*

ਕੇਸਗੜ੍ਹ ਬੈਠ ਦੀਵਾਨ ਸਜਾਇਆ। ਆਸਾ ਦੀ ਵਾਰ ਦੇ ਕੀਰਤਨ ਉਪਰੰਤ ਵੰਗਾਰ ਪਾਈ ਕਿ ਕੋਈ ਹੈ ਜੋ ਗੁਰੂ ਨਾਨਕ ਦੇ ਦੱਸੇ ਆਸ਼ੇ ਤੇ ਸੀਸ ਭੇਟ ਕਰੇ। ਪੰਜ ਉਠੇ। ਉਹਨਾਂ ਪੰਜਾਂ ਨੂੰ ਅੰਮ੍ਰਿਤ ਤਿਆਰ ਕਰਕੇ ਲਲਕਾਰ ਕੇ ਪਹਿਲਾਂ ਨੈਣਾਂ ਵਿਚ ਨੈਣ ਪਾ ਕੇ ਨੈਣਾਂ ਵਿਚ ਪੰਜ ਛੱਟੇ ਮਾਰੇ। ਫਿਰ ਪੰਜ ਕੇਸਾਂ ਵਿਚ ਪਾਏ ਤੇ ਫਿਰ ਪੰਜ ਹੀ ਛਕਾ ਕੇ ਖ਼ਾਲਸਾ ਸਾਜ ਦਿੱਤਾ।

*"ਪ੍ਰਥਮ ਅੰਚਰੀ ਭਰੀ ਸ੍ਰੀ ਸਤਿਗੁਰ ਉਨ ਲਲਕਾਰ।*
*ਸਨਮੁਖ ਨੇਤ੍ਰ ਰਖਵਾਇ ਕਰ ਦਈ ਮੱਧ ਮੋ ਡਾਰ।*
*ਪੁਨ ਪੰਚ ਪੰਚ ਸੀਸ ਅੰਚਰੀ ਪਾਇ।*
*ਪੰਚ ਪੰਚ ਪੰਚਨ ਦਈ ਛਕਾਇ।"*

(ਪ੍ਰਾਚੀਨ ਪੰਥ ਪ੍ਰਕਾਸ਼)

ਸਿੱਖਿਆ ਦਿੱਤੀ : *ਤਮਾਕੂ ਨਹੀਂ ਪੀਣਾ।*
*ਕੁਠਾ ਨਹੀਂ ਖਾਣਾ। ਕੇਸ ਨਹੀਂ ਕਟਾਣੇ।*
*ਪਰਤਨ ਗਾਮੀ ਨਹੀਂ ਹੋਣਾ।*

ਅਤੇ : *'ਪਹਰ ਕਛਹਰੇ ਸਿਰ ਬੰਧਯੋ ਪਾਗ।*
*ਗੁਰੂ ਗ੍ਰੰਥ ਬਚਨ ਪਰ ਰਹਯੋ ਲਾਗ।*

ਇਤਨਾ ਕਹਿ ਕੇ ਪੰਜਾਂ ਦੇ ਸਾਹਮਣੇ ਸਭ ਦੇ ਦੇਖਦੇ ਦੇਖਦੇ ਬੀਰ ਆਸਨ ਲਗਾ ਕਹਿਣ ਲੱਗੇ ਕਿ ਉਸੇ ਤਰ੍ਹਾਂ ਅੰਮ੍ਰਿਤ ਦੀ ਦਾਤ ਦਿਓ ਜਿਵੇਂ ਤੁਸਾਂ ਪ੍ਰਾਪਤ ਕੀਤੀ ਹੈ।

*'ਕਰੀ ਜੁ ਸਤਿਗੁਰ ਪ੍ਰਿਥਮ ਬਿਧ*
*ਸੋਈ ਪੁਨ ਬਿਧ ਕੀਨ।*
*ਪੰਜ ਭੁਜੰਗੀ ਜੋ ਭਏ*
*ਗੁਰ ਉਨ ਤੇ ਪਾਹੁਲ ਲੀਨ। ੨੦।*

ਚੌਪਈ : *'ਵਹੀ ਵਰਤਾਰੋ ਭੁਜੰਗੀਨ ਪਰਤਾਯੋ।*
*ਆਪੇ ਗੁਰ ਚੇਲਾ ਕਹਿਵਾਯੋ।*
*ਯਹੀ ਆਦਿ ਹੁਤ ਆਯੋ ਵਰਤਾਰਾ।*
*ਜਿਮੁ ਨਾਨਕ ਗੁਰ ਅੰਗਦ ਧਾਰਾ।'*

ਕੈਸਾ ਵਚਿਤ੍ਰ ਦ੍ਰਿਸ਼ ਹੋਵੇਗਾ ਜਦ ਪੰਜਾਂ ਵਿਚੋਂ ਇਕ ਨੇ ਕਲਗੀ ਵਾਲੇ ਨੂੰ ਕਿਹਾ ਹੋਵੇਗਾ :

ਬੋਲ : *ਵਾਹਿਗੁਰੂ ਜੀ ਕਾ ਖ਼ਾਲਸਾ॥*
*ਵਾਹਿਗੁਰੂ ਜੀ ਕੀ ਫ਼ਤਿਹ॥*

Sri Satguru Jagjit Singh Ji eLibrary NamdhariElibrary@gmail.com

ਇਕ ਵਾਰੀ ਨਹੀਂ ੧੬ ਵਾਰੀ। ਸਭ ਮਿੱਥਾਂ ਮੁੱਕ ਗਈਆਂ। ਨਾ ਕੋਈ ਬੰਦਾ ਰਿਹਾ ਨਾ ਬੰਦਾ-ਨਿਵਾਜ਼। ਇਥੇ ਇਹ ਲਿਖਣਾ ਕੋਈ ਕੁਥਾਂ ਨਹੀਂ ਹੋਵੇਗਾ ਕਿ ਅੰਮ੍ਰਿਤ ਛਕਣ ਲਈ ਕੋਈ ਹੋਰ ਇਸ ਤੋਂ ਵੱਡੀ ਦਲੀਲ ਨਹੀਂ ਕਿ ਜਿਸ ਅੰਮ੍ਰਿਤ ਦੀ ਲੋੜ ਗੁਰੂ ਗੋਬਿੰਦ ਸਿੰਘ ਜੀ ਸਰਬ ਕਲਾ ਸੰਪੂਰਨ ਹੋਣ ਦੇ ਬਾਵਜੂਦ ਮਹਿਸੂਸ ਕਰਦੇ ਸਨ, ਸਾਡੇ ਲਈ ਤਾਂ ਅਤੀ ਹੀ ਲੋੜ ਹੈ। ਹੁਣ 'ਹਿਕਮਤ ਹੁਜਤ' ਬੰਦ ਹੋ ਜਾਣੀ ਚਾਹੀਦੀ ਹੈ। ਜਦ ਪੰਜਾਂ ਪਿਆਰਿਆਂ ਨੇ ਕਲਗੀਧਰ ਨੂੰ ਉਹ ਰਹਿਤ ਦ੍ਰਿੜ੍ਹ ਕਰਾਈ ਤਾਂ ਨਾਲ ਇਹ ਵੀ ਕਿ ਤੁਹਾਡੇ ਲਈ ਇਕ ਹੋਰ ਵੀ ਰਹਿਤ ਹੈ ਕਿ ਜਦ ਵੀ ਪੰਥ ਤੇ ਭੀੜਾ ਬਣੇ, ਵਿਚ ਖੜੇ ਕੇ ਪੰਥ ਦੀ ਸਹਾਇਤਾ ਕਰਨੀ।

*"ਰਹਤ ਗੁਰੰ ਅਸ ਭਾਖਤ ਤੇ*
*ਸਿੱਖ ਸੰਗ ਰਹੋ ਅਸਪਾਨ ਸੁ ਧਾਰੀ।*
*ਜੋ ਕਹੂੰ ਭੀੜ ਪੜੇ ਗੁਰ ਸਿੱਖ ਕੋ*
*ਤਹਿ ਹੋਹੁ ਸਹਾਇ ਜਿਨੈ ਗਨ ਧਾਰੀ॥ ੬੫॥*

(ਗੁਰਬਿਲਾਸ ਪਾਤਸਾਹੀ ਦਸਵੀਂ)

ਜਦ ਪੰਥ ਨੇ ਦੇਖ ਸੁਣ ਲਿਆ ਕਿ ਖ਼ਾਲਸਾ ਬਣਨਾ ਜ਼ਰੂਰੀ ਹੈ ਤਾਂ ਪੰਜਾਂ ਤੋਂ ਪੰਜਾਹ ਅਤੇ ਫਿਰ ਸੈਂਕੜੇ ਹਜ਼ਾਰਾਂ ਖ਼ਾਲਸਾ ਵਿਚਰਨ ਲੱਗੇ। ਇਤਨੀ ਤਾਦਾਦ ਵਧ ਗਈ ਕਿ ਹਰ ਵੱਡੀ ਸੜਕ ਤੇ ਖ਼ਾਲਸੇ ਦੇ ਜਥੇ ਜੈਕਾਰੇ ਗਜਾਂਦੇ ਦੇਖੇ ਜਾ ਸਕਦੇ ਸਨ। ਇਬਰਤਨਾਮਾ ਦੇ ਲਿਖਾਰੀ ਨੇ ਗਵਾਹੀ ਵੀ ਭਰੀ ਹੈ।

ਸਭ ਤੋਂ ਨਿਰਾਲੀ ਵੱਡੀ ਗੱਲ ਦਸਮੇਸ਼ ਪਿਤਾ ਨੇ ਸਾਰੇ ਇਖ਼ਤਿਆਰ ਖ਼ਾਲਸੇ ਨੂੰ ਸੌਂਪ ਕੇ ਮੁਖ਼ਤਿਆਰ ਥਾਪ ਦਿੱਤਾ।

*"ਯੋ ਸਤਿਗੁਰ ਕੰਮ ਸਭ ਖਾਲਸੇ ਦੀਯੋ।*
*ਮੁਖਤਿਯਾਰ ਖ਼ਾਲਸਾ ਸਭ ਥਾਂ ਕੀਯੋ।*

(ਖ਼ਾਲਸਾ ਪੰਥ ਪਸਰਨ ਕੀ ਸਾਖੀ, ਪ੍ਰਾਚੀਨ ਪੰਥ ਪ੍ਰਕਾਸ਼)

ਨਿਰਾ ਇਹ ਨਹੀਂ ਨਾਲ ਹੀ ਹੁਕਮ ਵੀ ਭੇਜ ਦਿੱਤੇ ਕਿ ਹੁਣ ਭੇਟਾ ਅਨੰਦਪੁਰ ਨਹੀਂ ਭੇਜਣੀ। ਉਥੇ ਆਪਣੇ ਹੀ ਇਲਾਕੇ ਵਿਚ ਪੰਥ ਦੇ ਵਾਧੇ ਲਈ ਵਰਤਣੀ। ਜੇ ਫਿਰ ਵੀ ਕੁਝ ਬਚ ਜਾਏ ਤਾਂ ਹੀ ਭੇਜਣੀ। ਸਭ ਥਾਂ ਮੇਵੜੇ ਭੇਜੇ ਕਿ ਮਸੰਦ ਮਸੰਦੀਏ ਨੂੰ ਨਹੀਂ ਮੰਨਣਾ।

*'ਜਹਿ ਜਹਿ ਪੰਜ ਭੁਜੰਗੀ ਹੋਇ।*
*ਗੁਰਦਵਾਰੇ ਤੁਲ ਮੰਨ ਲਯੋ ਸੋਇ। ੪।*

ਹਰ ਥਾਵੇਂ ਵਾਹਿਗੁਰੂ ਨੇ ਸਫ਼ਲਤਾ ਬਖ਼ਸ਼ੀ ਕਿਉਂਕਿ :

*ਰਹਤ ਖ਼ੂਬ*
*ਬੁਧ ਖ਼ੂਬ*
*ਲਖ ਬਾਣੀ*
*ਖ਼ੂਬ ਪੜ੍ਹਾਇ।*

Sri Satguru Jagjit Singh Ji eLibrary NamdhariElibrary@gmail.com

ਖ਼ਾਲਸੇ ਦਾ ਵਾਧਾ ਹੁੰਦਾ ਗਿਆ। ਐਸੀ ਸੁਚੱਜੀ ਸਮੁੱਚੀ ਪਰਸ਼ੋਤਮ ਸ਼ਖਸੀਅਤ (ਸਾਬਤ ਮਰਦਾਨਾ) ਬਣਨ ਲਈ ਕਿਸੇ ਦਾ ਪੁੱਤਰ, ਕਿਸੇ ਦਾ ਪੋਤਰਾ ਅਤੇ ਕੋਈ ਆਪੂੰ ਉਠ ਖੜੋਤਾ। ਸਭ ਪਾਸੇ ਇਹ ਗੱਲ ਫੈਲ ਗਈ ਸੀ :

*"ਖੰਡੇ ਪਾਹੁਲ ਮੇਂ ਭਈ ਅਬ ਕਲਾ*
*ਤੁਰਕ ਜਾਉਗਾ ਨਠ, ਪੰਥ ਅਟਲਾ।"*

ਗੁਰੂ ਜੀ ਇਹ ਦੇਖ ਬਹੁਤ ਪ੍ਰਸਿੰਨ ਹੋਏ ਤੇ ਖ਼ਾਲਸੇ ਨੂੰ ਸਦਾ ਸੁਤੰਤਰ ਅਤੇ ਸੈਭੰ (ਫਰੀ ਐਂਡ ਸਾਵਰਿਨ) ਅਤੇ ਇਸ ਦੇ ਟਾਕਰੇ ਕੋਈ ਨਾ ਟਿਕੇ ਦਾ ਵਰ ਦਿੱਤਾ। ਭਾਈ ਨੰਦ ਲਾਲ ਜੀ ਨੇ ਇਸੇ ਨੂੰ :

*"ਰਾਜ ਕਰੇਗਾ ਖ਼ਾਲਸਾ, ਆਕੀ ਰਹੈ ਨ ਕੋਇ॥"*

ਲਿਖਿਆ ਅਤੇ ਭਾਈ ਰਤਨ ਸਿੰਘ ਭੰਗੂ ਨੇ *'ਖ਼ਾਲਸਾ ਹੈ ਖ਼ੁਦ ਖ਼ੁੱਦਾ'* ਕਿਹਾ।

ਬਸ ਇਹ ਸੀ ਵੱਡਾ ਕਾਰਨ ਖ਼ਾਲਸਾ ਸਾਜਣ ਦਾ ਕਿ ਪੰਥ ਸਦਾ ਖ਼ੁਦ ਮੁਖ਼ਤਿਆਰ ਰਹੇ, ਕਿਸੇ ਦਾ ਆਸਰਾ ਨਾ ਦੇਖੇ, ਸਹਾਰੇ ਨਾ ਢੂੰਡਦਾ ਫਿਰੇ, ਮੁਹਤਾਜ ਹੋ ਕੇ ਨਾ ਵਿਚਰੇ। ਪੰਥ ਸਾਗਰ ਨਿਆਈਂ ਹੈ ਕੋਈ ਜ਼ੁਲਮੀ ਸੂਰਜ ਇਸ ਨੂੰ ਸੁਕਾ ਨਹੀਂ ਸਕਦਾ।

*ਸੋ ਪੰਥ ਸਾਗਰ ਜਿਮ ਅਚਲ*
*ਕੋ ਇਸ ਸਕੈ ਸੁਕਾਇ॥ ੫੪॥*

I◆I

Sri Satguru Jagjit Singh Ji eLibrary NamdhariElibrary@gmail.com

ਪੰਜਾਹ

# ਲਹਿਰਾਂ ਦੇ ਉਭਰਨ ਦਾ ਕਾਰਨ

ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਦੀ ਚੌਥੀ ਅਸ਼ਟਪਦੀ ਦੀ ਪੰਜਵੀਂ ਪਉੜੀ ਵਿਚ ਉਸ ਪ੍ਰੇਸ਼ਾਨਕੁੰਨ ਹਾਲਤ (ਡਾਇਲਮਾ) ਦਾ ਜ਼ਿਕਰ ਕੀਤਾ ਹੈ ਜਿਸ ਨੇ ਮਨੁੱਖਤਾ ਨੂੰ ਗ੍ਰਸਿਆ ਹੋਇਆ ਹੈ। ਸਭ ਤੋਂ ਵੱਡੀ ਦੁਚਿੱਤੀ ਇਹ ਹੈ ਕਿ ਸੂਰਤ ਤਾਂ ਇਨਸਾਨਾਂ ਵਾਲੀ ਸੂ ਪਰ ਕਰਮ-ਕਰਤੂਤ ਕਰ ਰਿਹਾ ਹੈ ਸਭ ਹੈਵਾਨੀ ਅਤੇ ਇਸ ਉੱਤੇ ਮਾੜ ਇਹ ਕਿ ਸ਼ੈਤਾਨੀ ਕਰਮ ਨੂੰ ਛੁਪਾਉਣ ਲਈ ਪਾਜ ਖਿਲੇਰਦਾ ਹੈ, ਪਖੰਡ ਕਰਦਾ ਹੈ, ਭੇਖ ਧਾਰਦਾ ਹੈ ਪਰ ਉਹ ਭੁੱਲ ਜਾਂਦਾ ਹੈ ਕਿ ਤਿੱਖੀ ਪੈਨੀ ਨਜ਼ਰ ਤੋਂ ਕੁਝ ਵੀ ਲੁਕਿਆ ਨਹੀਂ ਰਹਿੰਦਾ।

**ਮੂਲ ਸਿਧਾਂਤਾਂ ਦੀ ਠੋਸ ਹਕੀਕਤ**

*ਕਰਤੂਤਿ ਪਸੂ ਕੀ ਮਾਨਸ ਜਾਤਿ ॥*
*ਲੋਕ ਪਚਾਰਾ ਕਰੈ ਦਿਨ ਰਾਤਿ ॥*
*ਬਾਹਰਿ ਭੇਖ ਅੰਤਰਿ ਮਲੁ ਮਾਇਆ ॥*
*ਛਪਸਿ ਨਾਹਿ ਕਛੁ ਕਰਹਿ ਛਪਾਇਆ ॥*

ਜਦ ਧਰਮ ਅਲੋਪ ਹੋ ਜਾਏ, ਇਨਸਾਨ ਵਿਚ ਆਪਣੇ ਅੰਦਰ ਝਾਕਣ ਦੀ ਸ਼ਕਤੀ ਮੁੱਕ ਜਾਏ ਤਾਂ ਉਸ ਦੀ ਥਾਂ 'ਪ੍ਰੋਹਿਤ' ਲੈ ਲੈਂਦਾ ਹੈ ਅਤੇ 'ਪ੍ਰੋਹਿਤ' ਵਸ ਪਈ ਆਤਮਾ ਉਡਾਣ ਭਰਨ ਜੋਗ ਨਹੀਂ ਰਹਿੰਦੀ।

ਕੁਝ ਐਸਾ ਹੀ ਹੋਇਆ ਮਹਾਰਾਜਾ ਰਣਜੀਤ ਸਿੰਘ ਵੇਲੇ। ਭਾਵੇਂ ਆਪਣੇ ਵਲੋਂ ਗੁਰਦੁਆਰਿਆਂ ਨੂੰ ਆਰਥਿਕ ਤੌਰ 'ਤੇ ਸੁਤੰਤਰ ਕਰਨ ਲਈ ਮਹਾਰਾਜਾ ਰਣਜੀਤ ਸਿੰਘ ਨੇ ਹਰ ਧਰਮ ਅਸਥਾਨ ਨਾਲ ਜਾਗੀਰਾਂ ਲਗਾਈਆਂ ਤਾਂ ਕਿ ਪ੍ਰਬੰਧਕ ਅਤੇ ਗ੍ਰੰਥੀ ਬਾਹਰ ਨਾ ਤੱਕਣ, ਪਰ ਹੌਲੇ ਹੌਲੇ ਧਰਮ ਅਸਥਾਨ ਉਹਨਾਂ ਦੇ ਨਿੱਜੀ ਅਦਾਰੇ ਹੀ ਬਣ ਗਏ। ਜਿਥੇ 'ਥਿਰ ਨਰਾਇਣ, ਥਿਰ ਗੁਰ, ਥਿਰ ਸ਼ਬਦ ਵੀਚਾਰ' ਹੋਣੀ ਸੀ ਉਥੇ 'ਕੂਰ ਕਿਰਿਆ' ਹੀ ਪ੍ਰਧਾਨ ਹੋ ਗਈ।

ਰੁਚੀ ਰਾਮ ਸਾਹਨੀ ਨੇ ਗੁਰਦੁਆਰਾ ਰੀਫ਼ਾਰਮ ਮੂਵਮੈਂਟ ਦੇ ਇਤਿਹਾਸ ਵਿਚ ਠੀਕ ਲਿਖਿਆ ਹੈ ਜੋ ਮਹਾਰਾਜਾ ਆਪੂੰ ਸਾਰੀ ਉਮਰ ਤਖ਼ਤ 'ਤੇ ਨਹੀਂ ਬੈਠਾ, ਜਿਸ ਕਮਰਕੱਸਾ ਨਹੀਂ ਉਤਾਰਿਆ, ਆਪਣੇ ਨਾਂ ਦੇ ਸਿੱਕੇ ਨਹੀਂ ਚਲਾਏ, ਆਪਣੇ ਆਪ ਨੂੰ ਗੁਰੂ ਘਰ ਦਾ



Sri Satguru Jagjit Singh Ji eLibrary NamdhariElibrary@gmail.com

ਰਪਟੀਆ ਕਹਿੰਦਾ ਰਿਹਾ, ਉਸ ਨੂੰ ਵੀ ਖ਼ੁਸ਼ਾਮਦੀਆਂ, ਬਾਹਰੋਂ ਆਏ ਡੋਗਰਿਆਂ, ਪੂਰਬੀਆਂ ਤੇ ਪੱਛਮੀਆਂ ਨੇ ਇਹ ਯਕੀਨ ਦਿਵਾ ਦਿੱਤਾ ਕਿ ਉਹ ਕਾਹਦਾ ਰਾਜਾ ਹੈ ਜੋ ਰਸਮਾਂ ਨਾ ਕਰੇ, ਹੀਰੇ ਨਾ ਪਹਿਣੇ, ਗਹਿਣੇ ਨਾ ਪਾਏ, ਕਲਗੀ ਨਾ ਲਗਾਏ। ਦੇਖਦੇ-ਦੇਖਦੇ ਉਹ ਸਭ ਕੁਝ ਕਰਨ ਲੱਗ ਪਿਆ। ਇਥੋਂ ਤਕ ਹਾਲਤ ਨਿੱਘਰ ਗਈ ਕਿ ਬਿਰਧਾਂ (ਬਜ਼ੁਰਗਾਂ) ਦੇ ਬਿਆਨ ਵਿਚ ਸਰਦਾਰ ਕਰਮ ਸਿੰਘ ਹਿਸਟੋਰੀਅਨ ਨੇ ਇਕ ਬਿਆਨ ਮਾਈ ਸਤਨਾਮੋ ਦਾ ਦਰਜ ਕੀਤਾ ਹੈ। ਸਤਨਾਮੋ ਨੇ ਦੱਸਿਆ ਕਿ ਉਸ ਦਾ ਸਹੁਰਾ ਮਹਾਰਾਜਾ ਰਣਜੀਤ ਸਿੰਘ ਦਾ ਅੰਗੀਠੀਆ ਸੀ। ਕਰਮ ਸਿੰਘ ਹਿਸਟੋਰੀਅਨ ਦੇ ਪੁੱਛਣ ਤੇ ਕਿ ਉਹ ਕੀ ਹੁੰਦਾ ਹੈ ਤਾਂ ਮਾਈ ਦੱਸਣ ਲੱਗੀ ਕਿ ਅੰਗੀਠੀਆ ਹੁੰਦਾ ਹੈ ਜੋ ਸਰਦੀਆਂ ਵਿਚ ਸੋਨੇ ਦੀ ਬਣੀ ਅੰਗੀਠੀ ਤੇ ਗਰਮੀਆਂ ਵਿਚ ਚਾਂਦੀ ਘੜੀ ਅੰਗੀਠੀ ਅੰਮ੍ਰਿਤ ਵੇਲੇ ਬਾਲ ਹਰ ਰੋਜ਼ ਮਹਾਰਾਜੇ ਪਾਸ ਲੈ ਜਾਵੇ ਅਤੇ ਜਾਗਦੇ ਸਾਰ ਉਸ ਨੂੰ ਬੈਸੰਤਰ ਦੇਵਤਾ ਦੇ ਦਰਸ਼ਨ ਕਰਾ ਕੇ ਪਰਕਰਮਾ ਕਰਵਾ ਕੇ ਪੂਜਾ ਹਾਸਲ ਕਰੇ।

ਇਨ੍ਹਾਂ ਤੇ ਹੋਰ ਕਈ ਕੁਰੀਤੀਆਂ ਦੇ ਵਿਰੁੱਧ ਹੀ ਰਾਜ ਦੇ ਸਮੇਂ ਹੀ ਬਾਬਾ ਦਇਆਲ ਜੀ ਨੇ ਪਹਿਲਾਂ ਪੇਸ਼ਾਵਰ ਤੇ ਪਿੱਛੋਂ ਰਾਵਲ-ਪਿੰਡੀ ਆਵਾਜ਼ ਉਠਾਈ। ਫ਼ਜ਼ੂਲ ਰਸਮਾਂ ਵਿਰੁੱਧ ਭਾਈ ਬਾਲਕ ਸਿੰਘ ਨੇ 'ਜਗਿਆਸੀ ਅਭਿਆਸੀ ਸੰਪ੍ਰਦਾ' ਬਣਾ ਕੇ ਲੋਕਾਂ ਨੂੰ ਲਾਮਬੰਦ ਕੀਤਾ। ਜਦ ਦੋਵਾਂ ਨੇ ਆਪ ਵੀ ਸ਼ੁਹਰਤ ਹੁੰਦੀ ਦੇਖ ਪੈਗ਼ੰਬਰੀ ਦਾਅਵੇ ਕਰਨੇ ਅਰੰਭ ਕਰ ਦਿੱਤੇ ਤੇ ਫਿਰ ਪੈਰੋਕਾਰਾਂ ਨੇ ਨਵਾਂ ਅਵਤਾਰ ਹੀ ਬਣਾ ਦਿੱਤਾ ਤਾਂ ਲਹਿਰਾਂ ਸਾਗਰ ਨਾਲੋਂ ਵੱਖ ਹੋ ਕੇ ਆਪਣੇ ਹੀ ਵਹਿਣ ਵਿਚ ਵਗਣ ਲੱਗ ਗਈਆਂ। ਹੌਲੇ-ਹੌਲੇ ਸਾਗਰ ਨਾਲੋਂ ਟੁੱਟ ਹੀ ਗਈਆਂ। ਜੋ ਜਾਗ੍ਰਿਤ ਦੀ ਲਹਿਰ ਸਿੱਖਾਂ ਵਿਚ ਕਿਤੇ ਪਹਿਲੀ ਅਕਤੂਬਰ ੧੮੭੩ ਨੂੰ ਜਾ ਕੇ ਉਠੀ ਉਸ ਬਹੁਤ ਪਹਿਲਾਂ ਹੀ ਉਠ ਖਲੋਣਾ ਸੀ, ਜੇ ਨਿਰੰਕਾਰੀਆਂ ਤੇ ਨਾਮਧਾਰੀਆਂ ਵਿਚ ਵਿਅਕਤੀ ਭਾਵ ਇਤਨੇ ਗਹਿਰੇ ਨਾ ਹੁੰਦੇ।

ਸਿੰਘ ਸਭਾ ਲਹਿਰ ਦੀ ਵੱਡੀ ਵਡਿਆਈ ਇਹ ਹੈ ਕਿ ਇਹ ਇਕ ਦੀ ਨਾ ਹੋ ਕੇ ਸਮੂਹ ਪੰਥ ਦੀ ਬਣੀ ਰਹੀ। ਆਪਣੇ ਦਸ ਨੁਕਾਤੀ ਪ੍ਰੋਗਰਾਮ ਵਿਚ ਸਿੰਘ ਸਭਾ ਨੇ ਕਿਸੇ ਵਿਅਕਤੀ ਵਿਸ਼ੇਸ਼ ਦਾ ਆਦਰ ਨਾ ਕਰ ਗੁਰੂ ਸਿਧਾਂਤਾਂ ਨੂੰ ਹੀ ਉੱਚਤਮ ਥਾਂ ਦਿੱਤੀ। ਇਤਨੀ ਸਖ਼ਤ ਸੰਭਾਲ ਰੱਖੀ ਸਿੰਘ ਸਭਾ ਦੇ ਮੋਢੀਆਂ ਨੇ ਕਿ ਸ੍ਰੀ ਅੰਮ੍ਰਿਤਸਰ ਆਪਣਾ ਕੋਈ ਵੱਖ ਅਸਥਾਨ ਗੁਰਦੁਆਰਾ ਤਕ ਵੀ ਨਾ ਬਣਾਇਆ ਤਾਂ ਕਿ ਲੋਕੀਂ ਦਰਬਾਰ ਸਾਹਿਬ ਨਾਲੋਂ ਨਾ ਟੁੱਟਣ।

ਇਕ ਹੋਰ ਮਿੱਥ ਵੀ ਹੁਣ ਬਿਲਕੁਲ ਟੁੱਟ ਜਾਣੀ ਚਾਹੀਦੀ ਹੈ ਕਿ ਉਹ ਅੰਗ੍ਰੇਜ਼ ਹੀ ਹਨ, ਜਿਹਨਾਂ ਸਿੱਖਾਂ ਵਿਚ ਆਪਣੀ ਹੋਂਦ ਤੇ ਹਸਤੀ ਦੀ ਕਦਰ ਜਗਾਈ। ਭਲਾ ਕੋਈ ਪੁੱਛੇ ਕਿ ਦਬਿਸਤਾਨਿ ਮਜ਼ਾਹਬ ਦਾ ਲਿਖਾਰੀ ਮੁਹਸਨ ਫ਼ਾਨੀ, ਜੋ ਛੇਵੇਂ ਤੇ ਸਤਵੇਂ ਗੁਰ ਪਾਤਸ਼ਾਹ ਦਾ ਸਮਕਾਲੀ ਸੀ ਤੇ ਗੁਰੂ ਹਰਿਗੋਬਿੰਦ ਜੀ ਪਾਸ ਕਿਤਨੇ ਹੀ ਸਾਲ ਰਿਹਾ, ਕੀ ਕਿਸੇ ਅੰਗਰੇਜ਼ ਨੇ ਭੇਜਿਆ ਸੀ ?

ਉਸ ਨੇ ਨਾਨਕ ਪੰਥੀਆਂ ਬਾਰੇ ਆਪਣੀ ਪੁਸਤਕ ਇਹਨਾਂ ਸਤਰਾਂ ਨਾਲ ਸ਼ੁਰੂ ਕੀਤੀ :

Sri Satguru Jagjit Singh Ji eLibrary NamdhariElibrary@gmail.com

*ਨਾਨਕ ਪੰਥੀ ਜੋ ਗੁਰਸਿੱਖ ਕਰਕੇ ਜਾਣੇ ਜਾਂਦੇ ਹਨ, ਨਾ ਉਹ ਮੰਨਦੇ ਹਨ ਬੁੱਤ ਨੂੰ ਅਤੇ ਨਾ ਹੀ ਬੁੱਤਖਾਨੇ ਨੂੰ।* (ਨਾਨਕ ਪੰਥੀਆਂ ਕਿ ਮਾਰੂਫ ਬ ਗੁਰੂ ਸਿੱਖਾਂ-ਨੰਦ ਵ-ਬੁੱਤ ਵ ਬੁੱਤਖਾਨਾ ਅਹਿਤਕਰਦ ਨਾਰਦ)। ਫਿਰ ਉਹ ਲਿਖਦਾ ਹੈ :

ਸਿੱਖ ਹਿੰਦੂਆਂ ਦੇ ਮੰਤਰ ਨਹੀਂ ਪੜ੍ਹਦੇ। ਨਾ ਹੀ ਮੰਦਰ ਵਿਚ ਰੱਖੇ ਬੁੱਤਾਂ ਦੀ ਪੂਜਾ ਕਰਦੇ ਹਨ ਅਤੇ ਨਾ ਹੀ ਅਵਤਾਰ ਭਗਤੀ ਇਹਨਾਂ ਵਿਚ ਹੈ। *ਸੰਸਕ੍ਰਿਤ ਬੋਲੀ, ਜਿਸ ਨੂੰ ਹਿੰਦੂ ਦੇਵ ਬੋਲੀ ਕਹਿੰਦੇ ਹਨ, ਲਈ ਵੀ ਸਿੱਖਾਂ ਵਿਚ ਆਦਰ ਦੀ ਭਾਵਨਾ ਨਹੀਂ।* 'ਈਸ਼ਾ ਰਾਬ ਜ਼ਬਾਨਿ ਸੰਸਕ੍ਰਿਤ ਕਿ ਬਕੋਹ ਇਹ ਹਿੰਦੂ ਜ਼ਬਾਨਿ ਫਰਿਸ਼ਤ ਰਾ ਸਤਿ ਸ੍ਰੀ ਨਾ ਬਾਸ਼ਦ।'

ਸਾਦੇ ਸਰਲ ਅਸੂਲਾਂ ਕਰਕੇ ਹਰ ਗੁਰੂ ਪਾਤਸ਼ਾਹ ਦੇ ਸਮੇਂ ਸਿੱਖਾਂ ਦੀ ਗਿਣਤੀ ਵਧਦੀ ਹੀ ਗਈ ਅਤੇ ਗੁਰੂ ਅਰਜਨ ਦੇਵ ਜੀ ਵੇਲੇ ਤਕ ਅਨੇਕਾਂ ਹੀ ਸਿੱਖ ਬਣ ਗਏ। ਗੁਰੂ ਹਰਿਗੋਬਿੰਦ ਜੀ ਵੇਲੇ ਤਾਂ ਭੈਰਉ ਨਾਂ ਦਾ ਇਕ ਸਿੱਖ ਬੁੱਤ ਤਕ ਤੋੜ ਆਇਆ।

ਬੱਸ ਉਹ ਹੀ ਮੂਲ ਸਿਧਾਂਤ ਉਨ੍ਹੀਵੀਂ ਸਦੀ ਦੇ ਅੰਤ ਤੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਕਦੇ ਸਿੰਘ ਸਭਾ, ਕਦੀ ਗ਼ਦਰੀ ਬਾਬਿਆਂ, ਕਦੀ ਬੱਬਰਾਂ ਅਤੇ ਫਿਰ ਅਕਾਲੀ ਲਹਿਰ ਦੀ ਸ਼ਕਲ ਵਿਚ ਐਸੇ ਫੁੱਟੇ ਕਿ ਪੂਰੀ ਲਹਿਰ ਹੀ ਬਣ ਗਈ। ।◆।

Sri Satguru Jagjit Singh Ji eLibrary NamdhariElibrary@gmail.com

## ਇਕਵੰਜਾ

# ਕੌਮੀ ਗੁਣ

ਉਂਜ ਤਾਂ ਕਿਤਨੇ ਹੀ ਕਾਰਨ ਸਨ, ਸਿੰਘਾਂ ਦੇ ਘੱਲੂਘਾਰਿਆਂ ਵੇਲੇ ਨਾ ਮਿਟਣ ਦੇ, ਜਿਨ੍ਹਾਂ ਵਿਚੋਂ ਚੰਗੇ ਆਗੂ, ਠੀਕ ਨੀਤੀ, ਸੁਚੱਜੀ ਰਣਨੀਤੀ, ਚੜ੍ਹਦੀ ਕਲਾ, ਤਿਕੋਣੀ ਜੰਗ ਦਾ ਹੋਣਾ, ਲੋਕਾਂ ਵਿਚ ਸਿੱਖਾਂ ਪ੍ਰਤੀ ਅਥਾਹ ਹਮਦਰਦੀ ਤੇ ਸ਼ਰਧਾ, ਸਿੰਘਣੀਆਂ ਦੇ ਕਰਤੱਵ ਆਖੇ ਜਾ ਸਕਦੇ ਹਨ ਪਰ ਇਤਿਹਾਸਕਾਰ ਰਾਜਰਜ਼ ਦਾ ਕਹਿਣਾ ਹੈ ਕਿ ਚਾਰ ਕੌਮੀ ਬੁਨਿਆਦੀ ਗੁਣ ਐਸੇ ਸਨ ਜਿਨ੍ਹਾਂ ਨੇ ਕੌਮ ਦਾ ਸਿਰ ਬੁਲੰਦ ਰੱਖਿਆ ਤੇ ਕੌਮ ਹਰ ਮੁਸੀਬਤ ਵਿਚੋਂ ਸੁਰਖਰੂ ਹੋ ਕੇ ਨਿਕਲੀ।

**ਚੜ੍ਹਦੀ ਕਲਾ ਵਿਚ ਰਹਿਣ ਦਾ ਕਾਰਨ**

*ਪਹਿਲਾ ਗੁਣ* : ਸਿੱਖਾਂ ਦਾ ਅਨਿੰਨ ਵਿਸ਼ਵਾਸ ਸੀ ਕਿ ਉਹ ਇਕ ਦਿਨ ਇਸ ਧਰਤੀ ਦੇ ਰਾਜੇ ਹੋਣਗੇ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ 'ਰਾਜ ਕਰੇਗਾ ਖ਼ਾਲਸਾ' ਦਾ ਵਰ ਦੇ ਗਏ ਹਨ। ਸਿੱਖਾਂ ਦਾ ਵਿਸ਼ਵਾਸ ਸੀ ਕਿ ਜਿਥੇ ਵੀ ਉਹ ਧਰਮ ਯੁੱਧ ਕਰ ਰਹੇ ਹਨ, ਗੁਰੂ ਆਪ ਵਿਚ ਹੋ ਕੇ ਲੜਦੇ ਹਨ।

ਕਲਗੀਧਰ ਨੇ ਇਕ ਵਾਰੀ ਬਚਨ ਕੀਤਾ ਸੀ : ਜਿਥੇ ਸਿੰਘ ਧਰਮ ਦੇ ਵਾਸਤੇ ਸਿੱਖੀ ਦੇ ਪਰਉਪਕਾਰ ਲਈ ਯੁੱਧ ਕਰਨਗੇ ਉਥੇ ਮੇਰਾ ਸਿੱਖਾਂ ਦੇ ਵਿਚ ਦੀਦਾਰ ਹੋਸੀ।

ਬਾਤ ਬਾਤ ਵਿਚ ਸਿੱਖ ਗੁਰੂ ਗੁਰੂ ਕਰਦੇ ਸਨ। ਸਿੱਖ ਸ਼ਹੀਦੀਆਂ ਪਾਉਣ ਵੇਲੇ ਇਹ ਹੀ ਕਹਿੰਦੇ ਸਨ :

*ਸਿੱਖਨ ਕਾਰਨ ਸਤਿਗੁਰ, ਦੀਨ ਸੀਸ ਲਗਾਇ।*
*ਸੋ ਸਿੱਖ ਹਮ ਉਸ ਗੁਰ ਕੇ, ਕਿਮ ਰਾਖੇ ਸੀਸ ਬਚਾਇ॥*

ਅਬਦਾਲੀ ਨੇ ਬਾਬਾ ਆਲਾ ਸਿੰਘ ਕੋਲੋਂ ਇਕ ਵਾਰੀ ਪੁੱਛਿਆ ਕਿ ਇਹ ਮਾਰਿਆਂ ਮਰਦੇ ਕਿਉਂ ਨਹੀਂ ਤਾਂ ਬਾਬਾ ਆਲਾ ਸਿੰਘ ਨੇ ਕਿਹਾ :

ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਨੂੰ ਵਰ ਦੇ ਗਏ ਹਨ ਕਿ ਜਿਥੇ ਇਕ ਧਰਮ ਦੇ ਰਾਹ ਸ਼ਹੀਦ ਹੋਵੇਗਾ ਉਥੇ ਹੀ ਦੋ ਹੋਰ ਦੂਣੇ ਉਤਸ਼ਾਹ ਤੇ ਜਜ਼ਬੇ ਨਾਲ ਉੱਠ ਥਾਂ ਲੈ ਲੈਣਗੇ :

*'ਅਗਰ ਯਕ ਸਗੋ ਮੁਰਦ ਪਰ ਜਾਇ ਊ,*
*ਦੋ ਸਗ ਦੀਗਰ ਆਇਦ, ਸਵਦ ਕੀਨਾ ਜੂ,*



Sri Satguru Jagjit Singh Ji eLibrary NamdhariElibrary@gmail.com

*ਕਿ ਹਸਤ ਈਂ, ਦੁਆਇ ਗੁਰੂ-ਏ-ਸਗਾਂ*
*ਕਿ ਯਕ ਸਗ ਰੂਦ, ਦੋ ਸਗ ਆਇਦ ਅਜ਼ਾਂ।*

(ਜੰਗਨਾਮਾ, ਬਿਆਨ ਪੈਂਤੀਆਂ)

*ਦੂਜਾ ਕੌਮੀ ਗੁਣ* : ਸਿੱਖ ਧਰਤੀ ਦੇ ਜਾਣੂ ਪੁੱਤਰ ਸਨ। ਸਿੱਖ ਪੰਜਾਬ ਦੇ ਹਰ ਇਕ ਛੰਭ, ਹਰ ਨਗਰ, ਹਰ ਜੂਹ, ਹਰ ਕੰਦਰ ਤੇ ਰਾਹਾਂ-ਪਾਹਾਂ ਤੋਂ ਜਾਣੂ ਸਨ। ਆਪੂੰ ਅਫ਼ਗਾਨ ਕਹਿੰਦੇ ਸਨ :

*ਉਹ (ਸਿੱਖ) ਭੂਮੀਏ, ਹਮ ਪ੍ਰਦੇਸੀ।*

ਸਿੱਖ ਪੰਜਾਬ ਦੇ ਆਪਣੇ ਆਪ ਨੂੰ 'ਵਾਰਿਸ' ਸਮਝਦੇ ਸਨ ਤੇ ਉਨ੍ਹਾਂ ਦਾ ਸਦਾ ਇਹ ਕਹਿਣਾ ਸੀ ਕਿ ਜਦ ਸੰਸਾਰ ਭਰ ਦੇ ਮੁਲਕਾਂ ਦੀ ਵੰਡ ਕੀਤੀ ਗਈ ਤਾਂ *'ਪੰਜਾਬ ਮੁਲਖ ਨਾਨਕ ਕੋ ਆਇਆ।'*

ਇਸ ਤੇ ਗ਼ੈਰਾਂ ਦਾ ਕਬਜ਼ਾ ਨਹੀਂ ਹੋਣ ਜਾਂ ਰਹਿਣ ਦੇਣਾ। ਪੰਜਾਬ ਨਾ ਮੁਗ਼ਲ ਸਾਮਰਾਜ ਦਾ ਤੇ ਨਾ ਹੀ ਅਫ਼ਗਾਨ ਸਾਮਰਾਜ ਦਾ ਹਿੱਸਾ ਬਣਨ ਦੇਣਾ ਹੈ। ਸਿੱਖ ਇਹ ਸਮਝਦੇ ਸਨ ਕਿ ਦੱਖਣ ਪੱਛਮ ਨੇ ਪੰਜਾਬ ਨੂੰ ਲੁੱਟਣ ਦਾ ਮਨਸੂਬਾ ਬਣਾਇਆ ਹੈ ਅਤੇ ਇਹ ਸਾਜ਼ਿਸ਼ ਸਿਰੇ ਨਹੀਂ ਚੜ੍ਹਨ ਦੇਣੀ :

*ਯਹੀ ਦੌਲਤ ਪੰਜਾਬ ਸਿੱਖ ਖਾਹਿ।*
*ਦੱਖਣੀ ਪੱਛਮੀ ਕਿਮ ਲੁਟ ਲੈ ਜਾਇ।*

*ਤੀਜਾ ਕੌਮੀ ਗੁਣ* : ਆਚਰਣ ਦੀ ਉਚਤਾ ਤੇ ਤਿਆਗ ਦੀ ਭਾਵਨਾ ਸੀ।

ਸਿੱਖਾਂ ਨੇ ਪਹਿਲਾ ਸਬਕ ਹੀ 'ਮਰਣ ਕਬੂਲ' ਦਾ ਗੁਰੂ ਘਰ ਤੋਂ ਲਿਆ ਸੀ। ਗੁਰਾਂ ਦਾ ਫ਼ਰਮਾਨ ਉਨ੍ਹਾਂ ਨੂੰ ਯਾਦ ਸੀ :

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*

ਆਪਾ ਵਾਰਨ ਤੇ ਤਿਆਗ ਦੀ ਇਹ ਭਾਵਨਾ ਸੀ ਕਿ :

*ਕੋਈ ਨਾ ਕਰੈ ਕਿਸੀ ਸ਼ਰੀਕਾ॥*
*ਕੋਈ ਨਾ ਸੁਣਾਵੈ ਦੁਖ ਨਿਜ ਜੀਅ ਕਾ॥*

ਬੰਸਾਵਲੀ ਨਾਮਾ ਵਿਚ ਲਿਖਿਆ ਹੈ : *ਤਿਨਾ ਸਿੱਖਾਂ ਕੇ ਤਪ ਕਰ, ਤੁਰਕਾਂ ਦਾ ਹੋਆ ਹੈ ਨਾਸ ਅਤੇ (ਹੁਣ ਵੀ) ਉਹਨਾਂ ਹੀ ਸਿੱਖਾਂ ਦੇ ਤਪ, ਭਜਨ ਅਤੇ ਸੀਸ ਦੇਣੇ ਕਰ, ਖ਼ਾਲਸੇ ਦਾ ਹੋਣਾ ਹੈ ਪ੍ਰਕਾਸ਼।*

ਆਚਰਣ ਸਿੱਖਾਂ ਦਾ ਸਿਖਰ ਤੇ ਸੀ। ਕਾਜ਼ੀ ਨੂਰ ਮੁਹੰਮਦ ਨੇ ਲਿਖਿਆ ਹੈ : ਲੜਨ ਢੰਗ ਤੋਂ ਇਲਾਵਾ ਸਿੱਖਾਂ ਦਾ ਇਕ ਹੋਰ ਗੁਣ ਵੀ ਸੁਣਨ ਵਾਲਾ ਹੈ, ਉਸ ਗੁਣ ਵਿਚ ਉਹ ਹੋਰਨਾਂ ਸੂਰਮਿਆਂ ਨਾਲੋਂ ਬਹੁਤ ਉਚੇਰੇ ਹਨ।

ਉਸ ਮਰਦ ਨੂੰ ਜੋ ਲੜਾਈ ਵਿਚ ਹਥਿਆਰ ਸੁੱਟ ਦੇਵੇ, ਸਿੱਖ ਕਦੇ ਨਹੀਂ ਮਾਰਦੇ ਅਤੇ ਨਾ ਹੀ ਨੱਸੇ ਜਾਂਦੇ ਨੂੰ ਪਕੜਦੇ ਹਨ।

Sri Satguru Jagjit Singh Ji eLibrary NamdhariElibrary@gmail.com

ਸੀ ਕਿ ਹੁਣ 'ਜਪੁ' ਪ੍ਰਗਟ ਤੌਰ 'ਤੇ ਹੋਵੇਗਾ। ਗੁਰੂ ਨੇ ਮਨੌਤ ਤੋੜੀ ਹੈ। 'ਕਹਿ ਪ੍ਰਗਟ ਆਖਿ ਸੁਣਾਇਆ।' ਜਪੁ ਕਿਸੇ ਦੀ ਨਿਜੀ ਮਲਕੀਅਤ ਨਹੀਂ।

'ਨੀਸਾਣੁ' ਦੇ ਅਰਥ 'ਮੁਹਰ' ਜਾਂ 'ਦਸਤਖ਼ਤ' ਵੀ ਹਨ। ਜਿਸ ਦਾ ਭਾਵ ਹੈ ਕਿ ਅੱਗੇ ਸਿਵਾਇ 'ਜਪੁ' ਦੀ ਮੁਹਰ ਦੇ ਹੋਰ ਕੁਝ ਨਹੀਂ ਟੁਰਨਾ। ਇਹ ਦਸਤਖ਼ਤ ਹੀ ਚੱਲਣਗੇ। ਕਿਸੇ ਵਿਅਕਤੀ, ਪੈਗ਼ੰਬਰ, ਅਵਤਾਰ ਜਾਂ ਗੁਰੂ ਦੀ ਸਿਫ਼ਾਰਸ਼ ਨਹੀਂ ਚੱਲਣੀ।

'ਨੀਸਾਣੁ' ਦੇ ਇਕ ਹੋਰ ਅਰਥ 'ਰਾਹਦਾਰੀ' ਵੀ ਹੈ। 'ਜਪੁ' ਹੀ ਇਕ ਰਾਹਦਾਰੀ ਹੈ ਜੋ ਸਚਿ ਖੰਡ ਵਿਚ ਚੱਲਣੀ ਹੈ। ਇਸ ਰਾਹਦਾਰੀ ਦੇ ਹੁੰਦੇ ਕੋਈ ਦਰਗਾਹ 'ਰੇ ਰੇ' ਨਹੀਂ ਕਹੇਗਾ, ਸਗੋਂ ਸਭ ਜਮ ਸਮੇਤ ਆਦਰ ਦੇਣਗੇ ਅਤੇ ਸਤਿਕਾਰ ਨਾਲ ਬੁਲਾਉਣਗੇ ਅਤੇ ਬਿਠਾਉਣਗੇ।

'ਨੀਸਾਣੁ' ਦੇ ਅਰਥ ਲੇਖ ਵੀ ਹਨ। ਸੋ ਜਦ ਤਕ ਸਵਾਸ ਹਨ, 'ਜਪੁ' ਦਾ ਹੀ ਲੇਖ ਲਿਖਣਾ ਹੈ। ਇਹ ਹੀ ਸਾਡੇ ਸਾਰੇ ਲੇਖ ਬਣਾਏਗਾ। ਇਸ 'ਜਪੁ' ਕਾਰਨ ਹੀ ਵਾਹਿਗੁਰੂ ਦੇ ਨੇੜੇ ਹੋਵਾਂਗੇ ਅਤੇ ਜੇ ਹਿਰਦਾ ਰੂਪ ਕਾਗ਼ਜ਼ ਕੋਰਾ ਰਿਹਾ ਜਾਂ ਗ਼ਲਤ ਲੇਖ ਲਿਖੇ ਹੋਏ ਤਾਂ ਚੋਟਾਂ ਖਾਣੀਆਂ ਪੈਣਗੀਆਂ।

'ਨੀਸਾਣੁ' ਦੇ ਇਕ ਹੋਰ ਅਰਥ ਮਾਪ, ਸਟੈਂਡਰਡ ਵੀ ਹਨ। ਹਰ ਕੋਈ ਜਪੁ ਦੇ ਪੈਮਾਨੇ ਨਾਲ ਹੀ ਮਾਪਿਆ ਜਾਏਗਾ।

'ਜਪੁ ਨੀਸਾਣੁ' ਇਹ ਹੀ ਪ੍ਰਗਟਾਉਂਦਾ ਹੈ ਕਿ ਸਿੱਖ ਹੁਣ ਛੁਪ ਕੇ ਜਾਪ ਨਹੀਂ ਕਰੇਗਾ। ਟਿਕ ਕੇ 'ਜਪੁ ਸਾਹਿਬ' ਪੜ੍ਹਨ ਦੀ ਬੜੀ ਵਡਿਆਈ ਹੈ। ਗੁਰੂ ਹਰਿਗੋਬਿੰਦ ਜੀ ਤਾਂ ਭਾਈ ਗੋਪਾਲ ਨਾਂ ਦੇ ਸਿੱਖ ਨੂੰ ਗੁਰ-ਗੱਦੀ ਸੌਂਪਣ ਤਕ ਚਲੇ ਗਏ ਸਨ। ਇਹ ਵੱਖਰੀ ਗੱਲ ਹੈ ਕਿ ਉਸ ਦਾ ਮਨ 'ਚੀਨੇ' ਘੋੜੇ ਤੇ ਆ ਖਲੋਤਾ ਸੀ।

'ਜਪੁ' ਗੁਰੂ ਫ਼ਲਸਫ਼ੇ ਦਾ ਨਿਚੋੜ ਹੈ। ਇਹ ਖ਼ਿਆਲ ਪੱਕ ਗਿਆ ਹੈ ਕਿ ਜਦ ਵੇਈਂ ਨਦੀ ਵਿਚ ਟੁਬਕੀ ਲਗਾ ਕੇ ਗੁਰੂ ਨਾਨਕ ਜੀ ਰੱਬੀ ਦਰਗਾਹ ਪੁੱਜੇ ਤਾਂ ਆਵਾਜ਼ਾ ਹੋਇਆ : 'ਨਾਨਕ ਮੇਰੇ ਹੁਕਮ ਦੀ ਸਿਫ਼ਤ ਕਰ।' ਬਾਬਾ ਬੋਲਿਆ, ਧੁਨ ਉੱਠੀ ਰਾਗ ਆਸਾ ਜਪੁ ਮਹਲਾ ੧। ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ। ੧। ਜਪੁ ਸੰਪੂਰਨ ਕੀਤਾ।

ਇਕ ਹੋਰ ਵਿਚਾਰ ਇਸੇ ਖ਼ਿਆਲ ਦੀ ਪੁਸ਼ਟੀ ਵਿਚ ਮਿਹਰਬਾਨ ਦੀ ਜਨਮ ਸਾਖੀ ਵਿਚ ਆਉਂਦਾ ਹੈ। ਜਦ ਗੁਰੂ ਨਾਨਕ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਉਪਦੇਸ਼ ਦਿਤਾ ਤਾਂ ਫ਼ਰਮਾਇਆ : 'ਪੁਰਖਾ ! ਪਾਰਬ੍ਰਹਮ ਦਾ ਹੁਕਮ ਹੈ ਕਿ ਸਿਫ਼ਤ ਮੇਰੇ ਨਾਮ ਦੀ ਕਰਨੀ।' ਗੁਰੂ ਨਾਨਕ ਦੇਵ ਜੀ ਨੇ ਸਾਰਾ ਖ਼ਜ਼ਾਨਾ ਗੁਰੂ ਅੰਗਦ ਦੇਵ ਜੀ ਅੱਗੇ ਰੱਖਿਆ ਤੇ ਜੋੜ ਬੰਧਿਆ ਜਪੁ ਕਾ, ਅਠਤੀਸ ਪਉੜੀਆਂ ਸਾਰੀ ਬਾਣੀ ਵਿਚੋਂ ਮੱਥ ਕਰ ਕੱਢੀਆਂ ਹਨ। ਸਾਰੀਆ ਬਾਣੀਆਂ ਦਾ ਤੱਤ ਹੈ, ਇਹ ਜਪੁ ਸਾਹਿਬ।

ਇਹ ਹੀ ਕਾਰਨ ਲੱਗਦਾ ਹੈ ਕਿ ਇਸ ਬਾਣੀ ਤੇ 'ਮਹਲਾ ਪਹਿਲਾ' ਨਹੀਂ ਹੈ। ਜਪੁ ਤੇ ਮਹੱਲਾ ਪਹਿਲਾ ਨਾ ਲਿਖਿਆ ਹੋਣ ਤੇ ਕਈ ਹੋਰ ਵਿਚਾਰ ਵੀ ਸਾਹਮਣੇ ਆਉਂਦੇ ਹਨ।

ਇਕ ਤਾਂ ਇਹ ਕਿ ਨਾਮ ਵਿਚ ਕਿਸੇ ਵਿਅਕਤੀ ਨੂੰ, ਭਾਵੇਂ ਉਹ ਕਿਤਨਾ ਵੱਡਾ ਹੈ

Sri Satguru Jagjit Singh Ji eLibrary NamdhariElibrary@gmail.com

## ਬਵੰਜਾ

# ਸੰਘਰਸ਼ਮਈ ਵਾਰਤਾ ਦੀ ਸਾਡੀ ਰਵਾਇਤ

ਸਾਡਾ ਸੰਘਰਸ਼ ਲੰਮਾ ਹੋਈ ਜਾਣ ਤੇ ਕਈ ਕਹਿੰਦੇ ਸੁਣੀਂਦੇ ਹਨ ਕਿ ਕਦ ਇਹ ਜਿੱਤ ਵਿਚ ਸਮਾਪਤ ਹੋਵੇਗਾ। ਉਨ੍ਹਾਂ ਨੂੰ ਪਹਿਲੀ ਤਾਂ ਉਹ ਗੱਲ ਮੈਂ ਯਾਦ ਕਰਾਉਣੀ ਹੈ ਜੋ ਸੰਸਾਰ ਪ੍ਰਸਿੱਧ ਖਿਲਾੜੀ ਨੇ ਭਾਵੇਂ ਕਿਸੇ ਹੋਰ ਪ੍ਰਸੰਗ ਵਿਚ ਕਹੀ ਸੀ ਪਰ ਢੁੱਕਦੀ ਸਾਡੇ 'ਤੇ ਵੀ ਹੈ। ਉਸ ਨੇ ਕਿਹਾ ਸੀ : ਅਸਲ ਵਿਚ ਇਹ ਨਹੀਂ ਤੱਕਣਾ ਹੁੰਦਾ ਕਿ ਕੋਈ ਕਿਤਨੀ ਤੇਜ਼ (ਫਾਸਟ) ਦੌੜ ਸਕਦਾ ਹੈ, ਤੱਕੀਦਾ ਇਹ ਹੈ ਕਿ ਕੋਈ ਕਿਤਨਾ ਚਿਰ (ਫ਼ਾਰ) ਦੌੜ ਸਕਦਾ ਹੈ।

**ਕਬਹੂ ਨ ਛਾਡੈ ਖੇਤੁ**

"ਕਬਹੂ ਨ ਛਾਡੈ ਖੇਤੁ" ਗੁਰੂ ਗ੍ਰੰਥ ਸਾਹਿਬ ਦਾ ਹੁਕਮ ਹੈ ਅਤੇ ਲੰਮਾ ਸੰਘਰਸ਼ ਤਕ ਕਦੇ ਨਾ ਘਾਬਰਨਾ ਸਾਡੀ ਕੌਮੀ ਰਵਾਇਤ ਹੈ।

ਕੌਮ ਵੀ ਵਚਨਬੱਧ ਹੈ ਕਿ ਜੇ ਰਹਿੰਦੇ ਕਾਲ ਤਕ ਵੀ ਸੰਘਰਸ਼ ਕਰਨਾ ਪਿਆ ਤਾਂ ਉਹ ਕਰਦੀ ਰਵ੍ਹੇਗੀ ਜਦ ਤਕ ਨਿਸ਼ਾਨੇ ਨੂੰ ਨਹੀਂ ਪਾ ਲੈਂਦੀ।

ਜੈ ਪ੍ਰਕਾਸ਼ ਨਾਰਾਇਣ ਨੇ ਐਮਰਜੈਂਸੀ ਦੌਰਾਨ ਮੋਰਚਾ ਲਗਾਤਾਰ ਚਲਦੇ ਦੇਖ ਕਿਹਾ ਸੀ ਕਿ ਬਹਾਦਰ ਕੌਮ ਸਿਰਫ਼ ਆਪਣੀ ਰਵਾਇਤ ਹੀ ਦੁਹਰਾ ਰਹੀ ਹੈ। ਮੈਨੂੰ ਕਲ੍ਹ ਵਾਂਗ ਯਾਦ ਹੈ ਕਿ ਜਦ ੨੫ ਜੂਨ, ੧੯੭੫ ਦੀ ਰਾਤ ਨੂੰ ਐਮਰਜੈਂਸੀ ਲੱਗਣ ਉਪਰੰਤ ਹੋਰ ਹਿੰਦੁਸਤਾਨੀ ਆਗੂ ਪਕੜੇ ਗਏ ਸਨ ਤਾਂ ਸਿੱਖ ਆਗੂਆਂ ਨੂੰ ਇੰਦਰਾ ਨੇ ਹੱਥ ਨਹੀਂ ਸੀ ਪਾਇਆ। ਗੁਪਤ ਏਜੰਸੀਆਂ ਨੂੰ ਇਹ ਹਦਾਇਤਾਂ ਦਿੱਤੀਆਂ ਗਈਆਂ ਸਨ : 'ਨਾਟ ਈਵਨ ਬਾਦਲ'। ੯ ਜੁਲਾਈ ਨੂੰ ਅਕਾਲੀ ਆਗੂ ਆਪੂੰ ਮੋਰਚਾ ਲਗਾ ਕੇ ਜੇਲ੍ਹੀਂ ਗਏ ਸਨ ਤੇ ਉਸੇ ਵੇਲੇ ਹੀ ਬਾਹਰ ਆਏ ਸਨ ਜਦ ਐਮਰਜੈਂਸੀ ਹਟਾਈ ਗਈ ਸੀ। ਅੱਜ ਵੀ ਕੌਮ ਇਕ ਆਵਾਜ਼ ਤੇ ਇਕੱਠੀ ਹੋ ਸਕਦੀ ਹੈ, ਜੇ ਆਗੂ ਸਾਂਝਾ ਕਦਮ ਉਠਾਉਣ। ਗੁਰੂ ਨਾਨਕ ਦੇਵ ਜੀ ਦੇ ਬਚਨ ਨੂੰ ਕਦੇ ਨ ਭੁੱਲਣਾ। ਉਨ੍ਹਾਂ ਕਹਿਆ ਸੀ : 'ਲਹੂ ਦੀ ਨਦੀ ਵਗ ਜਾਏ, ਲਾਸ਼ਾਂ ਦੇ ਢੇਰ ਲੱਗ ਜਾਣ, ਸੱਚੀ ਗੱਲ ਕਹਿਣੀ ਹੈ ਤੇ ਜ਼ਾਲਮ ਨਾਲ ਮੇਲ ਨਹੀਂ ਕਰਨਾ'। ਔਰੰਗਜ਼ੇਬ ਬੰਗਲਾ ਸਾਹਿਬ ਦੇ ਬਾਹਰ ਅੱਧੀ ਘੜੀ ਖੜ੍ਹਾ ਵੀ ਰਿਹਾ ਕਿ ਅੱਠਵੇਂ ਪਾਤਸ਼ਾਹ ਦਾ ਦੀਦਾਰ ਹੋ ਜਾਏ ਪਰ ਉਨ੍ਹਾਂ ਭਰਾਵਾਂ ਦੇ ਕਾਤਲ, ਬਾਪ ਦੇ ਦੋਖੀ ਤੇ ਸੈਂਕੜੇ ਬੇਦੋਸ਼ਿਆਂ ਦੇ ਕਾਤਲ ਨੂੰ ਮੂੰਹ ਨ ਲਗਾਇਆ। 'ਅੱਧੀ ਘੜੀ ਔਰੰਗਾ ਬਾਹਰ ਖੜ੍ਹਾ ਰਹਿਆ। ਸਾਹਿਬ ਸੁਣਦੇ ਹੀ ਦਰਵਾਜ਼ਾ ਬੰਦ ਕਰਾਇਆ'। ਮਹਿਮਾ ਪ੍ਰਕਾਸ਼ ਦੇ ਕਥਨ ਅਨੁਸਾਰ ਗੁਰੂ ਨਾਨਕ



Sri Satguru Jagjit Singh Ji eLibrary NamdhariElibrary@gmail.com

ਦੇਵ ਜੀ ਨੇ ਬਾਬਰ ਦੀ ਪੁੱਛ ਦੇ ਉੱਤਰ ਵਿਚ ਕਿ ਰਾਜ ਬਣਦਾ ਕਿਵੇਂ ਹੈ ਤੇ ਢਹਿੰਦਾ ਕਿਵੇਂ ਹੈ ਫ਼ਰਮਾਇਆ ਸੀ : ਰਾਜ ਬਣਦੇ ਹਨ ਤਪ ਤੇ ਤਿਆਗ ਨਾਲ ਤੇ ਢਹਿੰਦੇ ਹਨ ਜਦ ਅਦਾਲਤ ਦੇ ਦਰਵਾਜ਼ੇ ਬੰਦ ਕਰ ਦਿੱਤੇ ਜਾਣ। ਮੁਨਸਫ਼ ਇਨਸਾਫ਼ ਦੇਣੋਂ ਮਜਬੂਰੀ ਦੱਸੇ ਤੇ ਨਿਆਉਂ ਢੂੰਡਦਿਆਂ ਵੀ ਨਾ ਮਿਲੇ। ਇਨਸਾਫ਼ ਦੀ ਥਾਂ ਜਦ ਮਰਜ਼ੀ ਟੁਰੇ ਤਾਂ ਰਾਜ ਬਦਲ ਜਾਂਦਾ ਹੈ।

*ਜਬ ਛੂਟੈ ਅਦਾਲਤ, ਹੋਇ ਬੇਅਦਲ।*
*ਜਬ ਛੂਟੈ ਨਿਆਉਂ, ਰਾਜ ਹੋਇ ਬਦਲ।*

ਕੀ ਬਿਲਕੁਲ ਇਸੇ ਤਰ੍ਹਾਂ ਸਾਡੇ ਸਾਹਮਣੇ ਨਹੀਂ ਹੋ ਰਿਹਾ। ਕਈ ਸਾਲਾਂ ਤੋਂ ਲਗਾਤਾਰ ਅਦਾਲਤਾਂ ਦੇ ਦਰਵਾਜ਼ੇ ਬੰਦ ਹਨ ਤੇ ਸੁਪ੍ਰੀਮ ਕੋਰਟ ਦੇ ਜੱਜ, ਜੱਜ ਨਾ ਰਹਿ ਕੇ ਹੁਕਮੀ ਬੰਦੇ ਹੋ ਗਏ ਹਨ ਅਤੇ ਜੇ ਕਿਸੇ ਇਨਸਾਫ਼ ਮੰਗਿਆ ਤਾਂ ਜੱਜਾਂ ਨੇ ਮਜਬੂਰੀ ਦੱਸ ਦਿੱਤੀ। ਰਾਜ ਬਦਲਦੇ ਅੱਗੇ ਢਿੱਲ ਨਹੀਂ ਲੱਗੀ ਤੇ ਹੁਣ ਵੀ ਨਹੀਂ ਲੱਗੇਗੀ। ਇਹ ਨਿਰੀ ਸਾਡੀ ਰਵਾਇਤ ਹੀ ਨਹੀਂ ਸਾਡੀਆਂ ਰਗਾਂ ਵਿਚ ਗੁਰੂ ਸਾਹਿਬਾਨ ਨੇ ਅੜ ਖਲੋਣ ਅਤੇ ਕਿਸੇ ਦੁਨਿਆਵੀ ਤਾਕਤ ਅੱਗੇ ਨਾ ਝੁਕਣ ਦੀ ਗੁੜ੍ਹਤੀ ਦਿੱਤੀ ਸੀ। ਗੁਰੂ ਅੰਗਦ ਦੇਵ ਜੀ ਬੱਚਿਆਂ ਨਾਲ ਹੀ ਪਰਚੇ ਰਹੇ ਪਰ ਹਿਮਾਯੂੰ ਦੀ ਟੈਂ ਨਹੀਂ ਮੰਨੀ। ਗੁਰੂ ਅਮਰਦਾਸ ਜੀ ਨੂੰ ਤਾਂ ਯਾਦ ਹੀ 'ਪਰਬਤ ਮੇਰਾਣੁ' ਕਰਕੇ ਕੀਤਾ ਜਾਂਦਾ ਹੈ। ਗੁਰੂ ਰਾਮਦਾਸ ਜੀ ਨੂੰ ਜਦ ਅਕਬਰ ਨੇ ਜਾਗੀਰ ਦੇਣੀ ਚਾਹੀ ਸੀ ਤਾਂ ਆਪ ਜੀ ਨੇ 'ਪਾਵਸ' ਨਾਲ ਤੁਲਨਾ ਦਿੱਤੀ ਸੀ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਕਾਰਨ ਹੀ ਜਹਾਂਗੀਰ ਦਾ ਅਤਾਬ ਸੀ। ਗੁਰੂ ਹਰਿਗੋਬਿੰਦ ਵਿਰੁੱਧ ਲੜਾਈ ਹੀ ਇਸ ਲਈ ਹੋਈ ਸੀ ਕਿ ਦੋਖੀ ਕਹਿੰਦੇ ਸਨ ਕਿ ਅੱਜ ਬਾਜ ਨੂੰ ਹੱਥ ਪਾਇਆ ਨੇ ਕਲ੍ਹ ਤਾਜ ਨੂੰ ਪਾਉਣਗੇ। ਭਾਈ ਗੁਰਦਾਸ ਜੀ (ਦੂਜੇ) ਨੇ ਖ਼ੂਬ ਲਿਖਿਆ ਹੈ :

*ਗੁਰੂ ਹਰਿਗੋਬਿੰਦ ਖਸ਼ਟਮ ਅਵਤਾਰੇ।*
*ਜਿਨਿ ਪਕੜ ਤੇਗ ਬਹੁ ਦੁਸ਼ਟ ਪਛਾਰੇ।*

ਗੁਰੂ ਹਰਿਰਾਇ ਜੀ ਨੇ ਆਪਣੇ ਸਵਾਰਾਂ ਨੂੰ ਜਲੰਧਰ ਚੋਧਰੀ ਲੰਘਾਹ ਦੇ ਪੁੱਤਰ ਦੀ ਅਗਵਾਈ ਵਿਚ ਭੇਜ ਕੇ ਦਾਰਾ ਨੂੰ ਔਰੰਗਜ਼ੇਬ ਦੀ ਪਰਵਾਹ ਕੀਤੇ ਬਗ਼ੈਰ ਦਰਿਆ ਬਿਆਸ ਪਾਰ ਕਰਾਇਆ ਸੀ। ਗੁਰੂ ਹਰਿਕ੍ਰਿਸ਼ਨ ਜੀ ਨੂੰ ਭਾਈ ਗੁਰਦਾਸ ਜੀ (ਦੂਜੇ) ਨੇ ਸ਼ਰਧਾਂਜਲੀ ਹੀ ਇਹ ਦਿੱਤੀ ਹੈ ਕਿ :

*'ਹਰਿ ਕ੍ਰਿਸ਼ਨ ਭਯੋ ਅਸ਼ਟਮ ਬਲਬੀਰਾ।*
*ਜਿਨ ਪਹੁੰਚ ਦਹੇਲੀ ਤਜਿਓ ਸਰੀਰਾ।*
*ਬਾਲ ਰੂਪ ਧਰਿਓ ਸ੍ਵਾਂਗ ਰਚਾਇ।*
*ਤਬ ਸਹਜੇ ਤਨ ਕੋ ਛੋਡਿ ਸਿਧਾਇ।*
*ਇਉ ਮੁਗਲਨ ਸੀਸ ਪਰੀ ਬਹੁ ਛਾਰਾ।*
*ਵੈ ਖ਼ੁਦ ਪਤਿ ਸੋ ਪਹੁੰਚੇ ਦਰਬਾਰਾ।*

Sri Satguru Jagjit Singh Ji eLibrary NamdhariElibrary@gmail.com

*ਔਰੰਗੇ ਇਹ ਬਾਦ ਰਚਾਇਓ।*
*ਤਿਨ ਅਪਨਾ ਕੁਲ ਸਭ ਨਾਸ ਕਰਾਇਓ।*

ਗੁਰੂ ਤੇਗ਼ ਬਹਾਦਰ ਜੀ ਨੇ ਇਕ ਹੁਕਮਨਾਮੇ ਵਿਚ ਪਟਨਾ ਦੀ ਸੰਗਤ ਨੂੰ ਸ਼ਬਦ ਹੀ ਇਹ ਲਿਖੇ ਸਨ :

*ਅਬੱਲ ਤੋ ਸਰਕਾਰੀ ਅਹਿਲਕਾਰ ਕੋ*
*ਸਲਾਮ ਨਹੀਂ ਕਹਣਾ। ਗਰ ਆਇ ਹੀ*
*ਬੈਠੇ ਤੋ ਪਵਾਂਦੀ ਦੇਣੀ, ਸਿਰ੍ਹਾਂਦੀ ਨਹੀਂ ਦੇਣੀ।*

ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਮੁਕਤੀ ਦਾ ਸਾਧਨ ਹੀ ਇਹ ਕ੍ਰਿਪਾਨ ਬਣਾ ਦਿੱਤੀ ਸੀ :

*'ਮੁਕਤਿ ਮਿਲਨ ਕੇ ਸਾਧਨ ਦੋਈ।*
*ਭਗਤ ਪ੍ਰਭੂ ਕੀ, ਤੇਗ ਗਹੋਈ।'*

ਵਾਰ ਭਗੌਤੀ ਜੀ ਕੀ ਵਿਚ ਫ਼ਰਮਾਇਆ ਸੀ :

*ਭਗਤ ਭਗੌਤੀ ਤਿਸਹ ਕੀ*
*ਜੋ ਰਨਧੀਰ ਧਰੈ।*

ਜੋ ਸਿੰਘਾਂ ਨੇ ਪਹਿਲਾ ਗੁਰਮਤਾ ੧੭੪੮ ਦੀ ਵੈਸਾਖੀ ਨੂੰ ਨਵਾਬ ਕਪੂਰ ਸਿੰਘ ਜੀ ਦੀ ਜਥੇਦਾਰੀ ਹੇਠ ਅਕਾਲ ਤਖ਼ਤ ਤੇ ਕੀਤਾ ਉਹ ਹੀ ਸਾਡੇ ਹਰ ਸੰਘਰਸ਼ ਦਾ ਧੁਰਾ ਹੈ। ਗੁਰਮਤੇ ਦੇ ਸ਼ਬਦ ਸਨ :

*ਮੁਗ਼ਲ ਰਾਜ ਖ਼ਾਲਸੇ ਨੇ ਤੋੜ ਲਿਆ ਹੈ। ਹੁਣ ਅਬਦਾਲੀ ਦੇ ਰੂਪ ਵਿਚ ਨਵੀਂ ਅੰਨ੍ਹੇਰੀ ਕਾਬਲੋਂ ਉਠ ਕੇ ਸਾਨੂੰ ਲਿਤਾੜਨਾ ਲੋੜਦੀ ਹੈ। ਖ਼ਾਲਸਾ ਆਪਣੇ ਸਾਰੇ ਵਿਤਕਰੇ ਮੁਕਾ ਕੇ ਪ੍ਰਣ ਕਰਦਾ ਹੈ ਕਿ ਤਦ ਤਕ ਉਸ ਦੀ ਕ੍ਰਿਪਾਨ ਮਯਾਨ ਵਿਚ ਨਹੀਂ ਜਾਵੇਗੀ, ਜਦ ਤਕ ਇਹ ਬਾਹਰਲਾ ਖ਼ਤਰਾ ਪੂਰੀ ਤਰ੍ਹਾਂ ਟਲ ਨਹੀਂ ਜਾਂਦਾ।'*

ਦਲ ਖ਼ਾਲਸਾ ਦੀ ਬੁਨਿਆਦ ਇਸੇ ਲਈ ਰੱਖੀ ਗਈ ਸੀ ਅਤੇ ਸ਼੍ਰੋਮਣੀ ਅਕਾਲੀ ਦਲ ਵੀ ਇਸੇ ਆਸ਼ੇ ਲਈ ਬਣਿਆ ਸੀ। ਕੀ ਇਹ ਇਤਿਹਾਸ ਦਾ ਰੁਮਾਂਸ ਨਹੀਂ ਕਿ ਅਕਾਲੀ ਲਹਿਰ ਦਾ ਪਹਿਲਾ ਸ਼ਹੀਦ ਭਾਈ ਹਜ਼ਾਰਾ ਸਿੰਘ ੨੬ ਜਨਵਰੀ, ੧੯੨੧ ਨੂੰ ਤਰਨਤਾਰਨ ਵਿਖੇ ਸ਼ਹੀਦ ਹੋਇਆ ਸੀ ਤੇ ਉਸ ਪਿੱਛੋਂ ਅਕਾਲੀ ਲਹਿਰ ਸ਼ੁਰੂ ਹੋ ਗਈ ਸੀ ਜਿਸ ਦੀ ਸਫਲਤਾ ਤੇ ਗਾਂਧੀ ਜੀ ਨੇ ਤਾਰ ਦਿੱਤੀ ਸੀ ਕਿ 'ਆਜ਼ਾਦੀ ਦੀ ਜੰਗ ਦੀ ਪਹਿਲੀ ਲੜਾਈ ਜਿੱਤੀ ਗਈ। ਵਧਾਈਆਂ।' ਫਿਰ ਗੁਰੂ ਕੇ ਬਾਗ਼ ਦੇ ਮੋਰਚੇ ਦਾ ਪਹਿਲਾ ਜਥਾ ਵੀ ੧੫ ਅਗਸਤ, ੧੯੨੩ ਨੂੰ ਭੇਜਿਆ ਗਿਆ ਸੀ। ਇਹ ਦੋਵੇਂ ਤਾਰੀਖ਼ਾਂ ੨੬ ਜਨਵਰੀ ਅਤੇ ੧੫ ਅਗਸਤ ਸਾਡੇ ਹੀ ਖ਼ੂਨ ਨਾਲ ਧੋਤੀਆਂ ਹੋਈਆਂ ਹਨ। ਸਾਡਾ ਸੰਘਰਸ਼ ਸਦਾ ਜਿੱਤ ਵਿਚ ਸਮਾਪਤ ਹੁੰਦਾ ਹੈ ਕਿਉਂਕਿ ਅਸੀਂ ਜੂਝਦੇ ਇਹ ਉੱਚਾ ਕਰ ਬੋਲਦੇ ਹਾਂ ਕਿ ਜੋ ਇਹ ਬੋਲੈ, ਉਹ ਨਿਹਾਲ ਹੁੰਦਾ ਹੈ ਕਿ ਅਖ਼ੀਰ *'ਸਤਿ ਤੇ ਨਿਰੋਲ ਸ੍ਰੀ ਅਕਾਲ ਹੈ।'* ਬਾਕੀ ਸਭ ਝੂਠ ਤੇ ਕਾਲ ਹੈ। ਇਹ ਸਤਿ ਸ੍ਰੀ ਅਕਾਲ ਦਾ ਜੈਕਾਰਾ ਹੀ ਸਾਡੀ ਰਵਾਇਤ ਹੈ ਤੇ ਵਾਹਿਗੁਰੂ

Sri Satguru Jagjit Singh Ji eLibrary NamdhariElibrary@gmail.com

ਜੀ ਕੀ ਫ਼ਤਿਹ ਸਾਡਾ ਨਿਸ਼ਾਨਾ ਹੈ। 'ਹਰਣਾਖਸ ਦੁਸਟ ਹਰਿ ਮਾਰਿਆ ਪ੍ਰਹਲਾਦ ਤਰਾਇਆ' ਗੂੰਜਦੀ ਆਸਾ ਦੀ ਵਾਰ ਹੈ। ਪ੍ਰਾਚੀਨ ਪੰਥ ਪ੍ਰਕਾਸ਼ ਦੇ ਸ਼ਬਦਾਂ ਨਾਲ ਇਸ ਨਿਸ਼ਚੇ ਨੂੰ ਫਿਰ ਪਰਪੱਕ ਕਰਨਾ ਹੈ ਕਿ ਜਿਨ੍ਹਾਂ ਦੀ ਪਿੱਠ ਤੇ ਗੁਰੂ ਨਾਨਕ ਦੇਵ ਜੀ ਦਾ ਹੱਥ ਹੈ, ਉਨ੍ਹਾਂ ਨੂੰ ਭਲਾ ਕੋਈ ਜ਼ੇਰ ਕਿਵੇਂ ਕਰ ਸਕਦਾ ਹੈ।

*'ਸੋ ਜੀਤੈ ਜਾਵੈ ਨਾਹੀ।*
*ਜਿਨਕੇ ਸਾਹਿਬ ਆਪ ਪਨਾਹੀ'*

ਸਭ ਲੋਕਾਈ ਜਾਣ ਲਵੇ ਕਿ ਗੁਰੂ ਨਾਨਕ ਦੀਨ ਦੁਨੀ ਦਾ ਪਾਤਸ਼ਾਹ ਹੈ। ਉਸਦੀ ਨਜ਼ਰ ਪੁੱਠੀ ਹੋ ਜਾਏ ਤਾਂ ਸ਼ਾਹ ਧੂੜੀ ਵਿਚ ਰੁਲਣ ਲੱਗ ਪੈਂਦੇ ਹਨ ਅਤੇ ਮਿਹਰ ਦੀ ਦ੍ਰਿਸ਼ਟੀ ਕਰ ਦੇਵੇ ਤਾਂ ਚਲਦਿਆਂ ਫਿਰਦਿਆਂ ਦੇ ਸਿਰਾਂ ਤੇ ਛਤਰ ਝੁਲਾ ਦੇਂਦਾ ਹੈ। ਗੁਰੂ ਨਾਨਕ ਪਾਤਸ਼ਾਹ ਸ਼ਹਿਨਸ਼ਾਹ। ਦੀਨ ਦੁਨੀ ਸੱਚੇ ਪਾਤਸ਼ਾਹ।

*ਕਈ ਸ਼ਾਹ ਤਿਨ ਕੀਜੋ ਫ਼ਕੀਰ।*
*ਕਈ ਫ਼ਕੀਰ ਕਰ ਦੀਨੇ ਮੀਰ।*

ਤ੍ਰਿਵੰਜਾ

# ਪੁਰਾਣੀ ਪੀੜ੍ਹੀ ਨਵੀਂ ਪੀੜ੍ਹੀ ਨੂੰ ਕਿਵੇਂ ਦਿਸ਼ਾ ਦੇਵੇ ?

**ਜਨਮ ਪਦਾਰਥ ਜਿੱਤਣ ਦਾ ਵੱਲ**

ਜਾਪਾਨ ਦੀ ਲੋਕ ਕਥਾ ਹੈ ਕਿ ਇਕ ਵਾਰੀ ਬਾਦਸ਼ਾਹ ਨੇ ਫ਼ਰਮਾਨ ਜਾਰੀ ਕੀਤਾ ਕਿ ਸਭ ਬੁੱਢਿਆਂ ਨੂੰ ਇਤਨੀ ਦੂਰ ਜੰਗਲੀਂ ਛੱਡ ਆਓ ਜਿਥੋਂ ਉਹ ਮੁੜ ਨਗਰਾਂ ਵਿਚ ਨਾ ਆ ਸਕਣ। ਵਡੇਰੇ ਦੇਸ਼ 'ਤੇ ਬੋਝ ਹਨ। ਹੁਕਮ ਮੰਨਦੇ ਇਕ ਨੌਜਵਾਨ ਬੇਟੇ ਨੇ ਬਜ਼ੁਰਗ ਪਿਤਾ ਨੂੰ ਮੋਢਿਆਂ ਤੇ ਚੁੱਕਿਆ ਤੇ ਬੀਆਬਾਨਾਂ ਵਿਚ ਸੰਘਣੇ ਜੰਗਲਾਂ ਨੂੰ ਚੀਰਦਾ, ਛੱਡ ਜਦ ਵਾਪਸ ਹੋਣ ਲੱਗਾ ਤਾਂ ਪਿਉ ਨੇ ਪੁੱਛਿਆ : ਹੁਣ ਮੁੜੇਂਗਾ ਕਿਵੇਂ? ਡਗਰ ਤਾਂ ਕੋਈ ਹੈ ਨਹੀਂ? ਬੱਚਾ ਪਰੇਸ਼ਾਨ ਹੋ ਨਿੰਮੋਝੂਨਾ ਬੈਠ ਗਿਆ। ਉਸ ਦੀ ਚਿੰਤਾ ਨੂੰ ਅਨੁਭਵ ਕਰਕੇ ਪਿਤਾ ਨੇ ਮੁਸਕਰਾ ਕੇ ਕਿਹਾ : ਬੇਟਾ ਘਬਰਾਉਣ ਦੀ ਲੋੜ ਨਹੀਂ। ਆਉਂਦੇ ਹੋਏ ਰਾਹ ਵਿਚ ਮੈਂ ਹਰੇ ਦਰੱਖਤਾਂ ਦੀਆਂ ਟਾਹਣੀਆਂ ਤੋੜ ਤੋੜ ਸੁਟਦਾ ਆਇਆ ਹਾਂ। ਉਨ੍ਹਾਂ ਗਿਰੀਆਂ ਟਾਹਣੀਆਂ ਦੀ ਸੇਧ ਵਿਚ ਘਰ ਮੁੜ ਜਾ। ਬੇਟੇ ਨੇ ਪਿਤਾ ਦੇ ਪੈਰਾਂ ਨੂੰ ਛੂੰਹਦੇ ਕਿਹਾ : ''ਬਾਪੂ! ਲੱਖ ਕੱਢੇ ਫ਼ਰਮਾਨ ਬਾਦਸ਼ਾਹ ਮੈਂ ਨਹੀਂ ਇਥੇ ਤੁਹਾਨੂੰ ਛੱਡਣ ਲੱਗਾ। ਜਿਸ ਪਿਤਾ ਨੂੰ ਇਤਨਾ ਖ਼ਿਆਲ ਹੈ ਕਿ ਮੁੜਦੇ ਹੋਏ ਬੇਟਾ ਭਿਆਨਕ ਜੰਗਲਾਂ ਵਿਚ ਨਾ ਭਟਕ ਜਾਵੇ ਮੇਰੇ ਲਈ ਰਾਹ ਬਣਾਉਂਦਾ ਆਇਆ ਹੈ ਉਸ ਨੂੰ ਸਦਾ ਪਾਸ ਰੱਖਾਂਗਾ।''

ਬਾਦਸ਼ਾਹ ਨੇ ਵੀ ਫ਼ਰਮਾਨ ਵਾਪਸ ਲੈਂਦੇ ਕਿਹਾ ਕਿ ਉਸਨੇ ਤਾਂ ਨਵੀਂ ਪੀੜ੍ਹੀ ਨੂੰ ਨਿਰੋਲ ਸਬਕ ਦੇਣ ਲਈ ਇਹ ਹੁਕਮ ਚਾੜ੍ਹਿਆ ਸੀ।

ਪਹਿਲੀ ਤੇ ਮੂਲ ਗੱਲ ਹੀ ਕਰਨ ਤੇ ਕਮਾਉਣ ਜੋਗ ਇਹ ਹੈ ਕਿ ਸਤਿਕਾਰ ਦੀ ਦੀਵਾਰ ਕਦੇ ਨਾ ਤੋੜੀ ਜਾਏ।

ਗੁਰੂ ਰਾਮਦਾਸ ਜੀ ਨੇ ਆਪਣੇ ਇਕ ਗੁਸਤਾਖ਼ ਬੇਟੇ ਬਾਬਾ ਪ੍ਰਿਥੀ ਚੰਦ ਨੂੰ ਸਮਝਾਂਦੇ ਕਿਹਾ ਸੀ :

*ਕਾਹੇ ਪੂਤ ਝਗਰਤ ਹਉ ਸੰਗਿ ਬਾਪ।*
*ਜਿਨ ਕੇ ਜਣੇ ਬਡੀਰੇ ਤੁਮ ਹਉ*
*ਤਿਨ ਸਿਉ ਝਗਰਤ ਪਾਪ। ੧।*

(ਗੁਰੂ ਗ੍ਰੰਥ ਸਾਹਿਬ, ਪੰਨਾ ੧੨੦੦)



Sri Satguru Jagjit Singh Ji eLibrary NamdhariElibrary@gmail.com

ਭਾਈ ਨੰਦ ਲਾਲ ਜੀ ਨੇ ਵੀ ਇਕ ਵਾਰੀ ਆਖਿਆ ਸੀ ਕਿ ਹੋਰ ਜੋ ਮਰਜ਼ੀ ਬਣ ਬੇਅਦਬ ਨਾ ਹੋਵੀਂ।

ਗੁਰੂ ਨਾਨਕ ਦੇਵ ਜੀ ਨੇ 'ਨਿਵੈ ਸੋ ਗਉਰਾ ਹੋਇ' ਦੀ ਅਟਲ ਸੱਚਾਈ ਨੂੰ ਆਸਾ ਦੀ ਵਾਰ ਵਿਚ ਦੁਹਰਾਇਆ। ਗੁਰੂ ਹਰਿਗੋਬਿੰਦ ਜੀ ਨੇ ਤਾਂ ਸਿੱਖੀ ਦੀ ਜੜ੍ਹ ਨਿਮਰਤਾ ਤੇ ਸ਼ਾਖਾਂ ਸੇਵਾ ਕਹੀਆਂ ਸਨ।

ਜਿਤਨੀ ਜੜ੍ਹ ਮਜ਼ਬੂਤ ਉਤਨਾ ਹੀ ਤਣਾ ਦ੍ਰਿੜ੍ਹ।

ਇਤਿਹਾਸਕਾਰ ਬੂਟੇਸ਼ਾਹ ਨੇ ਲਿਖਿਆ ਹੈ ਕਿ ਗੁਰੂ ਅਰਜਨ ਦੇਵ ਜੀ ਜਦ ਮੀਆਂ ਮੀਰ ਨੂੰ ਦਰਬਾਰ ਸਾਹਿਬ ਬੁਨਿਆਦ ਰੱਖਣ ਵਾਸਤੇ ਕਹਿਣ ਲਈ ਗਏ ਤਾਂ ਉਹ ਵਿਛੇ ਹੋਏ ਟਾਟਾਂ ਤੇ ਹੀ ਬੜੀ ਹਲੀਮੀ ਨਾਲ ਬੈਠ ਗਏ। ਉਸ ਸਮੇਂ ਅਕਬਰ ਆ ਗਿਆ। ਖੜ੍ਹੇ ਖੜੋਤੇ ਹੀ ਮੀਆਂ ਮੀਰ ਜੀ ਨਾਲ ਗੱਲ ਕਰ ਕੇ ਅਕਬਰ ਮੁੜ ਗਿਆ। ਉਹ ਵਿਛੇ ਹੋਏ ਟਾਟਾਂ ਤੇ ਬੈਠਿਆ ਤੱਕ ਨਾ। ਮੀਆਂ ਮੀਰ ਜੀ ਨੇ ਗੁਰੂ ਜੀ ਦੇ ਹਲੀਮੀ ਵਾਲੇ ਸੁਭਾਅ ਨੂੰ ਦੇਖ ਕੇ ਸੁਭਾਵਕ ਕਿਹਾ : *ਗੁਰੂ ਅਰਜਨ ਜੀ! ਆਪ ਜੀ ਦੀ ਉੱਮਤ ਰਾਜ ਕਰੇਗੀ।*

ਨਵੀਂ ਤੇ ਪੁਰਾਣੀ ਪੀੜ੍ਹੀ ਦੇ ਫ਼ਰਕ ਬਾਰੇ ਅਕਬਰ ਅਲਾਹਬਾਦੀ ਨੇ ਇਕ ਵਾਰੀ ਕਿਹਾ ਸੀ : ਦੋਨੋਂ ਮੇਂ ਬਸ ਫ਼ਰਕ ਹੈ ਇਤਨਾ, ਉਸ ਕੋ ਕਿਸ਼ਤੀ ਨਾ ਮਿਲੀ ਇਸ ਕੋ ਕਿਨਾਰਾ ਨਾ ਮਿਲਾ।

ਅੱਗੇ ਸਾਧਨਾਂ ਦੀ ਘਾਟ ਸੀ ਪਰ ਵਿਚਾਰਾਂ ਦੀ ਪੁਖ਼ਤਗੀ ਸੀ ਪਰ ਹੁਣ ਸਾਧਨਾਂ ਦੀ ਬਹੁਤਾਤ ਹੈ ਪਰ ਗੱਲਾਂ ਕੱਚੀਆਂ। ਇਤਨੇ ਸਾਧਨਾਂ ਨਾਲ ਤਾਂ ਜ਼ਿੰਦਗੀ ਸੁਖਾਵੀਂ ਪੱਧਰੀ ਹੋਣੀ ਚਾਹੀਦੀ ਹੈ ਨਾ ਕਿ ਗਹਿਨ-ਗੱਚ ਤੇ ਚਿੰਤਾ ਭਰੀ। ਅਸਾਂ ਕਦੇ ਨਹੀਂ ਸੀ ਸੁਣਿਆ ਕਿ ਕਿਸੇ ਨੌਜਵਾਨ ਨੂੰ ਕਦੇ ਹਾਰਟ ਅਟੈਕ ਹੋਇਆ ਹੋਵੇ ਪਰ ਹੁਣ ਤਾਂ ਦੱਸਦੇ ਹਨ ਕਿ ਹੁੰਦਾ ਹੀ ਹੈ ਭਰ ਜੁਆਨੀ ਵਿਚ। ਸੁਖ (comforts) ਤਾਂ ਪਾ ਲਏ ਪਰ ਸ਼ਾਂਤੀ (peace) ਗਵਾ ਲਈ। ਇਹ ਬੜਾ ਮਹਿੰਗਾ ਸੌਦਾ ਨਵੀਂ ਪੀੜ੍ਹੀ ਕਰ ਰਹੀ ਹੈ। ਕੀ ਕਿਸੇ ਸੁਣਿਆ ਹੈ ਕਿ ਨਿਰੇ ਪੈਸੇ ਨਾਲ ਕਦੇ ਵੱਡਾ ਕੰਮ ਹੋਇਆ ਹੋਵੇ। ਇਹ ਵੱਡੇ ਕੰਮ ਤਾਂ ਦਿਲ ਤੇ ਦਿਮਾਗ਼ ਨਾਲ ਹੁੰਦੇ ਹਨ।

ਸਮਝ ਦਾ ਸਾਰ ਇਹ ਹੈ ਕਿ ਪਹਿਲ ਕਿਸ ਨੂੰ ਦੇਣੀ ਹੈ? ਇਸੇ ਨੂੰ ਸੈਂਸ ਆਫ ਪ੍ਰਾਇਰਟੀ ਕਹਿੰਦੇ ਹਨ। ਇਹ ਗਵਾਚ ਰਹੀ ਹੈ। ਇਕ ਨੇ ਗਹਿਣੇ ਵੇਚ ਸਕੂਟਰ ਲਿਆ ਤਾਂ ਕਿ ਰੋਜ਼ ਸਮੇਂ ਸਿਰ ਕੰਮ ਤੇ ਜਾ ਸਕੇ ਅਤੇ ਦੂਜਾ ਵੀਡੀਓ ਲੈ ਆਇਆ। ਉਹ ਰੋਜ਼ ਹੀ ਦੇਰੀ ਨਾਲ ਪੁੱਜਣ ਲੱਗਾ ਤੇ ਨੌਕਰੀ ਹੀ ਗਵਾ ਬੈਠਾ। ਜਿਹੜਾ ਹੁਣ ਸਮਾਂ ਮਿਲਿਆ ਹੈ ਇਸ ਨੂੰ ਵਾਦ-ਵਿਵਾਦ, ਛੇੜ-ਛਾੜ, ਗੱਪਾਂ ਮਾਰਨ ਤੇ ਨਿਰੀ ਖੇਲ ਕੂਦ ਵਿਚ ਜ਼ਾਇਆ ਨਹੀਂ ਕਰਨਾ। ਇਥੋਂ ਤਕ ਕਿ ਵਿਹਲ ਦੀਆਂ ਵਿੱਥਾਂ (Spare Times) ਵੀ ਜ਼ਾਇਆ ਨਹੀਂ ਹੋਣ ਦੇਣੀਆਂ। ਫਿਰ ਦੇਖੋਗੇ ਕਿ ਕਿਤਨਾ ਸਮਾਂ ਮਿਲਦਾ ਹੈ। ਨੀਂਹ ਦੀ ਇੱਟ ਟੇਢੀ ਰੱਖੀ ਹੋਵੇ ਤਾਂ ਸਾਰੀ ਇਮਾਰਤ ਨੂੰ ਹੀ ਵਿੰਗਾ ਕਰ ਦੇਵੇਗੀ। ਇਹ ਹੀ ਸਮਾਂ ਹੈ, ਹੱਥ, ਮੱਥਾ ਤੇ ਹਿਰਦਾ (ਹੈਂਡ,

Sri Satguru Jagjit Singh Ji eLibrary NamdhariElibrary@gmail.com

ਹੈੱਡ ਤੇ ਹਾਰਟ) ਨੂੰ ਇਕ ਸੁਰ ਕਰਨ ਦਾ। ਮਿਹਨਤ ਤੋਂ ਕਦੇ ਕੰਨੀ ਨਹੀਂ ਕਤਰਾਉਣੀ। ਪੰਡਤ ਜਵਾਹਰ ਲਾਲ ਨਹਿਰੂ ਨੇ ਇਕ ਵਾਰੀ ਇਕ ਲੇਖ ਲਿਖਿਆ ਸੀ ''ਫਿਲਾਸਫ਼ੀ ਆਫ਼ ਡਰਟੀ ਹੈਂਡਜ਼''। ਲਿਬੜੇ ਹੱਥਾਂ ਦਾ ਫ਼ਲਸਫ਼ਾ। ਜਿਸ ਦੇ ਹੱਥ ਕਿਰਤ ਕਰ ਮੈਲੇ ਹੋਏ ਹਨ ਉਹ ਹੀ ਸਹੀ ਹੱਥ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਇਕ ਵਾਰੀ ਉਸ ਨੌਜਵਾਨ ਹੱਥੋਂ ਪਾਣੀ ਪੀਣ ਤੋਂ ਇਨਕਾਰ ਕਰ ਦਿੱਤਾ ਸੀ ਜਿਸ ਦੇ ਹੱਥ ਕੂਲੇ ਮਲੂਕ ਸਨ ਕਿਉਂਕਿ ਉਸ ਨੇ ਕਿਸੇ ਦੂਜੇ ਦੀ ਸੇਵਾ ਨਹੀਂ ਕੀਤੀ ਸੀ।

ਗਿਬਨ ਨੇ ਆਪਣੀ ਪ੍ਰਸਿੱਧ ਪੁਸਤਕ ''ਰੋਮਨ ਸਾਮਰਾਜ ਦੇ ਉਸਰਨ ਤੇ ਡਿੱਗਣ (The Rise and Fall of Roman Empire) ਦੇ ਕਾਰਨਾਂ ਵਿਚ ਲਿਖਿਆ ਸੀ ਕਿ ਇਤਨੇ ਵੱਡੇ ਸਾਮਰਾਜ ਦੇ ਅਲੋਪ ਹੋ ਜਾਣ ਦੇ ਵੱਡੇ ਕਾਰਨਾਂ ਵਿਚੋਂ ਛੇ ਇਹ ਹਨ :

*''ਕੇਂਦਰੀ ਹਕੂਮਤ ਦਾ ਅੰਨ੍ਹੇ ਵਾਹ ਖ਼ਰਚ ਕਰੀ ਟੁਰੀ ਜਾਣਾ।*

*ਨੌਜਵਾਨਾਂ ਦਾ ਦੇਸ਼ ਦੀ ਰੱਖਿਆ ਲਈ ਹਥਿਆਰ ਚੁੱਕਣ ਤੋਂ ਕੰਨੀ ਕਤਰਾਉਣਾ ਤੇ ਝਿਜਕਣਾ।*

*ਐਸ਼ਾਂ ਵਿਚ ਖਚਤ ਹੋ ਜਾਣਾ, ਵਿਭਚਾਰ ਦਾ ਸਭ ਪਾਸੇ ਫੈਲ ਜਾਣਾ, ਜਿਨਸੀ ਭੁੱਖ ਦਾ ਵਧ ਜਾਣਾ।*

*ਘਰ ਦੀ ਪਵਿੱਤਰਤਾ ਖ਼ਤਮ ਹੋ ਜਾਣੀ।*

ਨਜ਼ਾਕਤ ਦਾ ਆ ਜਾਣਾ। ਮਰਦਾਊਪੁਣੇ ਦਾ ਮੁੱਕਣਾ ਅਤੇ ਕੁੜੀਆਂ ਦਾ ਮਰਦਾਂ ਵਾਂਗ ਵਿਚਰਨਾ ਤੇ ਮਰਦਾਂ ਦਾ ਔਰਤਾਂ ਵਾਂਗ।

ਸਭ ਤੋਂ ਵੱਧ ਧਰਮ ਲਈ ਸਤਿਕਾਰ ਤੇ ਆਦਰ ਦਾ ਉੱਡ-ਪੁੱਡ ਜਾਣਾ।''

ਇਹ ਨਾ ਭੁੱਲਣਾ ਕਿ ਸਰਜਰੀ ਵਿਚ ਤਾਂ ਸਾਡੇ ਦੇਖਦੇ ਹੀ ਦੇਖਦੇ ਕਮਾਲ ਹਾਸਲ ਹੋ ਗਈ ਹੈ ਪਰ ਰੋਗਾਂ ਦੇ ਪਛਾਣਨ ਵਿਚ ਰਹਿ ਗਏ। ਹੈਜ਼ਾ, ਟਾਈ-ਫਾਈਡ, ਚੀਚਕ ਤੇ ਤਪਦਿਕ ਨੂੰ ਨਸ਼ਟ ਕਰਨ ਵਿਚ ਸਫਲ ਹੋ ਗਏ ਪਰੰਤੂ ਦੂਜੇ ਪਾਸੇ ਅਨਿਦਰਾ, ਚਿੰਤਾ ਤੇ ਮਨ ਤੇ ਆਤਮਾ ਤੋਂ ਉਠਣ ਵਾਲੀਆਂ ਬਿਮਾਰੀਆਂ ਦੀ ਰੋਕ-ਥਾਮ ਲਈ ਕੁਝ ਨਾ ਕਰ ਸਕੇ। ਮੇਰਾ ਯਕੀਨ ਹੈ ਕਿ ਜਿਸ ਵਿਗਿਆਨ ਦੀ ਸੜਕ ਤੇ ਟੁਰ ਕੇ ਅਸੀਂ ਪਰਮਾਤਮਾ ਤੋਂ ਦੂਰ ਹੋ ਗਏ ਸਾਂ ਉਸੇ ਹੀ ਸੜਕ ਤੇ ਟੁਰਦੇ ਧਰਮ ਵੱਲ ਆਵਾਂਗੇ।

ਨਿਊਟਨ ਦੇ ਕਈ ਨੇਮਾਂ ਦਾ ਹੁਣ ਅਰਥ ਹੀ ਨਹੀਂ ਰਿਹਾ। ਜਿਥੇ ਨਿਊਟਨੀ ਵਿਗਿਆਨ ਵਿਚ ਹਰ ਕਾਰਜ ਕਿਸੇ ਕਾਰਨ ਅਨੁਸਾਰ ਚਲਦਾ ਹੈ। ਨਿਊਕਲੀਅਰ ਏਜ ਵਿਚ ਇਹ ਪ੍ਰਗਟ ਹੋ ਗਿਆ ਕਿ ਕਾਰਜ ਦੇ ਕਾਰਨ (ਕਾਜ਼ ਐਂਡ ਈਫੈਕਟ) ਦੀ ਐਲਕਟ੍ਰੋਨ ਰਤਾ ਭਰ ਵੀ ਪਰਵਾਹ ਨਹੀਂ ਕਰਦੇ।

ਨਿਊਟਨੀ ਵਿਗਿਆਨ ਕਹਿੰਦਾ ਸੀ ਕਿ ਐਟਮ ਕੋਈ ਠੋਸ ਵਸਤੂ ਹੈ ਪਰ ਜਦ ਐਟਮ ਤੋੜਿਆ ਗਿਆ ਤਾਂ ਪ੍ਰਤੀਤ ਹੋਇਆ ਕਿ ਇਹ ਤਾਂ ਐਲਕਟ੍ਰੋਨ ਤੇ ਪ੍ਰੋਟਾਨ ਦਾ ਮਿਲਾਣ ਹੈ ਅਤੇ ਐਲਕਟ੍ਰੋਨ ਠੋਸ ਨਹੀਂ ਕੇਵਲ ਤਰੰਗ ਹੈ, ਊਰਜਾ ਹੈ। ਭਾਵ ਇਹ ਕਿ ਜਿਸ ਨੂੰ

Sri Satguru Jagjit Singh Ji eLibrary NamdhariElibrary@gmail.com

ਅਸੀਂ ਠੋਸ ਚੀਜ਼ ਸਮਝਦੇ ਰਹੇ ਉਹ ਠੋਸ ਨਹੀਂ ਗੈਸ ਹੈ, ਤਰੰਗ ਹੈ, ਊਰਜਾ ਹੈ। ਅਸਲ ਵਿਚ ਕੁਝ ਵੀ ਠੋਸ ਨਹੀਂ। ਅਸੀਂ ਪੋਲੇਪਣ ਦੇ ਅੰਦਰ ਕਿਸੇ ਠੋਸ ਸ਼ੈਅ ਦਾ ਸੁਪਨਾ ਪਏ ਦੇਖਦੇ ਹਾਂ। ਵਾਸਤਵ ਵਿਚ ਜਿਸ ਚੀਜ਼ ਤੇ ਸਾਡਾ ਪੈਰ ਰੱਖਿਆ ਹੋਇਆ ਹੈ ਉਹ ਰੱਸੀ ਹੈ ਅਸੀਂ ਆਪਣੇ ਮਾਨਸਿਕ ਭਰਮ ਕਾਰਨ ਉਸ ਨੂੰ ਸੱਪ ਸਮਝ ਰਹੇ ਹਾਂ।

ਬੁੱਧੀ ਨਹੀਂ ਪੁੱਜ ਸਕਦੀ ਮਨ ਦੀਆਂ ਗਹਿਰਾਈਆਂ ਤਕ। ਬੁੱਧੀ ਦਾ ਸੁਭਾਅ ਹੀ ਅਸਥੂਲ ਹੈ। ਇਹ 'ਕਾਇਆ ਦੇ ਆਕਾਰ' ਅੱਗੇ ਸੋਚ ਹੀ ਨਹੀਂ ਸਕਦੀ। ਵਿਗਿਆਨ ਦਾ ਸਾਰਾ ਵਿਕਾਸ ਹੀ ਮੁਢ ਤੋਂ ਬੁੱਧੀਵਾਨ ਦੇ ਮਾਰਗ ਦਰਸ਼ਨ ਨਾਲ ਹੋਇਆ ਹੈ। ਇਸ ਲਈ ਐਟਮ ਤੋਂ ਉੱਪਰ, ਜਿਸ ਵਿਸ਼ਵਾਸ ਨਾਲ ਇਹ ਵਿਗਿਆਨੀ ਬੋਲਦਾ ਸੀ, ਹੁਣ ਉਸ ਆਤਮ ਵਿਸ਼ਵਾਸ ਨਾਲ ਐਟਮ ਦੇ ਹੇਠਾਂ ਪਹੁੰਚ ਕੇ ਨਹੀਂ ਬੋਲ ਸਕਦਾ। ਇਹ ਹੀ ਕਾਰਨ ਹੈ ਕਿ ਜਗਤ ਵਿਚ ਸਾਇੰਸ ਨੇ ਬਹੁਤ ਹੀ ਤਰੱਕੀ ਕੀਤੀ ਹੈ ਪਰ ਉਤਨੀ ਸਫਲਤਾ ਉਸ ਨੂੰ ਸਜੀਵ ਜਗਤ ਵਿਚ ਨਹੀਂ ਮਿਲ ਸਕੀ। ਆਦਮੀ ਦੇ ਸਰੀਰ ਨੂੰ ਤਾਂ ਉਹ ਸਮਝਣ ਵਿਚ ਕੁਝ ਕੁ ਸਫਲ ਹੋਇਆ ਪਰ ਮਨ ਦਾ ਗਿਆਨ ਨਹੀਂ ਸੂ ਹੋਇਆ। ਆਤਮਾ ਦੇ ਵਿਸ਼ੇ ਵਿਚ ਉਹ ਕੋਈ ਵੀ ਗੱਲ ਨਹੀਂ ਕਰਦਾ ਤੇ ਨਾ ਹੀ ਕਰ ਸਕਦਾ ਹੈ। ਦੋਵਾਂ ਨੂੰ ਇਕੱਠਿਆਂ ਟੋਰਨ ਦੀ ਲੋੜ ਹੈ। ਇਸੇ ਨੂੰ ਗੁਰੂ ਸਾਹਿਬ ਨੇ 'ਜਨਮ ਪਦਾਰਥ ਜੀਤ' ਕਿਹਾ ਹੈ। ਇਸੇ ਰਾਹ ਨੂੰ ਅਪਨਾਉਣ ਦੀ ਲੋੜ ਹੈ। ਫਿਰ ਜੋ ਪੀੜ੍ਹੀਆਂ ਦੇ ਪਾੜ ਪੈ ਜਾਂਦੇ ਹਨ, ਨਹੀਂ ਪੈਣਗੇ।

ਜੇ ਇਹ ਲਗਾਤਾਰ ਵਾਰਤਾਲਾਪ ਹੁੰਦਾ ਰਵ੍ਹੇਗਾ, ਤਾਂ ਸਿੱਟਾ ਸਦਾ ਸੁਖ ਵਿਚ ਨਿਕਲੇਗਾ।

ਪੜ੍ਹਨ ਦੀ ਰੁਚੀ ਜੋ ਇਸ ਜ਼ਮਾਨੇ ਵਿਚ ਘਟੀ ਹੈ ਇਹ ਮਾਰੂ ਹੈ। ਗੁਰੂ ਨਾਨਕ ਦੇਵ ਜੀ ਨੇ *'ਲਿਖੇ ਬਾਝਹੁ ਸੁਰਤਿ ਨਾਹੀ, ਬੋਲ ਬੋਲ ਗਵਾਈਐ'* ਫਰਮਾ ਕੇ ਲਿਖਤੀ ਸਾਹਿਤ ਦੀ ਲੋੜ ਦਰਸਾਈ ਸੀ। ਗੁਰੂ ਅਰਜਨ ਦੇਵ ਜੀ ਨੇ ਫ਼ਰਮਾਇਆ ਸੀ :

*ਕਹਤੇ ਪਵਿਤ੍ਰ ਸੁਣਤੇ ਭੀ ਧੰਨ।*
*(ਪਰ) ਲਿਖਤੀ ਕੁਲ ਤਾਰਿਆ ਜੀਉ।'*

ਮਨੁੱਖ ਨੂੰ ਸਹੀ ਸੇਧ ਲਿਖੇ ਛਪੇ ਸ਼ਬਦਾਂ ਤੋਂ ਹੀ ਮਿਲਣੀ ਹੈ। ਪੁਸਤਕ ਪਾਸ ਹੋਵੇ ਤਾਂ ਵਿਚੋਲਾ ਰਹਿੰਦਾ ਹੀ ਨਹੀਂ। ਸੋ ਪੜ੍ਹਨ ਦੀ ਆਦਤ ਹਰ ਸੂਰਤ ਪੈਦਾ ਕਰਨੀ ਚਾਹੀਦੀ ਹੈ। ਨਾਲ ਹੀ ਜੋ ਚੀਜ਼ ਕਾਹਲੀ ਨਾਲ ਤਿਆਰ ਹੋਈ ਹੈ ਉਸ ਨੂੰ ਤੁਸੀਂ ਵੀ ਛੇਤੀ-ਛੇਤੀ ਪੜ੍ਹੋ। ਜਿਵੇਂ ਅਖ਼ਬਾਰਾਂ ਛੇਤੀ ਛੇਤੀ ਤਿਆਰ ਕੀਤੀਆਂ ਜਾਂਦੀਆਂ ਹਨ ਸੋ ਤੁਸੀਂ ਵੀ ਤੇਜ਼ੀ ਨਾਲ ਪੜ੍ਹੋ, ਪਰ ਜਿਸ ਨੂੰ ਤਿਆਰ ਕਰਦਿਆਂ ਸਮਾਂ ਲੱਗਾ ਤੁਸੀਂ ਵੀ ਸਮਾਂ ਲਗਾਓ।

ਆਦਰਸ਼ ਤੇ ਮਕਸਦ ਉਹ ਹੀ ਰੱਖੋ ਜੋ ਗੁਰੂ ਅਰਜਨ ਦੇਵ ਜੀ ਨੇ ਗਉੜੀ ਦੀ ਵਾਰ ਦੀ ਸਤਾਰ੍ਹਵੀਂ ਪਉੜੀ ਵਿਚ ਸਾਰੇ ਜਗਤ ਲਈ ਦ੍ਰਿੜ੍ਹਾਇਆ। ਉਨ੍ਹਾਂ ਦਾ ਕਹਿਣਾ ਸੀ :

ਕਰਣੀ ਸੱਚ ਦੀ ਰੱਖੋ। ਇਹ ਜਾਣਹੁ ਕਿ ਵਾਹਿਗੁਰੂ ਹਰ ਕੀਤੇ ਕੰਮ ਨੂੰ ਦੇਖ ਰਿਹਾ

Sri Satguru Jagjit Singh Ji eLibrary NamdhariElibrary@gmail.com

ਹੈ। ਕਦੇ ਕਿਸੇ ਢੰਗ ਨਾਲ ਕਿਸੇ ਨੂੰ ਦੁੱਖ ਨਾ ਦਿਓ ਇਹ ਹੀ ਹੈ ਇੱਜ਼ਤ ਨਾਲ ਇਥੋਂ ਜਾਣਾ। ਮਕਸਦ ਹੋਵੇ ਕਿ ਹਰ ਨੀਵੇਂ ਨੂੰ ਉੱਚਾ ਉਠਾਲਣਾ ਹੈ।

*ਜਿਸੁ ਸਰਬ ਸੁਖਾਂ ਫਲ ਲੋੜੀਅਹਿ, ਸੋ ਸਚੁ ਕਮਾਵਉ।*
*ਨੇੜੈ ਦੇਖਉ ਪਾਰਬ੍ਰਹਮੁ ਇਕੁ ਨਾਮੁ ਧਿਆਵਉ।*
*ਹੋਇ ਸਗਲ ਕੀ ਰੇਣੁਕਾ ਹਰਿ ਸੰਗਿ ਸਮਾਵਉ।*
*ਦੂਖੁ ਨ ਦੇਈ ਕਿਸੈ ਜੀਅ, ਪਤਿ ਸਿਉ ਘਰਿ ਜਾਵਉ।*
ਪਤਿਤ ਪੁਨੀਤ ਕਰਤਾ ਪੁਰਖੁ ਨਾਨਕ ਸੁਣਾਵਉ। ।◆।

## ਚੁਰੰਜਾ

# ਸਮੇਂ ਦੀ ਲੋੜ

ਨੋਬਲ ਪ੍ਰਾਈਜ਼ ਜੇਤੂ (੧੯੮੦) ਜੈਸ਼ਲਾਅ ਮਾਇਲੋਸ਼ (Zeslaw Milsosz) ਨੇ ਸਟਾਕਹੋਮ ਵਿਚ ਇਨਾਮ ਲੈਂਦੇ ਕਿਹਾ ਸੀ : ਸਾਡੀ ਪੀੜ੍ਹੀ ਇਤਿਹਾਸ ਤੋਂ ਸਬਕ ਲੈਣ ਤੋਂ ਇਨਕਾਰੀ ਹੈ। ਆਪ ਤਜਰਬਾ ਕਰਨਾ ਲੋੜਦੀ ਹੈ। (That our age is characterized by the refusal to remember) ਇਸ ਦਾ ਸਿੱਟਾ ਇਹ ਹੈ ਕਿ ਸਾਡੀ ਪੀੜ੍ਹੀ ਠੇਢੇ ਖਾ ਰਹੀ ਹੈ, ਭਟਕ ਰਹੀ ਹੈ।

**ਸਬਕ ਲਵੋ**

ਇਕ ਹੋਰ ਮਾੜੀ ਗੱਲ ਘਰ ਕਰ ਰਹੀ ਹੈ ਇਸ ਜ਼ਮਾਨੇ। ਸਮਾਂ ਤਾਂ ਹੈ ਨਹੀਂ, ਪੜ੍ਹਨ ਦੀ ਫ਼ੁਰਸਤ ਨਹੀਂ। ਪ੍ਰਕਰਨ ਦੇਖਣ ਦੀ ਖੇਚਲ ਕਰਨੀ ਨਹੀਂ, ਪ੍ਰਸੰਗ ਜੋੜਨ ਦੀ ਚਿੰਤਾ ਨਹੀਂ। ਟੁਰਦੇ ਫਿਰਦੇ ਹੀ ਨਜ਼ਰ ਮਾਰਨ ਦੀ ਆਦਤ ਪੈ ਗਈ ਹੈ। ਪੁਸਤਕ ਹੱਥ ਰੱਖ ਪੜ੍ਹਨਾ ਤਾਂ ਇਕ ਪਾਸੇ ਰਿਹਾ, ਸਿਰਫ਼ ਦੇਖਣ ਸੁਣਨ ਤੋਂ ਸਿੱਟੇ ਕੱਢ ਲਏ ਜਾਂਦੇ ਹਨ। ਨਿਰਾ ਸੁਰਤੀ ਗਿਆਨ ਹੋ ਗਿਆ ਹੈ। ਨਾ ਕੋਈ ਨਿੱਠ ਕੇ ਪੜ੍ਹਦਾ ਹੈ ਤੇ ਨਾ ਹੀ ਲਿਖਦਾ। ਸਭ ਕੁਝ ਇਕ ਥਾਂ ਭਰ ਦਿੱਤਾ ਜਾਂਦਾ ਹੈ। ਧਿਆਨ ਕੇਂਦਰਤ ਨਹੀਂ। ਇਕਾਗਰਤਾ ਦੀ ਤਾਂ ਦੂਰ ਦੀ ਗੱਲ। ਜਿਸ ਨੂੰ ਅਮਰੀਕਨਾਂ ਦੀ ਬੋਲੀ ਵਿਚ ਗਿਆਨ ਨੂੰ ਤਰਤੀਬ ਦੇਣਾ ਕਹਿੰਦੇ ਸਨ, ਉਹ ਲੋਪ ਹੋ ਰਹੀ ਹੈ। ਸੋ ਮੈਂ ਦੇਖ ਰਿਹਾ ਹਾਂ ਕਿ ਇਸ ਜ਼ਮਾਨੇ ਹੋਰ ਸਾਮਾਨ ਦੀ ਤਾਂ ਬਹੁਤਾਤ ਹੋ ਰਹੀ ਹੈ ਪਰ ਵਾਕਫ਼ੀਅਤ ਲੈਣ ਲਈ ਕੋਈ ਉਪਰਾਲਾ ਵੀ ਨਹੀਂ। ਸਭ ਕੁਝ ਤੁਰੰਤ (Instant), ਦੋ ਮਿੰਟ, ਫਟਾ ਫੱਟ, ਫਾਸਟ।

ਫਿਰ ਸਰਕਾਰ ਦਾ ਮੀਡੀਆ, ਜੋ ਜਾਣਕਾਰੀ ਸਾਡੇ ਤਕ ਪਹੁੰਚਾ ਰਿਹਾ ਹੈ, ਉਸ ਵਿਚ ਤੱਥਾਂ ਨੂੰ ਲੁਕਾ ਕੇ, ਸਾਡੇ ਖ਼ਿਆਲਾਂ ਤੇ ਕਾਬੂ ਪਾਉਣ ਦੀ ਕੋਸ਼ਿਸ਼ ਹੋ ਰਹੀ ਹੈ। ਕੋਈ ਸੋਚ ਨਾ ਸਕੇ। ਗਿੱਧਾ, ਗੀਤ, ਭੰਗੜਾ, ਲੋਕ ਨਾਚ, ਕਲਚਰਲ ਤਮਾਸ਼ੇ, ਆਪਣੇ ਉਤਸਵ ਕਰਕੇ ਸੋਚਣ ਦੀ ਸ਼ਕਤੀ ਖੋਹੀ ਜਾ ਰਹੀ ਹੈ। ਇਸ ਨੂੰ 'ਥਾਟ ਕੰਟਰੋਲ' ਕਹਿ ਸਕਦੇ ਹਾਂ। ਉਦਾਹਰਨ ਤੱਕੋ। ਟੀ. ਵੀ. ਤੇ ਪਿੱਛੇ ਜਿਹੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਿਖਾਈ ਜਾ ਰਹੀ ਸੀ। ਗੰਗੂ ਬ੍ਰਾਹਮਣ ਤੇ ਸੁੱਚਾ ਨੰਦ ਦਾ ਨਾਂ ਨਹੀਂ



Sri Satguru Jagjit Singh Ji eLibrary NamdhariElibrary@gmail.com

ਪਰ ਦੁੱਖ ਦੀ ਗੱਲ ਹੈ ਕਿ ਟੋਡਰ ਮੱਲ ਦਾ ਵੀ ਜ਼ਿਕਰ ਨਹੀਂ, ਜਿਸ ਮੁਹਰਾਂ ਵਿਛਾ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦੇ ਸਸਕਾਰ ਲਈ ਥਾਂ ਲਈ।

ਨਿਰੀ ਮਨਮਰਜ਼ੀ ਦੀ ਜਾਣਕਾਰੀ ਹੀ ਨਹੀਂ ਦਿੱਤੀ ਜਾ ਰਹੀ ਸਗੋਂ ਐਸਾ ਖ਼ਬਰਾਂ ਦਾ ਹੜ੍ਹ ਵਗਾਇਆ ਜਾ ਰਿਹਾ ਹੈ ਕਿ ਦਿਮਾਗ਼ ਕੁੰਦ ਹੋ ਕੇ ਮੱਤ ਨੂੰ ਡੋਬ ਐਸਾ ਗੋਤਾ ਦਿੱਤਾ ਜਾਂਦਾ ਹੈ ਕਿ ਉਭਾਸਰ ਹੀ ਨਾ ਸਕੇ। ਸਾਹ ਤੱਕ ਨਾ ਲੈ ਸਕੇ (Super saturating the mind with information which has been rendered irrelevant on account of its being torn away from its context) ਨਵੀਂ ਪੀੜ੍ਹੀ ਨਿਰਾ ਸਬਕ ਲੈਣ ਤੋਂ ਇਨਕਾਰੀ ਨਹੀਂ ਹੋਈ ਸਗੋਂ ਸਬਕ ਲੈਣ ਤੋਂ ਨਕਾਰਾ ਹੀ ਕਰ ਦਿੱਤੀ ਗਈ ਹੈ। (Unfit to remember) ਸਾਡਾ ਫ਼ਰਜ਼ ਹੈ ਕਿ ਟਾਕਰੇ ਲਈ ਨਵੀਂ ਪੀੜ੍ਹੀ ਨੂੰ ਤਿਆਰ ਕਰੀਏ। ਜਪੁਜੀ ਨੂੰ ਕੰਠ ਕਰਨ ਵਾਲੇ ਨੂੰ ਇਨਾਮ ਦੇਈਏ। ਉਸ ਨੂੰ ਸਮਝਾਈਏ ਕਿ 'ਸਿੱਖ ਗੁਰੂ ਕਾ ਹੋਇ ਗਇਓ ਜਪੁਜੀ ਕੰਠ ਨ ਕੀਨ। ਤੰਦੁਲ ਬਿਨ ਤੁਖ ਕਾਮ ਕਿਸ ਜਨਮ ਅਕਾਰਥ ਕੀਨ।' ਜਗਤ ਤੇ ਪ੍ਰਗਟਾਈਏ ਕਿ *'ਦਯੋਸ ਕਹਾਂ, ਸੂਰਜ ਬਿਨਾ ਮਨ ਏਵ ਬੀਚਾਰਾ। ਤਰਬੋ ਕਹਾ ਸਿੱਖੀ ਬਿਨਾ ਭਵ ਸਾਗਰ ਭਾਰਾ।'* ਇਹ ਜੁ ਗੁੱਝੀਆਂ ਚੋਟਾਂ ਸਾਡੇ ਤੇ ਪੈ ਰਹੀਆਂ ਹਨ ਇਨ੍ਹਾਂ ਦਾ ਟਾਕਰਾ ਕਰਨਾ ਹੈ।

ਦੂਜੇ ਪਾਸੇ, ਪਿਛਲੇ ਦਸੰਬਰ ਜੋ ਪੂਰਬੀ ਤੇ ਪੱਛਮੀ ਯੂਰਪ ਦੇ ਸਾਰੇ ਪਾਦਰੀਆਂ ਨੂੰ ਬੁਲਾ ਕੇ ਪੋਪ ਜਾਹਨ ਪਾਲ ਨੇ ਕਿਹਾ ਹੈ, ਉਹ ਸੁਣਨ ਵਾਲਾ ਹੈ। ਉਸ ਕਿਹਾ: ਕਮਿਊਨਿਸਟਾਂ ਦੇ ਨਿਘਰ ਜਾਣ ਉਪਰੰਤ ਪੂਰਬੀ ਯੂਰਪ ਵਿਚ ਤੁਹਾਡੀ ਜ਼ਿੰਮੇਵਾਰੀ ਵਧ ਗਈ ਹੈ। ਕਮਿਊਨਿਸਟ ਤਾਂ ਮੁੱਕ ਗਏ ਜੋ ਖ਼ਿਆਲੀ ਪਲਾਉ ਪਕਾਂਦੇ ਸਨ ਪਰ ਇਕ ਡਰ ਵੀ ਹੈ ਕਿ ਲੋਭ ਲਾਲਚ ਇਤਨਾ ਪਰਬਲ ਨਾ ਹੋ ਜਾਵੇ ਕਿ ਉਸ ਦੀ ਥਾਂ ਐਸ਼-ਪ੍ਰਸਤੀ ਤੇ ਨਾਸਤਿਕਤਾ (Godlessness and Hedonism) ਹੀ ਲੈ ਲਵੇ।

ਮੈਂ ਹੋਰ ਕੁਝ ਨਹੀਂ ਚਾਹੁੰਦਾ। ਇਹ ਹੀ ਚਾਹਵਾਂਗਾ ਕਿ ਜਦ ਕਮਿਊਨਿਜ਼ਮ ਦੀ ਕਬਰ ਬਣ ਗਈ ਹੈ, ਬਿਨਾਂ ਦੇਰੀ ਸਾਰੇ ਸੰਤਾਂ, ਗ੍ਰੰਥੀਆਂ, ਪਰਚਾਰਕਾਂ, ਢਾਡੀਆਂ, ਰਾਗੀਆਂ, ਜਥੇਦਾਰਾਂ ਤੇ ਫਿਰ ਵਿਦਵਾਨਾ, ਹੈਡ-ਮਾਸਟਰਾਂ ਤੇ ਪ੍ਰਿੰਸੀਪਲਾਂ ਨੂੰ ਬੁਲਾ ਕੇ ਸਿੱਖੀ ਦੀਆਂ ਕਦਰਾਂ ਕੀਮਤਾਂ ਦੀ ਠੀਕ ਜਾਣਕਾਰੀ ਦੇਣ ਲਈ ਪ੍ਰੇਰਿਆ ਜਾਵੇ। ਜ਼ੋਰ ਨਾਲ ਕਿਹਾ ਜਾਵੇ ਕਿ ਇਮਾਰਤਾਂ ਫਿਰ ਵੀ ਉਸਰ ਜਾਣਗੀਆਂ ਪਰ ਹਿਰਦੇ ਤੇ ਹੁਣ ਸਿੱਖੀ ਨਾ ਉਕਰੀ ਗਈ ਤਾਂ ਫਿਰ ਮੁਸ਼ਕਲ ਹੋ ਜਾਵੇਗੀ।

*'ਕਾਲੀ ਜਿਨੀ ਨਾ ਰਾਵਿਆ ਧਉਲੀ ਰਾਵੇ ਕੋਇ।'*

ਆਖ਼ਿਰ ਵਿਚ ਮੈਂ ਸ਼ੈਕਸਪੀਅਰ ਦੇ ਇਕ ਸਾਨਿਟ ਦਾ ਹਵਾਲਾ ਦੇਣਾ ਹੈ ਜਿਸ ਵਿਚ ਜਦ ਕਿਸੇ ਨੇ ਉਸ ਨੂੰ ਕਿਹਾ ਕਿ ਤੂੰ ਇਤਨਾ ਕੁਝ ਲਿਖ ਕੇ ਖੱਟਿਆ ਕੀ?

Sri Satguru Jagjit Singh Ji eLibrary NamdhariElibrary@gmail.com

ਤਾਂ ਉਸ ਨੇ ਕਿਹਾ : ''ਕਈ ਦਫ਼ਾ ਮੈਨੂੰ ਖ਼ਿਆਲ ਸਤਾਂਦਾ ਹੈ ਕਿ ਕਈ ਸਾਥੀ ਮੈਥੋਂ ਵੱਧ ਦੁਨਿਆਵੀ ਖੇਤਰਾਂ ਵਿਚ ਸਫਲਤਾ ਦੀਆਂ ਸਿਖਰਾਂ 'ਤੇ ਪੁੱਜ ਗਏ ਹਨ। ਪਰ ਦੂਜੇ ਪਲ ਮੈਂ ਸੋਚਦਾ ਹਾਂ ਕਿ ਰੱਬ ਨੇ ਮੈਨੂੰ ਜੋ ਸਾਹਿਤ ਸਿਰਜਣਾ ਦੀ ਦਾਤ ਦਿੱਤੀ ਹੈ ਉਸ ਨੂੰ ਮੈਂ ਸੰਸਾਰ ਦੀ ਬਾਦਸ਼ਾਹਤ ਨਾਲ ਵੀ ਵਟਾਉਣ ਲਈ ਤਿਆਰ ਨਹੀਂ।

*ਸਦਾ ਅੰਗ ਸੰਗੇ।*

*ਅਭੰਗੰ ਬਿਭੂਤੇ॥*

I◆I

Sri Satguru Jagjit Singh Ji eLibrary NamdhariElibrary@gmail.com